**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067 *Jassi Gill*
CA DRE Lic.#01180969 CA DRE# 00966763

**ਵਧੀਆ ਅਤੇ ਸਸਤੀ ਇੰਸ਼ੋਰੈਂਸ**
*Home, Auto, Liquor Store*
ਫੋਨ ਕਰੋ, ਪੈਸੇ ਬਚਾਓ
*Call Now Manjit Gill*
Ph: 209-524-4008
Ph: 510-888-1180
ਕਾਰ, ਘਰ, ਲਿੱਕਰ ਸਟੋਰ ਅਤੇ ਬਿਜ਼ਨਸ ਇੰਸ਼ੋਰੈਂਸ
Gill Financial & Insurance Services
Since 1993 www.gillfinancial.com CA. Lic#0B23990

**Hardeep S.Rai**
ਇੰਮੀਗਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

Fourteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 49, December 7, 2013 20451 N Plum Grove Rd., Palatine, IL 60074 Ph:847-359-0746, Fax:847-705-9388

## ਨਵੰਬਰ 84: ਸੱਜਣ ਕੁਮਾਰ ਕਾਨੂੰਨੀ ਕੁੜਿੱਕੀ 'ਚ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸੁਪਰੀਮ ਕੋਰਟ ਨੇ ਕਾਂਗਰਸ ਨੇਤਾ ਸੱਜਣ ਕੁਮਾਰ ਨੂੰ ਝਟਕਾ ਦਿੰਦਿਆਂ ਉਸ ਦੀ ਉਹ ਅਪੀਲ ਰੱਦ ਕਰ ਦਿੱਤੀ ਹੈ ਜਿਸ ਵਿਚ ਉਸ ਨੇ 1984 ਵਿਚ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਹੋਏ ਸਿੱਖ ਕਤਲੇਆਮ ਦੇ ਇਕ ਕੇਸ ਵਿਚ ਹੇਠਲੀ ਅਦਾਲਤ ਵੱਲੋਂ ਆਇਦ ਕੀਤੇ ਗਏ ਦੋਸ਼ਾਂ ਨੂੰ ਖਾਰਜ ਕਰਨ ਦੀ ਬੇਨਤੀ ਕੀਤੀ ਸੀ। ਜਸਟਿਸ ਏ.ਕੇ. ਪਟਨਾਇਕ ਅਤੇ ਵੀ. ਗੋਪਾਲਗੌੜਾ ਦੇ ਬੈਂਚ ਨੇ ਫੈਸਲਾ ਸੁਣਾਇਆ ਹੈ ਕਿ ਹੇਠਲੀ ਅਦਾਲਤ ਨੇ ਉਸ ਖਿਲਾਫ ਦੋਸ਼ ਆਇਦ ਕਰ ਕੇ ਕੁਝ ਵੀ ਗਲਤ ਨਹੀਂ ਕੀਤਾ, ਕਿਉਂਕਿ ਪਹਿਲੀ ਨਵੰਬਰ 1984 ਨੂੰ ਸੁਰਜੀਤ ਸਿੰਘ ਅਤੇ ਛੇ ਹੋਰ ਸਿੱਖਾਂ ਦੀ ਹੱਤਿਆ ਦੇ ਮਾਮਲੇ ਵਿਚ ਉਨ੍ਹਾਂ ਖਿਲਾਫ ਹਾਲੇ ਤਕ ਮੁਕੱਦਮੇ ਦੀ ਕਾਰਵਾਈ ਨਹੀਂ ਚੱਲੀ ਸੀ।

ਹੇਠਲੀ ਅਦਾਲਤ ਨੇ ਸੱਜਣ ਕੁਮਾਰ ਖਿਲਾਫ 7 ਜੁਲਾਈ 2010 ਨੂੰ ਦੋਸ਼ ਆਇਦ ਕੀਤੇ ਸਨ ਅਤੇ 16 ਜੁਲਾਈ 2013 ਨੂੰ ਦਿੱਲੀ ਹਾਈ ਕੋਰਟ ਨੇ ਉਸ ਦੀ ਅਪੀਲ ਠੁਕਰਾ ਦਿੱਤੀ ਸੀ। ਇਸ ਤੋਂ ਬਾਅਦ ਉਸ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ। ਸੱਜਣ ਕੁਮਾਰ ਨੇ ਆਪਣੀ ਅਪੀਲ ਵਿਚ ਤਰਕ ਦਿੱਤਾ ਸੀ ਕਿ ਸੁਲਤਾਨਪੁਰੀ ਇਲਾਕੇ ਵਿਚ ਦੰਗਿਆਂ ਦੇ ਇਕ ਹੋਰ ਕੇਸ ਵਿਚ ਉਸ ਨੂੰ 23 ਦਸੰਬਰ 2002 ਨੂੰ ਬਰੀ ਕਰ ਦਿੱਤਾ ਗਿਆ ਸੀ ਤੇ ਉਸੇ ਇਲਾਕੇ ਵਿਚ ਹੋਏ ਸਿੱਖ ਕਤਲੇਆਮ ਦੇ ਇਕ ਹੋਰ ਕੇਸ ਵਿਚ ਉਸ ਦੇ ਖਿਲਾਫ ਮੁਕੱਦਮਾ ਚਲਾਉਣਾ ਵਾਜਬ ਨਹੀਂ ਹੋਵੇਗਾ; ਇਹ ਨਵੇਂ ਸਿਰਿਓਂ ਕਾਨੂੰਨੀ ਪ੍ਰਕ੍ਰਿਆ ਚਲਾਉਣ ਵਰਗੀ ਗੱਲ ਹੋਵੇਗੀ। ਉਸ ਦੀ ਦਲੀਲ ਸੀ ਕਿ ਕਾਨੂੰਨ ਮੁਤਾਬਕ ਇਕੋ ਇਲਾਕੇ ਵਿਚ ਇਕੋ ਜਿਹੇ ਗੁਨਾਹ ਵਿਚ ਮੁੜ ਕਾਨੂੰਨੀ ਕਾਰਵਾਈ ਦੀ ਮਨਾਹੀ ਹੈ।

### ਮੁਕੱਦਮਾ ਚਲਾਉਣ ਲਈ ਰਾਹ ਹੋਇਆ ਸਾਫ



ਦੂਜੇ ਪਾਸੇ ਸੀ.ਬੀ.ਆਈ. ਦੇ ਵਕੀਲ ਡੀ.ਪੀ. ਸਿੰਘ ਨੇ ਦਲੀਲ ਦਿੱਤੀ ਕਿ ਸੁਰਜੀਤ ਸਿੰਘ ਦੀ ਹੱਤਿਆ ਦੇ ਕੇਸ ਵਿਚ ਸੱਜਣ ਕੁਮਾਰ 'ਤੇ ਮੁਕੱਦਮਾ ਚਲਾਇਆ ਗਿਆ ਸੀ। ਸੀ.ਬੀ.ਆਈ. ਨੇ ਦੰਗਿਆਂ ਦੀ ਜਾਂਚ ਕਰਨ ਵਾਲੇ ਜਸਟਿਸ ਜੀ.ਟੀ. ਨਾਨਾਵਤੀ ਕਮਿਸ਼ਨ ਦੀ ਸਿਫਾਰਸ਼ 'ਤੇ ਕੇਸ ਮੁੜ ਖੋਲ੍ਹਿਆ ਸੀ। ਕਮਿਸ਼ਨ ਨੇ ਸਿਫਾਰਸ਼ਾਂ ਕੀਤੀਆਂ ਸਨ ਕਿ ਜਿਨ੍ਹਾਂ ਮਾਮਲਿਆਂ ਵਿਚ ਸੱਜਣ ਕੁਮਾਰ ਦਾ ਨਾਂ ਆਇਆ ਸੀ, ਉਨ੍ਹਾਂ ਸਾਰੇ ਕੇਸਾਂ ਨੂੰ ਮੁੜ ਖੋਲ੍ਹਿਆ ਜਾਣਾ ਚਾਹੀਦਾ ਹੈ।

ਸੁਪਰੀਮ ਕੋਰਟ ਨੇ ਸੱਜਣ ਕੁਮਾਰ ਦੇ ਸਾਥੀ ਬ੍ਰਹਮਾਨੰਦ ਗੁਪਤਾ ਅਤੇ ਵੇਦ ਪ੍ਰਕਾਸ਼ ਵੱਲੋਂ ਕੀਤੀਆਂ ਗਈਆਂ ਇਹੋ ਜਿਹੀਆਂ ਅਪੀਲਾਂ ਵੀ ਰੱਦ ਕਰ ਦਿੱਤੀਆਂ। ਸੀ.ਬੀ.ਆਈ. ਨੇ 2005 ਵਿਚ ਕੇਸ ਦਰਜ ਕਰਨ ਤੋਂ ਬਾਅਦ ਸੱਜਣ ਕੁਮਾਰ ਅਤੇ ਹੋਰ ਮੁਲਜ਼ਮਾਂ ਖਿਲਾਫ 2010 ਵਿਚ ਚਾਰਜਸ਼ੀਟ ਦਾਇਰ ਕੀਤੀ ਸੀ। ਇਸ ਤੋਂ ਇਲਾਵਾ ਸੱਜਣ ਕੁਮਾਰ ਦੀ ਇਕ ਹੋਰ ਅਰਜ਼ੀ 'ਤੇ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਹੈ। ਸੱਜਣ ਕੁਮਾਰ ਨੇ ਅਪੀਲ ਕੀਤੀ ਹੈ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸ ਵਿਚ ਸੀ.ਬੀ.ਆਈ. ਦੇ ਨੌਂ ਗਵਾਹਾਂ ਦੀ ਗਵਾਹੀ ਨਾ ਲਈ ਜਾਵੇ ਕਿਉਂਕਿ ਇਹ ਗੈਰ-ਜ਼ਰੂਰੀ ਹੈ। ਇਸ ਅਰਜ਼ੀ ਉਤੇ ਸੁਣਵਾਈ ਕਰਦਿਆਂ ਜ਼ਿਲ੍ਹਾ ਜੱਜ ਜੇ.ਆਰ. ਆਰੀਅਨ ਨੇ ਫੈਸਲਾ ਸੁਣਾਉਣ ਲਈ 11 ਦਸੰਬਰ ਦੀ ਤਰੀਕ ਤੈਅ ਕੀਤੀ ਹੈ। ਇਸ ਤੋਂ ਪਹਿਲਾਂ ਉਹ ਸੀ.ਬੀ.ਆਈ. ਦੇ ਵਕੀਲ ਦੀਆਂ ਦਲੀਲਾਂ ਸੁਣਨਗੇ। ਸੀ.ਬੀ.ਆਈ. ਇਸ ਮਾਮਲੇ ਵਿਚ ਅਦਾਲਤ ਨੂੰ ਹੁਣ ਤਕ ਦੱਸ ਚੁੱਕੀ ਹੈ ਕਿ 6 ਵਿਅਕਤੀਆਂ ਨੂੰ ਮਾਰਨ ਸਬੰਧੀ ਦੋਸ਼ ਪੱਤਰ ਦਾਖਲ ਕੀਤਾ ਜਾ ਚੁੱਕਾ ਹੈ ਪਰ ਇਸ ਵਿਚ ਸੁਰਜੀਤ ਸਿੰਘ ਨੂੰ ਮਾਰਨ ਦਾ ਦੋਸ਼ ਸ਼ਾਮਲ ਨਹੀਂ ਹੈ।

ਸੱਜਣ ਕੁਮਾਰ ਦੇ ਵਕੀਲ ਦਾ ਅਦਾਲਤ ਵਿਚ ਇਹ ਕਹਿਣਾ ਹੈ ਕਿ ਤਿੰਨ ਵੱਖ-ਵੱਖ

*(ਬਾਕੀ ਸਫਾ 6 'ਤੇ)*

## ਮੋਦੀ ਦੀ ਫਤਿਹ ਰੈਲੀ ਨਾਲ ਅਕਾਲੀ ਕਸੂਤੇ ਫਸੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪ੍ਰਧਾਨ ਮੰਤਰੀ ਦੇ ਅਹੁਦੇ ਲਈ ਭਾਜਪਾ ਦੇ ਉਮੀਦਵਾਰ ਅਤੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਦੀ ਪੰਜਾਬ ਫੇਰੀ ਸ਼੍ਰੋਮਣੀ ਅਕਾਲੀ ਦਲ (ਬ) ਲਈ ਸਿਰਦਰਦੀ ਬਣਦੀ ਜਾ ਰਹੀ ਹੈ। ਅਕਾਲੀ-ਭਾਜਪਾ ਗਠਜੋੜ ਵੱਲੋਂ ਸੂਬੇ ਵਿਚ ਲੋਕ ਸਭਾ ਚੋਣਾਂ ਦੀ ਮੁਹਿੰਮ ਦੇ ਆਗਾਜ਼ ਲਈ 21 ਦਸੰਬਰ ਨੂੰ 'ਫਤਿਹ ਰੈਲੀ' ਰੈਲੀ ਕੀਤੀ ਜਾ ਰਹੀ ਹੈ। ਖੁਫੀਆ ਏਜੰਸੀਆਂ ਜਿਥੇ ਇਸ ਰੈਲੀ 'ਤੇ ਅਤਿਵਾਦੀ ਹਮਲੇ ਦਾ ਖਤਰਾ ਦੱਸ ਰਹੀਆਂ ਹਨ, ਉਥੇ ਸ਼੍ਰੋਮਣੀ ਅਕਾਲੀ ਦਲ (ਅ) ਤੇ ਕਈ ਹੋਰ ਧਿਰਾਂ ਨੇ ਸ੍ਰੀ ਮੋਦੀ ਦੀ ਪੰਜਾਬ ਫੇਰੀ ਦੇ ਵਿਰੋਧ ਦਾ ਐਲਾਨ ਕੀਤਾ ਹੈ। ਕਾਂਗਰਸ ਵੱਲੋਂ ਗੁਜਰਾਤ ਵਿਚ ਵਸੇ ਪੰਜਾਬ ਦੇ ਕਿਸਾਨਾਂ ਨਾਲ ਹੋ ਰਹੇ ਧੱਕੇ ਦੇ ਮੁੱਦੇ 'ਤੇ ਸ੍ਰੀ ਮੋਦੀ ਦਾ ਵਿਰੋਧ ਕੀਤਾ ਜਾ ਰਿਹਾ ਹੈ।



ਅਸਲ ਵਿਚ ਇਹ ਰੈਲੀ ਕਾਫੀ ਸਮੇਂ ਤੋਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਅਤੇ ਇਸ ਨੂੰ ਇਕ ਵਾਰ ਰੱਦ ਵੀ ਕਰਨਾ ਪਿਆ ਹੈ। ਪਹਿਲਾਂ ਇਹ ਰੈਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਨ 'ਤੇ ਅੱਠ ਦਸੰਬਰ ਨੂੰ ਮੋਗਾ ਜ਼ਿਲ੍ਹੇ ਵਿਚ ਹੋਣੀ ਸੀ ਪਰ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਤੋਂ ਬਾਅਦ ਇਸ ਨੂੰ ਰੱਦ ਕਰ ਦਿੱਤਾ ਗਿਆ। ਉਂਜ, ਭਾਜਪਾ ਨੇ ਦਾਅਵਾ ਕੀਤਾ ਸੀ ਕਿ ਦੂਜੇ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਦੇ ਮੱਦੇਨਜ਼ਰ ਸ੍ਰੀ ਮੋਦੀ ਵੱਲੋਂ ਆਪਣੇ ਸਾਰੇ ਰੁਝੇਵੇਂ ਰੱਦ ਕਰਨ ਕਰ ਕੇ ਇਹ ਰੈਲੀ ਅੱਗੇ ਪਾਈ ਗਈ ਸੀ।

ਦਿਲਚਸਪ ਗੱਲ ਇਹ ਹੈ ਕਿ ਹੁਣ ਰੈਲੀ ਵਾਲੀ ਥਾਂ ਵੀ ਬਦਲ ਦਿੱਤੀ ਗਈ ਹੈ। ਹੁਣ ਇਹ ਰੈਲੀ ਮੋਗਾ ਜ਼ਿਲ੍ਹੇ ਦੇ ਪਿੰਡ ਕਿੱਲ੍ਹੀ ਚਾਹਲਾਂ ਦੀ ਥਾਂ ਜਗਰਾਉਂ ਵਿਚ ਕਰਵਾਈ ਜਾ ਰਹੀ ਹੈ। ਦੂਜੇ ਪਾਸੇ ਸ੍ਰੀ ਮੋਦੀ ਦੀ ਆਮਦ ਨੂੰ ਲੈ ਕੇ ਭਾਵੇਂ ਅਜੇ ਅਕਾਲੀ-ਭਾਜਪਾ ਦੇ ਆਗੂਆਂ ਨੇ ਕੋਈ ਸਰਗਰਮੀ ਨਹੀਂ ਵਿਖਾਈ ਪਰ ਵਿਰੋਧੀ ਧਿਰਾਂ ਨੇ ਭਾਜਪਾ ਆਗੂ ਦੀ ਫੇਰੀ ਨੂੰ ਲੈ ਕੇ ਤਿੱਖੇ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਦੇ ਨਾਲ ਹੀ ਪੰਜਾਬ ਪੁਲਿਸ ਸਮੇਤ ਖੁਫੀਆਂ ਏਜੰਸੀਆਂ ਨੇ ਰੈਲੀ ਵਾਲੀ ਥਾਂ ਜਗਰਾਉਂ 'ਤੇ ਨਜ਼ਰਾਂ ਟਿਕਾ ਲਈਆਂ ਹਨ। ਇਹ ਰੈਲੀ ਜਗਰਾਉਂ ਦੀ ਸਹਿਕਾਰੀ ਖੰਡ ਮਿੱਲ ਵਿਚ ਕਰਵਾਈ ਜਾ ਰਹੀ ਹੈ। ਕੌਮੀ ਪੱਧਰ ਦੀ ਇਸ ਰੈਲੀ ਲਈ ਜਗਰਾਉਂ ਦੀ ਸਹਿਕਾਰੀ ਖੰਡ ਮਿੱਲ ਵਾਲੀ 80 ਏਕੜ ਥਾਂ ਨੂੰ ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਵੱਲੋਂ 11ਵੀਂ ਅਤੇ 12ਵੀਂ ਜਮਾਤ ਵਾਲੀਆਂ ਲੜਕੀਆਂ ਨੂੰ ਸਾਈਕਲ ਵੰਡਣ ਦੀ ਸ਼ੁਰੂਆਤ ਸਮੇਂ ਰਾਜ ਪੱਧਰੀ ਸਮਾਗਮ ਕਰਵਾਉਣ ਲਈ ਵੀ ਵਰਤਿਆ ਜਾ ਚੁੱਕਾ ਹੈ। ਹੁਣ ਇਸੇ ਥਾਂ ਨੂੰ 80 ਏਕੜ ਨਾਲ ਹੋਰ ਜ਼ਮੀਨ ਲੈ ਕੇ ਸ੍ਰੀ ਮੋਦੀ ਦੀ ਫੇਰੀ ਮੌਕੇ ਵੀ ਰੈਲੀ ਕਰਵਾਉਣ ਲਈ ਚੁਣਿਆ ਗਿਆ ਹੈ।



ਸ੍ਰੀ ਮੋਦੀ ਦੀ ਪੰਜਾਬ ਫੇਰੀ ਨੂੰ ਲੈ ਕੇ ਦੂਜੀਆਂ ਸਿਆਸੀ ਧਿਰਾਂ ਨੇ ਵੀ ਝੰਡੇ ਚੁੱਕ ਲਏ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਇਹ ਕਹਿ ਚੁੱਕੇ ਹਨ ਕਿ ਉਹ ਗੁਜਰਾਤ

*(ਬਾਕੀ ਸਫਾ 6 'ਤੇ)*

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੌਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Broker / Associate
Century 21 M&M and Associates
209.918.6464
ahundal@c21mm.com


Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja SWEETS & CATERING**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine — 31853 Alvarado Blvd. Union City CA 94587 — Ph. (510) 489-9100 Fax (510) 489-9111
Raja Indian Cuisine & Bar — 1275 W Winton Ave. Hayward CA 94545 — Ph. (510) 264-9300 Fax (510) 264-9345
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜ਼ਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra *Attorney At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸੈਕਰਾਮੈਂਟੋ ਵਿਚ ਪਹਿਲਾ ਸਾਲਾਨਾ ਦੀਵਾਲੀ ਮੇਲਾ



## 7 ਦਸੰਬਰ 2013, ਸ਼ਾਮੀਂ 6 ਵਜੇ



**The Mirage:** 2159 El Camino Ave, Sacramento, CA 95821-5503

**Exciting Social event with Great Entertainment, Dinner, Dance, DJ.**

Tickets: $30:00
*(Includes Dinner and Full Host Bar)*
Children Under 12 Free
Tickets Advance Sales only
No sales at door

*For Tickets Contact:*
Amrik Parhar
916-502-0064
Guri Kang
916-960-8210



*Guri Kang*



*Ravinder Kahloan*




*Amrik Parhar*



*Jaswinder Boparai*

## Distinguished Guests: (Confirmed)



**Vivek Ranadive**
Majority Owner
Sacramento Kings



**Angelique Ashby**
Vice Mayor
City Of Sacramento



**Dave Jones**
California Insurance Commissioner



**Phil Serna**
Sacramento County Supervisor




**Michelle Orrock**
Member, Board Of Directors CCSD



**Doug Ose**
Candidate: Congressional Dist. 7



**Anne Marie Schubert**
Candidate: Sacramento County DA



**Roger Dickerson**
Assemblyman



**Bobbie Allen**
Elk Grove School District Board Trustee

## ਸਪਾਂਸਰ










**Dharminder**
**Ph: 530-870-6600**


1. Attlantic Heat & Air by Kanwardeep Bhullar
2. Guru Ravidas Temple Ph: 916-992-1710
3. Infinti of Roseville By Raja Singh
4. Kahlon Elegant Style 916-532 -0287
5. National Truck Driving School 916-502-7733
6. VK Global Realty 916-796-5759
7. Haryana American Association
8. Bains Insurance 916-496-6944
9. Garry & Garry Real Estate 916-296-1020
10. Boparai Bros 916-768-1175
11. Amrit Darbar Roseville-Kenny Virk 916-871-2504

## ORGANIZING COMMITTEE

**Amrik S. Parhar, Dalvir Nijjar, Dharminder Singh, Guri Kang, Jaswinder Boparai, Kenny Virk, Parampreet Kahlon, Ravinder Kahlon.**

# ਪ੍ਰਿਅੰਕਾ ਦੇ ਠੁਮਕਿਆਂ ਨਾਲ ਚੌਥੇ ਵਿਸ਼ਵ ਕਬੱਡੀ ਦਾ ਆਗਾਜ਼

**ਬਠਿੰਡਾ:** ਇਸ ਵਾਰ ਚੌਥੇ ਵਿਸ਼ਵ ਕਬੱਡੀ ਕੱਪ ਦਾ ਆਗਾਜ਼ ਬਾਲੀਵੁੱਡ ਅਦਾਕਾਰਾ ਪ੍ਰਿਅੰਕਾ ਚੋਪੜਾ ਦੇ ਠੁਮਕਿਆਂ ਨਾਲ ਹੋਇਆ। ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋਣ ਵਾਲੇ ਇਸ ਵਿਸ਼ਵ ਕਬੱਡੀ ਕੱਪ ਦੇ ਉਦਘਾਟਨੀ ਸਮਾਰੋਹਾਂ ਵਿਚ ਸਿਆਸੀ ਰੰਗ ਵੀ ਆਪ ਮੁਹਾਰੇ ਬਿਖਰੇ। ਚਮਕ ਦਮਕ ਵਾਲੇ ਉਦਘਾਟਨੀ ਸਮਾਰੋਹਾਂ ਦੀ ਸ਼ਾਹੀ ਸ਼ੁਰੂਆਤ ਤੋਂ ਇੰਝ ਲੱਗਦਾ ਸੀ ਕਿ ਜਿਵੇਂ ਸਰਕਾਰੀ ਖ਼ਜ਼ਾਨੇ ਭਰਪੂਰ ਹੋਣ। ਉਂਝ, ਪੰਜਾਬ ਸਰਕਾਰ ਨੇ ਇਸ ਵਾਰ ਕਿਸੇ ਵੀ ਵਿਵਾਦ ਤੋਂ ਬਚਣ ਲਈ ਪੂਰੀ ਕੋਸ਼ਿਸ਼ ਕੀਤੀ।



ਵਿਸ਼ਵ ਕਬੱਡੀ ਕੱਪ ਦੀ ਸ਼ੁਰੂਆਤ ਰੌਸ਼ਨੀਆਂ ਦੀ ਜਗਮਗ ਵਿਚ ਪੰਜਾਬੀ ਸਭਿਆਚਾਰ, ਧਾਰਮਿਕ ਤੇ ਸਿਆਸੀ ਰੰਗਾਂ ਨਾਲ ਹੋਈ। ਇਸ ਮੌਕੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਵੀ ਪੁੱਜੇ। ਸਤਿੰਦਰ ਸੱਤੀ ਦੀ ਹਾਜ਼ਰੀ ਮਗਰੋਂ ਗਿੱਪੀ ਗਰੇਵਾਲ, ਸ਼ੈਰੀ ਮਾਨ ਤੇ ਮਿਸ ਪੂਜਾ ਨੇ ਗੀਤ ਗਾਏ। ਸਾਬਕਾ ਵਿਸ਼ਵ ਸੁੰਦਰੀ ਪ੍ਰਿਅੰਕਾ ਚੋਪੜਾ ਟਰੈਕਟਰ 'ਤੇ ਬੈਠ ਕੇ ਜਦੋਂ ਸਟੇਜ 'ਤੇ ਆਈ ਤਾਂ ਪੂਰਾ ਸਟੇਡੀਅਮ ਰੌਅ ਵਿਚ ਆ ਗਿਆ। ਉਸ ਨੇ ਰਘੂਪਤੀ ਰਾਘਵ, ਦੇਸੀ ਗਰਲ ਤੇ ਸ੍ਰੀ ਗਣੇਸ਼ਾ ਦੇਵਾ ਆਦਿ ਗਾਣਿਆਂ 'ਤੇ ਠੁਮਕੇ ਲਾਏ। ਇਸ ਮਗਰੋਂ ਉਹ ਜੈਕਾਰੇ ਲਾ ਕੇ ਸਟੇਜ ਤੋਂ ਉਤਰੀ। ਉਹ ਕੁਝ ਸਮਾਂ ਸਿਆਸੀ ਸਟੇਜ 'ਤੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨਾਲ ਵੀ ਬੈਠੀ ਰਹੀ। ਰੰਗਾਰੰਗ ਪ੍ਰੋਗਰਾਮਾਂ ਤੋਂ ਪਹਿਲਾਂ ਪਾਕਿਸਤਾਨ ਤੇ ਇਰਾਨ ਦੀ ਟੀਮ ਤੋਂ ਬਿਨਾਂ ਬਾਕੀ ਸਾਰੀਆਂ ਟੀਮਾਂ ਨੇ ਮਾਰਚ ਪਾਸਟ ਕੀਤਾ ਜਿਨ੍ਹਾਂ ਦੀ ਅਗਵਾਈ ਵਿਸ਼ਵ ਕੱਪ ਦੇ ਜਾਂਬਾਜ਼ ਵੱਲੋਂ ਕੀਤੀ ਗਈ। ਐਤਕੀਂ ਜਾਂਬਾਜ਼ ਆਪਣੇ ਹੱਥ ਵਿੱਚ ਬੇਟਨ ਲੈ ਕੇ ਮੰਚ 'ਤੇ ਪਰਗਟ ਨਾ ਹੋਇਆ। ਬੇਟਨ ਤੋਂ ਬਿਨਾਂ ਹੀ ਕਬੱਡੀ ਕੱਪ ਦੀ ਸ਼ੁਰੂਆਤ ਹੋਈ। ਇਸ ਮਗਰੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੌਮਾਂਤਰੀ ਟੀਮਾਂ ਦੇ ਕਪਤਾਨਾਂ ਨਾਲ ਜਾਣ ਪਛਾਣ ਕੀਤੀ। ਚੌਥੇ ਵਿਸ਼ਵ ਕਬੱਡੀ ਕੱਪ ਵਿੱਚ ਵੱਖ-ਵੱਖ ਮੁਲਕਾਂ ਤੋਂ 20 ਟੀਮਾਂ ਹਿੱਸਾ ਲੈ ਰਹੀਆਂ ਹਨ ਜਿਸ ਵਿਚ 12 ਟੀਮਾਂ ਪੁਰਸ਼ ਵਰਗ ਦੀਆਂ ਤੇ ਅੱਠ ਟੀਮਾਂ ਔਰਤ ਵਰਗ ਦੀਆਂ ਹਨ। ਕਬੱਡੀ ਕੱਪ ਵਿਚ 12 ਮੁਲਕਾਂ ਦੇ ਖਿਡਾਰੀ ਹਿੱਸਾ ਲੈ ਰਹੇ ਹਨ। ਪੰਜਾਬ ਦੇ 13 ਵੱਖ-ਵੱਖ ਸਟੇਡੀਅਮਾਂ ਵਿਚ ਕੁੱਲ 48 ਮੈਚ ਖੇਡੇ ਜਾਣਗੇ।ਇਸ ਮੌਕੇ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਨੇ ਆਖਿਆ ਕਿ ਜਲਦੀ ਹੀ ਕਬੱਡੀ ਓਲੰਪਿਕਸ ਦਾ ਹਿੱਸਾ ਬਣਨ ਜਾ ਰਹੀ ਹੈ।

## ਭਾਰਤੀ ਗੱਭਰੂਆਂ ਤੇ ਮੁਟਿਆਰਾਂ ਵੱਲੋਂ ਜੇਤੂ ਸ਼ੁਰੂਆਤ

**ਪਟਿਆਲਾ:** ਚੌਥੇ ਪਰਲਜ਼ ਵਿਸ਼ਵ ਕਬੱਡੀ ਕੱਪ ਦੇ ਮੈਚਾਂ ਦਾ ਆਗਾਜ਼ ਯਾਦਵਿੰਦਰਾ ਪਬਲਿਕ ਸਕੂਲ ਦੇ ਸਟੇਡੀਅਮ ਵਿਚ ਸ਼ਹਾਨਾ ਅੰਦਾਜ਼ 'ਚ ਹੋਇਆ ਜਿਸ ਵਿਚ ਭਾਰਤੀ ਗੱਭਰੂ ਤੇ ਮੁਟਿਆਰਾਂ ਨੇ ਕ੍ਰਮਵਾਰ ਅਮਰੀਕਾ ਤੇ ਨਿਊਜ਼ੀਲੈਂਡ ਦੀਆਂ ਟੀਮਾਂ ਨੂੰ ਹਰਾ ਆਪਣੀ ਜੇਤੂ ਮੁਹਿੰਮ ਅਰੰਭੀ। ਖਿਡਾਰੀਆਂ ਨੂੰ ਆਸ਼ੀਰਵਾਦ ਲਈ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ ਪੁੱਜੇ।

ਕੀਨੀਆ ਅਤੇ ਸਪੇਨ ਦਰਮਿਆਨ ਖੇਡੇ ਮੈਚ ਵਿਚ ਸਪੇਨ ਨੇ ਕੀਨੀਆ ਨੂੰ 40 ਦੇ ਮੁਕਾਬਲੇ 31 ਅੰਕਾਂ ਨਾਲ ਹਰਾ ਦਿੱਤਾ। ਪਿਛਲੇ ਦੋ ਵਿਸ਼ਵ ਕੱਪਾਂ ਦੀ ਜੇਤੂ ਔਰਤਾਂ ਦੀ ਟੀਮ ਨੇ ਆਪਣੇ ਪਹਿਲੇ ਹੀ ਮੈਚ ਵਿਚ ਨਿਊਜ਼ੀਲੈਂਡ ਨੂੰ ਇਕ ਪਾਸੜ ਮੁਕਾਬਲੇ 'ਚ ਹਰਾ ਕੇ ਸ਼ਾਨਦਾਰ ਸ਼ੁਰੂਆਤ ਕੀਤੀ। ਭਾਰਤ ਵੱਲੋਂ ਪ੍ਰਿਅੰਕਾ, ਸੁਖਵਿੰਦਰ ਕੌਰ, ਰਾਮ ਬਤੇਰੀ ਤੇ ਰਿਤੂ ਦੀ ਸ਼ਾਨਦਾਰ ਖੇਡ ਸਦਕਾ ਮੈਚ ਦੇ ਪਹਿਲੇ ਅੱਧ ਵਿਚ ਹੀ ਨਿਊਜ਼ੀਲੈਂਡ ਖ਼ਿਲਾਫ਼ 24-4 ਦੀ ਬੜ੍ਹਤ ਬਣਾ ਲਈ ਤੇ ਮੈਚ ਦੀ ਆਖ਼ਰੀ ਸੀਟੀ ਵੱਜਣ ਤੱਕ ਭਾਰਤੀ ਟੀਮ 44-11 ਨਾਲ ਜੇਤੂ ਰਹੀ। ਭਾਰਤੀ ਪੁਰਸ਼ ਟੀਮ ਨੇ ਵੀ ਆਪਣੇ ਪਲੇਠੇ ਮੈਚ 'ਚ ਅਮਰੀਕਾ ਦੀ ਟੀਮ ਨੂੰ 59-31 ਨਾਲ ਹਰਾ ਕੇ ਵਿਸ਼ਵ ਕਬੱਡੀ ਕੱਪ ਵਿਚ ਜੇਤੂ ਸ਼ੁਰੂਆਤ ਕੀਤੀ।

**ਹੁਸ਼ਿਆਰਪੁਰ:** ਚੌਥੇ ਪਰਲਜ਼ ਵਿਸ਼ਵ ਕਬੱਡੀ ਕੱਪ ਤਹਿਤ ਆਊਟਡੋਰ ਸਟੇਡੀਅਮ ਹੁਸ਼ਿਆਰਪੁਰ ਵਿਖੇ ਹੋਏ ਮੈਚਾਂ ਵਿਚ ਪੁਰਸ਼ ਵਰਗ ਦੀਆਂ ਟੀਮਾਂ ਵਿਚ ਅਮਰੀਕਾ ਨੇ ਕੀਨੀਆਂ ਨੂੰ, ਭਾਰਤ ਨੇ ਸਪੇਨ ਨੂੰ, ਮੁਟਿਆਰਾਂ ਦੇ ਵਰਗ ਵਿਚ ਭਾਰਤ ਨੇ ਕੀਨੀਆਂ ਨੂੰ ਵੱਡੇ ਫਰਕ ਨਾਲ ਹਰਾ ਕੇ ਮੈਚ ਜਿੱਤੇ। ਪਹਿਲੇ ਮੈਚ ਵਿਚ ਅਮਰੀਕਾ ਦੀ ਟੀਮ ਨੇ ਕੀਨੀਆਂ ਨੂੰ 68-13 ਦੇ ਵੱਡੇ ਫਰਕ ਨਾਲ ਹਰਾਇਆ। ਦੂਸਰੇ ਮੈਚ ਵਿਚ ਤਰ੍ਹਾਂ ਭਾਰਤ ਦੀਆਂ ਮੁਟਿਆਰਾਂ ਨੇ ਕੀਨੀਆਂ ਨੂੰ 55-21 ਦੇ ਫਰਕ ਨਾਲ ਹਰਾ ਕੇ ਆਪਣੀ ਜੇਤੂ ਮੁਹਿੰਮ ਜਾਰੀ ਰੱਖੀ। ਤੀਸਰੇ ਤੇ ਆਖਰੀ ਮੈਚ ਵਿਚ ਭਾਰਤੀ ਲੜਕਿਆਂ ਨੇ ਇਕ ਪਾਸੜ ਮੁਕਾਬਲੇ ਵਿਚ ਸਪੇਨ ਦੀ ਟੀਮ ਨੂੰ 55-27 ਨਾਲ ਹਰਾ ਦਿੱਤਾ।

## ਗੱਗੜਪੁਰ ਦੇ ਤਿੰਨ ਖਿਡਾਰੀ ਮੈਦਾਨ 'ਚ

**ਸੰਗਰੂਰ:** ਸੰਗਰੂਰ ਨੇੜਲੇ ਪਿੰਡ ਗੱਗੜਪੁਰ ਦੇ ਐਬਟਸਫੋਰਡ ਐਂਡ ਇੰਟਰਨੈਸ਼ਨਲ ਕਲੱਬ ਦੇ ਤਿੰਨ ਖਿਡਾਰੀ ਚੌਥੇ ਵਿਸ਼ਵ ਕਬੱਡੀ ਕੱਪ ਵਿਚ ਭਾਰਤੀ ਟੀਮ ਵੱਲੋਂ ਮੈਦਾਨ ਵਿਚ ਹਨ। ਉਘੇ ਕਬੱਡੀ ਪ੍ਰਮੋਟਰ ਬੱਬਲ ਕੈਨੇਡਾ ਅਨੁਸਾਰ ਖੁਸ਼ੀ ਦੁੱਗਾਂ, ਮੰਗੀ ਬੱਗਾ ਤੇ ਸ਼ੀਲੂ ਹਰਿਆਣਾ ਕੈਨੇਡਾ ਵਿਚ ਵੀ ਐਬਟਸਫੌਰਡ ਕਲੱਬ ਲਈ ਬੀ ਸੀ ਵਿਚੋਂ ਤੇ ਟਰਾਂਟੋ ਵਿਚ ਇੰਟਰਨੈਸ਼ਨਲ ਕਲੱਬ ਲਈ ਖੇਡਦੇ ਹਨ। ਇਸੇ ਤਰ੍ਹਾਂ ਇਹ ਖਿਡਾਰੀ ਇੰਗਲੈਂਡ ਵਿਚ ਗਰੇਵਜ਼ੈਂਡ ਕਲੱਬ ਲਈ ਖੇਡਦੇ ਹਨ।

## 'ਹਫਿੰਗਟਨ ਪੋਸਟ' ਨੇ ਸੋਨੀਆ ਦਾ ਨਾਂ ਅਮੀਰਾਂ ਦੀ ਸੂਚੀ 'ਚੋਂ ਹਟਾਇਆ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਜਾਇਦਾਦ ਸਬੰਧੀ ਵਧ ਰਹੇ ਵਿਵਾਦ ਕਾਰਨ ਅਮਰੀਕੀ ਵੈਬਸਾਈਟ 'ਹਫਿੰਗਟਨ ਪੋਸਟ' ਨੇ ਦੁਨੀਆਂ ਦੇ ਸਭ ਤੋਂ ਅਮੀਰ ਨੇਤਾਵਾਂ ਦੀ ਸੂਚੀ ਵਿਚੋਂ ਸੋਨੀਆ ਗਾਂਧੀ ਦਾ ਨਾਂ ਹਟਾ ਲਿਆ ਹੈ। ਵੈਬਸਾਈਟ ਨੇ ਅਫਸੋਸ ਪ੍ਰਗਟ ਕੀਤਾ ਕਿ ਉਸ ਦੇ ਸੰਪਾਦਕ ਇਸ ਗੱਲ ਦੀ ਤਸਦੀਕ ਨਹੀਂ ਕਰ ਸਕੇ ਕਿ ਸੋਨੀਆ ਦੀ ਕੁੱਲ ਜਾਇਦਾਦ ਕਿੰਨੀ ਹੈ।

ਵੈਬਸਾਈਟ ਨੇ ਸੰਪਾਦਕੀ ਲੇਖ ਵਿਚ ਕਿਹਾ ਹੈ ਕਿ ਸੋਨੀਆ ਗਾਂਧੀ ਦਾ ਨਾਂ ਇਕ ਹੋਰ ਵੈਬਸਾਈਟ ਦੀ ਸੂਚੀ ਦੇ ਆਧਾਰ 'ਤੇ ਸ਼ਾਮਿਲ ਕੀਤਾ ਗਿਆ ਸੀ ਜੋ ਹੁਣ ਹਟਾ ਦਿੱਤਾ ਗਿਆ ਹੈ।

## ਪੰਜਾਬ ਟਾਈਮਜ਼

### ਵਿਗਿਆਪਕਾਂ ਦੇ ਧਿਆਨਯੋਗ

ਅਸੀਂ ਉਨ੍ਹਾਂ ਵਿਗਿਆਪਕਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਧਿਆਨ ਦਿਵਾਏ ਜਾਣ ਉਪਰੰਤ ਆਪਣੇ ਬਕਾਏ ਚੁਕਤਾ ਕਰ ਦਿੱਤੇ ਹਨ। ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕੁਝ ਅਜਿਹੇ ਵਿਗਿਆਪਕ ਵੀ ਹਨ ਜਿਨ੍ਹਾਂ ਨੇ ਸਾਡੀ ਬੇਨਤੀ ਵੱਲ ਉਕਾ ਹੀ ਕੋਈ ਧਿਆਨ ਨਹੀਂ ਦਿੱਤਾ। ਮਜਬੂਰੀਵੱਸ ਸਾਨੂੰ ਉਨ੍ਹਾਂ ਦੇ ਨਾਂ ਆਪਣੇ ਪਾਠਕਾਂ ਨਾਲ ਸਾਂਝੇ ਕਰਨੇ ਪੈ ਰਹੇ ਹਨ। ਸਭ ਤੋਂ ਵੱਧ ਦੁੱਖ ਗੁਰਦੁਆਰਾ ਸਟਾਕਟਨ, ਕੈਲੀਫੋਰਨੀਆ ਦੇ ਪ੍ਰਬੰਧਕਾਂ ਦੇ ਮਾਮਲੇ ਵਿਚ ਹੈ। ਹੇਠਾਂ ਅਜਿਹੇ ਹੀ ਕੁਝ ਵਿਗਿਆਪਕਾਂ ਦੇ ਨਾਂ ਦਿੱਤੇ ਜਾ ਰਹੇ ਹਨ:

1. ਪ੍ਰਬੰਧਕ, ਗੁਰਦੁਆਰਾ ਸਟਾਕਟਨ (ਬਕਾਇਆ 1150 ਡਾਲਰ, 2012)
2. ਜੋਬਨਜੀਤ ਸਿੰਘ ਬੌਬੀ-ਐਨ ਆਰ ਆਈ ਸਭਾ, ਅਮਰੀਕਾ (ਬਕਾਇਆ 950 ਡਾਲਰ, 2012)
3. ਬੌਬੀ ਜੌਹਲ-ਤਾਜ ਲਿਮੋਜ਼ੀਨ (ਬਕਾਇਆ 500 ਡਾਲਰ, 2012)

*-ਅਦਾਰਾ ਪੰਜਾਬ ਟਾਈਮਜ਼*








Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*





*Contact:*
Dr. Baljit Jammu
*Doctor of Chiropractic*
Ph: 510-940-8236
1090 La Palya Dr.,
Hayward CA 94545

# ਹਰਿਮੰਦਰ ਦੇ ਚੌਗਿਰਦੇ ਨੂੰ ਸਾਫ ਸੁਥਰਾ ਰੱਖਣ ਦੀ ਕਵਾਇਦ

## 'ਏਅਰ ਕੰਟਰੋਲ ਮਾਨੀਟਰਿੰਗ ਸਟੇਸ਼ਨ' ਬਣੇਗਾ



**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਪੰਜਾਬ ਸਰਕਾਰ ਆਖਰ ਸਰਗਰਮ ਹੋ ਹੀ ਗਈ ਹੈ। ਸੂਬਾ ਸਰਕਾਰ ਨੇ ਜ਼ਿਲ੍ਹਾ ਪ੍ਰਸ਼ਾਸਨ, ਪ੍ਰਦੂਸ਼ਣ ਕੰਟਰੋਲ ਬੋਰਡ ਤੇ ਨਗਰ ਨਿਗਮ ਅੰਮ੍ਰਿਤਸਰ ਨੂੰ ਹਦਾਇਤ ਕੀਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਠੋਸ ਪ੍ਰਬੰਧ ਕੀਤੇ ਜਾਣ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਭਗਤ ਦਾ ਕਹਿਣਾ ਹੈ ਕਿ ਸ੍ਰੀ ਦਰਬਾਰ ਸਾਹਿਬ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਨਾਲ ਮਿਲ ਕੇ ਯਤਨ ਕੀਤੇ ਜਾ ਰਹੇ ਹਨ।

ਪੰਜਾਬ ਸਰਕਾਰ ਵੱਲੋਂ 1.50 ਕਰੋੜ ਰੁਪਏ ਦੀ ਲਾਗਤ ਨਾਲ ਦਰਬਾਰ ਸਾਹਿਬ ਵਿਖੇ 'ਏਅਰ ਕੰਟਰੋਲ ਮਾਨੀਟਰਿੰਗ ਸਟੇਸ਼ਨ' ਬਣਾਇਆ ਜਾ ਰਿਹਾ ਹੈ ਜੋ ਹਵਾ ਵਿਚਲੇ ਪ੍ਰਦੂਸ਼ਣ ਦੀ ਮਾਤਰਾ ਦੱਸਣ ਦੇ ਨਾਲ-ਨਾਲ ਇਸ ਨੂੰ ਰੋਕਣ ਲਈ ਕੰਮ ਵੀ ਕਰੇਗਾ। ਡਿਪਟੀ ਕਮਿਸ਼ਨਰ ਅਨੁਸਾਰ ਵਾਹਨਾਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਪ੍ਰਸ਼ਾਸਨ ਨੇ ਧਾਰਾ 144 ਤਹਿਤ ਪਾਬੰਦੀ ਲਾ ਦਿੱਤੀ ਹੈ ਕਿ 15 ਸਾਲ ਤੋਂ ਪੁਰਾਣੇ ਵਾਹਨ ਗੇਟਾਂ ਤੋਂ ਅੰਦਰਲੇ ਸ਼ਹਿਰ ਵਿਚ ਨਹੀਂ ਚੱਲ ਸਕਣਗੇ। ਇਸ ਤੋਂ ਇਲਾਵਾ ਟਰਾਂਸਪੋਰਟ ਵਿਭਾਗ ਵੱਲੋਂ ਪੁਲਿਸ ਨੂੰ ਸ਼ਹਿਰ ਵਿਚ ਚਲਦੇ 10 ਸਾਲ ਤੋਂ ਪੁਰਾਣੇ ਆਟੋ ਰਿਕਸ਼ਾ ਦੀ ਸੂਚੀ ਵੀ ਮੁਹੱਈਆ ਕਰਵਾ ਦਿੱਤੀ ਗਈ ਹੈ ਤਾਂ ਜੋ ਇਹ ਸ਼ਹਿਰ ਦੇ ਅੰਦਰ ਨਾ ਜਾ ਸਕਣ।

ਸ੍ਰੀ ਦਰਬਾਰ ਸਾਹਿਬ ਦੁਆਲੇ ਜਨਰੇਟਰਾਂ ਦੇ ਧੂੰਏਂ ਨੂੰ ਰੋਕਣ ਲਈ ਬਿਜਲੀ ਸਪਲਾਈ 24 ਘੰਟੇ ਕੀਤੀ ਜਾ ਰਹੀ ਹੈ ਤੇ ਇਸ ਮਕਸਦ ਲਈ ਸੂਬਾ ਸਰਕਾਰ ਵੱਲੋਂ 26 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ 66 ਕੇ.ਵੀ. ਸਬ ਸਟੇਸ਼ਨ ਲਾਇਆ ਜਾ ਰਿਹਾ ਹੈ ਜਿਸ ਨੂੰ ਲਾਉਣ ਲਈ ਪਾਵਰਕਾਮ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਇਲਾਵਾ ਗਲਿਆਰਾ ਪਾਰਕਿੰਗ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਕੇਵਲ ਬੈਟਰੀ ਵਾਲੇ ਬਿਜਲਈ ਵਾਹਨ ਹੀ ਚੱਲ ਸਕਣਗੇ। ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਅਜਿਹੇ ਛੇ ਵਾਹਨ ਚਲਾਏ ਜਾ ਰਹੇ ਹਨ ਤੇ ਪੁੱਡਾ ਵੱਲੋਂ ਦੋ ਹੋਰ ਅਜਿਹੇ ਨਵੇਂ ਵਾਹਨ ਬਹੁਤ ਜਲਦੀ ਦਿੱਤੇ ਜਾਣਗੇ।

ਸਰਕਾਰ ਦੀਆਂ ਨਵੀਆਂ ਹਦਾਇਤਾਂ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਦੋ ਕਿਲੋਮੀਟਰ ਦੇ ਘੇਰੇ ਵਿਚ ਕੋਈ ਨਵਾਂ ਉਦਯੋਗ ਨਹੀਂ ਲੱਗ ਸਕੇਗਾ ਤੇ ਪਹਿਲਾਂ ਚੱਲ ਰਹੇ ਉਦਯੋਗਾਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਪ੍ਰਦੂਸ਼ਣ ਕੰਟਰੋਲ ਬੋਰਡ ਵਿਸ਼ੇਸ਼ ਕਦਮ ਚੁੱਕੇਗਾ ਤੇ ਸਮੇਂ-ਸਮੇਂ ਇਨ੍ਹਾਂ ਉਦਯੋਗਾਂ ਦੇ ਪ੍ਰਦੂਸ਼ਣ ਦੀ ਜਾਂਚ ਕਰੇਗਾ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਨਾਲ ਲੱਗਦੇ ਸਾਈਕਲ ਸਟੈਂਡ ਦੀ ਛੱਤ ਉਪਰ ਗਮਲਿਆਂ ਵਾਲੇ ਪੌਦੇ ਲਾਏ ਜਾਣਗੇ ਤੇ ਆਲੇ-ਦੁਆਲੇ ਸਮੇਤ ਸਾਰੇ ਸ਼ਹਿਰ ਵਿਚ ਵੀ ਵੱਧ ਤੋਂ ਵੱਧ ਰੁੱਖ ਲਾਏ ਜਾਣਗੇ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਮੇਘ ਸਿੰਘ ਤੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਦੂਸ਼ਣ ਰੋਕਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਘਰ ਵਿਚ ਲੰਗਰ ਤਿਆਰ ਕਰਨ ਲਈ ਲੱਕੜ ਦੇ ਬਾਲਣ ਦੀ ਵਰਤੋਂ 'ਤੇ ਮੁਕੰਮਲ ਰੋਕ ਲਾ ਦਿੱਤੀ ਹੈ ਤੇ ਸਾਰਾ ਲੰਗਰ ਗੈਸ 'ਤੇ ਪਕਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ 17 ਕਰੋੜ ਰੁਪਏ ਦੀ ਲਾਗਤ ਨਾਲ ਇਕ ਨਵਾਂ ਹਾਈ-ਟੈਕ ਲੰਗਰ ਘਰ ਬਣਾਇਆ ਜਾਵੇਗਾ ਜੋ ਪੂਰੀ ਤਰ੍ਹਾਂ ਪ੍ਰਦੂਸ਼ਣ ਮੁਕਤ ਹੋਵੇਗਾ ਤੇ ਡੇਢ ਸਾਲ ਵਿਚ ਇਹ ਲੰਗਰ ਘਰ ਬਣ ਕੇ ਤਿਆਰ ਹੋ ਜਾਵੇਗਾ।

# 'ਬਾਣੀ ਇਸ਼ਕ ਦਾ ਕਲਮਾ' ਲੜੀਵਾਰ ਉਤੇ ਫਿਰ ਇਤਰਾਜ਼

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਕਿਹਾ ਹੈ ਕਿ ਕਲਰਸ ਟੀ.ਵੀ. ਚੈਨਲ 'ਤੇ ਚਲਦੇ ਵਿਵਾਦਪੂਰਨ ਲੜੀਵਾਰ ਬਾਣੀ ਨੂੰ ਤੁਰੰਤ ਬੰਦ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਲਰਸ ਟੀ.ਵੀ. ਚੈਨਲ 'ਤੇ ਚਲਦੇ ਵਿਵਾਦਪੂਰਨ ਲੜੀਵਾਰ 'ਬਾਣੀ-ਇਸ਼ਕ ਦਾ ਕਲਮਾ' ਸ਼ੁਰੂ ਹੋਣ ਤੋਂ ਪਹਿਲਾਂ ਹੀ ਸਿੱਖ ਭਾਵਨਾਵਾਂ ਦੇ ਉਲਟ ਸੀ। ਸਭ ਤੋਂ ਪਹਿਲਾਂ ਇਸ ਲੜੀਵਾਰ ਦੇ ਨਾਂ ਨੇ ਵੀ ਸਿੱਖ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਕੀਤੀ ਸੀ ਤੇ ਹੁਣ ਇਸ ਲੜੀਵਾਰ ਵਿਚਲੇ ਕਲਾਕਾਰਾਂ ਵੱਲੋਂ ਨਿਭਾਏ ਜਾ ਰਹੇ ਕਿਰਦਾਰ ਨਾਲ ਸਿੱਖ ਭਾਵਨਾਵਾਂ ਨੂੰ ਲਗਾਤਾਰ ਠੇਸ ਪਹੁੰਚਾਈ ਜਾ ਰਹੀ ਹੈ।

ਇਸ ਬਾਰੇ ਪੁਲਿਸ ਕਮਿਸ਼ਨਰ ਕੋਲ ਸ਼ਿਕਾਇਤ ਕਰਕੇ ਪਰਚਾ ਦਰਜ ਕਰਵਾਇਆ ਜਾਵੇਗਾ। ਉਨ੍ਹਾਂ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਉਹ ਤੁਰੰਤ ਇਸ ਚੈਨਲ ਖਿਲਾਫ ਕਾਰਵਾਈ ਕਰੇ।

# ਸ਼੍ਰੋਮਣੀ ਕਮੇਟੀ ਸਕੇਲਾਂ ਅਨੁਸਾਰ ਦੇਵੇ ਤਨਖਾਹਾਂ: ਹਾਈਕੋਰਟ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਹੈ ਕਿ ਉਹ ਆਦਰਸ਼ ਰੁਜ਼ਗਾਰਦਾਤਾ ਦੀ ਤਰ੍ਹਾਂ ਕੰਮ ਕਰੇ। ਸਿੱਖਿਆ ਪ੍ਰਦਾਨ ਕਰਨ ਨੂੰ ਰੱਬ ਦੀ ਸੇਵਾ ਕਰਨ ਦੇ ਬਰਾਬਰ ਦਰਜਾ ਦਿੰਦਿਆਂ ਹਾਈ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਹੈ ਕਿ ਉਹ ਪੰਜੋਖਰਾ ਸਾਹਿਬ ਵਿਖੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਖਾਲਸਾ ਕਾਲਜ ਦੇ ਸਟਾਫ਼ ਨੂੰ ਘੱਟੋ-ਘੱਟ ਸਰਕਾਰੀ ਸਕੇਲਾਂ ਦੇ ਅਨੁਸਾਰ ਤਨਖ਼ਾਹ ਦੇਵੇ।

ਚੀਫ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਔਗਸਟਾਈਨ ਜਾਰਜ ਮਸੀਹ ਵਾਲੇ ਬੈਂਚ ਨੇ ਇਹ ਫ਼ੈਸਲਾ ਸੁਣਾਉਂਦਿਆਂ ਹਰਿਆਣਾ ਸਰਕਾਰ ਨੂੰ ਕਿਹਾ ਹੈ ਕਿ ਉਹ ਇਸ ਗੱਲ ਦੀ ਪੜਤਾਲ ਕਰੇ ਕਿ ਕੀ ਸੋਧੇ ਹੋਏ ਸਕੇਲ ਦਿੱਤੇ ਜਾ ਰਹੇ ਹਨ ਤੇ ਬਕਾਇਆਂ ਦੀ ਅਦਾਇਗੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਫ਼ੈਸਲਾ ਕੋਈ ਦਹਾਕਾ ਪੁਰਾਣੀ ਪਟੀਸ਼ਨ ਜੋ ਕਾਲਜ ਵੱਲੋਂ ਹਰਿਆਣਾ ਸਰਕਾਰ ਤੇ ਹੋਰਾਂ ਵਿਰੁੱਧ ਦਾਇਰ ਕੀਤੀ ਗਈ ਸੀ, ਦਾ ਨਿਬੇੜਾ ਕਰਨ ਦੌਰਾਨ ਆਇਆ ਹੈ।

ਇਸ ਮਾਮਲੇ ਵਿਚ ਮੁੱਢਲੇ ਗੇੜ ਵਿਚ ਅੰਬਾਲਾ ਜ਼ਿਲ੍ਹੇ ਦੇ ਪੰਜੋਖਰਾ ਸਾਹਿਬ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਖਾਲਸਾ ਕਾਲਜ ਦੇ ਮੁਲਾਜ਼ਮਾਂ ਨੇ ਇਸ ਗੱਲ ਨੂੰ ਲੈ ਕੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ ਕਿ ਉਨ੍ਹਾਂ ਨੂੰ ਨਿਯੁਕਤੀ ਪੱਤਰ ਵਿਚ ਤੈਅ ਸੇਵਾ ਨਿਯਮਾਂ ਦੇ ਅਨੁਸਾਰ ਤਨਖਾਹਾਂ ਨਹੀਂ ਮਿਲਦੀਆਂ ਤੇ ਉਨ੍ਹਾਂ ਇਹ ਦੋਸ਼ ਲਾਇਆ ਸੀ ਕਿ ਕਾਲਜ ਪ੍ਰਬੰਧਕ ਉੱਚ ਤਨਖਾਹਾਂ ਦੇ ਉਪਰ ਹਸਤਾਖਰ ਕਰਵਾਉਂਦੇ ਹਨ ਪਰ ਅਸਲ ਵਿਚ ਘੱਟ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ।

ਪਟੀਸ਼ਨ ਨੂੰ ਮਨਜ਼ੂਰ ਕਰਦਿਆਂ ਇਕ ਬੈਂਚ ਨੇ ਅੱਠ ਫਰਵਰੀ, 2000 ਨੂੰ ਬਕਾਇਆ ਰਾਸ਼ੀ ਦੀ ਅਦਾਇਗੀ ਤਿੰਨ ਮਹੀਨੇ ਵਿਚ ਕਰਨ ਦੇ ਆਦੇਸ਼ ਦਿੱਤੇ ਸਨ। ਇਹ ਵੀ ਕਿਹਾ ਗਿਆ ਸੀ ਕਿ ਸੂਬਾ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸੋਧੀਆਂ ਹੋਈਆਂ ਤਨਖ਼ਾਹਾਂ ਦਿੱਤੀਆਂ ਜਾਣ। ਬਾਅਦ ਵਿਚ ਕੀਤੀ ਪੜਤਾਲ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਅਦਾਲਤ ਦੇ ਹੁਕਮਾਂ ਅਨੁਸਾਰ ਤਨਖਾਹਾਂ ਨਹੀਂ ਦਿੱਤੀਆਂ ਗਈਆਂ ਤੇ ਕਾਲਜ ਸੋਧੇ ਹੋਏ ਸਕੇਲਾਂ ਅਨੁਸਾਰ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਵਿਚ ਵੀ ਅਸਫਲ ਰਿਹਾ ਹੈ।

ਕਾਲਜ ਵੱਲੋਂ ਦਾਇਰ ਮੌਜੂਦਾ ਪਟੀਸ਼ਨ ਸਤੰਬਰ 2003 ਵਿਚ ਅਦਾਲਤ ਨੇ ਸੁਣਵਾਈ ਲਈ ਮਨਜ਼ੂਰ ਕੀਤੀ ਸੀ ਪਰ ਇਸ 'ਤੇ ਹੁਕਮ ਰੋਕ ਦਿੱਤੇ ਸਨ। ਕਾਲਜ ਪ੍ਰਬੰਧਕਾਂ ਦੀ ਤਰਫ਼ੋਂ ਪੇਸ਼ ਵਕੀਲ ਨੇ ਅਦਾਲਤ ਨੂੰ ਦੱਸਿਆ ਸੀ ਕਿ ਅਸਲ ਵਿਚ ਕਾਲਜ 2005 ਵਿਚ ਬੰਦ ਹੋ ਗਿਆ ਸੀ ਤੇ 2011 ਤੋਂ ਸ਼੍ਰੋਮਣੀ ਕਮੇਟੀ ਨੂੰ ਇਸ ਨੂੰ ਮੁੜ ਸ਼ੁਰੂ ਕਰਨ ਦਾ ਫ਼ਸਲਾ ਕੀਤਾ ਹੈ। ਉਨ੍ਹਾਂ ਅਦਾਲਤ ਨੂੰ ਇਹ ਵੀ ਭਰੋਸਾ ਦਿੱਤਾ ਕਿ ਸ਼੍ਰੋਮਣੀ ਕਮੇਟੀ ਸਰਕਾਰ ਅਨੁਸਾਰ ਸੋਧੇ ਹੋਏ ਸਕੇਲ ਦੇਣ ਲਈ ਤਿਆਰ ਹੈ ਪਰ ਇਤਰਾਜ਼ਹੀਣਤਾ ਸਰਟੀਫਿਕੇਟ ਵਾਪਸ ਲੈਣ ਬਾਰੇ ਕਾਰਵਾਈ ਰੱਦ ਕੀਤੀ ਜਾਵੇ।

# ਸਹਿਜਧਾਰੀ ਵੋਟਰਾਂ ਨੂੰ ਚੁਣੌਤੀ ਵਾਲੀ ਪਟੀਸ਼ਨ ਰੱਦ

**ਅੰਮ੍ਰਿਤਸਰ:** ਸਹਿਜਧਾਰੀ ਸਿੱਖ ਪਾਰਟੀ ਨੇ ਦਾਅਵਾ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਤੋਂ ਰੋਕਣ ਦੀ ਪਟੀਸ਼ਨ ਹਾਈ ਕੋਰਟ ਨੇ ਖਾਰਜ ਕਰ ਦਿੱਤੀ ਹੈ। ਇਹ ਪਟੀਸ਼ਨ 2001 ਵਿਚ ਪਾਰਟੀ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਤੇ ਭਰਪੂਰ ਸਿੰਘ ਵੱਲੋਂ ਹਾਈ ਕੋਰਟ ਵਿਚ ਦਾਇਰ ਕੀਤੀ ਗਈ ਸੀ। ਸਹਿਜਧਾਰੀ ਸਿੱਖ ਪਾਰਟੀ ਦੇ ਪ੍ਰਧਾਨ ਪਰਮਜੀਤ ਸਿੰਘ ਰਾਣੂ ਅਨੁਸਾਰ ਸਭ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਅ) ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਰਿਟ 2001 ਵਿਚ ਦਾਇਰ ਕੀਤੀ ਸੀ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਵਿਚ ਵੋਟ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ।

ਇਸ ਵਿਚ ਉਨ੍ਹਾਂ ਕੇਂਦਰ ਸਰਕਾਰ, ਸੂਬਾ ਸਰਕਾਰ, ਸ਼੍ਰੋਮਣੀ ਕਮੇਟੀ ਤੇ ਕਈ ਹੋਰਾਂ ਨੂੰ ਧਿਰ ਬਣਾਇਆ ਸੀ। ਉਸੇ ਵੇਲੇ ਸਹਿਜਧਾਰੀ ਸਿੱਖ ਫੈਡਰੇਸ਼ਨ ਨੇ ਹਾਈ ਕੋਰਟ ਵਿਚ ਦਰਖਾਸਤ ਦੇ ਕੇ ਧਿਰ ਬਣਨ ਦੀ ਅਪੀਲ ਕੀਤੀ ਸੀ ਤੇ ਹਾਈ ਕੋਰਟ ਨੇ ਇਸ ਨੂੰ ਪ੍ਰਵਾਨ ਕਰ ਲਿਆ ਸੀ ਜਿਸ ਦੀ ਸੁਣਵਾਈ 23 ਨਵੰਬਰ ਨੂੰ ਹਾਈ ਕੋਰਟ ਵਿਚ ਹੋਈ ਹੈ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੀ ਪਟੀਸ਼ਨ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਕੇਸ ਦੌਰਾਨ ਹੀ ਅੱਠ ਅਕਤੂਬਰ, 2003 ਨੂੰ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਨੋਟੀਫੀਕੇਸ਼ਨ ਜਾਰੀ ਕਰਕੇ ਸਹਿਜਧਾਰੀ ਸਿੱਖਾਂ ਦਾ ਵੋਟ ਦਾ ਅਧਿਕਾਰ ਖਤਮ ਕਰ ਦਿੱਤਾ ਸੀ।



ਇਸ ਨੋਟੀਫੀਕੇਸ਼ਨ ਨੂੰ ਸਹਿਜਧਾਰੀ ਸਿੱਖ ਫੈਡਰੇਸ਼ਨ ਨੇ ਮੁੜ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਿਸ ਦਾ ਮਾਮਲਾ ਤਕਰੀਬਨ ਅੱਠ ਸਾਲ ਲਟਕਦਾ ਰਿਹਾ ਤੇ 20 ਦਸੰਬਰ, 2011 ਨੂੰ ਹਾਈ ਕੋਰਟ ਦੇ ਫੁਲ ਬੈਂਚ ਨੇ ਇਸ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਸੀ ਜਿਸ ਨਾਲ ਸਹਿਜਧਾਰੀ ਸਿੱਖਾਂ ਦਾ ਵੋਟ ਅਧਿਕਾਰ ਬਹਾਲ ਹੋ ਗਿਆ। ਇਸ ਫੈਸਲੇ ਨਾਲ ਸਤੰਬਰ 2011 ਨੂੰ ਚੁਣੀ ਗਈ ਨਵੀਂ ਸ਼੍ਰੋਮਣੀ ਕਮੇਟੀ ਦਾ ਭਵਿੱਖ ਹਵਾ ਵਿਚ ਲਟਕ ਗਿਆ। ਸ਼੍ਰੋਮਣੀ ਕਮੇਟੀ ਨੇ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਿਥੇ ਉਨ੍ਹਾਂ ਨੂੰ ਕੋਈ ਸਟੇਅ ਨਹੀਂ ਮਿਲਿਆ।

ਸਹਿਜਧਾਰੀ ਸਿੱਖ ਫੈਡਰੇਸ਼ਨ ਜੋ ਕਿ ਹੁਣ ਸਹਿਜਧਾਰੀ ਸਿੱਖ ਪਾਰਟੀ ਬਣ ਚੁੱਕੀ ਹੈ, ਦੇ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂ ਨੇ ਆਖਿਆ ਕਿ ਸੁਪਰੀਮ ਕੋਰਟ ਵਿਚ ਵੀ ਇਹ ਮਾਮਲਾ ਚਾਰ ਅਕਤੂਬਰ ਨੂੰ ਲੱਗਾ ਸੀ ਤੇ ਅਦਾਲਤ ਨੇ ਸ਼੍ਰੋਮਣੀ ਕਮੇਟੀ ਦੀ ਨਜ਼ਰਸਾਨੀ ਪਟੀਸ਼ਨ ਮਨਜ਼ੂਰ ਕਰਦਿਆਂ ਫੈਸਲਾ ਦਿੱਤਾ ਕਿ ਪਹਿਲਾਂ ਵਾਂਗ ਸ਼੍ਰੋਮਣੀ ਕਮੇਟੀ ਦੀ 15 ਮੈਂਬਰੀ ਅੰਤ੍ਰਿੰਗ ਕਮੇਟੀ ਹੀ ਕੰਮ ਕਰੇਗੀ ਤੇ ਅਦਾਲਤ ਵੱਲੋਂ ਇਕ ਸਾਲ ਵਿਚ ਕੇਸ ਦਾ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਇਸ ਨਾਲ ਸ਼੍ਰੋਮਣੀ ਕਮੇਟੀ ਲਈ ਪੈਦਾ ਹੋਇਆ ਸੰਕਟ ਹੋਰ ਵੀ ਡੂੰਘਾ ਹੋ ਗਿਆ ਹੈ।

# ਜਥੇਦਾਰਾਂ ਨੇ ਰਿਸ਼ਤੇਦਾਰਾਂ ਨੂੰ ਹੀ ਬਣਾਇਆ ਪੀ.ਏ.


## ਮੁੱਖ ਕਾਰਨ ਦੱਸਿਆ ਵਫਾਦਾਰੀ



ਗਿਆਨੀ ਇਕਬਾਲ ਸਿੰਘ



ਗਿਆਨੀ ਮੱਲ ਸਿੰਘ



ਗਿਆਨੀ ਗੁਰਬਚਨ ਸਿੰਘ



ਗਿਆਨੀ ਬਲਵੰਤ ਸਿੰਘ

**ਚੰਡੀਗੜ੍ਹ:** ਤਖਤਾਂ ਦੇ ਜਥੇਦਾਰ ਸਹਿਬਾਨ ਵੱਲੋਂ ਪੀਏ ਰੂਪੀ ਰਿਉੜੀਆਂ ਆਪਣਿਆਂ ਨੂੰ ਹੀ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਵਿਚਲੇ ਸਮੂਹ ਤਖਤਾਂ ਦੇ ਜਥੇਦਾਰ ਸਹਿਬਾਨ ਨੇ ਆਪਣੇ ਨਿੱਜੀ ਸਹਾਇਕ/ਪੀਏ ਦਾ ਅਹੁਦਾ ਆਪਣੇ ਪੁੱਤਰਾਂ ਜਾਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਹੀ ਦਿੱਤਾ ਹੋਇਆ ਹੈ ਜਦਕਿ ਸਿੱਖ ਕੌਮ ਦੇ ਬੁੱਧੀਜੀਵੀ ਵਰਗ ਜਾਂ ਕਿਸੇ ਹੋਰ ਆਗੂ ਨੂੰ ਇਸ ਅਹੁਦੇ ਤੋਂ ਦੂਰ ਹੀ ਰੱਖਿਆ ਗਿਆ ਹੈ। ਇਸ ਦਾ ਮੁੱਖ ਕਾਰਨ ਵਫਾਦਾਰੀ ਹੀ ਦੱਸਿਆ ਗਿਆ ਹੈ।

ਸਿੱਖ ਪੰਥ ਦੇ ਤਖਤਾਂ ਅਕਾਲ ਤਖਤ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੀਏ ਰੱਖਣ ਦੀ ਸਹੂਲਤ ਦਿੱਤੀ ਗਈ ਹੈ। ਜਥੇਦਾਰਾਂ ਨੇ ਇਹ ਅਹੁਦਾ ਆਪਣੇ ਪੁੱਤਰਾਂ ਜਾਂ ਰਿਸ਼ਤੇਦਾਰਾਂ ਤੱਕ ਹੀ ਸੀਮਤ ਰੱਖਿਆ ਹੋਇਆ ਹੈ। ਮੌਜੂਦਾ ਹੀ ਨਹੀਂ ਸਗੋਂ ਸਾਬਕਾ ਜਥੇਦਾਰਾਂ ਦਾ ਵੀ ਇਸ ਮਾਮਲੇ ਵਿਚ ਅਜਿਹਾ ਹੀ ਰਵੱਈਆ ਸੀ।

ਇਕੱਤਰ ਜਾਣਕਾਰੀ ਅਨੁਸਾਰ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਵੱਲੋਂ ਪੀਏ ਦਾ ਅਹੁਦਾ ਆਪਣੇ ਪੁੱਤਰ ਜਸਵਿੰਦਰਪਾਲ ਸਿੰਘ ਸੋਨੂੰ ਨੂੰ ਦਿੱਤਾ ਗਿਆ ਹੈ। ਸ. ਸੋਨੂੰ ਹੀ ਜਥੇਦਾਰ ਨਾਲ ਬਤੌਰ ਪੀਏ ਮੁੱਢ ਤੋਂ ਸੇਵਾ ਨਿਭਾ ਰਹੇ ਹਨ।ਬੇਸ਼ੱਕ ਸ. ਸੋਨੂੰ ਪੜ੍ਹਾਈ ਲਿਖਾਈ ਵਜੋਂ ਅਹੁਦੇ ਲਈ ਪੂਰੀ ਤਰ੍ਹਾਂ ਫਿਟ ਹਨ ਪਰ ਜਥੇਦਾਰ ਸਾਹਿਬ ਨੇ ਇਸ ਅਹੁਦੇ ਲਈ ਕਿਸੇ ਹੋਰ ਦੀ ਥਾਂ ਆਪਣੇ ਪੁੱਤਰ ਨੂੰ ਚੁਣਿਆ ਹੈ। ਸ਼੍ਰੋਮਣੀ ਕਮੇਟੀ ਸੂਤਰਾਂ ਅਨੁਸਾਰ ਇਸ ਪੀਏ ਦੀ ਤਨਖਾਹ 6-8 ਹਜ਼ਾਰ ਰੁਪਏ ਦੇ ਕਰੀਬ ਹੈ। ਇਸੇ ਤਰ੍ਹਾਂ ਹਾਲ ਹੀ ਵਿਚ ਬਣੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਬੇਸ਼ੱਕ ਕੁਝ ਮਹੀਨੇ ਪਹਿਲਾਂ ਹੀ ਜਥੇਦਾਰੀ ਸੰਭਾਲੀ ਹੈ ਪਰ ਪੀਏ ਰੱਖਣ ਦੀ ਪਰੰਪਰਾ ਉਨ੍ਹਾਂ ਵੀ ਬਾਕੀ ਜਥੇਦਾਰਾਂ ਵਾਲੀ ਹੀ ਬਰਕਰਾਰ ਰੱਖੀ। ਜਥੇਦਾਰ ਮੱਲ ਸਿੰਘ ਨੇ ਵੀ ਆਪਣੇ ਪੁੱਤਰ ਅਮਨਦੀਪ ਸਿੰਘ ਨੂੰ ਪੀਏ ਰੱਖਿਆ ਗਿਆ ਹੈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਪ੍ਰਬੰਧਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜਥੇਦਾਰ ਦੇ ਪੀਏ ਦੀ ਤਨਖਾਹ ਬੇਸ਼ੱਕ ਜ਼ਿਆਦਾ ਹੈ ਪਰ ਕੱਟ-ਕਟਾ ਕੇ ਉਨ੍ਹਾਂ ਨੂੰ 12,500 ਰੁਪਏ ਮਿਲਦੀ ਹੈ।

ਜਥੇਦਾਰ ਮੱਲ ਸਿੰਘ ਤੋਂ ਪਹਿਲਾਂ ਰਹੇ ਜਥੇਦਾਰ ਮਰਹੂਮ ਗਿਆਨੀ ਤਰਲੋਚਨ ਸਿੰਘ ਨੇ ਕਿਸੇ ਕਰੀਬੀ ਨੂੰ ਆਪਣਾ ਪੀਏ ਨਹੀਂ ਰੱਖਿਆ ਸੀ। ਇਥੇ ਹੀ ਬੱਸ ਨਹੀਂ ਜੇ ਗੱਲ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀ ਕੀਤੀ ਜਾਵੇ ਤਾਂ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਵੀ ਪੀਏ ਦਾ ਅਹੁਦਾ ਆਪਣੇ ਨਜ਼ਦੀਕੀ ਰਿਸ਼ਤੇਦਾਰ ਵੀਰਭਿੰਦਰ ਸਿੰਘ ਨੂੰ ਦਿੱਤਾ ਹੋਇਆ ਹੈ। ਇਨ੍ਹਾਂ ਦੀ ਤਨਖਾਹ ਵੀ ਬਾਕੀ ਪੀਏਜ਼ ਵਾਂਗ ਤੈਅ ਹੈ। ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਵੀ ਆਪਣੇ ਨਜ਼ਦੀਕੀ ਰਿਸ਼ਤੇਦਾਰ ਪ੍ਰਿਥੀਪਾਲ ਸਿੰਘ ਨੂੰ ਪੀਏ ਰੱਖਿਆ ਹੋਇਆ ਸੀ ਜੋ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਵੀ ਸਨ। ਪੰਜਾਬ ਤੋਂ ਬਾਹਰਲੇ ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਵੀ ਪੀਏ ਦਾ ਅਹੁਦਾ ਆਪਣੇ ਪੁੱਤਰ ਗੁਰਪ੍ਰਸਾਦ ਸਿੰਘ ਨੂੰ ਹੀ ਦਿੱਤਾ ਹੋਇਆ ਹੈ। ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਪੀਏ ਦਾ ਅਹੁਦਾ ਕੋਈ ਆਰਥਿਕ ਲਾਭ ਵਾਲਾ ਨਹੀਂ ਹੈ।

# ਅੰਮ੍ਰਿਤਸਰ ਤੇ ਹਜ਼ੂਰ ਸਾਹਿਬ ਵਿਚਾਲੇ ਹਵਾਈ ਸੇਵਾ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਕੇਂਦਰੀ ਹਵਾਬਾਜ਼ੀ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਤਖਤ ਸ੍ਰੀ ਹਜ਼ੂਰ ਸਾਹਿਬ, (ਨਾਂਦੇੜ ਸਾਹਿਬ) ਤੇ ਅੰਮ੍ਰਿਤਸਰ ਵਿਚਾਲੇ ਹਵਾਈ ਸੇਵਾ ਸ਼ੁਰੂ ਕੀਤੀ ਜਾਵੇ।

ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਭੇਜੇ ਗਏ ਪੱਤਰ ਵਿਚ ਲਿਖਿਆ ਹੈ ਕਿ ਨਾਂਦੇੜ ਸਾਹਿਬ ਤੇ ਹੋਰ ਸਥਾਨਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਲਈ ਅੰਮ੍ਰਿਤਸਰ ਤੋਂ ਰੋਜ਼ਾਨਾ ਹੀ ਅਨੇਕਾਂ ਸ਼ਰਧਾਲੂ ਰੇਲ ਗੱਡੀ ਰਾਹੀਂ ਜਾਂਦੇ ਹਨ।

# ਪੱਤਰਕਾਰ ਸਣੇ ਛੇ ਪਰਵਾਸੀ ਸਮਗਲਰਾਂ ਦੀ ਸ਼ਨਾਖਤ

**ਪਟਿਆਲਾ:** ਪੰਜਾਬ ਪੁਲਿਸ ਨੇ ਟੋਰਾਂਟੋ ਦੇ ਇਕ ਅਜਿਹੇ ਪੱਤਰਕਾਰ ਦੀ ਸ਼ਨਾਖਤ ਕੀਤੀ ਹੈ ਜੋ ਨਸ਼ਿਆਂ ਦੇ 2500 ਕਰੋੜ ਰੁਪਏ ਦੇ ਕਾਰੋਬਾਰ ਨਾਲ ਜੁੜੇ ਕਰੀਬ ਦੋ ਦਰਜਨ ਪਰਵਾਸੀ ਭਾਰਤੀਆਂ ਲਈ ਸੂਚਨਾ ਇਕੱਠੀ ਕਰਦਾ ਸੀ। ਪੁਲਿਸ ਨੇ ਛੇ ਹੋਰ ਅਜਿਹੇ ਪਰਵਾਸੀ ਭਾਰਤੀਆਂ ਦੀ ਵੀ ਸ਼ਨਾਖ਼ਤ ਕੀਤੀ ਹੈ ਜੋ ਭਾਰਤ ਵਿਚ ਨਸ਼ਿਆਂ ਦਾ ਵਪਾਰ ਚਲਾਉਣ ਦੇ ਨਾਲ-ਨਾਲ ਕੈਨੇਡਾ ਰਾਹੀਂ ਹੋਰਨਾਂ ਦੇਸ਼ਾਂ ਵਿਚ ਵੀ ਨਸ਼ਿਆਂ ਦੀ ਸਪਲਾਈ ਕਰਦੇ ਹਨ।

ਪੁਲਿਸ ਵੱਲੋਂ ਕੀਤੀ ਗਈ ਪੜਤਾਲ ਵਿਚ ਕੈਨੇਡਾ ਵਸੇ ਪੱਤਰਕਾਰ ਐਚ.ਐਸ ਸਿੱਧੂ ਦੇ ਨਾਂ ਦਾ ਖ਼ੁਲਾਸਾ ਹੋਇਆ ਹੈ ਜਿਸ ਨੇ ਕੁਝ ਮਹੀਨੇ ਪਹਿਲਾਂ ਉਸ ਨੇ ਆਪਣਾ ਅਖ਼ਬਾਰ ਚਲਾਇਆ ਸੀ। ਸਿੱਧੂ 2003-04 ਵਿਚ ਨਸ਼ਿਆਂ ਦੇ ਕਾਰੋਬਾਰ ਨਾਲ ਜੁੜਿਆ ਹੋਇਆ ਹੈ। ਇਸ ਮਗਰੋਂ ਇਹ ਬਰਤਰਫ਼ ਕੀਤੇ ਪੁਲਿਸ ਅਫਸਰ ਜਗਦੀਸ਼ ਭੋਲਾ ਤੇ ਐਨ.ਆਰ.ਆਈ ਡਰੱਗ ਤਸਕਰ ਅਨੂਪ ਸਿੰਘ ਕਾਹਲੋਂ ਦੇ ਸੰਪਰਕ ਵਿਚ ਆਇਆ। ਸੂਤਰਾਂ ਮੁਤਾਬਕ ਇਨ੍ਹਾਂ ਨੇ ਕੁਝ ਹੋਰ ਪਰਵਾਸੀ ਭਾਰਤੀ ਸਮਗਲਰਾਂ ਦੀ ਮਿਲੀਭੁਗਤ ਨਾਲ ਨਸ਼ਿਆਂ ਦਾ ਕਾਰੋਬਾਰ ਚਲਾਇਆ।

ਚੰਡੀਗੜ੍ਹ ਤੋਂ ਛਪਦੇ ਨਾਮੀ ਅਖਬਾਰ ਟ੍ਰਿਬਿਊਨ ਵਿਚ ਪਟਿਆਲਾ ਦੇ ਐਸ ਐਸ ਪੀ ਹਰਦਿਆਲ ਸਿੰਘ ਮਾਨ ਦੇ ਹਵਾਲੇ ਨਾਲ ਛਪੀ ਖਬਰ ਮੁਤਾਬਕ ਇਸ ਸਬੰਧੀ ਕਾਰਵਾਈ ਪਹਿਲਾਂ ਹੀ ਉਚ ਪੱਧਰ 'ਤੇ ਚੱਲ ਰਹੀ ਹੈ ਤੇ ਸ਼ਨਾਖ਼ਤ ਕੀਤੇ ਗਏ ਇਨ੍ਹਾਂ ਪਰਵਾਸੀ ਭਾਰਤੀਆਂ ਦੀ ਗ੍ਰਿਫਤਾਰੀ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਬਹੁਤ ਸਾਰੇ ਅਹਿਮ ਖੁਲਾਸੇ ਹੋਣਗੇ। ਇਹ ਸਾਰੇ ਕੌਮਾਂਤਰੀ ਪੱਧਰ 'ਤੇ ਨਸ਼ਿਆਂ ਦੀ ਸਮਗਲਿੰਗ ਨਾਲ ਜੁੜੇ ਹੋਏ ਹਨ। ਪੁਲਿਸ ਸੂਤਰਾਂ ਅਨੁਸਾਰ ਇਸ ਸਬੰਧੀ ਇੰਟਰਪੋਲ ਦੀ ਮਦਦ ਵੀ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਐਚ ਐਸ ਸਿੱਧੂ ਦੀ ਗ੍ਰਿਫਤਾਰੀ ਵੀ ਅਹਿਮ ਹੈ ਕਿਉਂਕਿ ਉਹ ਇਸ ਗਰੋਹ ਨੂੰ ਸੂਚਨਾ ਦੇਣ ਵਾਲਾ ਮੁੱਖ ਵਿਅਕਤੀ ਸੀ। ਉਸ ਦੀ ਮੀਡੀਆ ਨਾਲ ਨੇੜਤਾ ਹੋਣ ਕਰਕੇ ਉਹ ਆਪਣੇ ਸੰਪਰਕਾਂ ਰਾਹੀਂ ਪੰਜਾਬ ਤੇ ਕੈਨੇਡਾ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਦਾ ਸੀ। ਇਸ ਵੇਲੇ ਉਹ ਨਿਆਗਰਾ ਫਾਲਜ਼ ਨੇੜੇ ਸਟੋਰ ਚਲਾਉਂਦਾ ਹੈ ਪਰ ਪੰਜਾਬ ਵਿਚ ਨਸ਼ਿਆਂ ਬਾਰੇ ਹੋਏ ਖੁਲਾਸਿਆਂ ਮਗਰੋਂ ਉਹ ਗਾਇਬ ਹੈ। ਡਰੱਗ ਸਮਗਲਿੰਗ ਦੇ ਕੇਸ ਵਿਚ ਕਈ ਪਰਵਾਸੀ ਭਾਰਤੀਆਂ ਦੇ ਨਾਂ ਸਾਹਮਣੇ ਆਉਣ ਨਾਲ ਕੈਨੇਡਾ ਤੇ ਅਮਰੀਕਾ ਦੇ ਪੰਜਾਬੀ ਭਾਈਚਾਰੇ ਵਿਚ ਤਰਥੱਲੀ ਮੱਚ ਗਈ ਹੈ।

ਟ੍ਰਿਬਿਊਨ ਵਿਚ ਪੁਲਿਸ ਸੂਤਰਾਂ ਦੇ ਹਵਾਲੇ ਨਾਲ ਛਪੀ ਖਬਰ ਅਨੁਸਾਰ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੇ ਇਸ ਕੇਸ ਵਿਚ ਜਗਦੀਸ਼ ਭੋਲਾ ਦੇ ਫੜ੍ਹੇ ਜਾਣ ਤੋਂ ਬਾਅਦ ਕਈ ਪਰਵਾਸੀ ਭਾਰਤੀਆਂ ਦੀ ਸ਼ਮੂਲੀਅਤ ਦਾ ਪਤਾ ਲੱਗਿਆ ਹੈ ਜਿਨ੍ਹਾਂ ਵਿਚ ਕੈਨੇਡਾ ਤੇ ਅਮਰੀਕਾ ਦੇ ਕੁਝ ਨਾਮਵਰ ਲੋਕਾਂ ਦੇ ਨਾਂ ਸ਼ਾਮਲ ਹਨ। ਇਨ੍ਹਾਂ ਵਿਚ ਯੂਬਾ ਸਿਟੀ ਨੇੜਲੇ ਸ਼ਹਿਰ ਵੂਡਲੈਂਡ ਰਹਿੰਦੇ ਕਬੱਡੀ ਪ੍ਰਮੋਟਰ ਜੌਹਨ ਸਿੰਘ ਗਿੱਲ ਤੋਂ ਇਲਾਵਾ ਦਾਰਾ ਸਿੰਘ, ਲਹਿੰਬਰ ਸਿੰਘ ਸੁੱਖਾ, ਹਰਬੰਸ ਸਿੱਧੂ (ਐਚ.ਐਸ ਸਿੱਧੂ), ਮੇਜਰ ਨੱਤ ਤੇ ਜਸਵਿੰਦਰ ਸ਼ੋਕਰ ਦੇ ਨਾਂ ਸਾਹਮਣੇ ਆਏ ਹਨ। ਇਸ ਖਬਰ ਦੀ ਪੁਸ਼ਟੀ ਕਰਨ ਲਈ ਜੌਹਨ ਸਿੰਘ ਗਿੱਲ ਨਾਲ ਸੰਪਰਕ ਨਹੀਂ ਹੋ ਸਕਿਆ ਪਰ ਉਨ੍ਹਾਂ ਦੇ ਨੇੜਲੇ ਸੂਤਰਾਂ ਅਨੁਸਾਰ ਇਹ ਖਬਰ ਬਿਲਕੁਲ ਹੀ ਬੇਬੁਨਿਆਦ ਹੈ ਅਤੇ ਕੁਝ ਸਵਾਰਥੀ ਹਿਤਾਂ ਵਲੋਂ ਉਨ੍ਹਾਂ ਦੇ ਅਕਸ ਨੂੰ ਖਰਾਬ ਕਰਨ ਲਈ ਗਿਣ-ਮਿਥ ਕੇ ਘੜੀ ਗਈ ਹੈ। ਇਨ੍ਹਾਂ ਸੂਤਰਾਂ ਅਨੁਸਾਰ ਉਹ ਤਾਂ 1984 ਤੋਂ ਬਾਅਦ ਭਾਰਤ ਗਏ ਹੀ ਨਹੀਂ ਹਨ। ਇਸ ਕੇਸ ਵਿਚ ਉਨ੍ਹਾਂ ਦਾ ਨਾਂ ਸਾਜ਼ਿਸ਼ ਤਹਿਤ ਲਿਆ ਗਿਆ ਹੈ। ਇਸੇ ਦੌਰਾਨ 'ਅਜੀਤ' ਵਿਚ ਛਪੀ ਖਬਰ ਮੁਤਾਬਕ ਪਟਿਆਲਾ ਦੇ ਐਸ.ਐਸ.ਪੀ. ਹਰਦਿਆਲ ਸਿੰਘ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਨੇ ਇਸ ਕੇਸ ਵਿਚ ਨਾਂਵਾਂ ਵਾਲੀ ਕੋਈ ਸੂਚੀ ਜਾਰੀ ਨਹੀਂ ਕੀਤੀ ਹੈ। ਜ਼ਿਕਰਯੋਗ ਹੈ ਕਿ ਜੌਹਨ ਸਿੰਘ ਗਿੱਲ ਕਈ ਸਾਲਾਂ ਤੋਂ ਕਬੱਡੀ ਨਾਲ ਜੁੜਿਆ ਹੋਇਆ ਹੈ। ਹਾਲ ਹੀ ਵਿਚ ਉਸ ਦੀ ਅਗਵਾਈ ਹੇਠ ਸੈਕਰਾਮੈਂਟੋ ਵਿਚ ਇਕ ਵੱਡਾ ਖੇਡ ਟੂਰਨਾਮੈਂਟ ਹੋਇਆ ਸੀ।

ਕੈਨੇਡਾ ਵਿਚ ਟਰੱਕ ਡਰਾਈਵਰ ਤੋਂ ਸ਼ੁਰੂਆਤ ਕਰਨ ਵਾਲੇ ਜਸਵਿੰਦਰ ਸ਼ੋਕਰ ਨੇ 1997 ਵਿਚ ਹਰਮਨ ਗਰੁਪ ਨਾਂ ਦੀ ਟਰੱਕਿੰਗ ਕੰਪਨੀ ਖੜ੍ਹੀ ਕੀਤੀ। ਅੱਜ ਇਸ ਕੋਲ ਸੈਂਕੜੇ ਟਰੱਕ ਤੇ 10 ਤੋਂ 15 ਹਜ਼ਾਰ ਵਰਗ ਫੁੱਟ ਰਕਬੇ ਵਿਚ ਰਿਪੇਅਰ ਗੈਰਾਜ ਤੇ ਵੇਅਰ ਹਾਊਸ ਹਨ। ਟੋਰਾਂਟੋ ਦੇ ਦੂਜੇ ਵਪਾਰੀ ਮੇਜਰ ਸਿੰਘ ਨੱਤ ਦੇ 'ਏਸ਼ੀਅਨ ਫੂਡ ਸੈਂਟਰ' ਨਾਂ ਹੇਠ 7-8 ਗਰੌਸਰੀ ਸਟੋਰ ਹਨ।

### ਤ਼ਫਤੀਸ਼ੀ ਅ਼ਫਸਰਾਂ ਨੇ ਮੰਗੀ ਸੁਰੱਖਿਆ

**ਪਟਿਆਲਾ:** ਅੰਤਰਰਾਸ਼ਟਰੀ ਪੱਧਰ ਉੱਤੇ ਫੈਲੇ 3000 ਕਰੋੜ ਦੇ ਨਸ਼ੀਲੇ ਪਦਾਰਥਾਂ ਦੇ ਮੱਕੜਜਾਲ ਦਾ ਪਰਦਾਫਾਸ਼ ਕਰਨ ਵਾਲੇ ਪੰਜਾਬ ਪੁਲਿਸ ਦੇ ਤਫਤੀਸ਼ੀ ਅਧਿਕਾਰੀਆਂ ਨੇ ਆਪਣੀ ਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਸੁਰੱਖਿਆ ਮੰਗੀ ਹੈ। ਸੁਰੱਖਿਆ ਬਾਰੇ ਉੱਚ ਅਧਿਕਾਰੀਆਂ ਨੂੰ ਪੱਤਰ ਲਿਖਣ ਵਾਲਿਆਂ ਵਿਚ ਇਕ ਡੀ.ਐਸ.ਪੀ, ਦੋ ਇੰਸਪੈਕਟਰ ਤੇ ਇਕ ਸਬ ਇੰਸਪੈਕਟਰ ਪੱਧਰ ਦਾ ਅਧਿਕਾਰੀ ਸ਼ਾਮਲ ਹੈ। ਅਤਿਵਾਦ ਦੇ ਦੌਰ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਆਪਣੀ ਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਜ਼ਿੰਦਗੀ ਨੂੰ ਖ਼ਤਰੇ ਦਾ ਪ੍ਰਗਟਾਵਾ ਕੀਤਾ ਹੈ।

## ਤਰੁਣ ਤੇਜਪਾਲ ਆਖ਼ਰ ਆਇਆ ਅੜਿੱਕੇ

**ਪਣਜੀ:** ਗੋਆ ਪੁਲਿਸ ਨੇ ਅਗਾਊਂ ਜ਼ਮਾਨਤ ਦੀ ਅਰਜ਼ੀ ਖਾਰਜ ਹੋਣ ਮਗਰੋਂ ਜਿਨਸੀ ਛੇੜਛਾੜ ਦੇ ਦੋਸ਼ਾਂ ਵਿਚ ਘਿਰੇ ਤਹਿਲਕਾ ਮੈਗਜ਼ੀਨ ਦੇ ਸੰਪਾਦਕ ਤਰੁਣ ਤੇਜਪਾਲ ਨੂੰ ਗ੍ਰਿਫਤਾਰ ਕਰ ਲਿਆ ਹੈ। ਤੇਜਪਾਲ ਦੀ ਵਕੀਲ ਗੀਤਾ ਲੂਥਰਾ ਦਾ ਕਹਿਣਾ ਹੈ ਕਿ ਫਿਲਹਾਲ ਉਹ ਸੈਸ਼ਨ ਕੋਰਟ ਦੇ ਫੈਸਲੇ ਨੂੰ ਚੁਣੌਤੀ ਨਹੀਂ ਦੇਣਗੇ।

ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਮੁਲਜ਼ਮ ਵੱਲੋਂ ਆਪਣਾ ਬਿਆਨ ਵਾਰ-ਵਾਰ ਬਦਲਿਆ ਗਿਆ ਤੇ ਇਹ ਗਲਤ ਦਾਅਵਾ ਕੀਤਾ ਜਾ ਰਿਹਾ ਕਿ ਉਸ ਦਾ ਪੱਖ ਨਹੀਂ ਸੁਣਿਆ ਗਿਆ। ਬਚਾਓ ਪੱਖ ਦੀ ਵਕੀਲ ਨੇ ਆਖਿਆ ਕਿ ਇਸ ਖਦਸ਼ੇ ਦੇ ਕੋਈ ਆਸਾਰ ਨਹੀਂ ਹਨ ਕਿ ਉਹ (ਤੇਜਪਾਲ) ਗਵਾਹਾਂ ਜਾਂ ਸਬੂਤਾਂ ਨਾਲ ਭੰਨ-ਤੋੜ ਕਰ ਸਕਦਾ ਹੈ। ਇਸ ਤੋਂ ਇਲਾਵਾ ਉਸ ਦੇ ਦੇਸ਼ ਵਿਚੋਂ ਫਰਾਰ ਹੋਣ ਦਾ ਵੀ ਕੋਈ ਖਤਰਾ ਨਹੀਂ ਹੈ। ਆਪਣੀਆਂ ਦਲੀਲਾਂ ਸਮੇਟਦਿਆਂ ਬੀਬੀ ਲੂਥਰਾ ਨੇ ਕਿਹਾ ਕਿ ਬਲਾਤਕਾਰ ਦੇ ਝੂਠੇ ਦੋਸ਼ਾਂ ਨਾਲ ਨਾ ਸਿਰਫ ਮੁਲਜ਼ਮ ਲਈ ਬਿਪਤਾ ਪੈਦਾ ਹੋ ਗਈ ਹੈ ਸਗੋਂ ਸ਼ਿਕਾਇਤਕਰਤਾ ਲਈ ਵੀ ਬਰਾਬਰ ਦਾ ਨੁਕਸਾਨ ਹੋਣ ਦਾ ਖਦਸ਼ਾ ਪੈਦਾ ਹੋ ਗਿਆ। ਆਪਣੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਤੋਂ ਪਹਿਲਾਂ ਤੇਜਪਾਲ ਇਥੋਂ ਕ੍ਰਾਈਮ ਬ੍ਰਾਂਚ ਦੇ ਦਫਤਰ ਪੇਸ਼ ਹੋਇਆ ਤੇ ਉਨ੍ਹਾਂ ਜਾਂਚ ਵਿਚ ਸਹਿਯੋਗ ਦੇਣ ਦੀ ਗੱਲ ਆਖੀ।

ਕੌਮੀ ਮਹਿਲਾ ਕਮਿਸ਼ਨ ਨੇ ਭਾਜਪਾ ਤਰਜਮਾਨ ਮੀਨਾਕਸ਼ੀ ਲੇਖੀ ਤੋਂ ਤਰੁਣ ਤੇਜਪਾਲ ਖ਼ਿਲਾਫ਼ ਜਿਨਸੀ ਹਮਲੇ ਦੀ ਸ਼ਿਕਾਇਤ ਕਰਨ ਵਾਲੀ ਮਹਿਲਾ ਪੱਤਰਕਾਰ ਦਾ ਉਪਨਾਮ ਟਵਿੱਟਰ 'ਤੇ ਜ਼ਾਹਰ ਕਰਨ ਬਦਲੇ ਜਵਾਬ ਮੰਗਿਆ ਹੈ। ਕਮਿਸ਼ਨ ਦੀ ਮੈਂਬਰ ਸ਼ਮੀਨਾ ਸ਼ਫੀਕ ਨੇ ਦੱਸਿਆ ਕਿ ਅਸੀਂ ਮੀਨਾਕਸ਼ੀ ਲੇਖੀ ਤੋਂ ਪੁੱਛਿਆ ਕਿ ਉਸ ਨੇ ਪੀੜਤ ਦੇ ਉਪਨਾਮ ਦਾ ਖੁਲਾਸਾ ਕਿਉਂ ਕੀਤਾ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**



*Gurdip Singh Sandhu*

**EX Member:**
*The California Homeopathic Society*
National Center For Homeopathy- USA


**Ph:(408) 687-1899**
**(408) 729-6691**
**Fax:(408)292-6200**
Email: Homeomdicine@yahoo.com
Website: www.Homeopathyatoz.com
**Toll Free: 1-877-OK-HOMEO (1-877-654-6636)**


# ਕਤਲ ਦਾ ਕਥਿਤ ਦੋਸ਼ੀ ਭਗੌੜਾ ਅਮਨਦੀਪ ਧਾਮੀ ਕਾਬੂ

**ਪਟਿਆਲਾ:** ਪੰਜਾਬ ਪੁਲਿਸ ਨੇ ਅਮਰੀਕਾ ਵਿਚ ਕਤਲ ਕਰ ਕੇ ਭੱਜ ਕੇ ਭਾਰਤ ਆਏ ਮੁਲਜ਼ਮ ਅਮਨਦੀਪ ਸਿੰਘ ਧਾਮੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਉਤੇ 20,000 ਡਾਲਰ ਦਾ ਇਨਾਮ ਸੀ ਅਤੇ ਉਹ ਐਫ.ਬੀ.ਆਈ. ਨੂੰ ਵੀ ਲੋੜੀਂਦਾ ਹੈ। ਉਸ ਨੂੰ ਅਮਰੀਕਾ ਤੋਂ ਹੀ ਮਿਲੀ ਸੂਹ ਦੇ ਆਧਾਰ ਉਤੇ ਗ੍ਰਿਫ਼ਤਾਰ ਕੀਤਾ ਗਿਆ ਹੈ।



*ਅਮਨਦੀਪ ਧਾਮੀ*



*ਬਲਬੀਰ ਧਾਮੀ*

ਅਮਨਦੀਪ ਸਿੰਘ ਧਾਮੀ ਨੂੰ ਕਰਾਈਮ ਬਰਾਂਚ ਨੇ ਜਲੰਧਰ ਨੇੜਿਉਂ ਫੜਿਆ ਹੈ। ਉਹ ਕੁਝ ਸਾਲਾਂ ਤੋਂ ਜਲੰਧਰ ਅਤੇ ਅੰਮ੍ਰਿਤਸਰ ਵਿਚ ਨਾਂ ਬਦਲ ਕੇ ਰਹਿ ਰਿਹਾ ਸੀ। ਜ਼ਿਕਰਯੋਗ ਹੈ ਕਿ ਅਮਨਦੀਪ ਧਾਮੀ (29) ਅਤੇ ਉਸ ਦੇ ਮਿੱਤਰ ਗੁਰਪ੍ਰੀਤ ਸਿੰਘ ਗੋਸਲ (29) ਨੇ ਸੈਕਰਾਮੈਂਟੋ ਸਿੱਖ ਸੁਸਾਇਟੀ ਦੇ ਗੁਰਦੁਆਰੇ ਦੀ ਗਰਾਊਂਡ ਵਿਚ 31 ਅਗਸਤ 2008 ਨੂੰ ਇਕ ਕ੍ਰਿਕਟ ਮੇਲੇ ਦੌਰਾਨ ਗੋਲੀ ਚਲਾ ਦਿੱਤੀ ਸੀ। ਇਸ ਘਟਨਾ ਵਿਚ ਪਰਮਜੀਤ ਸਿੰਘ ਪੰਮਾ (26) ਦੀ ਮੌਤ ਹੋ ਗਈ ਸੀ ਤੇ ਇਕ ਹੋਰ ਬੰਦਾ ਜ਼ਖ਼ਮੀ ਹੋ ਗਿਆ ਸੀ। ਇਸ ਮਾਮਲੇ 'ਚ ਅਦਾਲਤ ਨੇ ਗੋਸਲ ਨੂੰ 35 ਸਾਲ ਦੀ ਸਜ਼ਾ ਸੁਣਾਈ ਹੈ।

ਅਮਨਦੀਪ ਸਿੰਘ ਧਾਮੀ ਦੇ ਪਿਤਾ ਬਲਬੀਰ ਸਿੰਘ ਧਾਮੀ ਅਤੇ ਮਾਂ ਨੂੰ ਮਈ 2011 ਵਿਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਉਹ ਕੁਝ ਸਮਾਂ ਪਹਿਲਾਂ ਹੀ ਨਸ਼ਿਆਂ ਦੀ ਤਸਕਰੀ ਦੇ ਦੋਸ਼ ਵਿਚ ਸਜ਼ਾ ਪਾਉਣ ਪਿਛੋਂ ਜੇਲ੍ਹ ਵਿਚੋਂ ਬਾਹਰ ਆਇਆ ਸੀ। ਉਸ ਉਪਰ ਆਪਣੇ ਪੁੱਤਰ ਦੀ ਭੱਜਣ ਵਿਚ ਸਹਾਇਤਾ ਕਰਨ ਦਾ ਵੀ ਦੋਸ਼ ਸੀ। ਫੈਡਰਲ ਅਦਾਲਤ ਨੇ ਬਲਬੀਰ ਸਿੰਘ ਧਾਮੀ ਨੂੰ 2008 ਦੇ ਸ਼ੁਰੂ ਵਿਚ ਛੇ ਹੋਰਨਾਂ ਨਾਲ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਕੇਸ ਵਿਚ ਦੋਸ਼ੀ ਠਹਿਰਾਇਆ ਸੀ। ਬਲਬੀਰ ਸਿੰਘ ਧਾਮੀ ਉਪਰ ਕੈਲੀਫੋਰਨੀਆ ਤੋਂ ਲਾਸ ਏਂਜਲਸ ਰਾਹੀਂ ਕੈਨੇਡਾ ਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਵੱਡੀ ਮਾਤਰਾ 'ਚ ਕੋਕੀਨ ਢੋਣ ਦਾ ਦੋਸ਼ ਸੀ। ਉਧਰ, ਅਮਨਦੀਪ ਸਿੰਘ ਧਾਮੀ ਉਪਰ ਕਤਲ ਤੋਂ ਬਿਨਾ ਕੋਕੀਨ ਤਸਕਰੀ ਦਾ ਵੀ ਦੋਸ਼ ਹੈ।

ਡੀ.ਐਸ.ਪੀ. (ਕਰਾਈਮ) ਭੁਪਿੰਦਰ ਸਿੰਘ ਮੁਤਾਬਕ ਅਮਨਦੀਪ ਧਾਮੀ ਨੂੰ ਧੋਖਾਧੜੀ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਉਹ ਜਾਅਲੀ ਨਾਂ ਹੇਠ ਰਹਿ ਰਿਹਾ ਸੀ ਅਤੇ ਉਸ ਦੀ ਇੰਟਰਪੋਲ ਨੂੰ ਵੀ ਤਲਾਸ਼ ਸੀ। ਪੁਲਿਸ ਅਨੁਸਾਰ ਅਮਨਦੀਪ ਸਿੰਘ ਧਾਮੀ ਜਾਅਲੀ ਨਾਂ ਜੁਝਾਰ ਸਿੰਘ ਰੱਖ ਕੇ ਰਹਿ ਰਿਹਾ ਸੀ। ਉਸ ਵਿਰੁਧ ਪਾਸਪੋਰਟ ਕਾਨੂੰਨ ਦੀ ਧਾਰਾ 14-ਬੀ ਭਾਰਤੀ ਦੰਡਾਵਲੀ ਦੀ ਧਾਰਾ 420, 467, 468, 471 ਤੇ 201 ਤਹਿਤ ਕੇਸ ਮੁਹਾਲੀ ਕਰਾਈਮ ਬਰਾਂਚ ਵਿਭਾਗ ਪੁਲਿਸ ਸਟੇਸ਼ਨ ਵਿਖੇ ਦਰਜ ਹਨ। ਪੁਲਿਸ ਅਫਸਰਾਂ ਨੇ ਇਹ ਗੱਲ ਮੰਨੀ ਹੈ ਕਿ ਉਹ ਅਮਨਦੀਪ ਧਾਮੀ ਦੀ ਭਾਰਤ ਵਿਚ ਡਰੱਗ ਮਾਫੀਆ ਨਾਲ ਸਬੰਧਾਂ ਦੀ ਘੋਖ ਕਰ ਰਹੇ ਹਨ। ਪੰਜਾਬ ਪੁਲਿਸ ਪਹਿਲਾਂ ਹੀ ਪੰਜਾਬ ਦੇ ਡਰੱਗ ਮਾਫੀਆ ਨਾਲ ਸਬੰਧਾਂ ਦੇ ਦੋਸ਼ ਵਿਚ ਉਤਰੀ ਅਮਰੀਕਾ ਦੇ ਕਰੀਬ ਅੱਧੀ ਦਰਜਨ ਐਨ.ਆਰ.ਆਈ. ਦੇ ਨਾਂ ਦੇ ਚੁੱਕੀ ਹੈ।




**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਆਵਾਜ਼ ਬੁਲੰਦ

**ਚੰਡੀਗੜ੍ਹ:** ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਉਨ੍ਹਾਂ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਹੈ ਜੋ ਅਦਾਲਤ ਵੱਲੋਂ ਸੁਣਾਈਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ। ਇਸ ਮੰਗ ਨੂੰ ਲੈ ਕੇ ਹਰਿਆਣਾ ਦੇ ਪਿੰਡ ਸ਼ਾਹਬਾਦ ਦਾ ਰਹਿਣ ਵਾਲਾ ਗੁਰਬਖਸ਼ ਸਿੰਘ (47) ਪਿਛਲੇ ਕਾਫੀ ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠਾ ਹੈ। ਉਹ ਲਖਵਿੰਦਰ ਸਿੰਘ, ਗੁਰਮੀਤ ਸਿੰਘ ਤੇ ਸ਼ਮਸ਼ੇਰ ਸਿੰਘ ਦੀ ਰਿਹਾਈ ਦੀ ਮੰਗ ਕਰ ਰਿਹਾ ਹੈ ਜੋ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ 18 ਸਾਲ ਦੀ ਸਜ਼ਾ ਭੁਗਤ ਚੁੱਕੇ ਹਨ।

ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਤੇ 1995 'ਚ ਗ੍ਰਿਫਤਾਰੀ ਤੋਂ ਬਾਅਦ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਰੱਖਿਆ ਗਿਆ ਸੀ। ਇਸੇ ਤਰ੍ਹਾਂ ਉਹ ਟਾਡਾ ਅਧੀਨ ਪੰਜਾਬ ਦੀ ਨਾਭਾ ਜੇਲ੍ਹ ਵਿਚ ਸਜ਼ਾ ਕੱਟ ਰਹੇ ਲਾਲ ਸਿੰਘ ਤੇ ਕਰਨਾਟਕ ਜੇਲ੍ਹ ਵਿਖੇ ਗੁਰਦੀਪ ਸਿੰਘ ਜੋ ਲਗਾਤਾਰ 23 ਸਾਲ ਤੇ 20 ਸਾਲ ਦੀ ਸਜ਼ਾ ਕੱਟ ਚੁੱਕੇ ਹਨ, ਦੀ ਰਿਹਾਈ ਦੀ ਵੀ ਮੰਗ ਕਰ ਰਹੇ ਹਨ। ਦਲ ਖ਼ਾਲਸਾ, ਦਮਦਮੀ ਟਕਸਾਲ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਸਿੱਖ ਸਟੂਡੈਂਟਸ ਫੈਡਰੇਸ਼ਨ, ਮਨੁੱਖੀ ਅਧਿਕਾਰਾਂ ਦੇ ਵਕੀਲ, ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ, ਖ਼ਾਲਸਾ ਪੰਚਾਇਤ, ਪੰਥਕ ਸੇਵਾ ਦਲ ਦੇ ਆਗੂ ਤੇ ਹੋਰ ਸਮਾਜਿਕ ਨੁਮਾਇੰਦੇ ਅਜੀਤਗੜ੍ਹ ਵਿਚ ਗੁਰਬਖਸ਼ ਸਿੰਘ ਦੀ





*ਭੁੱਖ ਹੜਤਾਲ ਉਤੇ ਬੈਠਾ ਗੁਰਬਖਸ਼ ਸਿੰਘ (ਖੱਬੇ) ਅਤੇ ਰੋਸ ਧਰਨੇ ਦੀ ਝਲਕ।*

ਸਿਹਤ ਬਾਰੇ ਜਾਣਕਾਰੀ ਲੈਣ ਤੇ ਉਸ ਨਾਲ ਆਪਣੀ ਸਦਭਾਵਨਾ ਜਾਹਿਰ ਕਰਨ ਗਏ।

ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਵਾਉਣ ਦੇ ਮਾਮਲੇ 'ਤੇ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਭਰੋਸਾ ਦਿੱਤਾ ਹੈ ਕਿ ਸਿੱਖਾਂ ਨੂੰ ਰਿਹਾਅ ਕਰਵਾਉਣ ਲਈ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਪੂਰੀ ਤਰ੍ਹਾਂ ਯਤਨਸ਼ੀਲ ਹੈ ਤੇ ਇਸ ਸਬੰਧੀ ਕਾਨੂੰਨੀ ਪ੍ਰਕਿਰਿਆ ਚੱਲ ਰਹੀ ਹੈ।

ਜਥੇਦਾਰ ਮੱਕੜ ਨੇ ਲੰਘੇ ਦਿਨੀਂ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗ ਕੀਤੀ ਤੇ ਉਨ੍ਹਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਪਰ ਆਗੂ ਸਿੱਖਾਂ ਨੂੰ ਰਿਹਾਅ ਕਰਵਾਉਣ ਦੀ ਮੰਗ 'ਤੇ ਅੜੇ ਰਹੇ।

ਜਥੇਬੰਦੀਆਂ ਨੇ ਕਿਹਾ ਕਿ ਘੱਟੋ-ਘੱਟ ਸਭ ਤੋਂ ਪਹਿਲਾਂ ਛੇ ਨਜ਼ਰਬੰਦ ਸਿੱਖਾਂ ਜਿਨ੍ਹਾਂ ਵਿਚ ਭਾਈ ਲਖਵਿੰਦਰ ਸਿੰਘ, ਭਾਈ ਸ਼ਮਸ਼ੇਰ ਸਿੰਘ ਤੇ ਭਾਈ ਗੁਰਮੀਤ ਸਿੰਘ (ਤਿੰਨੋਂ ਬੁੜੈਲ ਜੇਲ੍ਹ), ਭਾਈ ਵਰਿਆਮ ਸਿੰਘ (ਯੂ.ਪੀ. ਜੇਲ੍ਹ), ਭਾਈ ਗੁਰਦੀਪ ਸਿੰਘ (ਕਰਨਾਟਕ ਜੇਲ੍ਹ) ਤੇ ਭਾਈ ਲਾਲ ਸਿੰਘ (ਗੁਜਰਾਤ) ਜੋ ਹੁਣ ਕੇਂਦਰੀ ਜੇਲ੍ਹ ਨਾਭਾ ਵਿਚ ਸ਼ਿਫ਼ਟ ਕੀਤੇ ਗਏ ਹਨ, ਨੂੰ ਫੌਰੀ ਰਿਹਾਅ ਕੀਤਾ ਜਾਵੇ।

ਜਥੇਦਾਰ ਮੱਕੜ ਨੇ ਕਿਹਾ ਕਿ ਸਾਰਿਆਂ ਨੂੰ ਇਕੱਠਿਆਂ ਰਿਹਾਅ ਕਰਨ ਦੀ ਬਜਾਏ ਪਹਿਲਾਂ ਬੁੜੈਲ ਜੇਲ੍ਹ ਵਿਚ ਬੰਦ ਤਿੰਨ ਸਿੱਖਾਂ ਦੀ ਰਿਹਾਈ ਲਈ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਣਗੇ ਤੇ ਸਾਰੀਆਂ ਸਿੱਖ ਜਥੇਬੰਦੀਆਂ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ ਜਾਵੇਗਾ।

## ਨਸ਼ਾ ਰੱਖਣ ਦੇ ਦੋਸ਼ 'ਚ ਸ਼੍ਰੋਮਣੀ ਕਮੇਟੀ ਦੇ ਦੋ ਮੁਲਾਜ਼ਮ ਮੁਅੱਤਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਨਸ਼ੀਲਾ ਪਦਾਰਥ ਰੱਖਣ ਦੇ ਦੋਸ਼ ਵਿਚ ਦੋ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਹੈ। ਇਨ੍ਹਾਂ ਕਰਮਚਾਰੀਆਂ ਦੀ ਸ਼ਨਾਖ਼ਤ ਬਲਵਿੰਦਰ ਸਿੰਘ ਸਟੋਰ ਕੀਪਰ ਅਤੇ ਗੋਲਡੀ ਡਰਾਈਵਰ ਵਜੋਂ ਹੋਈ ਹੈ। ਇਹ ਦੋਵੇਂ ਪਠਾਨਕੋਟ ਨੇੜੇ ਗੁਰਦੁਆਰਾ ਬਾਠ ਸਾਹਿਬ ਵਿਖੇ ਤਾਇਨਾਤ ਸਨ। ਇਹ ਇਥੇ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਖੇ ਆਪਣੇ ਨਿੱਤ ਦੇ ਕੰਮ ਲਈ ਆਏ ਹੋਏ ਸਨ। ਇਸ ਦੌਰਾਨ ਇਹ ਜੀ.ਟੀ ਰੋਡ ਸਥਿਤ ਮਾਤਾ ਭਾਗ ਕੌਰ ਨਿਵਾਸ ਵਿਖੇ ਚਲੇ ਗਏ, ਜਿਥੇ ਸ਼੍ਰੋਮਣੀ ਕਮੇਟੀ ਦੇ ਉਡਣ ਦਸਤੇ ਨੇ ਇਨ੍ਹਾਂ ਨੂੰ ਨਸ਼ੇ ਦੀ ਹਾਲਤ ਵਿਚ ਵੇਖਿਆ। ਸ਼ੱਕ ਪੈਣ 'ਤੇ ਉਡਣ ਦਸਤੇ ਦੇ ਮੈਂਬਰਾਂ ਨੇ ਇਨ੍ਹਾਂ ਦੀ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ ਡੇਢ ਸੌ ਗਰਾਮ ਭੁੱਕੀ ਬਰਾਮਦ ਹੋਈ।

ਇਸ ਦੀ ਪੁਸ਼ਟੀ ਕਰਦਿਆਂ ਸਕੱਤਰ ਮਨਜੀਤ ਸਿੰਘ ਨੇ ਦੱਸਿਆ ਕਿ ਦੋਵਾਂ ਮੁਲਾਜ਼ਮਾਂ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਨਸ਼ੀਲੇ ਪਦਾਰਥ ਦੀ ਜਾਂਚ ਕਰਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਇਸ ਨੂੰ ਚਾਹ ਵਿਚ ਮਿਲਾ ਕੇ ਪੀਂਦੇ ਸਨ।

## ਪਾਕਿਸਤਾਨ ਵਿਚ ਭ੍ਰਿਸ਼ਟਾਚਾਰ ਭਾਰਤ ਨਾਲੋਂ ਕਿਤੇ ਵੱਧ

**ਬਰਲਿਨ:** ਭਾਰਤ ਨੂੰ ਸੰਸਾਰ ਦੇ ਬਹੁਤ ਭ੍ਰਿਸ਼ਟ ਮੁਲਕਾਂ 'ਚੋਂ ਇਕ ਦੱਸਿਆ ਗਿਆ ਹੈ। ਆਲਮੀ ਸੂਚੀ 'ਚ ਇਸ ਦਾ ਸਥਾਨ 94ਵਾਂ ਹੈ ਜਦਕਿ ਇਸ ਸੂਚੀ 'ਚ ਡੈਨਮਾਰਕ ਤੇ ਨਿਊਜ਼ੀਲੈਂਡ ਸਭ ਤੋਂ ਸਾਫ-ਸੁਥਰੇ ਮੁਲਕ ਕਰਾਰ ਦਿੱਤੇ ਗਏ ਹਨ। ਸੋਮਾਲੀਆ ਸਭ ਤੋਂ ਵੱਧ ਭ੍ਰਿਸ਼ਟ ਮੁਲਕ ਵਜੋਂ ਸਾਹਮਣੇ ਆਇਆ ਹੈ। ਪਿਛਲੇ ਸਾਲ ਵੀ ਭਾਰਤ ਦਾ ਭ੍ਰਿਸ਼ਟ ਮੁਲਕਾਂ 'ਚੋਂ ਇਹੋ ਸਥਾਨ ਸੀ, ਪਰ ਐਤਕੀਂ ਇਹ 'ਬਰਿਕਸ' ਵਿਚਲੇ ਆਪਣੇ ਤਿੰਨ ਸਾਥੀ ਮੁਲਕਾਂ ਚੀਨ (80) ਤੇ ਦੱਖਣੀ ਅਫਰੀਕਾ ਤੇ ਬਰਾਜ਼ੀਲ (ਦੋਵੇਂ 72ਵੇਂ ਸਥਾਨ 'ਤੇ) ਨਾਲੋਂ ਵਧ ਭ੍ਰਿਸ਼ਟ ਸਾਬਤ ਹੋਇਆ ਹੈ। ਉਂਝ ਇਸ ਦੀ ਕਾਰਗੁਜ਼ਾਰੀ ਰੂਸ (127ਵਾਂ) ਨਾਲੋਂ ਬਿਹਤਰ ਹੈ।'ਟਰਾਂਸਪੇਰੈਂਸੀ ਇੰਟਰਨੈਸ਼ਨਲ' ਵੱਲੋਂ 177 ਮੁਲਕਾਂ ਦੀ ਜਾਰੀ ਸਾਲਾਨਾ ਸੂਚੀ 'ਚ ਦੇਸ਼ਾਂ ਦਾ ਇਹ ਰੁਤਬਾ ਸਾਹਮਣੇ ਆਇਆ ਹੈ। ਸੂਚੀ ਅਨੁਸਾਰ 0-100 ਦੇ ਪੈਮਾਨੇ 'ਤੇ ਭਾਰਤ ਨੂੰ 36 ਅੰਕ ਹਨ। ਇੱਥੇ ਸਿਫ਼ਰ ਦਾ ਅਰਥ ਬੇਹੱਦ ਤੇ ਸਭ ਤੋਂ ਵੱਧ ਭ੍ਰਿਸ਼ਟ ਹੋਣਾ ਹੈ ਤੇ 100 ਦਾ ਅਰਥ ਬਹੁਤ ਸਾਫ-ਸੁਥਰਾ ਅਕਸ ਹਨ। ਕੋਈ ਵੀ ਮੁਲਕ 100 ਅੰਕ ਨਹੀਂ ਲੈ ਸਕਿਆ। ਸੂਚੀ 'ਚ ਸਾਫ-ਸੁਥਰੇ ਰਹੇ ਮੁਲਕ ਡੈਨਮਾਰਕ ਤੇ ਨਿਊਜ਼ੀਲੈਂਡ ਨੂੰ 91-91 ਅੰਕ ਮਿਲੇ ਸਨ। ਸੋਮਾਲੀਆ, ਉਤਰੀ ਕੋਰੀਆ, ਅਫਗਾਨਿਸਤਾਨ ਅੱਠ-ਅੱਠ ਅੰਕਾਂ ਨਾਲ ਸੂਚੀ 'ਚ ਸਭ ਤੋਂ ਥੱਲੇ ਰਹੇ ਹਨ। ਇਨ੍ਹਾਂ ਤਿੰਨਾਂ ਤੋਂ ਥੋੜ੍ਹੀ ਬਿਹਤਰ ਕਾਰਗੁਜ਼ਾਰੀ ਵਾਲੇ ਮੁਲਕ ਸੂਡਾਨ, ਲਿਬੀਆ, ਇਰਾਕ, ਉਜ਼ਬੇਕਿਸਤਾਨ, ਸੀਰੀਆ, ਹੈਤੀ, ਵੈਨਜ਼ੂਏਲਾ, ਜ਼ਿੰਬਾਬਵੇ ਤੇ ਮਿਆਂਮਾਰ ਹਨ। ਦੂਜੇ ਪਾਸੇ ਡੈਨਮਾਰਕ ਤੇ ਨਿਊਜ਼ੀਲੈਂਡ ਮਗਰ ਫਿਨਲੈਂਡ, ਸਵੀਡਨ, ਨਾਰਵੇ, ਸਿੰਗਾਪੁਰ, ਸਵਿਟਜ਼ਰਲੈਂਡ, ਨੀਦਰਲੈਂਡ, ਆਸਟਰੇਲੀਆ ਤੇ ਕੈਨੇਡਾ ਚੋਟੀ ਦੇ 10 ਮੁਲਕਾਂ 'ਚ ਸ਼ਾਮਲ ਹਨ। ਜਰਮਨੀ (12ਵਾਂ), ਬਰਤਾਨੀਆ (14ਵਾਂ), ਹਾਂਗਕਾਂਗ (15ਵਾਂ), ਜਪਾਨ (18ਵਾਂ) ਅਮਰੀਕਾ 19ਵੇਂ ਨੰਬਰ 'ਤੇ ਰਹੇ ਹਨ।

ਭਾਰਤ ਇਸ ਮਾਮਲੇ 'ਚ ਆਪਣੇ ਗੁਆਂਢੀ ਪਾਕਿਸਤਾਨ (127ਵਾਂ) ਤੋਂ ਕਿਤੇ ਚੰਗਾ ਰਿਹਾ ਹੈ। ਇਹ ਥਾਈਲੈਂਡ (102ਵਾਂ), ਮੈਕਸੀਕੋ (106ਵਾਂ), ਮਿਸਰ (114ਵਾਂ), ਨੇਪਾਲ (116ਵਾਂ), ਵੀਅਤਨਾਮ (116ਵਾਂ), ਬੰਗਲਾਦੇਸ਼ (136ਵਾਂ) ਤੇ ਇਰਾਨ (144ਵਾਂ) ਨਾਲੋਂ ਵੀ ਠੀਕ-ਠਾਕ ਰਿਹਾ ਹੈ।

## ਮੋਦੀ ਦੀ ਫਤਿਹ ਰੈਲੀ ਨਾਲ ਅਕਾਲੀ ਕਸੂਤੇ ਫਸੇ

*(ਸਫਾ ਇਕ ਦੀ ਬਾਕੀ)*

ਵਸਦੇ ਪੰਜਾਬ ਦੇ ਕਿਸਾਨਾਂ ਦੇ ਉਜਾੜੇ ਲਈ ਜ਼ਿੰਮੇਵਾਰ ਗੁਜਰਾਤ ਦੇ ਮੁੱਖ ਮੰਤਰੀ ਮੋਦੀ ਦਾ ਤਿੱਖਾ ਵਿਰੋਧ ਕਰਨਗੇ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਵੀ ਸ੍ਰੀ ਮੋਦੀ ਨੂੰ ਘੱਟ ਗਿਣਤੀਆਂ ਲਈ ਖ਼ਤਰਾ ਦੱਸਦਿਆਂ ਉਨ੍ਹਾਂ ਦੀ ਪੰਜਾਬ ਫੇਰੀ ਸਮੇਂ ਕਾਲੀਆਂ ਝੰਡੀਆਂ ਲੈ ਕੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਜਾ ਚੁੱਕਾ ਹੈ।

ਭਾਜਪਾ ਆਗੂ ਖ਼ਿਲਾਫ਼ ਵਿਰੋਧੀ ਧਿਰਾਂ ਦੇ ਅਜਿਹੇ ਐਲਾਨਾਂ ਕਰ ਕੇ ਪੰਜਾਬ ਪੁਲਿਸ ਹੁਣੇ ਤੋਂ ਫਿਕਰਮੰਦ ਹੋ ਗਈ ਹੈ। ਇਸ ਤੋਂ ਪਹਿਲਾਂ ਬਿਹਾਰ ਦੇ ਸ਼ਹਿਰ ਪਟਨਾ ਵਿਚ ਸ੍ਰੀ ਮੋਦੀ ਦੀ ਰੈਲੀ ਤੋਂ ਕੁਝ ਸਮਾਂ ਪਹਿਲਾਂ ਹੋਏ ਬੰਬ ਧਮਾਕਿਆਂ ਕਰ ਕੇ ਸੁਰੱਖਿਆ ਦੇ ਮੱਦੇਨਜ਼ਰ ਪੰਜਾਬ ਪੁਲਿਸ ਤੇ ਖੁਫੀਆਂ ਏਜੰਸੀਆਂ ਰੈਲੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਚੌਕਸ ਹੋ ਗਈਆਂ ਹਨ। ਰੈਲੀ ਵਾਲੀ ਥਾਂ 'ਤੇ ਪੰਜਾਬ ਪੁਲਿਸ ਵੱਲੋਂ ਜਿਥੇ ਸੁਰੱਖਿਆ ਮੁਲਾਜ਼ਮ ਤਾਇਨਾਤ ਕਰ ਕੇ ਲਗਾਤਾਰ ਨਿਗਾਹ ਰੱਖੀ ਜਾ ਰਹੀ ਹੈ, ਉਥੇ ਸ੍ਰੀ ਮੋਦੀ ਦੀ ਪੰਜਾਬ ਫੇਰੀ ਸਮੇਂ ਅਤਿਵਾਦੀ ਜਥੇਬੰਦੀਆਂ ਵੱਲੋਂ ਕਿਸੇ ਘਟਨਾ ਨੂੰ ਅੰਜਾਮ ਦੇਣ ਦੀ ਕੀਤੀ ਜਾ ਰਹੀ ਤਿਆਰੀ ਦੀ ਸੂਹ ਦੇ ਮੱਦੇਨਜ਼ਰ ਪੁਲਿਸ ਦੀ ਨੀਂਦ ਹਰਾਮ ਹੋ ਗਈ ਹੈ।

## ਨਵੰਬਰ 84: ਸੱਜਣ ਕੁਮਾਰ ਕਾਨੂੰਨੀ ਕੁੜਿੱਕੀ 'ਚ

*(ਸਫਾ ਇਕ ਦੀ ਬਾਕੀ)*

ਐਫ.ਆਈ.ਆਰ. ਵਿਚ ਸੀ.ਬੀ.ਆਈ. ਪਹਿਲਾਂ ਹੀ ਦੋਸ਼ ਪੱਤਰ ਦਾਖ਼ਲ ਕਰ ਚੁੱਕੀ ਹੈ ਤੇ 9 ਗਵਾਹ ਭੁਗਤਾ ਚੁੱਕੀ ਹੈ ਤੇ ਇਨ੍ਹਾਂ ਗਵਾਹਾਂ ਦਾ ਸੁਰਜੀਤ ਸਿੰਘ ਦੀ ਹੱਤਿਆ ਨਾਲ ਕੋਈ ਸਬੰਧ ਨਹੀਂ ਹੈ। ਇਸ ਕਰ ਕੇ ਇਨ੍ਹਾਂ ਦੀ ਗਵਾਹੀ ਹੋਣ ਤੋਂ ਰੋਕੀ ਜਾਵੇ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਦਲ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸਿੱਖ ਭਾਈਚਾਰੇ ਖ਼ਿਲਾਫ਼ ਇਸ ਸਭ ਤੋਂ ਘ੍ਰਿਣਾਯੋਗ ਅਪਰਾਧ ਤੋਂ 30 ਸਾਲਾਂ ਬਾਅਦ ਵੀ ਸਿੱਖਾਂ ਨੂੰ ਨਿਆਂ ਨਹੀਂ ਮਿਲ ਸਕਿਆ ਕਿਉਂਕਿ ਕਾਂਗਰਸ ਪਾਰਟੀ ਇਨ੍ਹਾਂ ਮੁਲਜ਼ਮਾਂ ਦੀ ਮਦਦ ਕਰਦੀ ਰਹੀ ਹੈ। ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਨੇ ਸਿੱਖ ਭਾਈਚਾਰੇ ਵਿਚ ਨਿਆਂ ਮਿਲਣ ਦੀ ਆਸ ਇਕ ਵਾਰ ਫਿਰ ਜਗ੍ਹਾ ਦਿੱਤੀ ਹੈ।

## ਭਾਰਤੀ ਜੋੜੇ ਦੀਆਂ ਲਾਸ਼ਾਂ ਮਿਲੀਆਂ

**ਲੰਡਨ:** ਪੰਜਾਬੀਆਂ ਦੀ ਬਹੁਤਾਤ ਵਾਲੇ ਪੱਛਮੀ ਲੰਡਨ ਦੇ ਸਾਊਥਾਲ ਵਿਖੇ ਘਰ ਵਿਚੋਂ ਭਾਰਤੀ ਮੂਲ ਇਕ ਵਿਆਹੇ ਜੋੜੇ ਦੀਆਂ ਲਾਸ਼ਾਂ ਮਿਲੀਆਂ ਹਨ। ਮ੍ਰਿਤਕਾ ਦੀ ਪਛਾਣ ਸੰਜੀਵ ਕੁਮਾਰ (36) ਜਿਸ ਨੂੰ ਲੋਕ ਸਤਬੀਰ ਸਿੰਘ ਵਜੋਂ ਵੀ ਜਾਣਦੇ ਸਨ ਤੇ ਉਸ ਦੀ ਪਤਨੀ ਪੂਨਮ ਵਜੋਂ ਹੋਈ ਹੈ।

ਸਕਾਟਲੈਂਡ ਯਾਰਡ ਵੱਲੋਂ ਕੀਤੇ ਪੋਸਟਮਾਰਟਮ ਤੋਂ ਪਤਾ ਲੱਗਿਆ ਹੈ ਕਿ ਪੂਨਮ ਦੀ ਮੌਤ ਗਲਾ ਦਬਾਉਣ ਨਾਲ ਤੇ ਉਸ ਦੇ ਪਤੀ ਦੀ ਮੌਤ ਫਾਹਾ ਲੈਣ ਕਾਰਨ ਹੋਈ ਹੈ। ਪੁਲਿਸ ਅਨੁਸਾਰ ਸੰਜੀਵ ਦੀ ਮੌਤ ਭੇਤਭਰੀ ਨਾ ਹੋ ਕੇ ਸਗੋਂ ਖ਼ੁਦਕੁਸ਼ੀ ਹੈ।

ਪੂਨਮ ਦੀ ਮੌਤ ਦੇ ਕਾਰਨਾਂ ਦਾ ਪਤਾ ਲਾਇਆ ਜਾ ਰਿਹਾ ਹੈ। ਇਨ੍ਹਾਂ ਦੀ ਮੌਤ ਦੀ ਸੂਚਨਾ ਬੀਤੇ ਦਿਨ ਇਲਾਕੇ ਦੇ ਲੋਕਾਂ ਨੇ ਦਿੱਤੀ ਤੇ ਪੁਲਿਸ ਤੁਰੰਤ ਮੌਕੇ 'ਤੇ ਪੁੱਜ ਗਈ। ਪੁਲਿਸ ਔਰਤ ਦੀ ਮੌਤ ਨੂੰ ਕਤਲ ਮੰਨ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪਤੀ ਨੇ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਆਪਣੀ ਪਤਨੀ ਦਾ ਕਤਲ ਕੀਤਾ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਭਾਈ ਗੁਰਬਖਸ਼ ਸਿੰਘ ਖਾਲਸਾ ਦੇ ਸੰਘਰਸ਼ ਦੀ ਹਮਾਇਤ

**ਮਿਲਪੀਟਸ, ਕੈਲੀਫੋਰਨੀਆ (ਬਿਊਰੋ):** ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੇ ਸ਼ਾਨਦਾਰ ਉਦਘਾਟਨੀ ਸਮਾਰੋਹ ਦੌਰਾਨ ਇਕ ਮਤੇ ਰਾਹੀਂ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ-ਸੰਗਤ ਨੇ ਉਮਰ ਕੈਦ ਕੱਟ ਚੁਕੇ ਸਿੰਘਾਂ ਦੀ ਰਿਹਾਈ ਲਈ ਭਾਈ ਗੁਰਬਖਸ਼ ਸਿੰਘ ਖਾਲਸਾ ਵੱਲੋਂ ਪਿਛਲੇ ਮਹੀਨੇ ਤੋਂ ਅਣਮਿੱਥੇ ਸਮੇਂ ਲਈ ਰੱਖੀ ਭੁੱਖ ਹੜਤਾਲ ਰਾਹੀਂ ਸੰਘਰਸ਼ ਦੇ ਹੱਕ ਵਿਚ ਅਰੰਭੀ ਜਦੋਜਹਿਦ ਦੀ ਪੂਰਨ ਹਮਾਇਤ ਕੀਤੀ ਹੈ। ਪੇਸ਼ ਕੀਤੇ ਗਏ ਮਤੇ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦਿੱਤੀ।

ਜ਼ਿਕਰਯੋਗ ਹੈ ਕਿ ਭਾਈ ਲਾਲ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਸ਼ਮਸ਼ੇਰ ਸਿੰਘ, ਭਾਈ ਸਵਰਨ ਸਿੰਘ, ਭਾਈ ਗੁਰਮੀਤ ਸਿੰਘ ਤੇ ਭਾਈ ਗੁਰਦੀਪ ਸਿੰਘ ਤੇ ਅਨੇਕਾਂ ਹੋਰ ਸਿੰਘਾਂ ਦੁਆਰਾ ਉਮਰ ਕੈਦ (14 ਸਾਲ) ਤੋਂ ਵੀ ਕਈ ਸਾਲ ਵੱਧ ਸਜ਼ਾ ਭੁਗਤਣ ਤੋਂ ਬਾਦ ਵੀ ਪੰਜਾਬ ਅਤੇ ਭਾਰਤ ਸਰਕਾਰ ਵੱਲੋਂ ਰਿਹਾ ਨਹੀਂ ਕੀਤਾ ਜਾ ਰਿਹਾ। ਇਸ ਸਰਕਾਰੀ ਧੱਕੇਸ਼ਾਹੀ ਅਤੇ ਵਿਤਕਰੇ ਵਿਰੁਧ ਆਵਾਜ਼ ਬੁਲੰਦ ਕਰਨ ਤੇ ਸਿੰਘਾਂ ਦੀ ਫੌਰੀ ਰਿਹਾਈ ਲਈ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਭੁੱਖ ਹੜਤਾਲ ਕੀਤੀ ਹੋਈ ਹੈ।


## Convenience Store For Sale

**Turn key convenience store with a lot of potential for sale in Bakersfield.**
**3400 Sqf. of space. Good location.**
**Price $149,000 plus inventory**

**ਕਨਵੀਨੀਐਂਸ ਸਟੋਰ ਵਿਕਾਊ ਹੈ**

ਬੇਕਰਜ਼ਫੀਲਡ ਵਿਚ ਟਰਨ ਕੀ ਕਨਵੀਨੀਐਂਸ ਸਟੋਰ, ਵਿਕਰੀ ਵਧਾਉਣ ਦੀ ਵੱਡੀ ਸੰਭਾਵਨਾ, ਕਰੀਬ 3400 ਵਰਗ ਫੁੱਟ ਸਪੇਸ, ਵਧੀਆ ਲੋਕੇਸ਼ਨ
ਕੀਮਤ: $149,000+ਇਨਵੈਂਟਰੀ
*ਰੀਅਲ ਐਸਟੇਟ ਬਾਰੇ ਆਪਣੀਆਂ ਸਾਰੀਆਂ ਲੋੜਾਂ ਲਈ*
ਸੰਪਰਕ ਕਰੋ: ਜਿੰਮੀ ਬਸਰਾ

**Cell: 661-205-5450**

**Miramar International, Fax: 866-605-4167**


# ਰਕਮ ਵਸੂਲੀ ਲਈ ਪਾਸਪੋਰਟ ਜ਼ਬਤ ਕਰੇਗੀ ਭਾਰਤ ਸਰਕਾਰ

**ਚੰਡੀਗੜ੍ਹ:** ਭਾਰਤ ਸਰਕਾਰ ਦੇ ਖ਼ਰਚੇ 'ਤੇ ਵਿਦੇਸ਼ਾਂ ਵਿਚੋਂ ਆਏ ਲੋਕਾਂ ਵੱਲੋਂ ਰਕਮਾਂ ਜਮ੍ਹਾਂ ਨਾ ਕਰਵਾਉਣ ਕਾਰਨ ਉਨ੍ਹਾਂ ਦੇ ਪਾਸਪੋਰਟ ਜ਼ਬਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸਬੰਧਤ ਵਿਅਕਤੀਆਂ ਨੂੰ ਰਕਮਾਂ ਜਮ੍ਹਾਂ ਕਰਵਾਉਣ ਲਈ ਪੱਤਰ ਭੇਜਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਵਿਦੇਸ਼ਾਂ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿੰਦੇ ਭਾਰਤੀਆਂ ਨੂੰ ਫੜੇ ਜਾਣ 'ਤੇ ਸਰਕਾਰੀ ਖਰਚ 'ਤੇ ਵਾਪਸ ਭੇਜ ਦਿੱਤਾ ਜਾਂਦਾ ਹੈ। ਇਨ੍ਹਾਂ ਲੋਕਾਂ ਨੇ ਵਾਪਸ ਆ ਕੇ ਭਾਰਤ ਸਰਕਾਰ ਦੀ ਹਵਾਈ ਖਰਚ ਦੀ ਰਕਮ ਜਮ੍ਹਾਂ ਨਹੀਂ ਕਰਵਾਈ।

ਖੇਤਰੀ ਪਾਸਪੋਰਟ ਅਫ਼ਸਰ ਹਰਮਨਬੀਰ ਸਿੰਘ ਗਿੱਲ ਦਾ ਕਹਿਣਾ ਹੈ ਕਿ ਬੀਤੇ ਸਮੇਂ ਵਿਚ ਵਾਪਸ ਆਏ ਵਿਅਕਤੀਆਂ ਦੀ ਗਿਣਤੀ ਤਕਰੀਬਨ 800 ਹੈ। ਇਨ੍ਹਾਂ ਵਿਅਕਤੀਆਂ ਤੋਂ ਤਕਰੀਬਨ 1.82 ਕਰੋੜ ਰੁਪਏ ਰਕਮ ਵਸੂਲ ਕਰਨੀ ਹੈ। ਰਕਮ ਦੀ ਵਸੂਲੀ ਲਈ ਇਨ੍ਹਾਂ ਲੋਕਾਂ ਨੂੰ ਪੱਤਰ ਭੇਜੇ ਗਏ ਹਨ। ਜੇਕਰ ਉਹ ਆਪਣੀਆਂ ਰਕਮਾਂ ਜਮ੍ਹਾਂ ਨਹੀਂ ਕਰਵਾਉਣਗੇ ਤਾਂ ਉਨ੍ਹਾਂ ਦੇ ਕੇਸ ਸਬੰਧਤ ਪੁਲਿਸ ਥਾਣਿਆਂ ਨੂੰ ਭੇਜ ਦਿੱਤੇ ਜਾਣਗੇ। ਇਸ ਤੋਂ ਬਾਅਦ ਪਾਸਪੋਰਟ ਜ਼ਬਤ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਏਗੀ। ਜਿਨ੍ਹਾਂ ਲੋਕਾਂ ਦਾ ਪਤਾ ਨਹੀਂ ਚੱਲਦਾ, ਉਨ੍ਹਾਂ ਬਾਰੇ ਸਬੰਧਤ ਸ਼ਹਿਰਾਂ ਦੇ ਐਸ.ਐਸ.ਪੀ ਨੂੰ ਪੱਤਰ ਲਿਖ ਕੇ ਉਨ੍ਹਾਂ ਦੀ ਭਾਲ ਕਰਨ ਲਈ ਕਿਹਾ ਹੈ। ਜਿਹੜੇ ਲੋਕ ਵਿਦੇਸ਼ਾਂ ਤੋਂ ਵਾਪਸ ਭੇਜੇ ਗਏ ਹਨ, ਉਨ੍ਹਾਂ ਵਿਚ ਕਪੂਰਥਲਾ ਤੇ ਹੁਸ਼ਿਆਰਪੁਰ ਦੇ ਲੋਕਾਂ ਦੀ ਗਿਣਤੀ ਜ਼ਿਆਦਾ ਹੈ ਤੇ ਬਾਕੀ ਨਵਾਂਸ਼ਹਿਰ, ਗੁਰਦਾਸਪੁਰ, ਬਟਾਲਾ ਤੇ ਜਲੰਧਰ ਨਾਲ ਸਬੰਧਤ ਹਨ।

## *ਇਹਨੂੰ ਕਹਿੰਦੇ ਨੇ ਚੋਰੀ!*

**ਸ੍ਰੀ ਮੁਕਤਸਰ ਸਾਹਿਬ:** ਚੋਰ ਜੇ.ਸੀ.ਬੀ. ਮਸ਼ੀਨ ਨਾਲ ਏ.ਟੀ.ਐਮ. ਮਸ਼ੀਨ ਹੀ ਪੁੱਟ ਕੇ ਲੈ ਗਏ। ਇਹ ਏ.ਟੀ.ਐਮ. ਇਥੇ ਕੋਟਕਪੂਰਾ ਰੋਡ 'ਤੇ ਆਦੇਸ਼ ਹਸਪਤਾਲ ਕੋਲ ਸਥਿਤ ਪੰਜਾਬ ਐਂਡ ਸਿੰਧ ਬੈਂਕ ਦੀ ਬ੍ਰਾਂਚ ਦੇ ਬਾਹਰ ਸੀ। ਬ੍ਰਾਂਚ ਮੈਨੇਜਰ ਸੁਖਦੇਵ ਲਾਲ ਨੇ ਦੱਸਿਆ ਕਿ ਬੈਂਕ ਸਟਾਫ ਦੇ ਕਿਸੇ ਕਰਮਚਾਰੀ ਨੇ ਬੈਂਕ ਦੀ ਏ.ਟੀ.ਐਮ. ਤਹਿਸ-ਨਹਿਸ ਹੋਣ ਬਾਰੇ ਸੂਚਨਾ ਦਿੱਤੀ। ਮਗਰੋਂ ਪਤਾ ਲੱਗਾ ਕਿ ਮਸ਼ੀਨ ਹੀ ਗਾਇਬ ਸੀ।

ਜ਼ਿਲ੍ਹਾ ਪੁਲੀਸ ਮੁਖੀ ਸੁਰਜੀਤ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਏ.ਟੀ.ਐਮ. ਪੁੱਟਣ ਤੋਂ ਪਹਿਲਾਂ ਉਸ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਉਪਰ ਕਾਲਖ ਮਲ ਦਿੱਤੀ ਸੀ। ਏ.ਟੀ.ਐਮ. ਲਈ ਸਕਿਉਰਿਟੀ ਗਾਰਡ ਰੱਖਣ ਲਈ ਪਹਿਲਾਂ ਹੀ ਕਈ ਵਾਰ ਹਦਾਇਤਾਂ ਦਿੱਤੀਆਂ ਗਈਆਂ ਹਨ ਪਰ ਇਸ ਦੇ ਬਾਵਜੂਦ ਬੈਂਕ ਨੇ ਕੋਈ ਗਾਰਡ ਨਿਯੁਕਤ ਨਹੀਂ ਕੀਤਾ। ਬੈਂਕ ਮੈਨੇਜਰ ਸੁਖਦੇਵ ਲਾਲ ਅਨੁਸਾਰ ਮਸ਼ੀਨ 'ਚ ਪੌਣੇ 5 ਲੱਖ ਰੁਪਏ ਸਨ।


## ਲੋੜ ਹੈ

**ਬੇਕਰਸਫੀਲਡ ਕੈਲੀਫੋਰਨੀਆਂ ਵਿੱਚ ਸਟੋਰ ਲਈ ਕੈਸ਼ੀਅਰਜ਼**

**$9:00 (ਪ੍ਰਤੀ ਘੰਟਾ) ਤੋਂ ਸ਼ੁਰੂ**

**Need Cashiers Immediately**

ਸੰਪਰਕ ਕਰੋ

**661-364-0341**



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**
**1816 Main Ave., Secramento CA, 95838**



## Pinnacle Carriers Inc., San Jose, CA

**Now Hiring Company Drivers**
**team and solo (With Two Yr Experience )**

**Owner Operators**

**Specialized in Reefer & Dry Loads.**
**Run All 48 States**



*Trailer rentals
*Get paid weekly on time.
*Fuel advance
*Also provide fuel cards

We have late model trucks and brand new refers.

**ਕੰਪਨੀ ਡਰਾਈਵਰਾਂ**
*ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)*
**ਓਨਰ ਅਪਰੇਟਰਾਂ ਦੀ ਲੋੜ ਹੈ**

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਡਵਾਂਸ ਅਤੇ ਫਿਊਲ ਕਾਰਡ

**Sharanbeer Atwal: 408-373-4168**
**Manpreet and Preet: 408-835-3007**
www.pinnaclecarriers.com

47-5

# ਸ਼੍ਰੋਮਣੀ ਅਕਾਲੀ ਦਲ (ਅ) ਨੇ ਮੋਦੀ ਖਿਲਾਫ ਕਮਰ ਕੱਸੀ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ 21 ਦਸੰਬਰ ਨੂੰ ਜ਼ਿਲ੍ਹਾ ਮੋਗਾ ਦੇ ਪਿੰਡ ਕਿਲੀ ਚਾਹਲਾਂ ਵਿਖੇ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਕੀਤੀ ਜਾ ਰਹੀ ਮਹਾਂ ਰੈਲੀ ਦਾ ਉਹ ਡਟ ਕੇ ਵਿਰੋਧ ਕਰਨਗੇ ਤੇ ਉਨ੍ਹਾਂ ਨਾਲ ਜੁੜੀਆਂ ਹਮਖਿਆਲੀ ਪਾਰਟੀਆਂ ਵੀ ਸ਼ਾਮਲ ਹੋਣਗੀਆਂ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਲਾਨੇ ਉਮੀਦਵਾਰ ਨਰਿੰਦਰ ਮੋਦੀ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ।

ਸ. ਮਾਨ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ, ਭਾਜਪਾ ਤੇ ਆਰ.ਐਸ.ਐਸ. ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ 'ਤੇ ਵੱਡੇ ਹਮਲੇ ਕੀਤੇ ਹਨ। ਉਨ੍ਹਾਂ ਕਿਹਾ ਕਿ ਇਸ ਰੈਲੀ ਦਾ ਵਿਰੋਧ ਕਰਨ ਲਈ ਉਹ ਸਾਬਕਾ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ, ਸੰਤ ਸਮਾਜ ਤੇ ਦਮਦਮੀ ਟਕਸਾਲ ਦੇ ਮੁਖੀ ਭਾਈ ਹਰਨਾਮ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਨੂੰ ਵੀ 21 ਦਸੰਬਰ ਦੀ ਰੈਲੀ ਦਾ ਵਿਰੋਧ ਕਰਨ ਲਈ ਚਾਰਾਜੋਈ ਕਰਨਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ 20 ਦਸੰਬਰ ਨੂੰ ਹੀ ਅਕਾਲੀ ਭਾਜਪਾ ਗਠਜੋੜ ਵੱਲੋਂ 21 ਦਸੰਬਰ ਨੂੰ ਕੀਤੀ ਜਾ ਰਹੀ ਰੈਲੀ ਦੇ ਵਿਰੋਧ ਵਿਚ ਆਪਣੇ ਘਰਾਂ 'ਤੇ ਕਾਲੇ ਝੰਡੇ ਲਾ ਕੇ ਆਪਣੇ ਰੋਸ ਦਾ ਪ੍ਰਗਟਾਵਾ ਕਰਨ।

ਜ਼ਿਕਰਯੋਗ ਹੈ ਕਿ ਨਰਿੰਦਰ ਮੋਦੀ ਦੀ ਰੈਲੀ ਵਾਲੀ ਥਾਂ ਗੱਠਜੋੜ ਪਾਰਟੀਆਂ ਵੱਲੋਂ ਬਦਲ ਦਿੱਤੀ ਗਈ ਹੈ। ਇਹ ਰੈਲੀ ਹੁਣ ਮੋਗਾ ਸ਼ਹਿਰ ਦੀ ਥਾਂ ਜਗਰਾਉਂ ਵਿਚ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਗੁਜਰਾਤ ਦੇ ਮੁੱਖ ਮੰਤਰੀ ਤੇ ਐਨ.ਡੀ.ਏ. ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰਿੰਦਰ ਮੋਦੀ 21 ਦਸੰਬਰ ਨੂੰ ਜਗਰਾਉਂ ਵਿਖੇ 'ਫਤਿਹ ਰੈਲੀ' ਦੌਰਾਨ ਸੰਬੋਧਨ ਕਰਨਗੇ।

# ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਝਟਕਾ

## ਰੈਂਟ ਐਕਟ ਲਾਗੂ ਕਰਨ 'ਤੇ ਰੋਕ ਲਾਈ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਰੈਂਟ ਐਕਟ 2013 ਦੇ ਨੋਟੀਫਿਕੇਸ਼ਨ 'ਤੇ ਸਟੇਅ ਆਰਡਰ ਜਾਰੀ ਕਰਦਿਆਂ ਇਸ ਮਾਮਲੇ ਦੀ ਅਗਲੀ ਸੁਣਵਾਈ ਅੱਠ ਜਨਵਰੀ, 2014 'ਤੇ ਪਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਸਰਕਾਰ ਪੰਜਾਬ ਰੈਂਟ ਐਕਟ ਤਹਿਤ ਜੁਡੀਸ਼ਲ ਦੀਆਂ ਸ਼ਕਤੀਆਂ ਸਬ ਡਿਵੀਜ਼ਨਲ ਉਪ ਮੰਡਲ ਮੈਜਿਸਟਰੇਟ (ਐਸ.ਡੀ.ਐਮ.) ਨੂੰ ਦੇਣਾ ਚਾਹੁੰਦੀ ਸੀ ਪਰ ਪਹਿਲੇ ਪੜਾਅ 'ਤੇ ਹੀ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਤੇ ਵਕੀਲ ਭਾਈਚਾਰਾ ਸੜਕਾਂ 'ਤੇ ਆ ਗਿਆ।

ਇਸ ਦੇ ਬਾਵਜੂਦ ਸਰਕਾਰ ਆਪਣੇ ਫ਼ੈਸਲੇ 'ਤੇ ਅੜੀ ਹੋਈ ਸੀ ਤੇ ਇਸ ਐਕਟ ਵਿਚ ਕੀਤੀਆਂ ਸੋਧਾਂ 30 ਨਵੰਬਰ ਤੋਂ ਲਾਗੂ ਹੋਣੀਆਂ ਸੀ। ਨਵੇਂ ਕਿਰਾਏਦਾਰੀ ਕਾਨੂੰਨ ਅਨੁਸਾਰ ਕਿਰਾਏ ਦੇ ਕੇਸਾਂ ਨੂੰ ਐਸ.ਡੀ.ਐਮ. ਨੂੰ ਸੁਣਨ ਦੇ ਅਧਿਕਾਰ ਹੋਣਗੇ। ਐਸ.ਡੀ.ਐਮ. ਦੇ ਹੁਕਮਾਂ ਖ਼ਿਲਾਫ਼ ਅਪੀਲ ਕਰਨ ਲਈ ਲੋਕਾਂ ਨੂੰ ਆਪਣੇ ਜ਼ਿਲ੍ਹਾ ਸਦਰ ਮੁਕਾਮਾਂ ਦੀ ਬਜਾਏ ਮੌਜੂਦਾ ਸਰਕਾਰ ਵੱਲੋਂ ਐਕਟ ਦੇ ਅਧੀਨ ਗਠਿਤ ਕੀਤੇ ਗਏ ਬਠਿੰਡਾ, ਅੰਮ੍ਰਿਤਸਰ ਤੇ ਚੰਡੀਗੜ੍ਹ ਦੇ ਟ੍ਰਿਬਿਊਨਲਾਂ ਕੋਲ ਜਾਣਾ ਪਵੇਗਾ।

ਬਾਰ ਕੌਂਸਲ ਆਫ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਕੱਤਰ ਕਿਰਨਜੀਤ ਸਿੰਘ ਵੱਲੋਂ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਸੂਬਾ ਸਰਕਾਰ ਦੇ ਉਕਤ ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਪੰਜਾਬ ਰੈਂਟ ਐਕਟ 2013 ਨੂੰ ਲਾਗੂ ਕਰਨ ਬਾਰੇ ਜਾਰੀ ਨੋਟੀਫਿਕੇਸ਼ਨ ਰੱਦ ਕਰਨ ਦੀ ਮੰਗ ਕੀਤੀ ਗਈ। ਹਾਈ ਕੋਰਟ ਦੇ ਚੀਫ ਜਸਟਿਸ ਸੰਜੇ ਕ੍ਰਿਸ਼ਨ ਕੌਲ ਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਵਕੀਲਾਂ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਫੌਰੀ ਤੌਰ 'ਤੇ ਅਗਲੇ ਹੁਕਮਾਂ ਤੱਕ ਸਰਕਾਰ ਵੱਲੋਂ ਜਾਰੀ ਇਸ ਨੋਟੀਫਿਕੇਸ਼ਨ 'ਤੇ ਸਟੇਅ ਆਰਡਰ ਜਾਰੀ ਕੀਤੇ ਹਨ।



ਕੇਸ ਦੀ ਸੁਣਵਾਈ ਮੌਕੇ ਬਾਰ ਕੌਂਸਲ ਵੱਲੋਂ ਅਮਿਤ ਰਾਵਲ ਤੇ ਕੇ.ਐਸ. ਕੰਗ ਤੇ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਅਦਾਲਤ ਵਿਚ ਪੇਸ਼ ਹੋਏ। ਹਾਈ ਕੋਰਟ ਦੇ ਇਸ ਫ਼ੈਸਲੇ ਨਾਲ ਸੂਬਾ ਸਰਕਾਰ ਨੂੰ ਮਾਯੂਸੀ ਹੋਈ ਹੈ ਪਰ ਵਕੀਲਾਂ ਨੇ ਇਸ ਨੂੰ ਭਾਰਤੀ ਸੰਵਿਧਾਨ ਤੇ ਆਮ ਲੋਕਾਂ ਦੀ ਜਿੱਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਫੈਸਲਾ ਦਿੱਤਾ ਗਿਆ ਹੈ ਕਿ ਨਿਆਂ ਪਾਲਿਕਾ ਦੀਆਂ ਸ਼ਕਤੀਆਂ ਕਾਰਜਕਾਰੀ ਅਧਿਕਾਰੀਆਂ ਨੂੰ ਨਹੀਂ ਦਿੱਤੀਆਂ ਜਾ ਸਕਦੀਆਂ ਪਰ ਰਾਜ ਸਰਕਾਰ ਨੇ ਸੁਪਰੀਮ ਕੋਰਟ ਦੇ ਫੈਸਲੇ ਦੀ ਉਲੰਘਣਾ ਕੀਤੀ ਹੈ।

ਨਵੇਂ ਕਿਰਾਏਦਾਰੀ ਕਾਨੂੰਨ ਅਨੁਸਾਰ ਕਿਰਾਏ ਦੇ ਕੇਸਾਂ ਨੂੰ ਐਸ.ਡੀ.ਐਮ. ਨੂੰ ਸੁਣਨ ਦੇ ਅਧਿਕਾਰ ਹੋਣਗੇ। ਐਸ.ਡੀ.ਐਮ. ਦੇ ਹੁਕਮਾਂ ਖ਼ਿਲਾਫ਼ ਅਪੀਲ ਕਰਨ ਲਈ ਲੋਕਾਂ ਨੂੰ ਆਪਣੇ ਜ਼ਿਲ੍ਹਾ ਸਦਰ ਮੁਕਾਮਾਂ ਦੀ ਬਜਾਏ ਮੌਜੂਦਾ ਸਰਕਾਰ ਵੱਲੋਂ ਐਕਟ ਦੇ ਅਧੀਨ ਗਠਿਤ ਕੀਤੇ ਗਏ ਬਠਿੰਡਾ, ਅੰਮ੍ਰਿਤਸਰ ਤੇ ਚੰਡੀਗੜ੍ਹ ਦੇ ਟ੍ਰਿਬਿਊਨਲਾਂ ਕੋਲ ਜਾਣਾ ਪਵੇਗਾ।

# ਬਾਦਲ ਸਰਕਾਰ ਨੇ ਹੋਰ ਕਰਜ਼ਾ ਚਾੜ੍ਹਿਆ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਬਾਦਲ ਸਰਕਾਰ ਨੇ ਸੱਤਾਂ ਸਾਲਾਂ ਵਿਚ ਹੀ ਸਰਕਾਰੀ ਖਜ਼ਾਨੇ ਦੀਆਂ ਧੱਜੀਆਂ ਉਡਾ ਕੇ ਪੰਜਾਬੀਆਂ ਨੂੰ 54 ਹਜ਼ਾਰ ਕਰੋੜ ਰੁਪਏ ਦਾ ਹੋਰ ਕਰਜ਼ਾਈ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਸਾਲਾਨਾ ਆਮਦਨ ਤਾਂ 30 ਹਜ਼ਾਰ ਕਰੋੜ ਰੁਪਏ ਹੈ ਤੇ ਖਰਚਾ 44 ਹਜ਼ਾਰ ਕਰੋੜ ਰੁਪਏ ਹੈ। ਇਸੇ ਕਰਕੇ ਦੀਵਾਲੀਆ ਹੋਈ ਪੰਜਾਬ ਸਰਕਾਰ ਨੇ ਸਰਕਾਰੀ ਜਾਇਦਾਦਾਂ ਗਹਿਣੇ ਪਾ ਦਿੱਤੀਆਂ ਹਨ ਤੇ ਪ੍ਰਾਪਰਟੀ ਟੈਕਸ ਲਾ ਕੇ ਮਕਾਨਾਂ ਦੇ ਮਾਲਕਾਂ ਨੂੰ ਆਪਣੇ ਘਰ ਵਿਚ ਹੀ ਕਿਰਾਏਦਾਰ ਬਣਾ ਕੇ ਰੱਖ ਦਿੱਤਾ ਹੈ।



ਸ. ਬਾਜਵਾ ਨੇ ਕਿਹਾ ਕਿ ਕਿਸਾਨਾਂ ਨੂੰ ਹਿਤੈਸ਼ੀ ਕਹਾਉਣ ਵਾਲੀ ਸਰਕਾਰ ਨੇ ਐਤਕੀਂ ਝੋਨੇ ਦੇ ਸੀਜ਼ਨ ਵਿਚ ਕਿਸਾਨਾਂ ਨੂੰ 4000 ਕਰੋੜ ਰੁਪਏ ਦਾ ਰਗੜਾ ਲਾਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਿਆਂ ਦੇ ਸੌਦਾਗਰਾਂ ਨੂੰ ਖੁੱਲ੍ਹ ਦਿੱਤੀ ਹੋਣ ਕਾਰਨ ਹੀ ਪੰਜਾਬ ਵਿਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ ਜਿਸ ਨਾਲ ਨੌਜਵਾਨ ਪੀੜ੍ਹੀ ਤਬਾਹ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਿੱਖਾਂ ਦੇ ਭੇਸ ਵਿਚ ਬਹੁਰੂਪੀਏ ਹਨ ਜੋ ਪੰਥ ਨੂੰ ਘੁਣ ਵਾਂਗ ਖਾ ਰਹੇ ਹਨ।

ਸ. ਬਾਜਵਾ ਨੇ ਬਾਦਲ ਸਰਕਾਰ ਦੀਆਂ ਪ੍ਰਾਪਤੀਆਂ ਦੱਸਦਿਆਂ ਕਿਹਾ ਕਿ ਇਹ ਕਿੰਨੀ ਨਾਮੋਸ਼ੀ ਵਾਲੀ ਗੱਲ ਹੈ ਕਿ ਪੰਜਾਬ ਵਿਚ ਤਾਂ ਬੁਢਾਪਾ ਤੇ ਅੰਗਹੀਣ ਪੈਨਸ਼ਨ 250 ਰੁਪਏ ਮਹੀਨਾ ਹੈ ਪਰ ਉਹ ਵੀ ਪਿਛਲੇ ਛੇ ਮਹੀਨਿਆਂ ਤੋਂ ਨਹੀਂ ਮਿਲੀ ਜਦਕਿ ਗੁਆਂਢੀ ਹਰਿਆਣਾ ਰਾਜ ਵਿਚ ਇਹ 1200 ਰੁਪਏ ਤੇ ਹਿਮਾਚਲ ਵਿਚ 750 ਰੁਪਏ ਮਹੀਨਾ ਦਿੱਤੀ ਜਾ ਰਹੀ ਹੈ। ਉਨ੍ਹਾਂ ਅਕਾਲੀਆਂ 'ਤੇ ਵਰ੍ਹਦਿਆਂ ਕਿਹਾ ਕਿ 2012 ਦੇ ਚੋਣ ਮੈਨੀਫੈਸਟੋ ਵਿਚ ਤਾਂ ਇਨ੍ਹਾਂ ਬੜੀਆਂ ਡੀਂਗਾਂ ਮਾਰ ਕੇ ਪੰਜਾਬ ਦੇ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ 1000 ਰੁਪਏ ਮਹੀਨਾ ਭੱਤਾ ਦੇਣ, ਸ਼ਗਨ ਸਕੀਮ 31,000 ਰੁਪਏ ਕਰਨ ਵਰਗੇ 45 ਵਾਅਦੇ ਕੀਤੇ ਸਨ ਪਰ ਅਜੇ ਤਾਈਂ ਪੂਰਾ ਕੋਈ ਵੀ ਨਹੀਂ ਕਰ ਸਕੇ।

# ਪੰਜਾਬ ਸਰਕਾਰ ਵੱਲੋਂ ਵਪਾਰੀਆਂ ਨੂੰ ਖੁਸ਼ ਕਰਨ ਦੀ ਕੋਸ਼ਿਸ਼

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਨਅਤਕਾਰਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ ਬੋਰਡ (ਪੀ.ਬੀ.ਆਈ.ਪੀ.) ਸਥਾਪਤ ਕਰਨ ਦਾ ਐਲਾਨ ਕੀਤਾ ਗਿਆ ਹੈ।

ਸਰਕਾਰੀ ਸੂਤਰਾਂ ਅਨੁਸਾਰ ਪੀ.ਬੀ.ਆਈ.ਪੀ. ਬੋਰਡ ਦੇ ਬੋਰਡ ਆਫ ਗਵਰਨਰਜ਼ ਦੇ ਚੇਅਰਮੈਨ ਮੁੱਖ ਮੰਤਰੀ ਹੋਣਗੇ ਜਦਕਿ ਉਪ ਮੁੱਖ ਮੰਤਰੀ ਬੋਰਡ ਆਫ ਗਵਰਨਰਜ਼ ਦੇ ਕੋ-ਚੇਅਰਮੈਨ ਹੋਣਗੇ। ਉਦਯੋਗ ਮੰਤਰੀ ਇਸ ਦੇ ਉਪ ਚੇਅਰਮੈਨ ਹੋਣਗੇ। ਬਿਊਰੋ ਦੇ ਹੋਰ ਮੈਂਬਰਾਂ ਵਿਚ ਛੇ ਮੰਤਰੀ, ਮੁੱਖ ਸਕੱਤਰ ਤੇ ਹੋਰ ਸਬੰਧਤ ਸਕੱਤਰ ਲਾਏ ਗਏ ਹਨ। ਮੁੱਖ ਕਾਰਜਕਾਰੀ ਅਧਿਕਾਰੀ ਇਸ ਦੇ ਮੈਂਬਰ ਸਕੱਤਰ ਹੋਣਗੇ। ਤਿੰਨ ਤਕਨੀਕੀ ਮਾਹਿਰ ਤੇ ਵਪਾਰ, ਉਦਯੋਗ ਤੇ ਵਣਜ ਦੇ ਪੰਜ ਨੁਮਾਇੰਦੇ ਰਾਜ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣਗੇ।

ਇਸ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਪੰਜਾਬ ਮੰਤਰੀ ਮੰਡਲ ਨੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਦਾ ਨਾਂ ਬਦਲ ਕੇ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਰੱਖਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸੇ ਤਰਾਂ ਅਖ਼ਬਾਰੀ ਕਾਗਜ਼ 'ਤੇ ਵੈਟ 5.5 ਫ਼ੀਸਦੀ ਤੋਂ ਘਟਾ ਕੇ ਦੋ ਫ਼ੀਸਦੀ (ਜਮ੍ਹਾਂ 10 ਫ਼ੀਸਦੀ ਸਰਚਾਰਜ) ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਫ਼ੈਸਲੇ ਨਾਲ ਅਖ਼ਬਾਰੀ ਮਾਲਕਾਂ ਨੂੰ ਅਖ਼ਬਾਰ ਦਾ ਕਾਗਜ਼ ਪੰਜਾਬ ਤੋਂ ਬਾਹਰੋਂ ਖਰੀਦਣ ਦੀ ਥਾਂ ਪੰਜਾਬ ਵਿਚੋਂ ਹੀ ਖਰੀਦਣ ਦੀ ਸਹੂਲਤਾਂ ਪ੍ਰਦਾਨ ਕੀਤੀ ਗਈ ਹੈ। ਆਈ.ਟੀ.ਸੇਵਾਵਾਂ, ਆਈ.ਟੀ.ਈ.ਐਸ, ਬਾਇਓ ਟੈਕਨਾਲੋਜੀ (ਪ੍ਰਦੂਸ਼ਣ ਰਹਿਤ) ਅਤੇ ਪ੍ਰਦੂਸ਼ਣ ਰਹਿਤ/ਖੋਜ ਤੇ ਵਿਕਾਸ ਸਹੂਲਤਾਂ ਆਧਾਰਤ ਤਕਨਾਲੋਜੀ ਲਈ 402 ਏਕੜ ਜ਼ਮੀਨ ਦੀ ਅਲਾਟਮੈਂਟ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

# ਵਜ਼ਾਰਤੀ ਮੀਟਿੰਗ ਵਿਚ ਖਹਿਬੜ ਪਏ ਜੀਜਾ ਤੇ ਸਾਲਾ

## ਸੁਖਬੀਰ ਸਿੰਘ ਬਾਦਲ ਉਤੇ ਭਾਰੂ ਪਿਆ ਆਦੇਸ਼ ਪ੍ਰਤਾਪ ਸਿੰਘ ਕੈਰੋਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸੂਚਨਾ ਤਕਨਾਲੋਜੀ ਵਿਭਾਗ ਦੇ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵਿਚਾਲੇ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਤਿੱਖੀ ਬਹਿਸ ਹੋਈ। ਸੂਤਰਾਂ ਅਨੁਸਾਰ ਬਹਿਸ ਦਾ ਆਧਾਰ ਸੂਚਨਾ ਤਕਨਾਲੋਜੀ (ਆਈ.ਟੀ) ਨਾਲ ਸਬੰਧਤ ਉਦਯੋਗਾਂ ਨੂੰ ਜ਼ਮੀਨ ਅਲਾਟ ਕਰਨ ਦੀ ਨੀਤੀ ਬਣੀ। ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮਾਮਲੇ ਵਿਚ ਕੋਈ ਦਖ਼ਲ ਨਾ ਦਿੱਤਾ।

ਸ. ਬਾਦਲ ਆਪਣੇ ਪੁੱਤਰ ਤੇ ਜਵਾਈ ਵਿਚਾਲੇ ਹੁੰਦੀ ਬਹਿਸ ਨੂੰ ਚੁੱਪਚਾਪ ਸੁਣਦੇ ਰਹੇ। ਉਨ੍ਹਾਂ ਕਿਸੇ ਨੂੰ ਵੀ ਚੁੱਪ ਕਰ ਲਈ ਨਹੀਂ ਕਿਹਾ; ਹਾਲਾਂਕਿ ਕੁਝ ਆਗੂ ਸ. ਬਾਦਲ ਦੇ ਦਖਲ ਦੀ ਤਵੱਕੋ ਰੱਖ ਰਹੇ ਸਨ। ਮੰਤਰੀ ਮੰਡਲ ਦੀ ਮੀਟਿੰਗ ਵਿਚ ਮੌਜੂਦ ਸੀਨੀਅਰ ਮੰਤਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਉਪ ਮੁੱਖ ਮੰਤਰੀ ਤੇ ਸੂਚਨਾ ਤਕਨਾਲੋਜੀ ਮੰਤਰੀ ਵਿਚਾਲੇ ਹੋਈ ਬਹਿਸ ਦੀ ਪੁਸ਼ਟੀ ਕੀਤੀ ਹੈ। ਇਹ ਬਹਿਸ ਅੱਧਾ ਘੰਟਾ ਚਲਦੀ ਰਹੀ ਤੇ ਕਈ ਮੰਤਰੀਆਂ ਨੇ ਉਪ ਮੁੱਖ ਮੰਤਰੀ ਵੱਲੋਂ ਉਠਾਏ ਨੁਕਤਿਆਂ ਦੀ ਹਮਾਇਤ ਵੀ ਕੀਤੀ।





ਅਖੀਰ ਸ. ਕੈਰੋਂ ਵੱਲੋਂ ਉਠਾਏ ਨੁਕਤਿਆਂ ਨੂੰ ਨੀਤੀ ਵਿਚ ਸ਼ਾਮਲ ਕਰ ਲਿਆ ਗਿਆ।

ਨੀਤੀ ਦਾ ਪ੍ਰਸਤਾਵ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਵਿਭਾਗ ਵੱਲੋਂ ਪੇਸ਼ ਕੀਤਾ ਗਿਆ ਸੀ। ਇਹ ਵਿਭਾਗ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਧੀਨ ਆਉਂਦਾ ਹੈ। ਸਰਕਾਰ ਵੱਲੋਂ ਜ਼ਮੀਨਾਂ ਅਲਾਟ ਕਰਨ ਦੀ ਨੀਤੀ ਸ. ਕੈਰੋਂ ਦੇ ਵਿਭਾਗ ਨਾਲ ਸਬੰਧਤ ਉਦਯੋਗਾਂ ਲਈ ਬਣਾਈ ਗਈ ਹੈ। ਸੂਤਰਾਂ ਅਨੁਸਾਰ ਵਿਭਾਗ ਵੱਲੋਂ ਨੀਤੀ ਤਿਆਰ ਕਰਨ ਤੋਂ ਪਹਿਲਾਂ ਸੂਚਨਾ ਤਕਨਾਲੋਜੀ ਮੰਤਰੀ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ ਜੋ ਬਹਿਸ ਦਾ ਆਧਾਰ ਬਣ ਗਈ।

ਸ. ਕੈਰੋਂ ਨੂੰ ਗਿਲਾ ਸੀ ਕਿ ਜ਼ਮੀਨਾਂ ਅਲਾਟ ਕਰਨ ਦੀ ਨੀਤੀ ਤਿਆਰ ਕਰਨ ਸਮੇਂ ਉਨ੍ਹਾਂ ਨੂੰ ਭਰੋਸੇ ਵਿਚ ਕਿਉਂ ਨਹੀਂ ਲਿਆ ਗਿਆ। ਉਨ੍ਹਾਂ ਨੇ ਇਹ ਨੀਤੀ ਛੋਟੇ ਉਦਯੋਗਪਤੀਆਂ ਲਈ ਲਾਭਕਾਰੀ ਨਾ ਹੋਣ ਦੀ ਗੱਲ ਕਰਦਿਆਂ ਇਸ ਵਿਚ ਸੋਧਾਂ ਦੀ ਮੰਗ ਕੀਤੀ। ਸ. ਕੈਰੋਂ ਨੇ ਇਹ ਵੀ ਮੁੱਦਾ ਚੁੱਕਿਆ ਕਿ ਸਰਕਾਰ ਵੱਲੋਂ ਮੁਹਾਲੀ ਵਿਚ ਸਥਾਪਤ ਕੀਤੇ ਜਾ ਰਹੇ ਆਈ.ਟੀ. ਪਾਰਕ ਵਿਚ ਛੋਟੇ ਉਦਯੋਗਾਂ ਨੂੰ ਬਹੁਤ ਘੱਟ ਥਾਂ ਦਿੱਤੀ ਗਈ ਹੈ। ਉਨ੍ਹਾਂ ਮੰਗ ਕੀਤੀ ਕਿ ਛੋਟੇ ਉਦਯੋਗਾਂ ਨੂੰ ਜ਼ਿਆਦਾ ਪਲਾਟ ਦਿੱਤੇ ਜਾਣੇ ਚਾਹੀਦੇ ਹਨ।

ਨੀਤੀ ਵਿਚ ਛੋਟੇ ਉਦਯੋਗਾਂ ਲਈ ਮਹਿਜ਼ 30 ਪਲਾਟ ਰੱਖੇ ਗਏ ਹਨ ਤੇ ਇਹ ਪਲਾਟ ਅਲਾਟ ਕਰਨ ਲਈ ਜ਼ਮੀਨ ਦਾ ਵਧੇਰੇ ਭਾਅ ਰੱਖਿਆ ਗਿਆ ਹੈ। ਦੂਜੇ ਪਾਸੇ ਵੱਡੇ ਉਦਯੋਗਾਂ ਲਈ ਸਰਕਾਰ ਵੱਲੋਂ ਵੱਡੇ ਆਕਾਰ ਦੇ ਪਲਾਟ ਸਸਤੇ ਭਾਅ 'ਤੇ ਦਿੱਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਅਲਾਟ ਕੀਤੀਆਂ ਜਾਣ ਵਾਲੀਆਂ ਜ਼ਮੀਨਾਂ ਦੇ ਭਾਅ ਤਰਕਸੰਗਤ ਹੋਣੇ ਚਾਹੀਦੇ ਹਨ। ਸ. ਕੈਰੋਂ ਨੇ ਪੀਨਲ ਵਿਆਜ਼ ਘੱਟ ਕਰਨ ਦੀ ਗੱਲ ਤੋਰੀ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤੁਰੰਤ ਦਖ਼ਲ ਦਿੰਦਿਆਂ ਪੀਨਲ ਵਿਆਜ਼ ਤਿੰਨ ਫੀਸਦੀ ਤੋਂ ਘਟਾ ਕੇ ਇਕ ਫੀਸਦੀ ਕਰਨ ਦੀ ਗੱਲ ਕਹੀ। ਸੂਚਨਾ ਤਲਨਾਲੋਜੀ ਮੰਤਰੀ ਦਾ ਸਪਸ਼ਟ ਕਹਿਣਾ ਸੀ ਕਿ ਮੌਜੂਦਾ ਨੀਤੀ ਛੋਟੇ ਉਦਯੋਗਾਂ ਨੂੰ ਉਤਸ਼ਾਹਹੀਣ ਕਰੇਗੀ ਤੇ ਇਸ ਵਿਚ ਉਕਤ ਨੁਕਤਿਆਂ 'ਤੇ ਸੋਧਾਂ ਹੋਣੀਆਂ ਚਾਹੀਦੀਆਂ ਹਨ।

# ਤਸਕਰੀ ਕੇਸ 'ਤੇ ਕਿਸੇ ਦੇ ਅਸਤੀਫ਼ੇ ਦੀ ਲੋੜ ਨਹੀਂ: ਸੁਖਬੀਰ

**ਅੰਮ੍ਰਿਤਸਰ:** ਨਸ਼ਿਆਂ ਦੇ ਤਸਕਰ ਮਨਿੰਦਰ ਸਿੰਘ ਬਿੱਟੂ ਔਲਖ ਨਾਲ ਸਿਆਸੀ ਮੰਚ ਸਾਂਝਾ ਕਰਨ ਵਾਲੇ ਅਕਾਲੀ ਮੰਤਰੀਆਂ ਦੇ ਅਸਤੀਫ਼ੇ ਦੀ ਮੰਗ ਰੱਦ ਕਰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਸਰਕਾਰ ਸੂਬੇ ਵਿਚੋਂ ਨਸ਼ਿਆਂ ਦਾ ਕਾਰੋਬਾਰ ਖ਼ਤਮ ਕਰਨ ਲਈ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ ਤੇ ਇਸ ਮਾਮਲੇ ਵਿਚ ਵਿਰੋਧੀ ਧਿਰ ਕਾਂਗਰਸ ਨੂੰ ਵੀ ਸਹਿਯੋਗ ਦੇਣਾ ਚਾਹੀਦਾ ਹੈ।

ਉਪ ਮੁੱਖ ਮੰਤਰੀ ਨੇ ਕਾਂਗਰਸੀ ਆਗੂਆਂ ਦੀ ਇਹ ਮੰਗ ਰੱਦ ਕਰ ਦਿੱਤੀ ਕਿ ਬਿੱਟੂ ਔਲਖ ਨਾਲ ਮੰਚ ਸਾਂਝਾ ਕਰਨ ਵਾਲੇ ਤਿੰਨ ਮੰਤਰੀਆਂ ਬਿਕਰਮ ਸਿੰਘ ਮਜੀਠੀਆ, ਪਰਮਿੰਦਰ ਸਿੰਘ ਢੀਂਡਸਾ ਤੇ ਗੁਲਜ਼ਾਰ ਸਿੰਘ ਰਣੀਕੇ ਤੋਂ ਕੋਲੋਂ ਅਸਤੀਫ਼ੇ ਲਏ ਜਾਣ।

## Matrimonial

### ਕੰਨਿਆਂ ਦੀ ਲੋੜ

ਸੈਣੀ ਸਿੱਖ, 30 ਸਾਲ, 5’-11”, ਪੀ ਜੀ ਡੀ ਬੀ ਐਮ ਸੋਹਣੇ ਸੁਨੱਖੇ ਅਮਰੀਕਾ ਵਿਚ ਵਰਕ ਪਰਮਿਟ ‘ਤੇ ਕੰਮ ਕਰਦੇ, ਮਾਤਾ-ਪਿਤਾ ਦੇ ਨਾਲ ਰਹਿੰਦੇ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 804-502-9507

*47-5*

---

ਲੁਬਾਣਾ ਸਿੱਖ ਲੜਕੇ, 26, ਕੱਦ 5’-11”, ਅਮਰੀਕਾ ਵਿਚ ਵਰਕ ਪਰਮਿਟ ‘ਤੇ ਕੰਮ ਕਰਦੇ ਤੇ ਆਰ ਐਨ ਦਾ ਕੋਰਸ ਕਰ ਰਹੇ ਗੁਰਸਿੱਖ ਲੜਕੇ ਲਈ ਸੁਨੱਖੀ ਗੁਰਸਿੱਖ ਲੜਕੀ ਦੀ ਲੋੜ ਹੈ। ਇੰਡੀਆ ਤੋਂ ਸਟੂਡੈਂਟ ਵੀਜ਼ੇ ‘ਤੇ ਆਈ ਲੜਕੀ ਵੀ ਵਿਚਾਰਯੋਗ। ਸੰਪਰਕ ਕਰੋ, ਫੋਨ: 480-241-7596, singhkhalsapunjabi1987@gmail.com

*45-4*

---

Wanted suitable girl from USA, Canada, for US citizen Amritdhari Sikh male 34, living in Ohio, truck driver, own house, divorced after 2 years of marriage, one daughter living with mom. Undocumented girls & divorcee without baby can also be considered. Contact: Ph:513-305-4654

*46-4*

**Punjab Times**
*Ph: 847-359-0746*
*Visit us on the web:*
***punjabtimesusa.com***

# ਜੈਕਾਰਾ ਮੂਵਮੈਂਟ ਨੇ ਲਾਇਆ ਯੂਬਾ ਸਿਟੀ ’ਚ ਬੱਚਿਆਂ ਦਾ ਕੈਂਪ

**ਯੂਬਾ ਸਿਟੀ:** ਜੈਕਾਰਾ ਮੂਵਮੈਂਟ ਵਲੋਂ ਇਥੇ ਗੁਰਦੁਆਰਾ ਟਾਇਰਾ ਬਿਊਨਾ ਵਿਚ ਲੰਘੀ 30 ਨਵੰਬਰ ਨੂੰ ਸਿੱਖ ਸਿਧਾਂਤਾਂ ਅਤੇ ਸਭਿਆਚਾਰ ਬਾਰੇ ਜਾਣਕਾਰੀ ਦੇਣ ਲਈ ਬੱਚਿਆਂ ਦਾ ਇਕ ਕੈਂਪ ਲਾਇਆ ਗਿਆ ਜਿਸ ਵਿਚ 70 ਬੱਚੇ ਅਤੇ 15 ਵਾਲੰਟੀਅਰ ਸ਼ਾਮਲ ਹੋਏ।

ਕੈਂਪ ਦੀ ਸ਼ੁਰੂਆਤ ਅਰਦਾਸ ਨਾਲ ਕੀਤੀ ਗਈ ਜਿਸ ਪਿਛੋਂ ਬੱਚਿਆਂ ਨੂੰ ਗੁਰਬਾਣੀ ਦੀਆਂ ਕੁਝ ਸਤਰਾਂ ਦਾ ਅਨੁਵਾਦ ਕਰਕੇ ਸਮਝਾਇਆ ਗਿਆ। ਇਸ ਪਿਛੋਂ ਬੱਚਿਆਂ ਨੂੰ ਅਸੀਂ ਗੁਰੂ ਘਰ ਕਿਉਂ ਆਉਂਦੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੱਥਾ ਟੇਕ ਕੇ ਸਤਿਕਾਰ ਕਿਵੇਂ ਕਰਨਾ ਹੈ, ਲੰਗਰ ਵਿਚ ਪ੍ਰਸ਼ਾਦਾ ਕਿਵੇਂ ਛਕਣਾ ਹੈ, ਜੋੜੇ ਬਾਹਰ ਲਾਹੁਣੇ ਕਿਉਂ ਜ਼ਰੂਰੀ ਹਨ ਆਦਿ ਗੱਲਾਂ ਬਾਰੇ ਜਾਣਕਾਰੀ ਦਿੱਤੀ ਗਈ।

ਦੁਪਹਿਰ ਬਾਅਦ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਗਈਆਂ ਜਿਨ੍ਹਾਂ ਵਿਚ ਬਾਸਕਿਟਬਾਲ, ਰੱਸਾਕਸ਼ੀ ਅਤੇ ਤਿੰਨ ਟੰਗੀ ਦੌੜਾਂ ਸ਼ਾਮਲ ਸਨ। ਬੱਚਿਆਂ ਵਿਚ ਸਿੱਖੀ ਸਪਿਰਟ ਭਰਨ ਲਈ ਇਕ ਫਿਲਮ ਵੀ ਦਿਖਾਈ ਗਈ। ਬੱਚਿਆਂ ਨੂੰ ਸਵੇਰ ਦੇ ਨਾਸ਼ਤੇ ਅਤੇ ਦੁਪਹਿਰ ਦੇ ਖਾਣੇ ਵਿਚ ਉਨ੍ਹਾਂ ਦੀ ਮਨਪਸੰਦ ਦੇ ਖਾਣੇ ਸੈਂਡਵਿਚ, ਪੀਜ਼ਾ, ਜੂਸ ਵਗੈਰਾ ਪਰੋਸੇ ਗਏ। ਹਰਮਨਜੋਤ ਕੌਰ ਬੈਂਸ, ਸੁਖਮਿੰਦਰ ਸਿੰਘ, ਭੁਪਿੰਦਰ ਸਿੰਘ, ਪਰਮਜੀਤ ਸਿੰਘ ਐਵਰੈਸਟ ਅਤੇ ਹੋਰ ਵਾਲੰਟੀਅਰਾਂ ਨੇ ਇਸ ਕੈਂਪ ਵਿਚ ਸਹਿਯੋਗ ਦਿੱਤਾ।

**SUPER TRAVEL**
847-676-9090, 773-465-5566
*E-mail: supertravel2003@yahoo.com*
*Lowest Fares With Excellent Service*
*AMERICAN AIR, CONTINENTAL AIR*

*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250

**ਕੱਰੀ ਸ਼ੈਫ ਦੀ ਲੋੜ ਹੈ**
ਐਲਾਮੀਡਾ, ਕੈਲੀਫੋਰਨੀਆ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਸ਼ੈਫ ਦੀ ਲੋੜ ਹੈ। 5 ਸਾਲ ਦਾ ਤਜ਼ਰਬਾ ਜ਼ਰੂਰੀ
ਵਧੀਆ ਤਨਖਾਹ ਅਤੇ ਹੋਰ ਸਹੂਲਤਾਂ
ਸੰਪਰਕ ਕਰੋ: 510-421-3849

**ਜਾਇਦਾਦ ਦੀ ਖਰੀਦ-ਵੇਚ**
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੂਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

**MRP TRAVEL**
*Lowest International and Domestic Fares*
ARC FLY ANY AIRLINE OF YOUR CHOICE IATA
*Providing the lowest Airfare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
*CST: 2097308-40*
*Passport & Visa services also available*

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
*India Vacation tour package also available.*

**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**
**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*
ਸੰਪਰਕ ਕਰੋ: ਪਾਲ ਫੋਨ 1-800-705-3863
**Trucking Companies-Improve Your Cash Flow**
*Low Rates *One-Time Discounts *No Minimums
**Call Paul at 1-800-705-3863**
**Transportation Funding Group, Inc.**
Minneapolis , MN 55426

**Short Sale Specialist**
**Do you want to sell your home**
*Sacramento, Stockton, Roseville area prices are on rise.*

Sohanpreet (Sam) Chahal
CA Lic. 01504071
Realtor/Notary Public
email:samchahal@hotmail.com
**Please call me to find out value of your home.**
Listing: 4 bed, 2 bath in Stockton $189,000
If you want to Buy or Sell
*Call: Sohanpreet ‘Sam’ Chahal*
**@916-612-5773**
visit: www.hudhomestore.com
Serving from Bay Area to Sacramento
**Multi-Million Dollars Producer-2007 to 2011**
ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ
**Golden State Realty**
Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707


# ਸਰਕਾਰ ਨੇ ਖਰਚੇ-ਪਾਣੀ ਲਈ ਲਾਇਆ ਜਾਇਦਾਦਾਂ ਨੂੰ ਵਾਢਾ

## ਅੱਠ ਮਹੀਨਿਆਂ 'ਚ ਦੋ ਹਜ਼ਾਰ ਕਰੋੜ ਦਾ ਕਰਜ਼ਾ

**ਚੰਡੀਗੜ੍ਹ:** ਪੰਜਾਬ ਸਰਕਾਰ ਇਨ੍ਹੀਂ ਦਿਨੀਂ ਦਿਲ ਖੋਲ੍ਹ ਕੇ ਕਰਜ਼ਾ ਚੁੱਕ ਰਹੀ ਹੈ ਤੇ ਇਸ ਬਦਲੇ ਸੂਬੇ ਦੀ ਸਰਕਾਰੀ ਸੰਪਤੀ ਨੂੰ ਗਹਿਣੇ ਧਰਿਆ ਜਾ ਰਿਹਾ ਹੈ। ਲੰਘੇ ਅੱਠ ਮਹੀਨਿਆਂ ਵਿਚ ਪੰਜ ਬੈਂਕਾਂ ਤੋਂ ਦੋ ਪੜਾਵਾਂ ਵਿਚ ਦੋ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਗਿਆ ਹੈ। ਪੁੱਡਾ ਵੱਲੋਂ ਪੰਜਾਬ ਦੇ ਵੱਡੇ ਸ਼ਹਿਰਾਂ ਦੀਆਂ 14 ਸਰਕਾਰੀ ਜਾਇਦਾਦਾਂ ਨੂੰ ਗਹਿਣੇ ਧਰਕੇ ਬੈਂਕਾਂ ਤੋਂ ਕਰਜ਼ ਲੈ ਕੇ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾਇਆ ਗਿਆ ਹੈ।

ਪੁੱਡਾ ਨੇ ਇਸ ਕਰਜ਼ ਲਈ ਉਨ੍ਹਾਂ ਜਾਇਦਾਦਾਂ ਨੂੰ ਗਹਿਣੇ ਰੱਖਿਆ ਹੈ ਜੋ ਸਰਕਾਰ ਨੇ ਪੁੱਡਾ ਹਵਾਲੇ ਵੇਚਣ ਲਈ ਕੀਤੀਆਂ ਸਨ। ਪੁੱਡਾ ਵੱਲੋਂ ਆਰ.ਟੀ.ਆਈ ਤਹਿਤ ਜੋ ਵੇਰਵੇ ਦਿੱਤੇ ਗਏ ਹਨ, ਉਨ੍ਹਾਂ ਵਿਚ ਇਹ ਤੱਥ ਜ਼ਾਹਰ ਹੋਏ ਹਨ ਕਿ ਪੁੱਡਾ ਨੇ 18 ਮਾਰਚ, 2013 ਤੋਂ ਹੀ ਬੈਂਕਾਂ ਤੋਂ ਕਰਜ਼ਾ ਲੈਣਾ ਸ਼ੁਰੂ ਕਰ ਦਿੱਤਾ ਸੀ। ਇਕੱਲੇ ਮਾਰਚ ਮਹੀਨੇ ਵਿਚ ਹੀ ਇਕ ਹਜ਼ਾਰ ਕਰੋੜ ਦਾ ਕਰਜ਼ਾ ਚੁੱਕਿਆ ਗਿਆ ਜਦੋਂ ਕਿ ਲੰਘੇ ਤਿੰਨ ਮਹੀਨਿਆਂ ਵਿਚ ਦੂਸਰੇ ਪੜਾਅ ਤਹਿਤ ਇਕ ਹਜ਼ਾਰ ਕਰੋੜ ਦਾ ਹੋਰ ਕਰਜ਼ਾ ਚੁੱਕਿਆ ਗਿਆ ਹੈ। ਇਹ ਕਰਜ਼ ਕਿਨ੍ਹਾਂ ਕੰਮਾਂ ਵਾਸਤੇ ਲਿਆ ਗਿਆ ਤੇ ਕਿਥੇ-ਕਿਥੇ ਵਰਤਿਆ ਗਿਆ, ਇਸ ਦੀ ਸੂਚਨਾ ਨਹੀਂ ਦਿੱਤੀ ਗਈ ਹੈ।

ਇਕੱਲੀ ਕੇਨਰਾ ਬੈਂਕ ਤੋਂ ਹੀ ਦੋ ਪੜਾਵਾਂ ਵਿਚ 18 ਮਾਰਚ ਤੇ 23 ਅਗਸਤ 2013 ਨੂੰ 750 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ ਜਦੋਂਕਿ ਬੈਂਕ ਆਫ਼ ਇੰਡੀਆ ਤੋਂ 30 ਸਤੰਬਰ ਤੇ 15 ਅਕਤੂਬਰ, 2013 ਨੂੰ 500 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ। ਇਸੇ ਤਰ੍ਹਾਂ ਪੰਜਾਬ ਐਂਡ ਸਿੰਧ ਬੈਂਕ ਤੋਂ 28 ਮਾਰਚ, 2013 ਨੂੰ 400 ਕਰੋੜ, ਬੈਂਕ ਆਫ਼ ਬੜੌਦਾ ਤੋਂ 28 ਮਾਰਚ 2013 ਨੂੰ 250 ਕਰੋੜ ਰੁਪਏ ਤੇ ਆਂਧਰਾ ਬੈਂਕ ਤੋਂ 26 ਮਾਰਚ 2013 ਨੂੰ 100 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਗਿਆ ਹੈ। ਸਰਕਾਰੀ ਸੂਚਨਾ ਵਿਚ ਦੱਸਿਆ ਗਿਆ ਹੈ ਕਿ ਓ.ਯੂ.ਵੀ.ਜੀ.ਐਲ ਸਕੀਮ ਅਧੀਨ ਪੁੱਡਾ ਨੂੰ ਤਬਦੀਲ ਹੋਈਆਂ ਜ਼ਮੀਨਾਂ ਦੀ ਕੀਮਤ ਬਦਲੇ ਵੱਖ-ਵੱਖ ਬੈਂਕਾਂ ਤੋਂ ਇਹ ਦੋ ਹਜ਼ਾਰ ਕਰੋੜ ਦਾ ਕਰਜ਼ਾ ਲੈ ਕੇ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾਇਆ ਗਿਆ ਹੈ।




ਵੱਡੀ ਗੱਲ ਇਹ ਹੈ ਕਿ ਪੁੱਡਾ ਨੇ ਕਰਜ਼ੇ ਲਈ ਬੁਢਲਾਡਾ ਤੇ ਜਗਰਾਓਂ ਦਾ ਪੁੱਡਾ ਇਨਕਲੇਵ ਵੀ ਗਿਰਵੀ ਕਰ ਦਿੱਤਾ ਹੈ। ਪੁੱਡਾ ਵੱਲੋਂ ਸੂਗਰ ਮਿੱਲਾਂ ਦੀ ਜਗ੍ਹਾ ਇਹ ਕਲੋਨੀਆਂ ਵਸਾਈਆਂ ਗਈਆਂ ਸਨ। ਇਹ ਦੋਵੇਂ ਕਲੋਨੀਆਂ ਹੁਣ ਕੇਨਰਾ ਬੈਂਕ ਕੋਲ ਗਿਰਵੀ ਹਨ। ਇਸੇ ਤਰ੍ਹਾਂ ਬੈਂਕ ਆਫ਼ ਇੰਡੀਆ ਕੋਲ ਕਰਜ਼ ਲਈ ਲੁਧਿਆਣਾ ਦੀ ਪੁਰਾਣੀ ਜ਼ਿਲ੍ਹਾ ਕਚਹਿਰੀ, ਪਟਿਆਲਾ ਦੀ ਛੋਟੀ ਬਾਰਾਂਦਰੀ ਸਾਈਟ ਤੇ ਅੰਮ੍ਰਿਤਸਰ ਦਾ ਕੈਨਾਲ ਰੈਸਟ ਹਾਊਸ ਗਿਰਵੀ ਕੀਤਾ ਗਿਆ ਹੈ। ਕੇਨਰਾ ਬੈਂਕ ਕੋਲ ਪਟਿਆਲਾ ਦੀ ਦੇਵੀਗੜ੍ਹ ਡਿਵੀਜ਼ਨ, ਰਾਜਪੁਰਾ ਕਲੋਨੀ, ਪਬਲਿਕ ਹੈਲਥ ਸਾਈਟ (ਸਾਹਮਣੇ ਫੁਹਾਰਾ ਚੌਂਕ) ਗਿਰਵੀ ਰੱਖੀ ਗਈ ਹੈ। ਪੰਜਾਬ ਐਂਡ ਸਿੰਧ ਬੈਂਕ ਕੋਲ ਲੁਧਿਆਣਾ ਦਾ ਗਰੀਨ ਪਾਰਕ ਇਨਕਲੇਵ (ਕੈਨਾਲ ਕਲੋਨੀ), ਜਲੰਧਰ ਦੀ ਜੇਲ੍ਹ ਸਾਈਟ, ਅੰਮ੍ਰਿਤਸਰ ਦੀ ਮੈਂਟਲ ਹਸਪਤਾਲ ਸਾਈਟ ਗਿਰਵੀ ਰੱਖੀ ਗਈ ਹੈ। ਆਂਧਰਾ ਬੈਂਕ ਤੋਂ ਅੰਮ੍ਰਿਤਸਰ ਦੀ ਰਣਜੀਤ ਐਵੇਨਿਊ ਸਾਈਟ ਨੂੰ ਗਿਰਵੀ ਰੱਖ ਕੇ ਕਰਜ਼ਾ ਚੁੱਕਿਆ ਗਿਆ ਹੈ।

ਬੈਂਕ ਆਫ਼ ਬੜੌਦਾ ਕੋਲ ਜਲੰਧਰ ਦੇ ਪੁਰਾਣੇ ਡੀ.ਸੀ, ਐਸ.ਐਸ.ਪੀ ਦਫ਼ਤਰ ਸਾਈਟ ਅਤੇ ਗਾਂਧੀ ਵਨੀਤਾ ਆਸ਼ਰਮ ਸਾਈਟ ਨੂੰ ਗਿਰਵੀ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਪ੍ਰਾਪਰਟੀ ਦੇ ਕਾਰੋਬਾਰ ਵਿਚ ਮੰਦਾ ਹੋਣ ਕਰਕੇ ਸਰਕਾਰੀ ਜਾਇਦਾਦਾਂ ਵੇਚਣ ਵਿਚ ਵੀ ਮੁਸ਼ਕਲ ਆ ਰਹੀ ਹੈ ਜਿਸ ਕਰਕੇ ਇਨ੍ਹਾਂ ਜਾਇਦਾਦਾਂ 'ਤੇ ਨਾਲੋ-ਨਾਲ ਕਰਜ਼ਾ ਚੁੱਕਣਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਬਾਰੇ ਪੁੱਡਾ ਦੇ ਮੁੱਖ ਪ੍ਰਸ਼ਾਸਕ ਮਨਵੇਸ਼ ਸਿੰਘ ਸਿੱਧੂ ਦਾ ਕਹਿਣਾ ਸੀ ਕਿ ਪੁੱਡਾ ਨੇ ਦੋ ਹਜ਼ਾਰ ਕਰੋੜ ਦਾ ਕਰਜ਼ਾ ਸਰਕਾਰੀ ਸੰਪਤੀ ਬਦਲੇ ਸਰਕਾਰ ਨੂੰ ਲੈ ਕੇ ਦਿੱਤਾ ਹੈ। ਇਹ ਕਰਜ਼ਾ 10 ਸਾਲਾਂ ਵਿਚ ਵਾਪਸ ਕਰਨਾ ਹੈ। ਇਹ ਕਰਜ਼ ਕਿਥੇ ਵਰਤਿਆ ਜਾਣਾ ਹੈ, ਇਸ ਦਾ ਵਿੱਤ ਵਿਭਾਗ ਨੂੰ ਪਤਾ ਹੋਵੇਗਾ।

# ਬਾਦਲ ਸਰਕਾਰ ਲਈ ਮੁਸੀਬਤ ਬਣੇ ਸ਼ਾਮਲਾਟ ਜ਼ਮੀਨਾਂ 'ਤੇ ਕਬਜ਼ੇ

**ਚੰਡੀਗੜ੍ਹ:** ਪੰਜਾਬ ਵਿਚ ਸ਼ਾਮਲਾਤ ਤੇ ਹੋਰ ਸਰਕਾਰੀ ਤੇ ਸਾਂਝੀਆਂ ਜ਼ਮੀਨਾਂ ਉਤੇ ਗ਼ੈਰ-ਕਾਨੂੰਨੀ ਕਬਜ਼ੇ ਸੂਬਾ ਸਰਕਾਰ ਲਈ ਗਲੇ ਦੀ ਹੱਡੀ ਬਣਦੇ ਜਾ ਰਹੇ ਹਨ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਵੀ ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਡਿਪਟੀ ਕਮਿਸ਼ਨਰਾਂ ਤੇ ਹੋਰ ਮਾਲੀਆ ਅਫ਼ਸਰਾਂ ਹਵਾਲੇ ਕਰਨ 'ਤੇ ਸਵਾਲ ਖੜ੍ਹੇ ਕਰਦਿਆਂ ਪੁੱਛਿਆ ਹੈ ਕਿ ਸੂਬਾ ਸਰਕਾਰ ਨੂੰ ਇਸ ਅਤਿ ਹਾਈਪ੍ਰੋਫਾਈਲ ਮਾਮਲੇ ਦੀ ਜਾਂਚ ਬਾਰੇ ਸੁਪਰੀਮ ਕੋਰਟ ਤੋਂ ਸੇਵਾਮੁਕਤ ਹੋਏ ਸੀਨੀਅਰ ਜੱਜ ਨਾਲੋਂ ਆਪਣੀ ਅਫਸਰਸ਼ਾਹੀ 'ਤੇ ਵੱਧ ਭਰੋਸਾ ਕਿਉਂ ਹੈ?

ਪੰਜਾਬ ਸਰਕਾਰ ਦੀ ਇਸ ਮਾਮਲੇ ਨੂੰ ਲੈ ਕੇ ਦੋਹਰੇ ਮਾਪਦੰਡ ਅਪਣਾਉਣ ਲਈ ਖਿਚਾਈ ਕਰਦਿਆਂ ਬੈਂਚ ਨੇ ਕਿਹਾ ਕਿ ਇਕ ਪਾਸੇ ਤਾਂ ਹਾਈਕੋਰਟ ਵੱਲੋਂ ਨਾਮਜ਼ਦ ਕੀਤੇ ਗਏ ਜਸਟਿਸ (ਸੇਵਾਮੁਕਤ) ਕੁਲਦੀਪ ਸਿੰਘ ਦੀ ਅਗਵਾਈ ਵਾਲੇ ਪੈਨਲ ਦੇ ਗਠਨ ਨੂੰ ਹੀ ਪੰਜਾਬ ਸਰਕਾਰ ਨੇ ਗੈਰ-ਸੰਵਿਧਾਨਕ ਦੱਸਦੇ ਹੋਏ ਇਸ ਖ਼ਿਲਾਫ਼ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੋਈ ਹੈ ਤੇ ਦੂਜੇ ਪਾਸੇ ਆਪਣੇ ਪੱਧਰ 'ਤੇ ਹੀ ਇਕ ਉੱਚ ਪੱਧਰੀ ਜਾਂਚ ਕਮੇਟੀ ਦੇ ਗਠਨ ਦਾ ਫ਼ੈਸਲਾ ਕਰ ਲਿਆ ਹੈ।

ਹਾਈਕੋਰਟ ਨੇ ਸੂਬਾ ਸਰਕਾਰ ਨੂੰ ਇਸ ਪਿੱਛੇ ਆਪਣੇ ਮਨਸ਼ੇ ਨੂੰ ਸਪਸ਼ਟ ਕਰਨ ਲਈ ਆਪਣਾ ਜਵਾਬ ਦੋ ਹਫਤਿਆਂ ਵਿਚ ਦਾਇਰ ਕਰਨ ਲਈ ਕਿਹਾ ਹੈ। ਇਸ ਪੈਨਲ ਬਾਰੇ ਸਮਾਂ ਵਧਾਉਣ ਦੇ ਕੇਸ ਦੀ ਸੁਣਵਾਈ ਮੌਕੇ ਹਾਈਕੋਰਟ ਨੇ ਇਹ ਵੀ ਹਵਾਲਾ ਲਿਆ ਕਿ ਜਸਟਿਸ ਕੁਲਦੀਪ ਸਿੰਘ ਪੈਨਲ ਵੱਲੋਂ ਪਹਿਲਾਂ ਹੀ ਪੰਜਾਬ ਵਿਚ ਸ਼ਾਮਲਾਤ ਤੇ ਪੰਚਾਇਤੀ ਜ਼ਮੀਨਾਂ ਉਤੇ ਰਸੂਖਵਾਨਾਂ ਦੇ ਨਾਜਾਇਜ਼ ਕਬਜ਼ਿਆਂ ਤੇ ਹੋਰ ਭ੍ਰਿਸ਼ਟ ਕਾਰਵਾਈਆਂ ਦਾ ਖ਼ੁਲਾਸਾ ਕਰਦਿਆਂ ਦੋ ਬੜੀਆਂ ਹੀ ਅਹਿਮ ਤੇ ਅੰਤਰਿਮ ਜਾਂਚ ਰਿਪੋਰਟਾਂ ਹਾਈਕੋਰਟ ਦੇ ਸਪੁਰਦ ਕੀਤੀਆਂ ਜਾ ਚੁੱਕੀਆਂ ਹਨ।

ਜ਼ਿਕਰਯੋਗ ਹੈ ਪੰਜਾਬ ਸਰਕਾਰ ਵੱਲੋਂ ਇਸੇ 19 ਨਵੰਬਰ ਨੂੰ ਹੀ ਪਿੰਡਾਂ ਦੀਆਂ ਸ਼ਾਮਲਾਟ ਤੇ ਪੰਚਾਇਤੀ ਜ਼ਮੀਨਾਂ ਬਾਰੇ ਕੇਸਾਂ ਦੇ ਛੇਤੀ ਨਿਪਟਾਰੇ ਲਈ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਮਹੀਨਾਵਾਰ ਮੀਟਿੰਗ ਕਰਨ ਦੇ ਹੁਕਮ ਦਿੱਤੇ ਗਏ ਹਨ ਜਿਸ ਤਹਿਤ ਡਿਪਟੀ ਕਮਿਸ਼ਨਰਾਂ ਦੇ ਨਾਲ-ਨਾਲ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਧਿਕਾਰੀ, ਜ਼ਿਲ੍ਹਾ ਮਾਲ ਅਧਿਕਾਰੀ, ਤਹਿਸੀਲਦਾਰ ਤੇ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀਆਂ ਨੂੰ ਵੀ ਇਸ ਜਾਂਚ ਵਿਚ ਹਿੱਸਾ ਲੈਣ ਲਈ ਕਿਹਾ ਗਿਆ।

# ਵਿਦਿਆਰਥੀਆਂ ਨੂੰ ਦਿੱਤਾ ਲੈਪਟੌਪ ਦਾ ਲਾਲੀਪੌਪ!

**ਚੰਡੀਗੜ੍ਹ:** ਆਪਣੇ ਦੂਜੇ ਕਾਰਜਕਾਲ ਵਿਚ 20 ਮਹੀਨੇ ਸੱਤਾ ਦਾ ਸੁੱਖ ਭੋਗ ਚੁੱਕੀ ਅਕਾਲੀ-ਭਾਜਪਾ ਸਰਕਾਰ ਅਜੇ ਤੱਕ ਆਮ ਆਦਮੀ ਤੇ ਮੁਲਾਜ਼ਮਾਂ ਦੇ ਨਾਲ-ਨਾਲ ਸਕੂਲੀ ਵਿਦਿਆਰਥੀਆਂ ਨੂੰ ਲਾਰਿਆਂ ਵਿਚ ਰੱਖਣ ਵਿਚ ਸਫਲ ਰਹੀ ਹੈ। ਵਿਧਾਨ ਸਭਾ ਚੋਣਾਂ ਵਿਚ ਸਰਕਾਰ ਨੇ ਗਿਆਰਵੀਂ ਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਲੈਪਟੌਪ ਦੇਣ ਦਾ ਵਾਅਦਾ ਕੀਤਾ ਸੀ ਪਰ ਲੈਪਟੌਪ ਉਡੀਕਦੇ-ਉਡੀਕਦੇ ਇਹ ਬੱਚੇ ਸਕੂਲ ਵੀ ਛੱਡ ਕੇ ਜਾ ਚੁੱਕੇ ਹਨ।

2012 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨਾਲ ਇਹ ਵਾਅਦਾ ਕੀਤਾ ਸੀ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣਦੀ ਹੈ ਤਾਂ ਉਹ ਦੋਵਾਂ ਜਮਾਤਾਂ ਵਿਚ ਪੜ੍ਹਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਲੈਪਟੌਪ ਦੇਵੇਗੀ। ਸਰਕਾਰ ਬਣੀ ਨੂੰ ਹੁਣ ਜਦੋਂ ਦੂਜਾ ਸਾਲ ਵੀ ਬੀਤਣ ਵਾਲਾ ਹੈ ਤਾਂ ਪਿਛਲੇ ਸਾਲ ਬਾਰ੍ਹਵੀਂ ਦੇ ਡੇਢ ਲੱਖ ਵਿਦਿਆਰਥੀ ਲੈਪਟੌਪ ਉਡੀਕਦੇ-ਉਡੀਕਦੇ ਕਾਲਜਾਂ ਵਿਚ ਚਲੇ ਗਏ। ਇਸੇ ਤਰ੍ਹਾਂ ਹੀ ਮੌਜੂਦਾ ਵਿਦਿਅਕ ਵਰ੍ਹੇ ਦੌਰਾਨ ਵੀ 1.05 ਲੱਖ ਬੱਚੇ ਬਾਰ੍ਹਵੀਂ ਪਾਸ ਕਰਕੇ ਜਾਣ ਦੀ ਤਿਆਰੀ ਵਿਚ ਹਨ।

ਅਕਾਲੀ-ਭਾਜਪਾ ਸਰਕਾਰ ਨੇ ਬਜਟ ਦੌਰਾਨ ਸਿਰਫ ਬਾਰ੍ਹਵੀਂ ਦੇ ਬੱਚਿਆਂ ਨੂੰ ਹੀ ਲੈਪਟੌਪ ਦੀ ਥਾਂ 'ਤੇ ਟੈਬਲਟ ਕੰਪਿਊਟਰ ਦੇਣ ਲਈ ਬਜਟ ਪਾਸ ਕੀਤਾ ਸੀ ਪਰ ਵਿਰੋਧੀ ਧਿਰ ਵੱਲੋਂ ਇਸ ਦੀ ਕੀਤੀ ਗਈ ਤਿੱਖੀ ਆਲੋਚਨਾ ਨੇ ਸਰਕਾਰ ਨੂੰ ਮਜਬੂਰ ਕਰ ਦਿੱਤਾ ਸੀ। ਉਸ ਨੂੰ ਗਿਆਰਵੀਂ ਦੇ ਬੱਚਿਆਂ ਲਈ ਵੀ ਟੈਬਲਟ ਦੇਣ ਦਾ ਐਲਾਨ ਕਰਨਾ ਪਿਆ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਇਹ ਦਾਅਵੇ ਕਰਦੇ ਆ ਰਹੇ ਹਨ ਕਿ ਮੌਜੂਦਾ ਵਿੱਤੀ ਸਾਲ ਦੌਰਾਨ ਵਿਦਿਆਰਥੀਆਂ ਨੂੰ ਟੈਬਲਟ ਕੰਪਿਊਟਰ ਸੌਂਪ ਦਿੱਤੇ ਜਾਣਗੇ ਪਰ ਸਿੱਖਿਆ ਵਿਭਾਗ ਇਸ ਗੱਲ ਤੋਂ ਪੂਰੀ ਤਰ੍ਹਾਂ ਬੇਖਬਰ ਹੈ।

ਸਿੱਖਿਆ ਵਿਭਾਗ ਦੇ ਸੂਤਰਾਂ ਮੁਤਾਬਕ ਸਰਕਾਰ ਟੈਬਲਟ ਕੰਪਿਊਟਰ ਵੰਡਣ ਦਾ ਕੰਮ ਇਸ ਕਰਕੇ ਲਟਕਾ ਰਹੀ ਹੈ ਕਿਉਂਕਿ ਕੇਂਦਰ ਸਰਕਾਰ ਨੇ ਦੇਸ਼ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਇਹ ਟੈਬਲਟ ਦੇਣੇ ਹਨ। ਸੂਬਾ ਸਰਕਾਰ ਇਸ ਉਡੀਕ ਵਿਚ ਦੱਸੀ ਜਾ ਰਹੀ ਹੈ ਕਿ ਜਿਉਂ ਹੀ ਕੇਂਦਰ ਸਰਕਾਰ ਇਹ ਟੈਬਲਟ ਵੰਡਣੇ ਸ਼ੁਰੂ ਕਰੇਗੀ ਤਾਂ ਉਹ ਆਪਣੀ 'ਸਕੀਮ' ਵੀ ਲੋਕਾਂ ਸਾਹਮਣੇ ਲੈ ਆਉਣਗੇ। ਇਸ ਬਾਰੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਦੱਸਿਆ ਕਿ ਜਿਹੜੇ ਟੈਬਲਟ ਕੰਪਿਊਟਰ ਮਾਰਕੀਟ ਵਿਚ ਉਪਲਬਧ ਹਨ ਉਹ ਉਨ੍ਹਾਂ ਨੂੰ ਪਸੰਦ ਨਹੀਂ ਹਨ। ਅਕਾਸ਼ ਟੈਬਲਟ ਬਾਰੇ ਵਿਚਾਰ ਚੱਲ ਰਹੀ ਹੈ ਜੋ ਕਿ ਕਈ ਪੱਖਾਂ ਤੋਂ ਵਧੀਆ ਹੈ।

# ਪੰਜਾਬ ਸਰਕਾਰ ਕਰੇਗੀ 12 ਸਾਹਿਤਕਾਰਾਂ ਦਾ ਸਨਮਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਰਾਮਪੁਰਾ ਫੂਲ (ਬਠਿੰਡਾ) ਵਿਚ ਸੱਤ ਦਸੰਬਰ ਨੂੰ 'ਪੰਜਾਬੀ ਹਫ਼ਤੇ' ਦੇ ਸਮਾਪਤੀ ਸਮਾਗਮ ਮੌਕੇ ਤਿੰਨਾਂ ਭਾਸ਼ਾਵਾਂ ਦੇ 12 ਸਾਹਿਤਕਾਰਾਂ ਨੂੰ 'ਸਾਹਿਤਕ ਪੁਸਤਕ ਪੁਰਸਕਾਰ-2012' ਨਾਲ ਨਿਵਾਜਿਆ ਜਾਵੇਗਾ। ਸਰਕਾਰੀ ਬੁਲਾਰੇ ਅਨੁਸਾਰ ਪੰਜਾਬੀ ਜ਼ਬਾਨ ਦੀਆਂ ਸੱਤ, ਹਿੰਦੀ ਦੀਆਂ ਤਿੰਨ ਤੇ ਉਰਦੂ ਦੀਆਂ ਦੋ ਕਿਤਾਬਾਂ ਸਰਵੋਤਮ ਪੁਰਸਕਾਰਾਂ ਲਈ ਚੁਣੀਆਂ ਗਈਆਂ ਹਨ।

ਪੰਜਾਬੀ ਭਾਸ਼ਾ ਵਰਗ ਵਿਚ ਸਾਹਿਤਕਾਰ ਡਾ. ਮਨਮੋਹਨ ਸਿੰਘ ਦਾਉਂ ਨੂੰ ਉਨ੍ਹਾਂ ਦੀ ਪੁਸਤਕ 'ਸ਼ਾਇਰ ਸਾਗਰ' ਲਈ 'ਗੁਰਮੁਖ ਸਿੰਘ ਮੁਸਾਫ਼ਰ ਪੁਰਸਕਾਰ' ਨਾਲ ਨਿਵਾਜਿਆ ਜਾਵੇਗਾ। ਸਾਹਿਤਕਾਰ ਨਿੰਦਰ ਘੁੰਗਿਆਣਵੀ ਨੂੰ ਪੁਸਤਕ 'ਵੱਡਿਆਂ ਦੀ ਸੱਥ' (ਜੀਵਨ-ਟੀਕਾਕਾਰੀ-ਕੋਸ਼ਕਾਰੀ ਖੇਤਰ) ਲਈ 'ਭਾਈ ਵੀਰ ਸਿੰਘ ਪੁਰਸਕਾਰ' ਨਾਲ, ਸਰਬਜੀਤ ਸਿੰਘ ਵਿਰਦੀ ਨੂੰ ਪੁਸਤਕ 'ਗੀਤਾਂ ਦਾ ਕਾਫ਼ਲਾ' (ਸੰਪਾਦਨ ਖੇਤਰ) ਲਈ 'ਪ੍ਰਿੰਸੀਪਲ ਤੇਜਾ ਸਿੰਘ ਪੁਰਸਕਾਰ', ਸਾਹਿਤਕਾਰ ਆਤਮਾ ਸਿੰਘ ਰੰਧਾਵਾ ਨੂੰ ਪੁਸਤਕ 'ਸ਼ਬਦ-ਸਿਧਾਂਤ ਤੇ ਸੰਵਾਦ' (ਆਲੋਚਨਾ ਖੇਤਰ) ਲਈ 'ਡਾ. ਅਤਰ ਸਿੰਘ ਪੁਰਸਕਾਰ', ਪ੍ਰੋ. ਹਰਪਾਲ ਸਿੰਘ ਪੰਨੂੰ ਨੂੰ ਪੁਸਤਕ 'ਆਰਟ ਤੋਂ ਬੰਦਗੀ ਤੱਕ' (ਗਿਆਨ ਸਾਹਿਤ) ਲਈ 'ਐਮ.ਐਸ ਰੰਧਾਵਾ ਪੁਰਸਕਾਰ' ਨਾਲ, ਡਾ. ਸਾਹਿਬ ਸਿੰਘ ਨੂੰ ਪੁਸਤਕ 'ਖੰਭਾਂ ਦੀ ਤਲਾਸ਼' (ਨਾਟਕ ਇਕਾਂਗੀ) ਲਈ 'ਈਸ਼ਵਰ ਚੰਦਾ ਨੰਦਾ ਪੁਰਸਕਾਰ', ਡਾ. ਗੁਰਮਿੰਦਰ ਸਿੱਧੂ ਨੂੰ ਪੁਸਤਕ 'ਚੰਦ ਦੀ ਬਰਫ਼ੀ' (ਬਾਲ ਸਾਹਿਤ ਖੇਤਰ) ਲਈ 'ਸ੍ਰੀ ਗੁਰੂ ਹਰਕ੍ਰਿਸ਼ਨ ਪੁਰਸਕਾਰ' ਨਾਲ ਨਿਵਾਜ਼ਿਆ ਜਾਵੇਗਾ।

ਹਿੰਦੀ ਸਾਹਿਤ ਦੇ ਖੇਤਰ ਵਿਚ ਡਾ. ਸ਼ਸ਼ੀ ਪ੍ਰਭਾ ਨੂੰ ਪੁਸਤਕ 'ਬਹੁਤ ਕੁਛ ਅਨੁਤਰਿਤ' ਲਈ 'ਗਿਆਨੀ ਸੰਤ ਸਿੰਘ ਪੁਰਸਕਾਰ', ਸਾਹਿਤਕਾਰ ਯਸ਼ਪਾਲ ਬਾਂਗੀਆਂ ਨੂੰ ਪੁਸਤਕ 'ਵਰਿਸ਼ਟ ਨਾਗਰਿਕ ਅਦਭੁੱਤ ਅਨੁਭਵ' ਲਈ 'ਗਿਆਨੀ ਗਿਆਨ ਸਿੰਘ ਪੁਰਸਕਾਰ' ਤੇ ਵਿਜੈ ਕੁਮਾਰ ਨੂੰ ਪੁਸਤਕ 'ਉਪਕਾਰ ਕਾ ਮੂਲਯ' ਲਈ 'ਬਾਲ ਸਾਹਿਤ ਪੁਰਸਕਾਰ' ਨਾਲ ਸਨਮਾਨਤ ਕੀਤਾ ਜਾਵੇਗਾ। ਉਰਦੂ ਜ਼ਬਾਨ ਦੇ ਖੇਤਰ ਵਿਚ ਫਯਾਜ਼ ਫਾਰੂਖ਼ੀ ਨੂੰ ਪੁਸਤਕ 'ਨਜ਼ਮ ਥੋੜਾ ਸਾ' ਲਈ 'ਸਾਹਿਰ ਲੁਧਿਆਣਵੀ ਪੁਰਸਕਾਰ' ਡਾ. ਮੁਹੰਮਦ ਇਕਬਾਲ ਨੂੰ ਉਨ੍ਹਾਂ ਦੀ ਪੁਸਤਕ 'ਤਨਕੀ-ਓ-ਤਾਅਸੁਰ' ਲਈ 'ਮਹਿਮੂਦ ਸੀਰਾਨੀ ਪੁਰਸਕਾਰ' ਨਾਲ ਨਿਵਾਜਿਆ ਜਾਵੇਗਾ।

# ਸੰਗਰੂਰ ਕੈਂਸਰ ਹਸਪਤਾਲ ਦੇ ਕੰਮ ਨੂੰ ਬਰੇਕਾਂ

## ਪੀ.ਜੀ.ਆਈ. ਨੇ ਪੰਜ ਸੌ ਕਰੋੜ ਮੰਗਿਆ

**ਚੰਡੀਗੜ੍ਹ:** ਸੰਗਰੂਰ ਵਿਚ ਬਣਨ ਵਾਲੇ ਕੈਂਸਰ ਹਸਪਤਾਲ (ਪੀ.ਜੀ.ਆਈ. ਸੈਟੇਲਾਈਟ ਸੈਂਟਰ ਤੇ ਸੁਪਰ ਸਪੈਸ਼ਲਿਟੀ ਹਸਪਤਾਲ) ਦਾ ਕੰਮ ਫਿਲਹਾਲ ਸਿਰੇ ਚੜ੍ਹਦਾ ਨਜ਼ਰ ਨਹੀਂ ਆ ਰਿਹਾ। ਕੇਂਦਰ ਵੱਲੋਂ ਹਸਪਤਾਲ 'ਤੇ ਤਿੰਨ ਸੌ ਕਰੋੜ ਰੁਪਏ ਖਰਚ ਕਰਨ ਦਾ ਐਲਾਨ ਕੀਤਾ ਗਿਆ ਸੀ ਜਦੋਂਕਿ ਪੀ.ਜੀ.ਆਈ ਨੇ ਪੰਜ ਸੌ ਕਰੋੜ ਰੁਪਏ ਦੀ ਮੰਗ ਕੀਤੀ ਹੈ। ਸੂਤਰਾਂ ਮੁਤਾਬਕ ਕੇਂਦਰੀ ਸਿਹਤ ਮੰਤਰਾਲੇ ਤੇ ਪੀ.ਜੀ.ਆਈ. ਦੇ ਅਧਿਕਾਰੀਆਂ ਵਿਚ ਖਰਚੇ ਬਾਰੇ ਹੋਈ ਮੀਟਿੰਗ ਵਿਚ ਪ੍ਰੋਜੈਕਟ 'ਤੇ ਕੰਮ ਸ਼ੁਰੂ ਕਰਨ ਬਾਰੇ ਸਹਿਮਤੀ ਨਹੀਂ ਬਣ ਸਕੀ ਹੈ।

ਉਂਜ ਪੀ.ਜੀ.ਆਈ. ਨੇ ਆਪਣੇ ਪੱਧਰ 'ਤੇ ਕੇਂਦਰ ਨੂੰ ਖਰਚੇ ਦੀ ਰਕਮ ਤਿੰਨ ਸੌ ਕਰੋੜ ਤੋਂ ਵਧਾ ਕੇ ਪੰਜ ਸੌ ਕਰੋੜ ਕਰਨ ਲਈ ਪੱਤਰ ਭੇਜਣ ਦਾ ਵੀ ਫ਼ੈਸਲਾ ਕੀਤਾ ਹੈ। ਭਰੋਸੇਯੋਗ ਸੂਤਰਾਂ ਮੁਤਾਬਕ ਪੀ.ਜੀ.ਆਈ. ਦੇ ਡਿਪਟੀ ਡਾਇਰੈਕਟਰ, ਪ੍ਰਸ਼ਾਸਨ ਤੇ ਸਿਹਤ ਮੰਤਰਾਲੇ ਦੇ ਅਧਿਕਾਰੀਆਂ ਵਿਚ ਪਿਛਲੇ ਦਿਨੀਂ ਦਿੱਲੀ ਵਿਚ ਹੋਈ ਮੀਟਿੰਗ ਮਗਰੋਂ ਕੈਂਸਰ ਹਸਪਤਾਲ ਦੇ ਪ੍ਰੋਜੈਕਟ ਉੱਤੇ ਹਾਲ ਦੀ ਘੜੀ ਕੰਮ ਸ਼ੁਰੂ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਵੀ



ਪਤਾ ਲੱਗਿਆ ਹੈ ਕਿ ਪੀ.ਜੀ.ਆਈ. ਦੀ ਸੀਨੀਅਰ ਫੈਕਲਟੀ ਇਸ ਪ੍ਰੋਜੈਕਟ 'ਤੇ ਕੰਮ ਕਰਨ ਤੋਂ ਟਾਲਾ ਵੱਟ ਰਹੀ ਹੈ।

ਸੰਗਰੂਰ ਵਿਖੇ ਬਣਨ ਵਾਲੇ ਕੈਂਸਰ ਹਸਪਤਾਲ ਦੇ ਸੰਕਲਪ ਬਾਰੇ ਕੇਂਦਰ ਸਰਕਾਰ ਆਪ ਵੀ ਹਨੇਰੇ ਵਿਚ ਹੈ। ਇਸ ਨੂੰ ਕੈਂਸਰ ਹਸਪਤਾਲ ਦੇ ਨਾਲ-ਨਾਲ ਸੁਪਰ ਸਪੈਸ਼ਲਿਟੀ ਦਾ ਨਾਂ ਤਾਂ ਦੇ ਦਿੱਤਾ ਗਿਆ ਹੈ ਪਰ ਇਥੇ ਬਣਾਏ ਜਾਣ ਵਾਲੇ ਵਿਭਾਗਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਇਥੋਂ ਤੱਕ ਕਿ ਇਹ ਵੀ ਸਪੱਸ਼ਟ ਨਹੀਂ ਹੈ ਕਿ ਕੈਂਸਰ ਨਾਲ ਸਬੰਧਤ ਹੋਰ ਬਿਮਾਰੀਆਂ ਦੇ ਇਲਾਜ ਤੇ ਜਾਂਚ ਦੀ ਵੀ ਇਸ ਹਸਪਤਾਲ ਵਿਚ ਸਹੂਲਤ ਹੋਵੇਗੀ ਕਿ ਨਹੀਂ।

ਦੂਜੇ ਪਾਸੇ ਪੀ.ਜੀ.ਆਈ. ਦੇ ਡਾਇਰੈਕਟਰ ਨੇ ਪ੍ਰੋਜੈਕਟ ਬਾਰੇ ਸੀਨੀਅਰ ਫੈਕਲਟੀ ਦੀ ਸਲਾਹ ਲੈਣ ਲਈ 15 ਦਸੰਬਰ ਨੂੰ ਮੀਟਿੰਗ ਸੱਦੀ ਹੈ। ਸੰਗਰੂਰ ਵਿਖੇ ਬਣਨ ਵਾਲੇ ਕੈਂਸਰ ਹਸਪਤਾਲ ਦੇ ਨੀਂਹ ਪੱਥਰ ਤੋਂ ਪਰਦਾਕਸ਼ੀ ਦੀ ਰਸਮ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ 11 ਅਕਤੂਬਰ ਨੂੰ ਕੀਤੀ ਸੀ। ਸਮਾਗਮ ਵਿਚ ਕੇਂਦਰੀ ਸਿਹਤ ਮੰਤਰੀ ਗ਼ੁਲਾਮ ਨਬੀ ਆਜ਼ਾਦ ਨੇ ਵੀ ਸ਼ਿਰਕਤ ਕੀਤੀ ਸੀ। ਆਜ਼ਾਦ ਨੇ ਦਾਅਵਾ ਕੀਤਾ ਸੀ ਕਿ ਪਹਿਲੇ ਪੜਾਅ ਵਜੋਂ ਹਸਪਤਾਲ ਤਿੰਨ ਸੌ ਬਿਸਤਿਰਆਂ ਨਾਲ ਸ਼ੁਰੂ ਕੀਤਾ ਜਾਵੇਗਾ ਅਤੇ ਬਾਅਦ ਵਿਚ ਵਧਾ ਕੇ ਪੰਜ ਸੌ ਬਿਸਤਿਰਆਂ ਦਾ ਕਰ ਦਿੱਤਾ ਜਾਵੇਗਾ। ਇਸ ਵਿਚ ਜਿਗਰ ਤੇ ਗੁਰਦਾ ਰੋਗ ਦੇ ਸੁਪਰ ਸਪੈਸ਼ਲਿਟੀ ਵਿਭਾਗ ਹੋਣਗੇ।

# ਪਿੰਡ ਕੈਂਪਰ ਵਿਚ ਕਰਜ਼ੇ ਤੋਂ ਦੁਖੀ ਕਿਸਾਨ ਵੱਲੋਂ ਖ਼ੁਦਕੁਸ਼ੀ

**ਦਿੜ੍ਹਬਾ ਮੰਡੀ:** ਨੇੜਲੇ ਪਿੰਡ ਕੈਂਪਰ ਵਿਚ ਕਰਜ਼ੇ ਦੀ ਮਾਰ ਥੱਲੇ ਆਏ ਕਿਸਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਜੀਵਨ ਲੀਲਾ ਸਮਾਪਤ ਕਰ ਲਈ। ਮਿਲੀ ਜਾਣਕਾਰੀ ਮੁਤਾਬਕ ਪਿੰਡ ਕੈਂਪਰ ਦੇ ਕਿਸਾਨ ਗੁਰਮੇਲ ਸਿੰਘ (50) ਪੁੱਤਰ ਚੰਦ ਸਿੰਘ ਦੇ ਸਿਰ ਸਰਕਾਰੀ ਤੇ ਗੈਰ-ਸਰਕਾਰੀ ਕਰਜ਼ਾ ਹੋਣ ਕਾਰਨ ਉਹ ਕਾਫੀ ਸਮੇਂ ਤੋਂ ਪਰੇਸ਼ਾਨ ਸੀ। ਕਰਜ਼ਾ ਦੇਣ ਤੋਂ ਅਸਮਰੱਥ ਹੋਣ ਕਾਰਨ ਉਸ ਨੇ ਮੌਤ ਨੂੰ ਗਲ ਲਾ ਲਿਆ।

ਗੁਰਮੇਲ ਸਿੰਘ ਦੇ ਪਰਿਵਾਰ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਗੁਰਮੇਲ ਸਿੰਘ ਕਰਜ਼ੇ ਕਾਰਨ ਪਿਛਲੇ ਕਾਫ਼ੀ ਸਮੇਂ ਤੋਂ ਪਰੇਸ਼ਾਨ ਸੀ। ਕਰਜ਼ੇ ਕਾਰਨ ਪਿਛਲੇ ਸਮੇਂ ਪੰਜ ਏਕੜ ਜ਼ਮੀਨ ਵੇਚਣੀ ਪਈ ਸੀ ਪਰ ਆੜ੍ਹਤੀਏ ਦੇ ਕਰਜ਼ੇ ਦੇ ਤਕਰੀਬਨ 30 ਲੱਖ ਰੁਪਏ ਅਜੇ ਵੀ ਸਿਰ ਖੜ੍ਹੇ ਸਨ। ਇਸ ਬਾਰੇ ਅਦਾਲਤ ਵਿਚ ਕੇਸ ਚੱਲ ਰਿਹਾ ਹੈ। ਕੇਸ ਕਾਰਨ ਉਹ ਹੋਰ ਵੀ ਪਰੇਸ਼ਾਨ ਰਹਿਣ ਲੱਗ ਪਿਆ ਸੀ। ਚੇਤੇ ਰਹੇ ਕਿ ਅਜਿਹੇ ਬਹੁਤ ਸਾਰੇ ਕੇਸ ਲਗਾਤਾਰ ਸਾਹਮਣੇ ਆ ਰਹੇ ਹਨ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਰਕਾਰ ਇਸ ਮਸਲੇ ਦਾ ਕੋਈ ਪੱਕਾ ਹੱਲ ਨਹੀਂ ਕੱਢ ਰਹੀ।

## ਡਾ. ਹਰਪਾਲ ਸਿੰਘ ਪੰਨੂ ਦੀ ਪੁਸਤਕ ਨੂੰ ਇਨਾਮ

**ਪਟਿਆਲਾ (ਬਿਊਰੋ):** ਭਾਸ਼ਾ ਵਿਭਾਗ, ਪੰਜਾਬ ਵਲੋਂ ਸਾਲ 2010-11 ਲਈ ਡਾ. ਮਹਿੰਦਰ ਸਿੰਘ ਰੰਧਾਵਾ ਗਿਆਨ ਪੁਰਸਕਾਰ ਡਾ. ਹਰਪਾਲ ਸਿੰਘ ਪੰਨੂ ਦੀ ਵਾਰਤਕ ਪੁਸਤਕ 'ਆਰਟ ਤੋਂ ਬੰਦਗੀ ਤੱਕ' ਨੂੰ ਦਿੱਤਾ ਜਾਏਗਾ।




ਇਹ ਐਲਾਨ ਭਾਸ਼ਾ ਵਿਭਾਗ ਦੀ ਡਾਇਰੈਕਟਰ ਬੀਬੀ ਬਲਬੀਰ ਕੌਰ ਨੇ ਕੀਤਾ ਹੈ।

ਇਸ ਤੋਂ ਪਹਿਲਾਂ 2009-10 ਲਈ ਵੀ ਡਾ. ਪੰਨੂ ਨੂੰ ਉਨ੍ਹਾਂ ਦੀ ਕਿਤਾਬ 'ਗੌਤਮ ਤੋਂ ਤ੍ਰਾਤਸਕੀ ਤੱਕ' ਲਈ ਇਹ ਇਨਾਮ ਮਿਲ ਚੁਕਾ ਹੈ। ਇਹ ਪੁਰਸਕਾਰ ਸਿਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਆਉਂਦੀ 7 ਦਸੰਬਰ ਨੂੰ ਰਾਮਪੁਰਾ ਫੂਲ ਵਿਚੇ ਭੇਂਟ ਕਰਨਗੇ।

## ਹਾਸ਼ਮ ਸ਼ਾਹ ਦੀ ਯਾਦ 'ਚ ਸਭਿਆਚਾਰਕ ਮੇਲਾ



*ਮੇਲੇ ਵਿਚ ਵੱਖ ਵੱਖ ਲੋਕ ਗਾਇਕ ਗੀਤ ਪੇਸ਼ ਕਰਦੇ ਹੋਏ ਅਤੇ ਕਲਾਕਾਰਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ*

**ਚੇਤਨਪੁਰਾ (ਬਿਊਰੋ):** ਸਿਰਮੌਰ ਕਿੱਸਾਕਾਰ ਹਾਸ਼ਮ ਸ਼ਾਹ ਦੀ ਯਾਦ 'ਚ ਪਿੰਡ ਜਗਦੇਵ ਕਲਾਂ ਵਿਚ ਕਰਵਾਏ ਗਏ ਦੋ ਰੋਜ਼ਾ ਅੰਤਰਰਾਸ਼ਟਰੀ ਸਭਿਆਚਾਰਕ ਮੇਲੇ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਗਾਇਕਾਂ ਨੇ ਆਪਣੀ ਗਾਇਕੀ ਦੇ ਰੰਗ ਪੇਸ਼ ਕੀਤੇ, ਉਥੇ ਨਾਲ ਹੀ ਇਕ ਸੈਮੀਨਾਰ, ਇਕ ਡਾਕੂਮੈਂਟਰੀ ਫਿਲਮ ਅਤੇ ਇਕ ਨਾਟਕ ਦੇ ਮੰਚਨ ਰਾਹੀਂ ਸਮਾਜ ਨੂੰ ਲੱਚਰ ਗਾਇਕੀ ਅਤੇ ਮਾਦਾ ਭਰੂਣ ਹੱਤਿਆ ਵਿਰੁਧ ਸੁਨੇਹਾ ਦਿੱਤਾ ਗਿਆ। ਇਹ ਮੇਲਾ ਐਨ.ਆਰ.ਆਈ ਕੁਲਦੀਪ ਸਿੰਘ ਧਾਲੀਵਾਲ ਦੇ ਉਦਮ ਨਾਲ ਕਰਵਾਇਆ ਗਿਆ ਜਿਸ ਵਿਚ ਕੰਵਰ ਗਿੱਲ ਆਸਟ੍ਰੇਲੀਆ, ਖੁਸ਼ਹਾਲ ਸਿੰਘ ਧਾਲੀਵਾਲ, ਅਜੈਪਾਲ ਸਿੰਘ ਧਾਲੀਵਾਲ, ਸੁਖਪਾਲ ਸਿੰਘ ਕੈਨੇਡਾ, ਰਾਜ ਜਰਮਨ, ਹਰਪ੍ਰੀਤ ਸਿੰਘ ਸਪੇਨ, ਬਿਕਰਮ ਸਿੰਘ ਗਿੱਲ ਨੇ ਵਿਸ਼ੇਸ ਯੋਗਦਾਨ ਪਾਇਆ।

ਮੇਲੇ ਦੀ ਸ਼ੁਰੂਆਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਨੇ ਪੰਜ ਪੌਦੇ ਲਾ ਕੇ ਕੀਤੀ। ਇਸ ਮੌਕੇ ਇਕ ਸੈਮੀਨਾਰ ਵੀ ਕਰਵਾਇਆ ਗਿਆ ਜਿਸ 'ਚ ਸਵਰਨ ਸਿੰਘ ਟਹਿਣਾ ਵਲੋਂ ਲੱਚਰ ਗਾਇਕੀ ਬਾਰੇ, ਗੁਰਪ੍ਰੀਤ ਸਿੰਘ ਤੂਰ ਅਤੇ ਡਾ. ਇਕਬਾਲ ਸਿੰਘ, ਤੇ ਭੁਪਿੰਦਰ ਸਿੰਘ ਸੰਧੂ ਨੇ ਭਰੂਣ ਹੱਤਿਆ ਵਿਰੁਧ ਨਾਅਰਾ ਬੁਲੰਦ ਕੀਤਾ। ਕੇਵਲ ਸਿੰਘ ਧਾਲੀਵਾਲ ਦੀ ਟੀਮ ਵਲੋਂ ਨਾਟਕ ਖੇਡਿਆ ਗਿਆ ਅਤੇ ਨਵਤੇਜ ਸੰਧੂ ਵਲੋਂ ਨਿਰਦੇਸ਼ਕ ਡਾਕੂਮੈਂਟਰੀ ਫਿਲਮ 'ਨੂਰਾ' ਵਿਖਾਈ ਗਈ।

ਗਾਇਕੀ ਦੇ ਖੁੱਲੇ ਅਖਾੜੇ ਦੀ ਸ਼ੁਰੂਆਤ ਲੋਕ ਗਾਇਕ ਕਮਲ ਖਾਨ ਨੇ ਆਪਣੇ ਲੋਕਪ੍ਰਿਅ ਗੀਤਾਂ ਰਾਹੀਂ ਕੀਤੀ ਜਿਸ ਪਿਛੋਂ ਸੂਫੀ ਗਾਇਕਾ ਡਾ. ਮਮਤਾ ਜੋਸ਼ੀ, ਗੁਰਮੀਤ ਬਾਵਾ, ਸੁਖਵਿੰਦਰ ਸੁੱਖੀ, ਸੁੱਖੀ ਬਰਾੜ, ਰਾਜ ਤਿਵਾੜੀ, ਦਲਵਿੰਦਰ ਦਿਆਲਪੁਰੀ, ਬਲਰਾਜ ਕੈਨੇਡਾ, ਸੁਖਬੀਰ ਸਿੰਘ ਸੁੱਖ ਕੈਲੀਫੋਰਨੀਆ ਤੇ ਸਤਿੰਦਰ ਕਮਲ ਨੇ ਆਪਣੀ ਗਾਇਕੀ ਰਾਹੀਂ ਸਰੋਤਿਆਂ ਦੀ ਵਾਹ-ਵਾਹ ਖੱਟੀ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਨੇ ਮੇਲੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰੀ ਤੰਤਰ ਦੀ ਸ਼ਹਿ 'ਤੇ ਵਿੱਕ ਰਹੇ ਨਸ਼ਿਆਂ ਕਾਰਨ ਵੱਡੀ ਗਿਣਤੀ ਵਿਚ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਰਹੇ ਹਨ ਤੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇੱਕ ਪਿੰਡ ਵਿਚ ਹੀ 450 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਉਨ੍ਹਾਂ ਸਵਾਲ ਕੀਤਾ ਕਿ ਇਸ ਨੂੰ ਸਰਕਾਰਾਂ ਦੀ ਨਾਲਾਇਕੀ ਨਾ ਕਿਹਾ ਜਾਵੇ ਤਾਂ ਹੋਰ ਕੀ ਕਿਹਾ ਜਾਵੇ? ਉਨ੍ਹਾਂ ਐਲਾਨ ਕੀਤਾ ਕਿ 15 ਦਸੰਬਰ ਨੂੰ ਪਿੰਡ ਜਗਦੇਵ ਕਲਾਂ 'ਚ 'ਪੁੱਤ ਬਚਾਓ ਮੁਹਿੰਮ' ਦਾ ਆਗਾਜ਼ ਕੀਤਾ ਜਾਵੇਗਾ ਜਿਸ ਰਾਹੀਂ ਪੰਜਾਬ ਸਰਕਾਰ ਨੂੰ ਜਗਾਉਣ ਦੀ ਕੋਸਿਸ਼ ਕੀਤੀ ਜਾਵੇਗੀ।

ਕੁਲਦੀਪ ਧਾਲੀਵਾਲ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਨੌਜਵਾਨ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ 'ਪੁੱਤ ਬਚਾਓ ਮੁਹਿੰਮ' ਵਿਚ ਹਰ ਵਿਅਕਤੀ ਨੂੰ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਗਾਇਕ ਕਮਲ ਖਾਨ ਨੂੰ ਹਾਸ਼ਮ ਸ਼ਾਹ ਯਾਦਗਾਰੀ ਅਤੇ ਜਗਦੇਵ ਕਲਾਂ ਦੇ ਜੰਮਪਲ ਕੰਵਰ ਗਿੱਲ ਨੂੰ ਹਰਭਜਨ ਸਿੰਘ ਗਿੱਲ ਯੂ.ਕੇ. ਯਾਦਗਾਰੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।


## ਬਾਦਲ ਖਿਲਾਫ ਸੁਪਰੀਮ ਕੋਰਟ ਜਾਣ ਦਾ ਫੈਸਲਾ

**ਸ਼ਿਕਾਗੋ:** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖ਼ਿਲਾਫ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸ ਨੂੰ ਰੱਦ ਕਰਨ ਦੇ ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਅਮਰੀਕੀ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕਰੇਗੀ।

ਇਥੇ ਅਪੀਲ ਕੋਰਟ ਨੇ ਇਕ ਫੈਡਰਲ ਅਦਾਲਤ ਦੇ ਫੈਸਲੇ ਵਿਰੁਧ ਸਿੱਖਸ ਫਾਰ ਜਸਟਿਸ ਵਲੋਂ ਕੀਤੀ ਗਈ ਅਪੀਲ ਰੱਦ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਫੈਡਰਲ ਅਦਾਲਤ ਨੇ ਜਥੇਬੰਦੀ ਦੇ ਸ. ਬਾਦਲ ਵਿਰੁਧ ਕੇਸ ਇਸ ਆਧਾਰ 'ਤੇ ਰੱਦ ਕਰ ਦਿੱਤਾ ਸੀ ਕਿ ਸੰਮਨਾਂ ਦੀ ਤਾਮੀਲ ਨਹੀਂ ਸੀ ਹੋਈ। ਸੱਤਵੀਂ ਅਮਰੀਕੀ ਅਪੀਲ ਸਰਕਟ ਕੋਰਟ ਦੇ ਜੱਜ ਰਿਚਰਡ ਪੋਜ਼ਨਰ ਵੱਲੋਂ 26 ਨਵੰਬਰ ਨੂੰ ਕੇਸ ਨੂੰ ਰੱਦ ਕਰਦਿਆਂ ਸਿੱਖਸ ਫਾਰ ਜਸਟਿਸ ਨੂੰ ਮੁੱਖ ਮੰਤਰੀ ਬਾਦਲ ਖ਼ਿਲਾਫ਼ ਮੁੜ ਮੁਕੱਦਮਾ ਦਾਇਰ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਜਥੇਬੰਦੀ ਅਮਰੀਕੀ ਅਪੀਲ ਬਾਰੇ ਅਦਾਲਤ ਦੇ ਫ਼ੈਸਲੇ ਦੀ ਸਮੀਖਿਆ ਲਈ ਅਮਰੀਕੀ ਸੁਪਰੀਮ ਕੋਰਟ ਵਿਚ ਇਕ ਰਿਟ ਪਟੀਸ਼ਨ ਦਾਇਰ ਕਰੇਗੀ। ਇਸ ਪਟੀਸ਼ਨ ਵਿਚ ਧਿਰਾਂ ਦੀ ਸੂਚੀ, ਕੇਸ ਦੇ ਤੱਥਾਂ ਬਾਰੇ ਬਿਆਨ, ਸਮੀਖਿਆ ਲਈ ਪੇਸ਼ ਕਾਨੂੰਨੀ ਪ੍ਰਸ਼ਨ ਤੇ ਬਹਿਸ ਦੀ ਮੰਗ ਕੀਤੀ ਜਾਏਗੀ। ਇਸਤਗਾਸਾ ਧਿਰ ਨੂੰ ਅਮਰੀਕੀ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕਰਨ ਲਈ 24 ਫਰਵਰੀ ਤੱਕ ਦਾ ਸਮਾਂ ਦਿੱਤਾ ਗਿਆ ਹੈ।

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com


Punjab Times
Ph: 847-359-0746
Visit us on the web:
punjabtimesusa.com

Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Global Multi Services
1950 E. Miner Ave., Stockton, CA 95205
ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ
ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ
2 steer tire Michellin 22.5 lp for 1150.00 including wheel balancing.



Repair Shop
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।
ਫੋਨ: 209-547-9210
ਫੈਕਸ: 209-547-9211

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop
ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

Registration Services
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996 ਫੈਕਸ: 209-982-9997
e-mail: globalmultiservices123@yahoo.com

ਪੰਜਾਬ ਟਾਈਮਜ਼

*ਸਨਿਚਰਵਾਰ, 7 ਦਸੰਬਰ 2013*

## ਕਬੱਡੀ ਦੀਆਂ ਬਰਕਤਾਂ

ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠ ਚੌਥਾ ਆਲਮੀ ਕਬੱਡੀ ਕੱਪ ਪਿਛਲੇ ਸਾਲ ਨਾਲੋਂ ਵੀ ਵੱਧ ਧੂਮ-ਧੜੱਕੇ ਨਾਲ ਸ਼ੁਰੂ ਹੋਇਆ ਹੈ। ਐਤਕੀਂ ਇਸ ਕੱਪ ਵਿਚ ਭਾਵੇਂ ਪਿਛਲੇ ਸਾਲ ਨਾਲੋਂ ਘੱਟ ਟੀਮਾਂ ਸ਼ਿਰਕਤ ਕਰ ਰਹੀਆਂ ਹਨ, ਫਿਰ ਵੀ ਮੁੰਡਿਆਂ ਦੀਆਂ 12 ਅਤੇ ਕੁੜੀਆਂ ਦੀਆਂ 8 ਟੀਮਾਂ ਦੀ ਸ਼ਿਰਕਤ ਕੋਈ ਘੱਟ ਵੱਡੀ ਪ੍ਰਾਪਤੀ ਨਹੀਂ ਹੈ। ਆਏ ਸਾਲ ਇਸ ਕਬੱਡੀ ਕੱਪ ਦਾ ਪ੍ਰਤਾਪ ਅਸਮਾਨ ਵੱਲ ਉਡਾਣ ਭਰਦਾ ਜਾਪਦਾ ਹੈ। ਐਤਕੀਂ ਪ੍ਰਬੰਧਕਾਂ ਦਾ ਦਾਅਵਾ ਹੈ ਕਿ ਖਿਡਾਰੀਆਂ ਨੂੰ 20 ਕਰੋੜ ਰੁਪਏ ਦੇ ਇਨਾਮ ਵੰਡੇ ਜਾਣੇ ਹਨ। ਪੰਜਾਬ ਅਤੇ ਪੰਜਾਬੀਆਂ ਲਈ ਇਹ ਗੱਲ ਬੜੇ ਮਾਣ ਵਾਲੀ ਹੈ। ਕੱਲ੍ਹ ਤੱਕ ਕਬੱਡੀ ਅਤੇ ਕਬੱਡੀ ਖਿਡਾਰੀਆਂ ਦਾ ਹਾਲ ਕੁਝ ਹੋਰ ਸੀ ਪਰ ਹੁਣ ਗੱਲ ਬਹੁਤ ਅਗਾਂਹ ਨਿਕਲ ਗਈ ਹੈ। 'ਕਰੋੜਾਂ ਦੀ ਕਬੱਡੀ' ਨੇ ਇਸ ਖੇਡ ਵਿਚ ਨਵੀਂ ਰੂਹ ਫੂਕ ਦਿੱਤੀ ਹੈ। ਇਸ ਨਾਲ ਇਕੱਲੇ ਖਿਡਾਰੀਆਂ ਦੇ ਹੀ ਵਾਰੇ-ਨਿਆਰੇ ਨਹੀਂ ਹੋਏ ਸਗੋਂ ਦਰਸ਼ਕਾਂ ਨੂੰ ਵੀ ਰੱਜ ਆ ਗਿਆ ਹੈ। ਖਿਡਾਰੀ ਪੂਰੇ 15 ਦਿਨ ਪੰਜਾਬ ਭਰ ਵਿਚ 13 ਥਾਂਵਾਂ ਉਤੇ ਪੰਜਾਬ ਦੀ ਇਸ ਮਾਂ-ਖੇਡ ਦੇ ਜਲਵੇ ਦਿਖਾਉਣਗੇ। ਇਸ ਖੇਡ ਵਿਚ ਇਕੱਲਾ-ਇਕੱਲਾ ਖਿਡਾਰੀ ਭਾਵੇਂ ਵਿਰੋਧੀ ਟੀਮ ਦੇ ਇਕੱਲੇ ਖਿਡਾਰੀ ਨੂੰ ਸਿੱਧਾ ਟੱਕਰਦਾ ਹੈ, ਪਰ ਇਸ ਵਿਚ ਟੀਮ ਦਾ ਲੱਗ ਰਿਹਾ ਤਾਣ ਦੇਖਿਆਂ ਹੀ ਬਣਦਾ ਹੈ। ਖੇਡਾਂ ਦਾ ਸਿੱਧਾ ਸੁਨੇਹਾ ਸਾਂਝ ਨਾਲ ਜੁੜਿਆ ਹੋਇਆ ਹੈ। ਕਬੱਡੀ ਮੁੱਖ ਰੂਪ ਵਿਚ ਦੱਖਣੀ ਏਸ਼ੀਆਈ ਦੇਸ਼ਾਂ ਵਿਚ ਖੇਡੀ ਜਾਂਦੀ ਹਰਮਨ ਪਿਆਰੀ ਖੇਡ ਹੈ। ਬੰਗਲਾ ਦੇਸ਼ ਜੋ ਕਦੀ ਭਾਰਤ ਦਾ ਇਕ ਹਿੱਸਾ ਰਿਹਾ ਹੈ, ਦੀ ਇਹ ਕੌਮੀ ਖੇਡ ਹੈ। ਕਬੱਡੀ ਦਾ ਇਤਿਹਾਸ ਭਾਵੇਂ ਬਹੁਤ ਪੁਰਾਣਾ ਹੈ ਪਰ ਆਧੁਨਿਕ ਯੁੱਗ ਵਿਚ ਇਸ ਬਾਰੇ ਚਰਚਾ 1936 ਵਿਚ ਸ਼ੁਰੂ ਹੋਈ ਸੀ ਜਦੋਂ ਬਰਲਿਨ ਵਿਚ ਹੋ ਰਹੀਆਂ ਉਲੰਪਿਕ ਖੇਡਾਂ ਦੌਰਾਨ ਇਸ ਦੀ ਨੁਮਾਇਸ਼ ਲਾਈ ਗਈ ਸੀ। 1950 ਵਿਚ ਆਲ ਇੰਡੀਆ ਕਬੱਡੀ ਫੈਡਰੇਸ਼ਨ ਬਣ ਗਈ ਤੇ ਫਿਰ ਤਾਂ ਚੱਲ ਸੋ ਚੱਲ। ਛੇ ਦਹਾਕਿਆਂ ਦੌਰਾਨ ਇਸ ਖੇਡ ਦਾ ਰੰਗ-ਰੂਪ ਬਹੁਤ ਨਿੱਖਰ ਆਇਆ ਹੈ। ਇਸ ਨੂੰ ਹੁਣ ਵਾਲੀ ਪੁਜੀਸ਼ਨ ਤੱਕ ਪਹੁੰਚਣ ਲਈ ਭਾਵੇਂ ਟੇਢੇ-ਮੇਢੇ ਰਸਤਿਆਂ ਵਿਚੋਂ ਲੰਘਣਾ ਪਿਆ ਹੈ ਪਰ ਹੁਣ ਇਹ ਜਿਸ ਮੁਕਾਮ 'ਤੇ ਪੁੱਜ ਗਈ ਹੈ, ਉਸ ਤੋਂ ਇਸ ਖੇਡ ਅੰਦਰਲੀ ਚਿਣਗ ਦਾ ਬਹੁਤ ਵੱਡਾ ਯੋਗਦਾਨ ਹੈ। ਹੁਣ ਤਾਂ ਆਏ ਸਾਲ ਆਲਮੀ, ਏਸ਼ੀਆਈ ਅਤੇ ਵੱਖ-ਵੱਖ ਦੇਸ਼ਾਂ ਵਿਚ ਕਬੱਡੀ ਟੂਰਨਾਮੈਂਟ ਲਗਾਤਾਰ ਕਰਵਾਏ ਜਾ ਰਹੇ ਹਨ। ਕਬੱਡੀ ਦੇ ਮੁੱਖ ਰੂਪ ਵਿਚ 3 ਸਟਾਈਲ ਹਨ-ਨੈਸ਼ਨਲ ਸਟਾਈਲ, ਬੀਚ ਸਟਾਈਲ ਅਤੇ ਸਰਕਲ ਸਟਾਈਲ। ਇਨ੍ਹਾਂ ਵਿਚੋਂ ਸਭ ਤੋਂ ਵੱਧ ਚਰਚਾ ਸਰਕਲ ਸਟਾਈਲ ਦੀ ਹੀ ਹੁੰਦੀ ਹੈ। ਪੰਜਾਬ (ਲਹਿੰਦਾ ਤੇ ਚੜ੍ਹਦਾ, ਦੋਵਾਂ ਹੀ) 'ਚ ਸਰਕਲ ਸਟਾਈਲ ਪ੍ਰਚੱਲਿਤ ਹੋਣ ਕਰ ਕੇ ਇਹ ਸਟਾਈਲ, ਪੰਜਾਬ ਸਟਾਈਲ ਕਰ ਕੇ ਵੀ ਮਸ਼ਹੂਰ ਹੈ। 1936 ਵਿਚ ਬਰਲਿਨ ਉਲੰਪਿਕਸ ਵਿਚ ਕਬੱਡੀ ਦੀ ਜੋ ਨੁਮਾਇਸ਼ ਹੋਈ ਸੀ, ਉਹ ਸਰਕਲ ਸਟਾਈਲ ਕਬੱਡੀ ਹੀ ਸੀ। ਉਦੋਂ ਸੰਸਾਰ ਭਰ ਦੇ ਖਿਡਾਰੀ ਇਹ ਜਾਂਬਾਜ਼ ਖੇਡ ਦੇਖ ਕੇ ਦੰਗ ਰਹਿ ਗਏ ਸਨ।

ਪੰਜਾਬ ਦੇ ਪੇਂਡੂ ਜੀਵਨ ਵਿਚ ਕਬੱਡੀ ਦਾ ਆਪਣਾ ਮਹੱਤਵ ਰਿਹਾ ਹੈ। ਕੁਝ ਅੰਦਰੂਨੀ ਅਤੇ ਬਹਿਰੂਨੀ ਕਾਰਨਾਂ ਕਰ ਕੇ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿਚ ਜਿਸ ਤਰ੍ਹਾਂ ਨਸ਼ਿਆਂ ਦੀ ਸਪਲਾਈ ਅਤੇ ਖਪਤ ਵਧੀ ਹੈ, ਉਸ ਦਾ ਇਕ ਤੋੜ ਖੇਡਾਂ ਨੂੰ ਹੱਲਾਸ਼ੇਰੀ ਦੇਣ ਦਾ ਹੀ ਮਿਥਿਆ ਗਿਆ ਹੈ ਪਰ ਪਿਛਲੇ ਕੱਪਾਂ ਦੌਰਾਨ ਕਬੱਡੀ ਨੂੰ ਜਿਸ ਤਰ੍ਹਾਂ ਡੋਪਿੰਗ ਦਾ ਡੰਗ ਵੱਜਿਆ, ਉਸ ਨਾਲ ਕਈ ਤਰ੍ਹਾਂ ਦੇ ਸਵਾਲ ਵੀ ਖੜ੍ਹੇ ਹੋਏ ਹਨ। ਇਸ ਮਾਮਲੇ ਵਿਚ ਆਲਮੀ ਕਬੱਡੀ ਕੱਪ ਦੀ ਸਰਪ੍ਰਸਤ ਪੰਜਾਬ ਸਰਕਾਰ ਵੀ ਸਵਾਲਾਂ ਦੇ ਘੇਰੇ ਵਿਚ ਹੈ ਕਿਉਂਕਿ ਸੂਬੇ ਵਿਚ ਜਿਸ ਢੰਗ ਨਾਲ ਨਸ਼ਿਆਂ ਦੀਆਂ ਨਦੀਆਂ ਵਗ ਰਹੀਆਂ ਹਨ, ਉਸ ਨੂੰ ਡੱਕਣ ਲਈ ਸਰਕਾਰ ਨੇ ਕੋਈ ਕਾਰਗਰ ਕਦਮ ਨਹੀਂ ਉਠਾਏ; ਇਹ ਸਰਕਾਰ ਭਾਵੇਂ ਅਕਾਲੀ ਦਲ ਦੀ ਸੀ ਜਾਂ ਕਾਂਗਰਸ ਦੀ। ਇਕ ਗੱਲ ਤਾਂ ਮੁੱਢ ਤੋਂ ਹੀ ਸਪਸ਼ਟ ਹੈ ਕਿ ਸਿਆਸੀ ਸਰਪ੍ਰਸਤੀ ਤੋਂ ਬਗੈਰ ਇੰਨੀ ਵੱਡੀ ਪੱਧਰ ਉਤੇ ਨਸ਼ਿਆਂ ਦਾ ਕਾਰੋਬਾਰ ਕਿਸੇ ਵੀ ਸੂਰਤ ਸੰਭਵ ਨਹੀਂ ਹੈ। ਭਲਵਾਨ ਅਤੇ ਪੰਜਾਬ ਪੁਲਿਸ ਦੇ ਸਾਬਕਾ ਅਫਸਰ ਜਗਦੀਸ਼ ਭੋਲਾ ਵਾਲੇ ਕੇਸ ਦੇ ਖੁਲਾਸਿਆਂ ਤੋਂ ਬਾਅਦ ਤਾਂ ਹੁਣ ਕੋਈ ਭਰਮ-ਭੁਲੇਖਾ ਵੀ ਨਹੀਂ ਰਿਹਾ। ਇਸ ਕੇਸ ਵਿਚ ਸੱਤਾਧਾਰੀ ਅਕਾਲੀ ਦਲ ਦੇ ਲੀਡਰਾਂ ਦਾ ਨਾਂ ਸਿੱਧਾ ਹੀ ਵੱਜਿਆ ਹੈ ਪਰ ਕਬੱਡੀ ਨੂੰ ਨਸ਼ਿਆਂ ਦਾ ਤੋੜ ਦੱਸਣ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸੂਬੇ ਦੇ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਸ ਬਾਰੇ ਤਕਰੀਬਨ ਖਾਮੋਸ਼ ਹੀ ਹੋ ਗਏ ਹਨ; ਸਗੋਂ ਉਨ੍ਹਾਂ ਤਾਂ ਇਸ ਕੇਸ ਵਿਚ ਅਜਨਾਲਾ ਪਿਉ-ਪੁੱਤਰ ਨੂੰ ਕਲੀਨ ਚਿੱਟ ਵੀ ਦੇ ਦਿੱਤੀ ਹੈ। ਇਸ ਸੂਰਤ ਵਿਚਾਰਿਆਂ ਆਲਮੀ ਕਬੱਡੀ ਕੱਪ ਹਾਰਦਾ ਜਾਪਦਾ ਹੈ। ਇਸ ਤੱਥ ਤੋਂ ਵੀ ਹੁਣ ਕੋਈ ਅਣਜਾਣ ਨਹੀਂ ਕਿ ਆਲਮੀ ਕਬੱਡੀ ਕੱਪ ਦਾ ਜਨਮ ਅਕਾਲੀ ਦਲ ਤੇ ਕਾਂਗਰਸ ਦੀ ਸ਼ਰੀਕੇਬਾਜ਼ੀ ਵਿਚੋਂ ਹੀ ਹੋਇਆ ਸੀ। ਉਂਜ ਜਿਸ ਤਰ੍ਹਾਂ ਇਹ ਕਬੱਡੀ ਕੱਪ ਉਠਿਆ ਸੀ, ਤੇ ਜਿਸ ਤਰ੍ਹਾਂ ਇਸ ਤੋਂ ਪੀਡੇ-ਪੱਕੇ ਨਤੀਜਿਆਂ ਦੀ ਆਸ ਲਗਈ ਗਈ ਸੀ, ਉਹ ਸਿਆਸੀ ਰੱਸਾ-ਕਸ਼ੀ ਤੱਕ ਹੀ ਸੀਮਤ ਹੁੰਦੀ ਜਾਪਦੀ ਹੈ, ਹਾਲਾਂਕਿ ਕਬੱਡੀ ਨਾਲ ਜੁੜੀਆਂ ਅਮੋਲਕ ਸਿੰਘ ਗਾਖਲ (ਕੈਲੀਫੋਰਨੀਆ) ਵਰਗੀਆਂ ਸ਼ਖਸੀਅਤਾਂ ਨੇ ਇਸ ਖੇਡ ਦੀ ਹੱਲਾਸ਼ੇਰੀ ਲਈ ਅਤੇ ਨਸ਼ਿਆਂ ਤੋਂ ਮੁਕਤੀ ਲਈ ਸਭ ਨੂੰ ਇਹ ਰਾਹ ਦਿਖਾਇਆ ਹੈ। ਅਸਲ ਵਿਚ ਸਰਕਾਰ ਦੀ ਸਰਪ੍ਰਸਤੀ ਹੇਠ ਹੀ ਅਜਿਹਾ ਰਾਹ ਅਗਾਂਹ ਮੋਕਲਾ ਹੋ ਸਕਦਾ ਹੈ। ਕਬੱਡੀ ਕੱਪ ਹਰ ਹਾਲ ਇਸੇ ਦਾ ਜ਼ਰੀਆ ਬਣਨਾ ਚਾਹੀਦਾ ਹੈ। ਇਹ ਤਦ ਹੀ ਸੰਭਵ ਹੈ, ਜੇ ਕਬੱਡੀ ਨੂੰ ਸਿਆਸਤ ਦੀਆਂ ਘੁੰਮਣ-ਘੇਰੀਆਂ ਤੋਂ ਬਚਾ ਕੇ ਰੱਖਿਆ ਜਾਵੇ। ਉਂਜ, ਕਬੱਡੀ ਕੱਪ ਦਾ ਉਦਘਾਟਨ ਹਰ ਸਾਲ ਹੀ ਵਿਵਾਦਾਂ ਵਿਚ ਘਿਰਦਾ ਰਿਹਾ ਹੈ। ਹੈਰਾਨੀ ਹੀ ਹੁੰਦੀ ਹੈ ਕਿ ਖਾਲੀ ਖਜ਼ਾਨੇ ਦਾ ਰੌਲਾ ਪਾਉਣ ਵਾਲੀ ਸਰਕਾਰ ਬਾਲੀਵੁਡ ਦੇ ਸਿਤਾਰੇ ਲਿਆ ਕੇ ਅਜਿਹੇ ਮਹਿੰਗੇ ਸਮਾਗਮ ਕਿਸ ਤਰ੍ਹਾਂ ਰਚਾ ਸਕਦੀ ਹੈ? ਅੱਜ ਦੀ ਤਾਰੀਖ ਵਿਚ ਕਬੱਡੀ ਕੱਪ ਦਾ ਮਹੱਤਵ ਨਸ਼ਿਆਂ ਖਿਲਾਫ ਮੁਹਿੰਮ ਦੀ ਸਾਰਥਿਕਤਾ ਨਾਲ ਵੱਧ ਜੁੜਿਆ ਹੋਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੁਣਿਉਂ ਮਨਪ੍ਰੀਤ ਜੀ... !*

ਜਿਨ੍ਹਾਂ ਸੋਚਾਂ ਦੇ ਨਾਲ ਸੀ 'ਤਾਂਹ ਜਾਣਾ, ਪਰਜਾ ਹਾਕਮਾਂ ਦੋਹਾਂ ਨੇ ਰੱਦੀਆਂ ਜੀ।
ਨਸ਼ੇ ਚੱਕਦੇ ਵੋਟਾਂ ਦਾ ਮੁੱਲ ਲੈਂਦੇ, ਚੇਤੇ ਰਹਿੰਦੀਆਂ ਫੇਰ ਨਾ ਤੱਦੀਆਂ ਜੀ।
ਹੋ ਕੇ ਖੁਸ਼ ਤਕਰੀਰਾਂ ਨੇ ਸੁਣੀ ਜਾਂਦੇ, ਫੋਕੇ ਵਾਅਦਿਆਂ ਨਾਲ ਹੀ ਲੱਦੀਆਂ ਜੀ।
ਕਾਹਦਾ ਝੂਰਨਾ ਉਨ੍ਹਾਂ ਦੇ ਹਾਲ ਉਤੇ, ਜਿਨ੍ਹਾਂ ਆਪ ਮੁਸੀਬਤਾਂ ਸੱਦੀਆਂ ਜੀ।
ਦੱਸੇ ਖੋਲ੍ਹ ਭਵਿੱਖ ਦਾ ਹਾਲ ਜਿਹੜਾ, ਗੱਲਾਂ ਸੱਚੀਆਂ ਲਗਦੀਆਂ ਭੱਦੀਆਂ ਜੀ।
ਰੁਲਦੇ ਫਿਰਨ ਹਕੀਕਤਾਂ ਦੱਸਦੇ ਜੋ, ਗੱਪਾਂ ਕੁੱਟਿਆਂ ਮਿਲਦੀਆਂ ਗੱਦੀਆਂ ਜੀ।

# ਅਣਖ ਦੇ ਨਾਂ 'ਤੇ ਕਤਲ ਕਿਉਂ?

***ਅਣਖ ਦੇ ਨਾਂ 'ਤੇ ਹੁੰਦੀ ਇਸ ਹੈਵਾਨੀਅਤ ਵਿਚ ਸਿਰਫ਼ ਔਰਤਾਂ ਹੀ ਕਤਲ ਨਹੀਂ ਹੁੰਦੀਆਂ ਬਲਕਿ ਮਰਦ ਵੀ ਮਾਰੇ ਜਾਂਦੇ ਹਨ। 2002 ਦੇ ਅੰਕੜਿਆਂ ਮੁਤਾਬਿਕ ਪਾਕਿਸਤਾਨ ਦੇ ਸਿੰਧ ਸੂਬੇ ਵਿਚ ਅੰਦਾਜ਼ਨ 245 ਔਰਤਾਂ ਤੇ 137 ਮਰਦ 'ਕਾਰੋ ਕਾਰੀ' ਦੇ ਨਾਂ 'ਤੇ ਕਤਲ ਕਰ ਦਿੱਤੇ ਗਏ। 2005 ਦੀ ਰਿਪੋਰਟ ਅਨੁਸਾਰ ਪਾਕਿਸਤਾਨ ਵਿਚ ਹਰ ਸਾਲ ਔਸਤਨ 10 ਹਜ਼ਾਰ ਔਰਤਾਂ ਦੇ ਕਤਲ ਅਣਖ਼ ਦੇ ਨਾਂ 'ਤੇ ਕਰ ਦਿੱਤੇ ਜਾਂਦੇ ਹਨ। ਇਹ ਅੰਕੜੇ ਬਹੁਤ ਘੱਟ ਹਨ। ਬਹੁਤ ਸਾਰੇ ਉਹ ਮਸਲੇ ਵੀ ਹਨ ਜਿਥੇ ਖਾਸਕਰ ਕੁੜੀਆਂ ਨੂੰ ਖੁਦਕਸ਼ੀ ਲਈ ਮਜਬੂਰ ਕੀਤਾ ਜਾਂਦਾ ਹੈ ਤੇ ਅਜਿਹੇ ਮਸਲੇ ਸਰਕਾਰੀ ਜਾਂ ਗ਼ੈਰ-ਸਰਕਾਰੀ ਫਾਈਲਾਂ ਦਾ ਸੱਚ ਨਹੀਂ ਬਣਦੇ। ਅਣਖ ਖਾਤਰ ਹੋ ਰਿਹਾ ਕਤਲੇਆਮ ਹੁਣ ਮੋੜਵਾਂ ਰੂਪ ਵੀ ਅਖ਼ਤਿਆਰ ਕਰ ਰਿਹਾ ਹੈ ਜਿਸ ਵਿਚ ਪ੍ਰੇਮੀ ਜੋੜੇ ਮੋੜਵੇਂ ਰੂਪ ਵਿਚ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਕਤਲ ਕਰਨ ਦੇ ਰਾਹ ਤੁਰ ਪਏ ਹਨ।***

ਪਰਮਜੀਤ ਸਿੰਘ ਕੱਟੂ
ਫੋਨ: 91-94631-24131

ਅਰੂਸ਼ੀ ਕਤਲ ਕੇਸ ਦੇ ਫ਼ੈਸਲੇ ਨਾਲ ਅਣਖ ਲਈ ਹੁੰਦੇ ਕਤਲਾਂ ਦਾ ਮਾਮਲਾ ਇਕ ਵਾਰ ਫਿਰ ਭਖ ਪਿਆ ਹੈ। ਪੰਜਾਬ, ਖ਼ਾਸ ਕਰ ਕੇ ਹਰਿਆਣੇ ਵਿਚ ਅਜਿਹੀਆਂ ਘਟਨਾਵਾਂ ਚੋਖੀ ਗਿਣਤੀ ਵਿਚ ਵਾਪਰ ਰਹੀਆਂ ਹਨ। ਇਨ੍ਹਾਂ ਸਵਾਲਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਅਣਖ ਦੇ ਨਾਂ 'ਤੇ ਹੁੰਦੇ ਕਤਲਾਂ ਦੇ ਸੰਖੇਪ ਇਤਿਹਾਸ 'ਤੇ ਨਜ਼ਰ ਮਾਰਦੇ ਹਾਂ। ਇਤਿਹਾਸ 'ਤੇ ਸਰਸਰੀ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਮੈਸੋਪਟਾਮੀਆਂ ਸੱਭਿਅਤਾ ਵਿਚ 1075 ਈਸਾ ਪੂਰਵ ਅਸਾਈਰੀਅਨ ਲਾਅ ਸੀ ਜਿਸ ਅਨੁਸਾਰ ਆਪਣਾ ਕੁਆਰਾਪਣ ਭੰਗ ਕਰਨ ਵਾਲੀ ਲੜਕੀ ਨੂੰ ਉਸ ਦਾ ਪਿਤਾ ਸਜ਼ਾ ਦੇਵੇਗਾ। ਇਸੇ ਤਰ੍ਹਾਂ 1790 ਈਸਾ ਪੂਰਵ ਬੇਬੀਲੋਨ ਵਿਚ 'ਕੋਡ ਆਫ਼ ਹੈਮੁਰਾਬੀ' ਜਾਰੀ ਕੀਤਾ ਗਿਆ ਜਿਸ ਅਨੁਸਾਰ ਪਰਾਈ ਔਰਤ ਜਾਂ ਮਰਦ ਨਾਲ ਸਬੰਧ ਰੱਖਣ ਵਾਲੀ/ਵਾਲੇ ਔਰਤ ਜਾਂ ਮਰਦ ਨੂੰ ਪਾਣੀ ਵਿਚ ਡਬੋ ਕੇ ਮਾਰ ਦਿੱਤਾ ਜਾਂਦਾ ਸੀ। ਇਤਿਹਾਸ ਦੇ ਬਹੁਤ ਸਾਰੇ ਪੜਾਅ ਲੰਘ ਗਏ ਪਰ ਇਹ ਕਤਲੇਆਮ ਜਾਰੀ ਰਿਹਾ ਭਾਵੇਂ ਇਸ ਦੇ ਕਾਰਨ ਤੇ ਢੰਗ ਬਦਲਦੇ ਰਹੇ।

ਸੰਸਾਰ ਪੱਧਰ 'ਤੇ ਤਿੰਨ ਕਾਰਨਾਂ ਕਰ ਕੇ ਅਣਖ਼ ਦੀ ਖ਼ਾਤਰ ਕਤਲ ਕੀਤੇ ਜਾਂਦੇ ਹਨ: ਪਰਿਵਾਰ ਜਾਂ ਭਾਈਚਾਰੇ ਦੀ ਮਰਜ਼ੀ ਦੇ ਖਿਲਾਫ਼ ਪਹਿਰਾਵਾ ਪਾਉਣਾ ਜਾਂ ਪ੍ਰਚਲਿਤ ਕਰਨਾ। ਦੂਜੇ, ਪਰਿਵਾਰ ਦੀ ਮਰਜ਼ੀ ਅਨੁਸਾਰ ਵਿਆਹ ਨਾ ਕਰਵਾਉਣਾ ਜਾਂ ਆਪਣੀ ਮਰਜ਼ੀ ਅਨੁਸਾਰ ਵਿਆਹ ਕਰਵਾਉਣਾ। ਤੀਜੇ ਕਿਸੇ ਮਰਦ ਜਾਂ ਔਰਤ ਨਾਲ ਕਾਮ-ਕ੍ਰੀੜਾ ਕਰਨਾ।

ਭਾਰਤ ਦੇ ਇਤਿਹਾਸ ਵਿਚ ਵੀ ਅਣਖ਼ ਖ਼ਾਤਰ ਕਤਲ ਬਹੁਤ ਵੱਡੇ ਪੱਧਰ 'ਤੇ ਹੋਏ ਮਿਲਦੇ ਹਨ ਜੋ ਦੇਸ਼ ਵੰਡ ਦੇ ਸਮੇਂ 1947 ਤੋਂ ਲੈ ਕੇ 1950 ਦੇ ਦਰਮਿਆਨ ਹੁੰਦੇ ਰਹੇ ਹਨ। ਵੰਡ ਸਮੇਂ ਬਹੁਤ ਸਾਰੀਆਂ ਔਰਤਾਂ ਨੂੰ ਪਰਿਵਾਰ ਦੀ ਅਣਖ਼ ਨੂੰ ਬਚਾਉਣ ਦੇ ਨਾਂ 'ਤੇ ਆਪਣਿਆਂ ਵੱਲੋਂ ਹੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਵੰਡ ਦੌਰਾਨ ਹੀ ਬਹੁਤ ਸਾਰੀਆਂ ਇਕ ਧਰਮ ਦੀਆਂ ਔਰਤਾਂ ਦੇ ਦੂਜੇ ਧਰਮ ਦੇ ਮਰਦਾਂ ਨਾਲ ਦੋਵਾਂ ਮੁਲਕਾਂ ਵਿਚ ਜ਼ਬਰਦਸਤੀ ਵਿਆਹ ਕੀਤੇ ਗਏ। ਜਦੋਂ ਇਨ੍ਹਾਂ ਔਰਤਾਂ ਨੂੰ ਆਪਣੇ ਆਪਣੇ ਮੁਲਕ ਵਾਪਸ ਜਾਣ ਦਾ ਮੌਕਾ ਮਿਲਿਆ ਤਾਂ ਇਕ ਵਾਰ ਫਿਰ ਇਨ੍ਹਾਂ ਨੂੰ ਅਣਖ਼ ਨੇ ਮਰਵਾ ਦਿੱਤਾ। ਇਸ ਪੱਖੋਂ ਦੇਸ਼ ਵੰਡ ਆਧੁਨਿਕ ਭਾਰਤ ਦੇ ਇਤਿਹਾਸ ਦਾ ਖ਼ੌਫ਼ਜ਼ਦਾ ਤੇ ਖ਼ਤਰਨਾਕ ਸਮਾਂ ਸੀ।

ਅਜੋਕੇ ਸਮੇਂ ਵਿਚ ਖ਼ਾਸਕਰ ਭਾਰਤ ਦੇ ਪ੍ਰਸੰਗ ਵਿਚ ਅਣਖ਼ ਖ਼ਾਤਰ ਕਤਲ ਅਜਿਹੀ ਮੌਤ ਹੈ ਜੋ ਪਰਿਵਾਰ ਜਾਂ ਸਕੇ-ਸਬੰਧੀਆਂ ਵੱਲੋਂ ਉਸ ਔਰਤ ਜਾਂ ਮਰਦ ਜਾਂ ਦੋਹਾਂ ਨੂੰ ਦਿੱਤੀ ਜਾਂਦੀ ਹੈ ਜੋ ਆਪਣੇ ਮਾਪਿਆਂ ਦੀ ਮਰਜ਼ੀ ਦੇ ਖ਼ਿਲਾਫ਼ ਵਿਆਹ ਕਰਵਾਉਂਦੇ ਹਨ ਜਾਂ ਜੋ ਆਪਣੇ ਹੀ ਗੋਤ ਵਿਚ ਜਾਂ ਹੋਰ ਜਾਤ ਵਿਚ ਵਿਆਹ ਕਰਵਾਉਂਦੇ ਹਨ। ਅਣਖ਼ ਖ਼ਾਤਰ ਕਤਲ ਦੇ ਵਧੇਰੇ ਮਾਮਲੇ ਅੰਤਰਜਾਤੀ ਵਿਆਹ ਕਰਵਾਉਣ ਕਰ ਕੇ ਸਾਹਮਣੇ ਆਉਂਦੇ ਹਨ ਜੋ ਬਹੁਤ ਹਿੰਸਕ ਹੁੰਦੇ ਹਨ, ਖਾਸਕਰ ਉਦੋਂ ਜਦੋਂ ਕੁੜੀ ਕਿਸੇ ਦਲਿਤ ਜਾਂ ਕਥਿਤ ਨੀਵੀਂ ਜਾਤ ਦੇ ਲੜਕੇ ਨਾਲ ਵਿਆਹ ਕਰਵਾਉਂਦੀ ਹੈ। ਵਧੇਰੇ ਕਤਲ ਉਥੇ ਹੁੰਦੇ ਹਨ ਜਿਥੇ ਖਾਪ ਪੰਚਾਇਤਾਂ ਦਾ ਸਿੱਕਾ ਚੱਲਦਾ ਹੈ, ਭਾਵ ਜਾਤ ਇਸ ਵਰਤਾਰੇ ਦਾ ਮੁੱਖ ਕਾਰਨ ਹੈ।

ਯੂਨਾਈਟਡ ਨੇਸ਼ਨਜ਼ ਪਾਪੂਲੇਸ਼ਨ ਫੰਡ ਦੇ ਅੰਕੜਿਆਂ ਅਨੁਸਾਰ ਦੁਨੀਆਂ ਭਰ ਵਿਚ ਹਰ ਸਾਲ 5000 ਤੋਂ ਵੀ ਵੱਧ ਇਨਸਾਨ, ਅਣਖ਼ ਖ਼ਾਤਰ ਕਤਲ ਕਰ ਦਿੱਤੇ ਜਾਂਦੇ ਹਨ। ਏਸ਼ੀਅਨ ਲੋਕ ਇਸ ਮਾਮਲੇ ਕਾਰਨ ਵਧੇਰੇ ਚਰਚਾ ਵਿਚ ਹਨ। ਬਰਤਾਨੀਆਂ ਵਿਚ 2004 ਤੱਕ 117 ਕੇਸ ਅਜਿਹੇ ਹਨ ਜਿਨ੍ਹਾਂ ਅਨੁਸਾਰ ਏਸ਼ੀਅਨ ਲੋਕਾਂ ਨੇ ਆਪਣੀਆਂ ਜੁਆਨ ਧੀਆਂ ਨੂੰ ਅਣਖ਼ ਦੇ ਨਾਂ 'ਤੇ ਕਤਲ ਕਰ ਦਿੱਤਾ। ਭਾਰਤ ਵਿਚ ਅਜਿਹੇ ਕਤਲਾਂ ਦਾ ਭਾਵੇਂ ਕੋਈ ਪੁਖ਼ਤਾ ਦਫ਼ਤਰੀ ਰਿਕਾਰਡ ਨਹੀਂ ਪਰ ਹਰ ਸਾਲ ਅੰਦਾਜ਼ਨ 1000 ਜਿੰਦੜੀਆਂ ਦੀ ਅਣਖ਼ ਦੇ ਨਾਂ 'ਤੇ ਬਲੀ ਦਿੱਤੀ ਜਾਂਦੀ ਹੈ। ਅਜਿਹੇ ਕਤਲ ਮੁੱਖ ਤੌਰ 'ਤੇ ਦਿੱਲੀ, ਰਾਜਸਥਾਨ, ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਵਿਚ ਹੁੰਦੇ ਹਨ। ਪੰਜਾਬ ਵਿਚ ਵੀ ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ 2008 ਤੋਂ 2010 ਤੱਕ 34 ਕਤਲ ਅਣਖ਼ ਦੇ ਨਾਂ 'ਤੇ ਕੀਤੇ ਜਾ ਚੁੱਕੇ ਹਨ। ਸ਼ਕਤੀ ਵਾਹਿਨੀ ਨਾਂ ਦੀ ਗ਼ੈਰ-ਸਰਕਾਰੀ ਸੰਸਥਾ (ਐਨ.ਜੀ.ਓ.) ਦੁਆਰਾ ਕੀਤੇ ਗਏ ਸਰਵੇਖਣ ਅਨੁਸਾਰ 560 ਕੇਸਾਂ ਵਿਚੋਂ 89 ਫ਼ੀਸਦੀ ਅਜਿਹੇ ਸਨ ਜਿਨ੍ਹਾਂ ਵਿਚ ਪੀੜਿਤ ਜੋੜਿਆਂ ਨੇ ਆਪਣੇ ਮਾਪਿਆਂ ਦੀ ਮਰਜ਼ੀ ਦੇ ਖ਼ਿਲਾਫ਼ ਵਿਆਹ ਕਰਵਾਏ ਸਨ।

ਅਣਖ਼ ਦੇ ਨਾਂ 'ਤੇ ਹੁੰਦੀ ਇਸ ਹੈਵਾਨੀਅਤ ਵਿਚ ਸਿਰਫ਼ ਔਰਤਾਂ ਹੀ ਕਤਲ ਨਹੀਂ ਹੁੰਦੀਆਂ ਬਲਕਿ ਮਰਦ ਵੀ ਮਾਰੇ ਜਾਂਦੇ ਹਨ। 2002 ਦੇ ਅੰਕੜਿਆਂ ਮੁਤਾਬਿਕ ਪਾਕਿਸਤਾਨ ਦੇ ਸਿੰਧ ਸੂਬੇ ਵਿਚ ਅੰਦਾਜ਼ਨ 245 ਔਰਤਾਂ ਤੇ 137 ਮਰਦ 'ਕਾਰੋ ਕਾਰੀ' ਦੇ ਨਾਂ 'ਤੇ ਕਤਲ ਕਰ ਦਿੱਤੇ ਗਏ। 2005 ਦੀ ਰਿਪੋਰਟ ਅਨੁਸਾਰ ਪਾਕਿਸਤਾਨ ਵਿਚ ਹਰ ਸਾਲ ਔਸਤਨ 10 ਹਜ਼ਾਰ ਔਰਤਾਂ ਦੇ ਕਤਲ ਅਣਖ਼ ਦੇ ਨਾਂ 'ਤੇ ਕਰ ਦਿੱਤੇ ਜਾਂਦੇ ਹਨ। ਇਹ ਅੰਕੜੇ ਬਹੁਤ ਘੱਟ ਹਨ। ਬਹੁਤ ਸਾਰੇ ਉਹ ਮਸਲੇ ਵੀ ਹਨ ਜਿਥੇ ਖਾਸਕਰ ਕੁੜੀਆਂ ਨੂੰ ਖੁਦਕਸ਼ੀ ਲਈ ਮਜਬੂਰ ਕੀਤਾ ਜਾਂਦਾ ਹੈ ਤੇ ਅਜਿਹੇ ਮਸਲੇ ਸਰਕਾਰੀ ਜਾਂ ਗ਼ੈਰ-ਸਰਕਾਰੀ ਫਾਈਲਾਂ ਦਾ ਸੱਚ ਨਹੀਂ ਬਣਦੇ।

ਅਣਖ਼ ਖ਼ਾਤਰ ਹੋ ਰਿਹਾ ਕਤਲੇਆਮ ਹੁਣ ਮੋੜਵਾਂ ਰੂਪ ਵੀ ਅਖ਼ਤਿਆਰ ਕਰ ਰਿਹਾ ਹੈ ਜਿਸ ਵਿਚ ਪ੍ਰੇਮੀ ਜੋੜੇ ਮੋੜਵੇਂ ਰੂਪ ਵਿਚ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਕਤਲ ਕਰਨ ਦੇ ਰਾਹ ਤੁਰ ਪਏ ਹਨ। ਅਜਿਹਾ ਵਾਪਰਨਾ ਸੁਭਾਵਿਕ ਹੈ ਕਿਉਂਕਿ ਮਨੁੱਖ ਨਾ ਚਾਹੁੰਦਿਆਂ ਵੀ ਜਦੋਂ ਆਪਣਾ ਖ਼ਤਰਾ ਟਾਲਦਾ ਹੈ ਤਾਂ ਹੋਰ ਖ਼ਤਰੇ ਸਹੇੜ ਲੈਂਦਾ ਹੈ। ਅਣਖ਼ ਦੇ ਨਾਂ 'ਤੇ ਕੀਤਾ ਕਤਲ ਕਾਨੂੰਨ ਅਨੁਸਾਰ ਕਤਲ ਹੀ ਹੈ ਤੇ ਇਹਦੇ ਲਈ ਸਜ਼ਾ ਪੱਖੋਂ ਕੋਈ ਛੋਟ ਨਹੀਂ ਬਲਕਿ ਜਿਹੜੇ ਕਤਲ ਜ਼ਿਆਦਾ ਬੇਰਹਿਮੀ ਨਾਲ ਕੀਤੇ ਜਾਂਦੇ ਹਨ, ਉਥੇ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਵੀ ਹੋ ਸਕਦੀ ਹੈ।

ਭਾਰਤ ਵਿਚ ਅਣਖ਼ ਦੇ ਨਾਂ 'ਤੇ ਹੁੰਦੇ ਕਤਲਾਂ ਅਤੇ ਖਾਪ ਪੰਚਾਇਤਾਂ ਦਾ ਬੜਾ ਨੇੜੇ ਦਾ ਸਬੰਧ ਹੈ। ਜਿਹੜੇ ਖਿੱਤਿਆਂ ਖ਼ਾਸਕਰ ਹਰਿਆਣਾ ਵਿਚ ਖਾਪ ਪੰਚਾਇਤਾਂ ਦਾ ਸਿੱਕਾ ਚੱਲਦਾ ਹੈ, ਉਥੇ ਅਣਖ਼ ਦੇ ਨਾਂ 'ਤੇ ਹੁੰਦੇ ਕਤਲਾਂ ਦੀ ਗਿਣਤੀ ਵਧੇਰੇ ਰਹੀ ਹੈ। ਸਤੰਬਰ ਵਿਚ ਹੋਏ ਕਤਲਾਂ ਦੇ ਦਰਮਿਆਨ ਹੀ ਸਰਬ ਖਾਪ ਪੰਚਾਇਤ ਦੀ ਹੋਈ ਇਕੱਤਰਤਾ, ਇਸ ਮਾਮਲੇ ਬਾਰੇ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਅਖ਼ਬਾਰਾਂ ਦੀਆਂ ਰਿਪੋਰਟਾਂ ਅਨੁਸਾਰ 22 ਸਤੰਬਰ ਨੂੰ ਰੋਹਤਕ ਵਿਖੇ ਆਰੀਆ ਚੌਪਾਲ ਵਿਚ ਕਰਵਾਈ ਗਈ ਸਰਬ ਖਾਪ ਪੰਚਾਇਤ ਨੇ ਅਣਖ ਦੇ ਨਾਂ 'ਤੇ ਕੀਤੀਆਂ ਜਾਂਦੀਆਂ ਹੱਤਿਆਵਾਂ ਲਈ ਸਰਕਾਰ ਨੂੰ ਜ਼ਿੰਮੇਵਾਰ ਕਰਾਰ ਦਿੰਦਿਆਂ ਕਿਹਾ ਕਿ ਜੇ ਹਿੰਦੂ ਮੈਰਿਜ ਐਕਟ (1995) ਵਿਚ ਸਮੇਂ ਸਿਰ ਸੋਧ ਕਰ ਦਿੱਤੀ ਜਾਂਦੀ ਤਾਂ ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਰੋਕ ਲੱਗ ਸਕਦੀ ਸੀ। ਖਾਪ ਪੰਚਾਇਤ ਨੇ ਆਰੀਆ ਸਮਾਜ ਮੰਦਰਾਂ ਵਿਚ ਮਾਤਾ-ਪਿਤਾ ਦੀ ਗ਼ੈਰ-ਮੌਜੂਦਗੀ ਵਿਚ ਵਿਆਹ ਕਰਵਾਉਣ ਦੀ ਆਗਿਆ ਦੇਣ 'ਤੇ ਵੀ ਇਤਰਾਜ਼ ਕੀਤਾ। ਇਸ ਖਾਪ ਪੰਚਾਇਤ ਵਿਚ ਤਿੰਨ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚ ਹਿੰਦੂ ਮੈਰਿਜ ਐਕਟ ਵਿਚ ਸੋਧ ਕਰਨ; ਮਿਡਲ, ਹਾਈ ਅਤੇ ਉਚੇਰੀ ਸਿੱਖਿਆ ਸੰਸਥਾਵਾਂ ਵਿਚ ਨੈਤਿਕ ਸਿੱਖਿਆ ਦਾ ਵਿਸ਼ਾ ਪਾਠਕ੍ਰਮ ਵਿਚ ਸ਼ਾਮਿਲ ਕਰਨ ਅਤੇ ਇੰਟਰਨੈਟ 'ਤੇ ਅਸ਼ਲੀਲ ਸਮੱਗਰੀ ਪਾਉਣ ਉਤੇ ਮੁਕੰਮਲ ਰੋਕ ਲਾਉਣ ਦੀਆਂ ਮੰਗਾਂ ਕੀਤੀਆਂ ਗਈਆਂ।

ਸਰਬ ਖਾਪ ਪੰਚਾਇਤ ਵੱਲੋਂ ਪਿੰਡ ਗਰਨਾਵਠੀ ਵਿਖੇ ਹਾਲ ਹੀ ਵਿਚ ਪ੍ਰੇਮੀ ਜੋੜੇ ਦੀ ਹੱਤਿਆ ਸਬੰਧੀ ਨਿੰਦਾ ਮਤਾ ਵੀ ਪਾਸ ਕੀਤਾ ਗਿਆ ਤੇ ਕਿਹਾ ਕਿ ਅਣਖ ਦੇ ਨਾਂ 'ਤੇ ਕੀਤੀਆਂ ਜਾਂਦੀਆਂ ਹੱਤਿਆਵਾਂ ਗੰਭੀਰ ਸਮਾਜਕ ਸਮੱਸਿਆ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਜੀਵਨ ਦਾ ਹੱਕ ਖੋਹਣ ਦਾ ਅਧਿਕਾਰ ਨਹੀਂ ਹੈ। ਇਸ ਦੇ ਨਾਲ ਹੀ ਝੱਜਰ ਦੇ ਸਾਲ੍ਹਾਵਾਸ ਖੇਤਰ ਦੀ ਬਿਰੋਹੜ ਬਾਰ੍ਹਾ ਦੀ ਪੰਚਾਇਤ ਨੇ ਸਕੂਲ-ਕਾਲਜਾਂ ਵਿਚ ਪੜ੍ਹਨ ਵਾਲੀਆਂ ਵਿਦਿਆਰਥਣਾਂ ਉਤੇ ਪੈਂਟ, ਜੀਨਸ, ਸ਼ਰਟ ਜਾਂ ਟੌਪ ਪਹਿਨਣ ਉਤੇ ਪਾਬੰਦੀ ਲਗਾ ਦਿੱਤੀ। ਪੰਚਾਇਤ ਦੇ ਨੁਮਾਇੰਦਿਆਂ ਅਨੁਸਾਰ ਸੂਬੇ ਅੰਦਰ ਸਮਾਜਕ ਮਰਿਆਦਾ ਭੰਗ ਹੋਣ ਦੇ ਜਿੰਨੇ ਵੀ ਮਾਮਲੇ ਹੋ ਰਹੇ ਹਨ, ਉਨ੍ਹਾਂ ਵਿਚ ਲੜਕੀਆਂ ਦਾ ਲਿਬਾਸ ਅਤੇ ਵਿਦਿਆਰਥੀਆਂ ਵੱਲੋਂ ਮੋਬਾਈਲ ਫ਼ੋਨਾਂ ਦੇ ਇਸਤੇਮਾਲ ਦੀ ਅਹਿਮ ਭੂਮਿਕਾ ਹੈ। ਪੰਚਾਇਤ ਨੇ ਅਗਲੀ ਇਕੱਤਰਤਾ ਵਿਚ ਵਿਦਿਆਰਥੀਆਂ ਦੇ ਮੋਬਾਈਲ ਫ਼ੋਨ ਦੀ ਵਰਤੋਂ ਉਤੇ ਪਾਬੰਦੀ ਲਗਾਉਣ ਨੂੰ ਪ੍ਰਵਾਨਗੀ ਦੇਣ ਦਾ ਵੀ ਫ਼ੈਸਲਾ ਕੀਤਾ।

ਸਰਬ ਖਾਪ ਪੰਚਾਇਤ ਦੀ ਹੋਂਦ ਤੇ ਵਤੀਰਾ, ਉਨ੍ਹਾਂ ਦਾ ਆਤੰਕੀ ਪ੍ਰਭਾਵ ਤੇ ਕਾਰਵਾਈਆਂ ਅਤੇ ਇਹ ਤਾਜ਼ਾ ਇਕੱਤਰਤਾ ਬਹੁਤ ਸਾਰੇ ਸਵਾਲ ਖੜ੍ਹੇ ਕਰਦੀ ਹੈ। ਬਿਨਾਂ ਸ਼ੱਕ ਮੌਜੂਦਾ ਦੌਰ ਵਿਚ ਆਈ ਸੂਚਨਾ ਕ੍ਰਾਂਤੀ ਨੇ ਪੀੜ੍ਹੀ ਪਾੜੇ ਨੂੰ ਬਹੁਤ ਵਧਾ ਦਿੱਤਾ ਹੈ। ਨਵੀਂ ਪੀੜ੍ਹੀ ਸੂਚਨਾ ਕ੍ਰਾਂਤੀ ਦੇ ਜ਼ਰੀਏ ਬਾਹਰੀ, ਖ਼ਾਸਕਰ ਪੱਛਮੀ ਸਭਿਅਤਾ ਦੇ ਖੁੱਲ੍ਹੇਪਣ ਤੋਂ ਬੇਹੱਦ ਪ੍ਰਭਾਵਿਤ ਹੋ ਰਹੀ ਹੈ, ਮਾਨਸਿਕ ਤੌਰ 'ਤੇ ਬਹੁਤ ਅਜ਼ਾਦ ਮਹਿਸੂਸ ਕਰਦੀ ਹੈ ਪਰ ਜ਼ਮੀਨੀ ਹਕੀਕਤਾਂ ਉੱਪਰ ਹਾਲੇ ਵੀ ਪਰੰਪਰਾ ਦੀ ਪੀਡੀ ਪਕੜ ਹੋਣ ਕਰ ਕੇ ਖ਼ੂਨੀ ਟਕਰਾਅ ਵਾਪਰ ਰਿਹਾ ਹੈ। ਪੱਛਮੀ ਸਮਾਜਾਂ ਦੀ ਇਹ ਸਮੱਸਿਆ ਨਹੀਂ ਕਿ ਮੁੰਡੇ ਕੁੜੀ ਦੇ ਸਬੰਧਾਂ ਵਿਚ ਜਾਤ, ਜਮਾਤ ਤੇ ਜਾਇਦਾਦ ਹੀ ਫੈਸਲਾਕੁਨ ਹੋਣ। ਉਨ੍ਹਾਂ ਲਈ ਸੋਚ, ਸੁਹੱਪਣ ਤੇ ਸੁਪਨੇ ਵਧੇਰੇ ਮਾਇਨੇ ਰੱਖਦੇ ਹਨ। ਅਸਲ ਵਿਚ ਉਨ੍ਹਾਂ ਸਮਾਜਾਂ ਵਿਚ ਜੋ ਵੀ ਵਾਪਰ ਰਿਹਾ ਹੈ, ਉਥੋਂ ਦੀਆਂ ਹਾਲਾਤ ਦੇ ਵਿਕਾਸ ਦੀ ਵਿਸ਼ੇਸ਼ ਦੇਣ ਹੈ ਜਿਸ ਕਰ ਕੇ ਸਾਡੇ ਸਮਾਜ ਲਈ ਜੋ ਅਨਹੋਣੀ ਹੈ, ਉਨ੍ਹਾਂ ਲਈ ਸਮਾਜਕ ਵਰਤਾਰੇ ਦਾ ਸਹਿਜ ਹਿੱਸਾ ਹੀ ਹੈ।

ਸਪਸ਼ਟ ਕਰਨਾ ਬਣਦਾ ਹੈ ਕਿ ਅੰਤਰ-ਜਾਤੀ ਜਾਂ ਆਪਣੀ ਹੀ ਜਾਤ/ਗੋਤ ਵਿਚ ਕਰਵਾਇਆ ਪਿਆਰ-ਵਿਆਹ ਜ਼ਰੂਰੀ ਨਹੀਂ ਕਿ ਮੁੰਡੇ-ਕੁੜੀ ਦੀ ਸਹੀ ਚੋਣ ਹੀ ਹੋਵੇ। ਇਹ ਕਾਮੁਕਤਾ ਅਤੇ ਨਿਰੋਲ ਜਿਸਮਾਨੀ ਖਿੱਚ ਦਾ ਬੁਰਾ ਨਤੀਜਾ ਵੀ ਹੋ ਸਕਦਾ ਹੈ। ਅਜਿਹੇ ਮਾਮਲਿਆਂ ਵਿਚ ਇਨ੍ਹਾਂ ਜੋੜਿਆਂ ਪ੍ਰਤੀ ਸਮਾਜ ਦੀ ਪਹੁੰਚ ਕੀ ਹੋਵੇ? ਕੀ ਉਹ ਨਿਰਦਈ ਢੰਗ ਨਾਲ ਕਤਲ ਕਰ ਦਿੱਤੇ ਜਾਣ? ਇਸ ਵਿਚ ਸਾਡੇ ਸਮਾਜਕ-ਰਾਜਸੀ ਪ੍ਰਬੰਧ ਦੀ ਜ਼ਿੰਮੇਵਾਰੀ ਕਿੱਥੇ ਨਿਰਧਾਰਤ ਕੀਤੀ ਜਾਵੇ?

ਅਣਖ ਦੇ ਨਾਂ 'ਤੇ ਹੁੰਦੇ ਕਤਲਾਂ ਦਾ ਮਾਮਲਾ ਬਹੁਤ ਪੇਚੀਦਾ ਹੈ। ਇਸ ਬਾਰੇ ਹਾਲੇ ਤੱਕ ਗੰਭੀਰ ਚਿੰਤਨ ਅਤੇ ਕੋਈ ਠੋਸ ਹੱਲ ਸਾਹਮਣੇ ਨਹੀਂ ਆ ਰਿਹਾ। ਇਹ ਮਾਮਲਾ ਸਾਡੇ ਸਮਾਜ ਦੀ ਜਾਤੀ ਵਿਵਸਥਾ, ਅੰਤਰ-ਜਾਤੀ ਜਾਂ ਆਪਣੀ ਹੀ ਜਾਤ/ਗੋਤ ਵਿਚ ਪਿਆਰ-ਵਿਆਹ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ, ਵਿਸ਼ੇਸ਼ ਧਾਰਮਿਕ ਪਰੰਪਰਾਵਾਂ, ਅਨਪੜ੍ਹਤਾ, ਜਾਗੀਰੂ ਮਾਨਸਿਕਤਾ, ਮਰਦ ਪ੍ਰਧਾਨਗੀ, ਔਰਤ ਦੀ ਦਸ਼ਾ ਤੇ ਦਿਸ਼ਾ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਇਸ ਲਈ ਅਣਖ ਦੇ ਨਾਂ 'ਤੇ ਹੁੰਦੇ ਕਤਲਾਂ ਬਾਰੇ ਸੋਚਣ ਦੇ ਨਾਲ-ਨਾਲ ਇਸ ਨਾਲ ਜੁੜੇ ਮੁੱਦਿਆਂ ਨੂੰ ਮੁੜ ਵਿਚਾਰਨਾ ਹੋਵੇਗਾ ਅਤੇ ਇਨ੍ਹਾਂ ਨੂੰ ਹੱਲ ਕਰਨਾ ਹੋਵੇਗਾ।

# ਆਲਮੀ ਕਬੱਡੀ ਕੱਪ ਦੇ ਜਸ਼ਨ ਅਤੇ ਪੰਜਾਬ ਦੀ ਹਕੀਕਤ

ਰਾਜੇ-ਮਹਾਰਾਜਿਆਂ ਦੇ ਜ਼ਮਾਨੇ ਤੋਂ ਇਹ ਦਸਤੂਰ ਚਲਿਆ ਆ ਰਿਹਾ ਹੈ ਕਿ ਰਾਜਿਆਂ ਦਾ ਸਰੋਕਾਰ ਸਿਰਫ਼ ਆਪਣੀ ਨਿੱਜੀ ਜ਼ਿੰਦਗੀ ਅਤੇ ਐਯਾਸ਼ੀ ਨਾਲ ਹੁੰਦਾ ਹੈ। ਪਰਜਾ ਪਵੇ ਢੱਠੇ ਖੂਹ ਵਿਚ। ਜਿਹੜਾ ਕੋਈ ਰਾਜਾ ਆਪਣੀ ਨਿੱਜੀ ਜ਼ਿੰਦਗੀ ਦੇ ਭੋਗ-ਵਿਲਾਸ ਤੋਂ ਥੋੜ੍ਹੀ ਵਿਹਲ ਕੱਢ ਕੇ ਲੋਕ ਭਲਾਈ ਦਾ ਕੋਈ ਕੰਮ ਕਰ ਲਿਆ ਕਰਦਾ ਸੀ, ਉਸ ਦੀ ਮਹਿਮਾ ਪੂਰੇ ਜੱਗ ਵਿਚ ਫੈਲ ਜਾਇਆ ਕਰਦੀ ਸੀ। ਉਂਝ ਜ਼ਿਆਦਾਤਰ ਰਾਜਿਆਂ ਦੀ ਜ਼ਿਆਦਾ ਹਯਾਤੀ ਪਰਜਾ ਦੀ ਕੀਮਤ 'ਤੇ ਘੋਰ ਐਯਾਸ਼ੀ ਵਿਚ ਹੀ ਨਿਕਲ ਜਾਂਦੀ ਸੀ। ਪੁਸ਼ਤ-ਦਰ-ਪੁਸ਼ਤ। ਅਜੋਕੇ 'ਜਮਹੂਰੀਅਤ' ਦੇ ਯੁਗ ਦੇ ਹੁਕਮਰਾਨ ਪੁਰਾਣੇ ਰਾਜੇ-ਮਹਾਰਾਜਿਆਂ ਤੋਂ ਘੱਟ ਨਹੀਂ ਹਨ। ਆਧੁਨਿਕ ਰਾਜੇ-ਮਹਾਰਾਜੇ-ਸ਼ਹਿਜ਼ਾਦੇ

ਬੂਟਾ ਸਿੰਘ
ਫੋਨ: 91-94634-74342

ਗਾਹੇ-ਬਗਾਹੇ ਐਸੇ ਕਾਰਨਾਮੇ ਕਰਦੇ ਰਹਿੰਦੇ ਹਨ ਜਿਨ੍ਹਾਂ ਤੋਂ ਸਾਬਤ ਹੋ ਜਾਂਦਾ ਹੈ ਕਿ ਉਨ੍ਹਾਂ ਦੀ ਜ਼ਹਿਨੀਅਤ ਬਦਲੀ ਨਹੀਂ ਹੈ। ਉਹ ਅਜੇ ਵੀ ਮੁਲਕ ਨੂੰ ਆਪਣੀ ਨਿੱਜੀ ਜਾਗੀਰ ਹੀ ਸਮਝਦੇ ਹਨ ਅਤੇ ਇਥੋਂ ਦੇ ਬਾਸ਼ਿੰਦਿਆਂ ਨੂੰ ਆਪਣੀ ਰਿਆਇਆ; ਜਿਨ੍ਹਾਂ ਨੂੰ ਜਿਵੇਂ ਮਰਜ਼ੀ ਬੇਵਕੂਫ਼ ਬਣਾਇਆ ਤੇ ਦਬੱਲਿਆ ਜਾ ਸਕਦਾ ਹੈ। ਬਾਦਲ ਹਕੂਮਤ ਵਲੋਂ ਕਰਵਾਏ ਜਾਂਦੇ ਆਲਮੀ ਕਬੱਡੀ ਕੱਪ ਦਾ ਧੂਮ-ਧੜੱਕਾ ਸ਼ਾਇਦ ਇਹੀ ਪੈਗ਼ਾਮ ਦੇ ਰਿਹਾ ਹੈ।

ਆਲਮੀ ਕਬੱਡੀ ਕੱਪ ਉਦੋਂ ਕਰਵਾਏ ਜਾ ਰਹੇ ਹਨ ਜਦੋਂ ਬੁਨਿਆਦੀ ਖੇਡ ਸਭਿਆਚਾਰ ਬੁਰੀ ਤਰ੍ਹਾਂ ਦਮ ਤੋੜ ਚੁੱਕਾ ਹੈ ਅਤੇ ਰਹਿੰਦਾ-ਖੂੰਹਦਾ ਪੈਸੇ ਵਾਲਿਆਂ ਜਾਂ ਸੌੜੇ ਸਿਆਸੀ ਹਿੱਤਾਂ ਵਾਲਿਆਂ ਦੀ ਪੁਸ਼ਤ-ਪਨਾਹੀ ਨੇ ਅਗਵਾ ਕਰ ਲਿਆ ਹੈ। ਹੁਕਮਰਾਨਾਂ ਦੇ ਮੂੰਹੋਂ ਅਕਸਰ ਹੀ ਸੁਣਨ ਵਿਚ ਆਉਂਦਾ ਹੈ ਕਿ ਫਲਾਣਾ ਪ੍ਰੋਜੈਕਟ ਇਸ ਕਰ ਕੇ ਅਧੂਰਾ ਹੈ ਕਿਉਂਕਿ ਸੂਬੇ ਦਾ ਖ਼ਜ਼ਾਨਾ ਖਾਲੀ ਹੈ। ਅਪਰੈਲ 2011 ਤੋਂ ਲੈ ਕੇ 4000 ਬੇਰੁਜ਼ਗਾਰ ਲਾਈਨਮੈਨ ਤੇ ਉਨ੍ਹਾਂ ਦੇ ਪਰਿਵਾਰ ਲਗਾਤਾਰ ਲੜ ਰਹੇ ਹਨ ਕਿ 'ਫ਼ਖ਼ਰ-ਏ-ਕੌਮ' ਪ੍ਰਕਾਸ਼ ਸਿੰਘ ਬਾਦਲ ਦੀ ਹਕੂਮਤ 5000 ਲਾਈਨਮੈਨਾਂ ਨੂੰ ਨੌਕਰੀ 'ਤੇ ਰੱਖਣ ਦਾ ਆਪਣਾ ਵਾਅਦਾ ਪੂਰੇ ਕਰੇ। ਭਰਤੀ 5000 ਕੀਤੇ ਗਏ ਤੇ ਨੌਕਰੀ ਸਿਰਫ਼ 1000 ਨੂੰ ਦਿੱਤੀ ਗਈ। ਉਨ੍ਹਾਂ ਦੀ ਗੱਲ ਸੁਣਨ ਦੀ ਥਾਂ ਪੁਲਿਸ ਤੇ ਜਥੇਦਾਰਾਂ/ਲੱਠਮਾਰਾਂ ਦੀ ਤਾਕਤ ਦੇ ਜ਼ੋਰ ਉਨ੍ਹਾਂ ਦੀ ਆਵਾਜ਼ ਦਬਾ ਦਿੱਤੀ ਜਾਂਦੀ ਹੈ। ਉਨ੍ਹਾਂ ਵਿਚੋਂ ਤਰਨਤਾਰਨ ਦਾ ਬੇਰੁਜ਼ਗਾਰ ਲਾਈਨਮੈਨ ਲਾਰਿਆਂ ਤੋਂ ਨਿਰਾਸ਼ ਹੋ ਕੇ ਪਿੱਛੇ ਜਿਹੇ ਖੁਦਕੁਸ਼ੀ ਕਰ ਗਿਆ ਪਰ ਉਨ੍ਹਾਂ ਦੇ ਰੁਜ਼ਗਾਰ ਦਾ ਸਵਾਲ ਉਸੇ ਤਰ੍ਹਾਂ ਬੇ-ਹੱਲ ਪਿਆ ਹੈ, ਕਿਉਂਕਿ 'ਖ਼ਜ਼ਾਨਾ ਖਾਲੀ ਹੈ'। ਸਰਕਾਰੀ ਮੁਲਾਜ਼ਮਾਂ ਨੂੰ ਤਨਖ਼ਾਹਾਂ, ਕੁੜੀਆਂ ਨੂੰ ਸ਼ਗਨ ਸਕੀਮਾਂ ਦੇ ਬਕਾਏ, ਬਜ਼ੁਰਗਾਂ ਤੇ ਵਿਧਵਾਵਾਂ ਨੂੰ 400-500 ਰੁਪਏ 'ਪੈਨਸ਼ਨਾਂ' ਦੀ ਖ਼ੈਰਾਤ ਦੇਣ, ਡੂੰਘੇ ਖੇਤੀ ਸੰਕਟ ਕਾਰਨ ਆਪਣੀਆਂ ਜਾਨਾਂ ਲੈ ਰਹੇ ਕਿਸਾਨਾਂ ਤੇ ਕਿਰਤੀਆਂ ਨੂੰ ਸੰਕਟ ਵਿਚੋਂ ਕੱਢਣ, ਕੈਂਸਰ ਦੀ ਵਿਆਪਕ ਲਪੇਟ 'ਚ ਆਏ ਅਵਾਮ ਨੂੰ ਮੌਤ ਦੇ ਮੂੰਹੋਂ ਬਚਾਉਣ, ਸਿੱਖਿਆ ਅਤੇ ਸਿਹਤ ਸੇਵਾਵਾਂ ਵਰਗੀਆਂ ਬੁਨਿਆਦੀ ਇਨਸਾਨੀ ਜ਼ਰੂਰਤਾਂ ਦੀ ਪੂਰਤੀ ਦੇ ਪੁਖ਼ਤਾ ਇੰਤਜ਼ਾਮ ਕਰਨ ਅਤੇ ਇਨ੍ਹਾਂ ਦੇ ਬਜਟ ਵਿਚ ਵਾਧਾ ਕਰਨ, ਕਤਲਗਾਹਾਂ ਦਾ ਰੂਪ ਧਾਰ ਚੁੱਕੀਆਂ ਖੱਡੇਨੁਮਾ ਸੜਕਾਂ ਦੀ ਲੋੜੀਂਦੀ ਮੁਰੰਮਤ ਲਈ, ਜਾਂ ਕਹਿ ਲਓ, ਸਮਾਜੀ/ਮਨੁੱਖੀ ਬਿਹਤਰੀ ਦੇ ਕਿਸੇ ਵੀ ਪ੍ਰੋਜੈਕਟ ਲਈ ਹਕੂਮਤ ਕੋਲ ਪੈਸੇ ਨਹੀਂ ਹਨ। ਉਲਟੀ ਨੀਤੀ ਹੈ ਕਿ ਰੇਟ ਵਧਾ ਕੇ ਅਵਾਮ ਦੀ ਜੇਬ ਕਿਵੇਂ ਕੱਟਣੀ ਹੈ। ਅੱਜ ਦੇ ਹੁਕਮਰਾਨਾਂ ਨੂੰ ਜਾਅਲਸਾਜ਼ੀ ਤੇ ਅਵਾਮ ਦੀਆਂ ਜੇਬ-ਕੱਟਣ ਤੋਂ ਬਿਨਾਂ ਹੋਰ ਕੋਈ ਕੰਮ ਹੀ ਨਹੀਂ ਸੁੱਝਦਾ।

ਦੋ ਮਿਸਾਲਾਂ ਹੀ ਕਾਫ਼ੀ ਹਨ। ਬੁਰੀ ਤਰ੍ਹਾਂ ਬੇਰੁਜ਼ਗਾਰੀ/ਬੇਕਾਰੀ ਦੀ ਲਪੇਟ ਵਿਚ ਆਏ ਸੂਬੇ ਵਿਚ (ਜਿਥੇ ਕੁਝ ਦਿਨ ਪਹਿਲਾਂ ਹੀ ਦੁਆਬੇ ਵਿਚ ਪੜ੍ਹੀ-ਲਿਖੀ ਮੁਟਿਆਰ ਅਤੇ ਫਿਰੋਜ਼ਪੁਰ ਦੇ ਬੇਰੁਜ਼ਗਾਰ ਲਾਈਨਮੈਨ ਨੇ ਬੇਰੁਜ਼ਗਾਰੀ ਦੀ ਪ੍ਰੇਸ਼ਾਨੀ ਕਾਰਨ ਖ਼ੁਦਕੁਸ਼ੀ ਕੀਤੀ ਹੈ) ਅਜੇ ਵੀ ਬੇਰੁਜ਼ਗਾਰੀ ਭੱਤਾ 150 ਪ੍ਰਤੀ ਮਹੀਨਾ (ਗਰੈਜੂਏਸ਼ਨ ਪੱਧਰ ਵਾਲੇ ਨੂੰ 200 ਰੁਪਏ) ਹੈ ਜਿਸ ਨੂੰ ਹਾਸਲ ਕਰਨ ਖ਼ਾਤਰ ਤਿੰਨ ਸਾਲ, ਤਿੰਨ ਮਹੀਨੇ ਲਗਾਤਾਰ ਅਰਜ਼ੀ ਦੇ ਕੇ ਇਹ ਸਾਬਤ ਕਰਨਾ ਪੈਂਦਾ ਹੈ ਕਿ ਬੇਨਤੀਕਰਤਾ ਸੱਚੀਂ ਬੇਰੁਜ਼ਗਾਰ ਹੈ। ਦੂਜੀ ਮਿਸਾਲ, ਜਦੋਂ ਪੂਰਾ ਪੰਜਾਬ ਜਾਨਲੇਵਾ ਬਿਮਾਰੀਆਂ ਦੀ ਲਪੇਟ ਵਿਚ ਹੋਵੇ, ਜਦੋਂ ਰੋਜ਼ ਔਸਤ 10-12 ਬੰਦੇ ਸੜਕ ਹਾਦਸਿਆਂ 'ਚ ਮਰ ਰਹੇ ਹੋਣ, ਉਦੋਂ ਜੇ ਹਕੂਮਤ ਦਾਨ ਕੀਤੇ ਜਾਣ ਵਾਲੇ ਖ਼ੂਨ ਜੋ ਇਲਾਜ ਲਈ ਬਹੁਤ ਅਹਿਮ ਹੁੰਦਾ ਹੈ, ਦੇ ਟੈਸਟ ਦੀ ਪ੍ਰਤੀ ਯੂਨਿਟ ਦਰ 300 ਰੁਪਏ ਤੋਂ ਵਧਾ ਕੇ 1000 ਰੁਪਏ ਕਰਨ ਦਾ ਫ਼ੈਸਲਾ ਕਰ ਲੈਂਦੀ ਹੈ ਅਤੇ ਐਨ ਉਸੇ ਵਕਤ ਕਬੱਡੀ ਕੱਪ ਦੇ ਸੱਤ ਕਰੋੜੀ ਇਨਾਮ ਅਤੇ ਪ੍ਰਿਅੰਕਾ ਚੋਪੜਾ ਦੇ ਚੰਦ ਮਿੰਟਾਂ ਦੇ ਨਾਚ ਉੱਪਰ 6 ਕਰੋੜ ਰੁਪਏ ਖ਼ਰਚੇ ਜਾਣ ਦਾ ਐਲਾਨ ਕਰਦੀ ਹੈ ਤਾਂ ਸੱਤਾਧਾਰੀਆਂ ਦੀ ਜ਼ਹਿਨੀਅਤ ਸਮਝਣੀ ਮੁਸ਼ਕਲ ਨਹੀਂ ਹੈ।

ਮੀਡੀਆ ਵਿਚ ਧੜਾਧੜ ਇਸ਼ਤਿਹਾਰਬਾਜ਼ੀ ਕਰ ਕੇ ਅਵਾਮ ਨੂੰ ਇਹ ਜਚਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਦੇਖੋ! ਸਾਡੀ ਹਕੂਮਤ ਚੌਥਾ ਆਲਮੀ ਕਬੱਡੀ ਕਰਵਾ ਕੇ ਅਤੇ ਰੁਲ ਚੁੱਕੀ ਇਸ ਮੁਕਾਮੀ ਖੇਡ ਨੂੰ ਖੇਡਾਂ ਦੀ ਗਰੇਡੇਸ਼ਨ ਸੂਚੀ ਵਿਚ ਸ਼ਾਮਲ ਕਰਨ ਦਾ ਮਾਅਰਕਾ ਮਾਰ ਕੇ ਇਸ ਸੂਬੇ ਉੱਪਰ ਕਿੰਨਾ ਵੱਡਾ ਪਰਉਪਕਾਰ ਕਰ ਰਹੀ ਹੈ।

ਕਬੱਡੀ ਨੂੰ ਪਿੰਡ ਤੋਂ ਚੁੱਕ ਕੇ ਆਲਮੀ ਬੁਲੰਦੀ 'ਤੇ ਪਹੁੰਚਾਉਣਾ ਕਿਤੇ ਛੋਟਾ ਮਾਅਰਕਾ ਹੈ! 6 ਮਹਾਂਦੀਪਾਂ ਦੇ 14 ਮੁਲਕਾਂ ਦੇ ਖਿਡਾਰੀਆਂ-ਖਿਡਾਰਨਾਂ ਦਾ 15 ਦਿਨ ਮਹਾਂ ਜੋੜਮੇਲਾ ਅਤੇ 7 ਕਰੋੜੀ ਇਨਾਮ ਕਿਤੇ ਛੋਟੀ ਜਹੀ ਗੱਲ ਹੈ! ਕੁਲ ਆਲਮ ਵਿਚ ਪੰਜਾਬ ਦੀ ਬੱਲੇ-ਬੱਲੇ ਹੋਈ ਪਈ ਹੈ। ਉਪਰੋਂ ਸਟਾਰ ਕਲਾਕਾਰ ਪ੍ਰਿਅੰਕਾ ਚੋਪੜਾ ਦੇ ਚੰਦ ਮਿੰਟ ਛੇ ਕਰੋੜੀ ਠੁਮਕਿਆਂ ਦੇ ਜਲਵੇ ਵੱਖਰੇ। ਉਸ ਪ੍ਰਿਅੰਕਾ ਨੂੰ ਚੰਦ ਘੰਟੇ ਰਹਿਣ ਲਈ ਚੰਡੀਗੜ੍ਹ ਤੋਂ ਉਰੇ ਪੰਜਾਬ ਦਾ ਕੋਈ ਹੋਟਲ ਹੀ ਪਸੰਦ ਨਹੀਂ ਆਉਂਦਾ! ਲਿਹਾਜ਼ਾ ਇਹ ਹੈਰਤ-ਅੰਗੇਜ਼ ਨਹੀਂ ਸੀ ਕਿ ਬਠਿੰਡਾ ਵਿਚ ਚੌਥੇ ਆਲਮੀ ਕਬੱਡੀ ਕੱਪ ਦਾ ਪੂਰੇ ਧੂਮ-ਧੜੱਕੇ ਨਾਲ ਆਗਾਜ਼ ਕੀਤੇ ਜਾਣ ਮੌਕੇ ਦੋਵੇਂ ਪਿਉ-ਪੁੱਤ ਆਪਣੇ ਵਜ਼ਾਰਤੀ ਲਾਮ-ਲਸ਼ਕਰ ਸਮੇਤ ਪ੍ਰਿਅੰਕਾ ਚੋਪੜਾ ਦੀ ਅਦਾਕਾਰੀ ਦਾ ਇੰਝ ਆਨੰਦ ਮਾਣ ਰਹੇ ਸਨ ਜਿਵੇਂ ਰਾਜੇ-ਮਹਾਰਾਜੇ ਸਿੰਘਾਸਣ 'ਤੇ ਬਿਰਾਜ ਕੇ 'ਮੁਜਰੇ' ਵੇਖਿਆ ਕਰਦੇ ਸਨ।

ਉਥੇ 'ਸੁਸ਼ੋਭਿਤ' 85 ਵਰ੍ਹਿਆਂ ਨੂੰ ਢੁੱਕੇ 'ਪੰਥ ਰਤਨ' ਨੂੰ ਪਰਮ-ਆਨੰਦ ਵਿਚ ਦੇਖ ਕੇ ਅਤੇ ਇਨ੍ਹਾਂ ਦੇ ਗੱਪਨੁਮਾ ਦਾਅਵੇ ਸੁਣ ਕੇ ਸੂਬੇ ਤੋਂ ਬਾਹਰ ਬੈਠਾ ਬੰਦਾ ਭਲਾ ਕਿਵੇਂ ਸੋਚ ਸਕਦਾ



ਉਦਘਾਟਨ ਮੌਕੇ ਪ੍ਰਕਾਸ਼ ਸਿੰਘ ਬਾਦਲ ਅਦਾਕਾਰਾ ਪ੍ਰਿਅੰਕਾ ਚੋਪੜਾ ਨਾਲ।

ਹੈ ਕਿ ਪੰਜਾਬ ਦਾ 'ਵਿਕਾਸ' ਨਹੀਂ ਹੋ ਰਿਹਾ। ਜਦੋਂ ਬਾਪ ਬਾਦਲ ਕਹਿ ਰਿਹਾ ਹੋਵੇ ਕਿ 'ਸੁਖਬੀਰ ਦੀ ਉਸਾਰੂ ਸੋਚ ਸਦਕਾ ਸਰਕਾਰ ਨੇ ਖੇਡਾਂ ਦੀ ਪ੍ਰਫੁੱਲਤਾ ਲਈ ਕ੍ਰਾਂਤੀਕਾਰੀ ਕਦਮ ਚੁੱਕੇ ਹਨ'। ਅਜਿਹੀਆਂ ਕੋਰੀਆਂ ਗੱਪਾਂ ਸੁਣ ਕੇ ਪੰਜਾਬ ਦਾ ਬੇਵੱਸ ਅਵਾਮ ਮੁਸ਼ਕੜੀਏਂ ਹੱਸ ਛੱਡਦਾ ਹੈ ਜਾਂ ਫਿਰ ਇਨ੍ਹਾਂ ਬਿਆਨਾਂ ਨੂੰ ਹੋਊ-ਪਰੇ ਕਰ ਛੱਡਦਾ ਹੈ ਪਰ 'ਰਾਜਿਆ ਅੰਗਾ ਢੱਕ' ਕਹਿਣ ਦੀ ਹਿੰਮਤ ਨਹੀਂ ਪੈ ਰਹੀ। ਕੀ ਜਵਾਨੀ ਨੂੰ ਖੇਡਾਂ ਲਈ ਉਤਸ਼ਾਹਤ ਕਰਨਾ ਇਤਰਾਜ਼ ਵਾਲਾ ਕੰਮ ਹੈ? ਉਹ ਵੀ ਉਦੋਂ ਮੀਡੀਆ ਦੀਆਂ ਸੁਰਖ਼ੀਆਂ ਕੂਕ ਰਹੀਆਂ ਹਨ ਕਿ ਇੱਥੋਂ ਦੇ 70 ਫ਼ੀ ਸਦੀ ਨੌਜਵਾਨ ਨਸ਼ਿਆਂ ਦੀ ਲਪੇਟ ਵਿਚ ਆ ਚੁੱਕੇ ਹਨ। ਜਦੋਂ ਹਰ ਦੂਜੇ-ਤੀਜੇ ਸਮੈਕ, ਹੈਰੋਇਨ ਅਤੇ ਸਿੰਥੈਟਿਕ ਨਸ਼ਿਆਂ ਦੀਆਂ ਬਹੁ-ਕਰੋੜੀ ਖੇਪਾਂ ਫੜੇ ਜਾਣਾ ਆਮ ਗੱਲ ਹੋਵੇ। ਮਸਲਾ ਉਦੋਂ ਬੁਝਾਰਤ ਬਣ ਜਾਂਦਾ ਹੈ ਕਿ ਜਦੋਂ ਖੇਡਾਂ ਕਰਵਾਉਣ ਵਾਲੇ ਅਤੇ ਨਸ਼ਿਆਂ ਦਾ ਬਦਕਾਰ ਧੰਦਾ ਕਰਨ ਵਾਲਿਆਂ ਦੀ ਪੁਸ਼ਤ-ਪਨਾਹੀ ਕਰਨ ਵਾਲੇ ਉਹੀ ਸ਼ਖ਼ਸ ਹੋਣ। ਜਦੋਂ ਕਬੱਡੀ ਐਸੋਸੀਏਸ਼ਨ ਦਾ ਪ੍ਰਧਾਨ ਹੀ ਘੁਟਾਲਿਆਂ ਦਾ 'ਸਿਕੰਦਰ' ਹੋਵੇ। ਕੀ ਗਰਮ-ਖ਼ਿਆਲ ਅਕਾਲੀ ਆਗੂ ਸ. ਸਿਮਰਨਜੀਤ ਸਿੰਘ ਮਾਨ ਦਾ ਇਹ ਕਹਿਣਾ ਅਤਿ-ਕਥਨੀ ਹੈ ਕਿ 'ਆਲਮੀ ਕਬੱਡੀ ਕੱਪ ਦਾ ਵਿਤੀ ਸੰਚਾਲਨ ਨਸ਼ੀਲੇ ਪਦਾਰਥਾਂ ਦੇ ਕੌਮਾਂਤਰੀ ਸਮੱਗਲਰਾਂ ਦਾ ਅਜਿਹਾ ਗਰੋਹ ਕਰ ਰਿਹਾ ਹੈ ਜੋ ਪੰਜਾਬ ਦੀ ਜਵਾਨੀ ਨੂੰ ਤਬਾਹ ਕਰ ਕੇ ਆਪਣੀਆਂ ਅਤੇ ਆਪਣੇ ਸਿਆਸੀ ਆਕਾਵਾਂ ਦੀਆਂ ਤਿਜੌਰੀਆਂ ਭਰ ਰਿਹੈ'? ਸਾਬਕਾ ਪੁਲਿਸ ਅਧਿਕਾਰੀ ਸ਼ਸ਼ੀ ਕਾਂਤ ਕੋਲ ਤਾਂ ਇਸ ਦੇ ਢੇਰ ਪੁਖ਼ਤਾ ਸਬੂਤ ਹਨ।

ਮਹਾਰਾਜਾ ਅਮਰਿੰਦਰ ਸਿੰਘ ਦੇ ਰਾਜ ਸਮੇਂ ਅਕਾਲੀ ਆਗੂਆਂ ਦਾ ਇਹ ਬਿਆਨ ਪੜ੍ਹ ਕੇ ਕੁਝ ਲੋਕਾਂ ਨੂੰ ਸਦਮਾ ਜ਼ਰੂਰ ਲੱਗਿਆ ਸੀ ਕਿ 'ਕਾਂਗਰਸ ਹਕੂਮਤ ਨੇ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਵਿਚ ਸਾਡੇ ਹਮਾਇਤੀਆਂ ਨਾਲ ਧੱਕਾ ਕੀਤਾ ਹੈ'। ਉਹ ਸ਼ਰਾਬ ਦੇ ਕਾਰੋਬਾਰ ਉੱਪਰ ਸੋਨੀਆ ਗਾਂਧੀ ਦੇ ਜਵਾਈ ਰੌਬਰਟ ਵਾਡਰਾ ਦੀ ਸੱਜੀ ਬਾਂਹ ਪੌਂਟੀ ਚੱਢਾ ਦਾ ਕਬਜ਼ਾ ਕਰਾਏ ਜਾਣ ਅਤੇ ਆਪਣੇ ਹਮਾਇਤੀਆਂ ਨੂੰ ਠਿੱਬੀ ਲਗਾਏ ਜਾਣ 'ਤੇ ਔਖੇ-ਭਾਰੇ ਸਨ। ਇਹ ਧੰਦਾ ਸੁਪਰ ਮੁਨਾਫ਼ਿਆਂ ਦੀ ਖਾਣ ਹੈ, ਇਹ ਪੁਰਾਣਾ ਕਿੱਸਾ ਹੈ ਪਰ ਜਦੋਂ ਪਿੱਛੇ ਜਿਹੇ ਪੌਂਟੀ ਚੱਢਾ ਆਪਣੀ ਮਾਫ਼ੀਆ ਸਲਤਨਤ ਦੀ ਵੰਡ-ਵੰਡਾਈ ਪਿੱਛੇ ਆਪਣੇ ਹੀ ਭਾਈ ਹੱਥੋਂ ਮਾਰਿਆ ਗਿਆ ਤਾਂ ਛਪੀਆਂ 'ਯਾਦਗਾਰੀ' ਤਸਵੀਰਾਂ ਜ਼ਰੀਏ ਇਕ ਨਵੀਂ ਤਹਿ ਸਾਹਮਣੇ ਆ ਗਈ। ਇਸ ਨੇ ਦਿਖਾ ਦਿੱਤਾ ਕਿ ਕਾਂਗਰਸੀ ਕਪਤਾਨ ਹੀ ਨਹੀਂ, ਬਾਦਲ ਦੇ ਫਰਜ਼ੰਦ ਨਾਲ ਵੀ ਪੌਂਟੀ ਦਾ ਗੂੜ੍ਹਾ ਰਿਸ਼ਤਾ ਸੀ। ਪਿਛਲੇ ਵਰ੍ਹੇ ਤੋਂ ਲੈ

ਦੇਸ-ਪਰਦੇਸ

ਕੇ ਸਾਹਮਣੇ ਆ ਰਹੇ ਉਪਰੋਥਲੀ ਕਿੱਸਿਆਂ ਤੋਂ ਕਿਸੇ ਨੂੰ ਹੁਣ ਕੋਈ ਸ਼ੱਕ ਨਹੀਂ ਰਹਿ ਗਿਆ ਕਿ ਬਾਦਲ-ਮਜੀਠੀਏ ਮਹਿਜ਼ ਹਰ ਤਰ੍ਹਾਂ ਦੇ ਮਾਫ਼ੀਆ ਗਰੋਹਾਂ ਦੀ ਪੁਸ਼ਤ-ਪਨਾਹੀ ਹੀ ਨਹੀਂ ਕਰਦੇ, ਸਗੋਂ ਇਨ੍ਹਾਂ ਨਾਲ ਪੂਰਾ ਗੱਠਜੋੜ ਬਣਾ ਕੇ ਚੱਲ ਰਹੇ ਹਨ। ਚਾਹੇ ਸ਼ਰੂਤੀ ਨੂੰ ਅਗਵਾ ਕਰਨ ਵਾਲਾ ਨਿਸ਼ਾਨ ਗਰੋਹ ਹੋਵੇ, ਅੰਮ੍ਰਿਤਸਰ ਵਿਚ ਧੀ ਨੂੰ ਬਚਾਉਣ ਵਾਲੇ ਥਾਣੇਦਾਰ ਨੂੰ ਸ਼ਰੇ-ਬਾਜ਼ਾਰ ਕਤਲ ਕਰਨ ਵਾਲਾ 'ਯੂਥ ਵਿੰਗੀਆ' ਹੋਵੇ ਜਾਂ ਹਾਲ ਹੀ ਵਿਚ ਕਿਸੇ ਗ਼ਲਤੀ ਨਾਲ ਸਿੰਥੈਟਿਕ ਨਸ਼ਿਆਂ ਦੇ ਤਾਣੇ-ਬਾਣੇ ਦੀ ਕੰਨੀ ਨੰਗੀ ਹੋ ਜਾਣ ਨਾਲ ਬੇਨਕਾਬ ਹੋਇਆ ਯੂਥ ਅਕਾਲੀ ਦਲ ਦਾ ਕੌਮੀ ਜਨਰਲ ਸਕੱਤਰ ਮਨਿੰਦਰ ਸਿੰਘ ਬਿੱਟੂ ਔਲਖ ਅਤੇ ਇਸ ਨਾਲ ਜੁੜੇ ਵੀਰ ਸਿੰਘ ਲੋਪੋਕੇ ਤੇ ਮਾਝੇ ਦੇ ਹੋਰ 'ਅਕਾਲੀ' ਆਗੂ ਹੋਣ। ਹਾਲੀਆ ਕਬੱਡੀ ਕੱਪ ਦੇ ਆਗਾਜ਼ ਮੌਕੇ ਕੁਝ ਉਹ ਅਨਸਰ ਵੀ ਉਥੇ 'ਸੁਸ਼ੋਭਤ' ਦੱਸੇ ਜਾਂਦੇ ਹਨ ਜੋ ਥੋਕ ਸਿੰਥੈਟਿਕ ਨਸ਼ਿਆਂ ਦੇ ਤਾਜ਼ਾ ਕਾਂਡ ਵਾਲੇ ਜਗਦੀਸ਼ ਭੋਲੇ ਵਾਲੇ ਤਾਣੇਬਾਣੇ ਵਿਚ ਪੁਲਿਸ ਨੂੰ ਲੋੜੀਂਦੇ ਹਨ।

ਅਜਿਹੇ ਹਾਲਾਤ ਵਿਚ ਜਦੋਂ ਸੂਬੇ ਦਾ ਬੁਨਿਆਦੀ ਅਰਥਚਾਰਾ, ਸਿਹਤ, ਸਿੱਖਿਆ, ਆਬੋ-ਹਵਾ ਅਤੇ ਸਭਿਆਚਾਰ ਦਾ ਹਰ ਅੰਗ ਭਾਵ ਸਮਾਜੀ ਜ਼ਿੰਦਗੀ ਦਾ ਹਰ ਪਹਿਲੂ ਨਿਘਾਰ ਦੇ ਪਤਾਲ ਵਿਚ ਧੱਸਦਾ ਜਾ ਰਿਹਾ ਹੋਵੇ, ਜਦੋਂ ਪੰਜਾਬ ਦੇ ਪਿੰਡਾਂ ਦੀਆਂ ਚਾਰੇ ਦਿਸ਼ਾਵਾਂ 'ਚ ਸ਼ਰਾਬ ਦੇ ਠੇਕੇ ਖੁੱਲ੍ਹੇ ਹੋਣ, ਜਦੋਂ ਸਮੈਕ ਤੇ ਹੈਰੋਇਨ ਵਰਗੇ ਨਸ਼ੇ ਮੈਡੀਕਲ ਸਟੋਰ ਤੋਂ ਖੰਘ ਦੀ ਦਵਾਈ ਹਾਸਲ ਕਰਨ ਤੋਂ ਵੱਧ ਆਸਾਨੀ ਨਾਲ ਹਾਸਲ ਹੋਣ ਉਦੋਂ ਕਬੱਡੀ ਦੀ ਆਲਮੀ ਬੁਲੰਦੀ ਵੱਲ ਰਾਕਟੀ ਉਡਾਣ ਕੋਈ ਮਾਇਨੇ ਨਹੀਂ ਰੱਖਦੀ।

ਅਰਥਚਾਰੇ, ਸਮਾਜ, ਮਨੁੱਖ ਅਤੇ ਚੌਗਿਰਦੇ ਦੀ ਸਿਹਤ ਤੇ ਤੰਦਰੁਸਤੀ ਨੂੰ ਇਕ ਦੂਜੇ ਤੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ। ਇਨ੍ਹਾਂ ਦਾ ਲਹੂ-ਮਾਸ ਵਾਲਾ ਅਨਿੱਖੜ ਰਿਸ਼ਤਾ ਹੈ। ਜੇ ਫਿਰ ਵੀ ਹੁਕਮਰਾਨ ਸੱਤਾ ਦੇ ਗ਼ਰੂਰ 'ਚ ਬੇਹਯਾਈ ਨਾਲ ਦਮਗਜੇ ਮਾਰ ਰਹੇ ਹੈ ਕਿ ਕਬੱਡੀ ਕੱਪ ਬਹੁਤ ਵੱਡਾ ਮਾਅਰਕਾ ਹੈ ਤਾਂ ਇਸ ਤਰ੍ਹਾਂ ਦੀ ਕੋਰੀ ਗੱਪ ਉੱਪਰ ਹੱਸਿਆ ਹੀ ਜਾ ਸਕਦਾ ਹੈ। ਪਿੱਛੇ ਜਿਹੇ ਰੇਤ ਮਾਫ਼ੀਆ ਪਰਦਾਫਾਸ਼ ਦੌਰਾਨ 'ਦੈਨਿਕ ਭਾਸਕਰ' ਦੇ ਮੁਕਾਮੀ ਐਡੀਸ਼ਨ ਦੇ ਸੰਪਾਦਕ ਨੇ ਇਕ ਟੀ.ਵੀ. ਚੈਨਲ ਨਾਲ ਸੂਬੇ ਦੇ ਆਮ ਹਾਲਾਤ ਬਾਰੇ ਗੱਲਬਾਤ ਕਰਦੇ ਵਕਤ ਕਿਹਾ ਸੀ ਕਿ ਅਫ਼ੀਮ ਦੇ ਗੋਲੇ ਛਕ ਕੇ ਵਿਕਾਸ ਦੀ ਬਿਆਨਬਾਜ਼ੀ ਕਰਨ ਤੋਂ ਸੱਤਾਧਾਰੀਆਂ ਨੂੰ ਕੌਣ ਰੋਕ ਸਕਦਾ ਹੈ। ਇਹ ਅਧੂਰਾ ਸੱਚ ਹੈ। ਸੱਚ ਦਾ ਬਾਕੀ ਹਿੱਸਾ ਇਹ ਵੀ ਹੈ ਕਿ ਸੜਿਆਂਦ ਮਾਰਦੇ ਨਿਜ਼ਾਮ ਨੂੰ ਕਬੱਡੀ ਕੱਪਾਂ, ਜਸ਼ਨੀ ਸਮਾਗਮਾਂ ਦੇ ਧੂਮ-ਧੜੱਕੇ ਤੇ ਹੋਰ ਸਿਆਸੀ ਸਟੰਟਾਂ ਵਰਗੀ ਚਕਾਚੌਂਧ ਨਾਲ ਕਦੋਂ ਕੁ ਤਕ ਲੁਕੋਇਆ ਜਾ ਸਕਦਾ ਹੈ।

# ਇਹ ਬਰਬਾਦੀ ਦਾ ਯੁੱਗ ਕਿੱਥੇ ਜਾ ਕੇ ਰੁਕੇਗਾ?

ਜਦੋਂ ਵੀ ਭਾਰਤ ਦੀ ਲੋਕ ਸਭਾ ਜਾਂ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੁੰਦੀਆਂ ਹਨ, ਉਦੋਂ ਸਿਆਸੀ ਪਾਰਟੀਆਂ ਵਿਕਾਸ ਦੇ ਜੋ ਥੋਥੇ ਦਾਅਵੇ ਇੰਝ ਕਰਦੀਆਂ ਹਨ ਜਿਵੇਂ ਆਉਣ ਵਾਲੇ ਪੰਜਾਂ ਸਾਲਾਂ ਵਿਚ ਪਿਛਲੀ ਸਰਕਾਰ ਦੇ 'ਨਰਕ' ਬਣਾਏ ਦੇਸ਼ ਤੇ ਸੂਬਿਆਂ ਨੂੰ ਸਵਰਗ ਬਣਾ ਦੇਣਗੀਆਂ। ਜਿਥੇ 'ਦੁੱਧ ਦੀਆਂ ਨਦੀਆਂ' ਵਗਣਗੀਆਂ। ਹਰ ਵੋਟਰ ਦੀ ਜ਼ਿੰਦਗੀ ਦੇ ਸਾਰੇ ਦੁੱਖ ਦੂਰ ਕਰ ਦੇਣਗੀਆਂ; ਪਰ 66 ਸਾਲ ਬੀਤ ਗਏ, ਹਕੀਕਤ ਇਹ ਹੈ ਕਿ ਕਿਸੇ ਵੀ ਪਾਰਟੀ

ਗੁਰਦਿਆਲ ਸਿੰਘ

(ਜਾਂ ਇਕੱਠੀਆਂ ਹੋਈਆਂ 'ਸਤਨਾਜਾ' ਪਾਰਟੀਆਂ) ਦਾ ਰਾਜ ਆਇਆ, ਭਾਰਤ ਪਹਿਲਾਂ ਨਾਲੋਂ ਵਧੇਰੇ ਗਰਕਦਾ ਗਿਆ। ਗ਼ਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਅਗਿਆਨਤਾ, ਜੁਰਮ (ਪੰਜ-ਪੰਜ ਸਾਲ ਦੀਆਂ ਬੱਚੀਆਂ ਨਾਲ ਜਬਰ ਜਨਾਹਾਂ ਸਣੇ) ਲਗਾਤਾਰ ਵਧਦੇ ਗਏ। ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ 'ਅੰਧੀ ਰਯਤਿ ਗਿਆਨ ਵਿਹੂਣੀ' ਸਿਰਫ਼ ਬਣੀ ਹੀ ਨਹੀਂ ਰਹੀ, ਵਧੇਰੇ ਅੰਨ੍ਹੀ ਹੁੰਦੀ ਗਈ। ਵੱਡਾ ਸਵਾਲ ਇਹ ਹੈ ਕਿ ਸਾਡੇ ਸਿਆਸੀ ਦਲਾਂ ਦੇ ਸਵਰਗ ਦੇ ਦਿਖਾਏ ਸੁਪਨੇ, ਸਾਕਾਰ ਕਿਉਂ ਨਹੀਂ ਹੋਏ? ਕਾਰਨ ਕਈ ਹਨ ਪਰ ਇਥੇ ਸਿਰਫ਼ ਦੋ ਅਜਿਹੇ ਕਾਰਨਾਂ ਦਾ ਹੀ ਵੇਰਵਾ ਸੰਭਵ ਹੈ ਜੋ ਦੇਸ਼ ਦੀ ਅਧੋਗਤੀ ਦਾ ਮੂਲ ਕਾਰਨ ਬਣ ਰਹੇ ਹਨ। ਪੁਰਾਣੀਆਂ ਲੋਕ ਕਹਾਣੀਆਂ (ਬਾਤਾਂ) ਵਿਚ ਕਦੇ ਨਾ ਕਦੇ ਅਜਿਹੀ ਕਹਾਣੀ ਸੁਣੀ ਹੋਵੇਗੀ ਕਿ ਰਾਹ ਭੁੱਲੇ ਕਿਸੇ ਰਾਜੇ ਨੂੰ ਸ਼ਿਕਾਰ ਖੇਡਦਿਆਂ ਰਾਤ ਪੈ ਗਈ, ਤਾਂ ਕਿਧਰੇ ਧੂੰਆਂ ਨਿਕਲਦਾ ਦਿਸਿਆ। ਉਨ੍ਹਾਂ ਨੂੰ ਕੁਝ ਤਸੱਲੀ ਹੋਈ। ਕਾਰਨ ਸਪਸ਼ਟ ਹੈ ਕਿ ਜਿਥੋਂ ਧੂੰਆਂ ਨਿਕਲਦਾ ਹੈ, ਉਥੇ ਜ਼ਰੂਰ ਅੱਗ ਮਚਦੀ ਹੋਵੇਗੀ ਤੇ ਅੱਗ ਬਾਲਣ ਵਾਲੇ ਬੰਦੇ ਹੋਣਗੇ। ਜਿਥੇ ਬੰਦੇ ਹੋਣਗੇ, ਉਥੇ ਕੋਈ ਛੋਟਾ-ਵੱਡਾ ਪਿੰਡ ਵੀ ਹੋਵੇਗਾ।

ਅਜਿਹੀਆਂ 'ਬਾਤਾਂ' ਸਾਧਾਰਨ ਹੁੰਦਿਆਂ ਵੀ ਸਧਾਰਨ ਨਹੀਂ। ਪਾਰਟੀਆਂ ਆਪਣੇ ਚਲਾਕ ਬੰਦਿਆਂ ਨੂੰ ਕਹਿ ਕੇ ਕਿਧਰੇ ਝਾੜੀਆਂ ਨੂੰ ਅੱਗ ਲੁਆ ਕੇ ਲੋਕਾਂ (ਵੋਟਰਾਂ) ਨੂੰ ਅੱਗ ਮਚਣ ਅਤੇ ਉਥੇ ਪਿੰਡ ਹੋਣ ਦੇ ਦਾਅਵੇ ਕਰ ਕੇ, ਪਿੰਡ ਨੂੰ ਸਵਰਗ ਬਣਾਉਣ ਦੇ ਹੀ ਭੁਲੇਖੇ ਪਾਉਂਦੀਆਂ ਰਹੀਆਂ ਹਨ। ਉਥੇ ਨਾ ਅੱਗ ਹੁੰਦੀ ਹੈ, ਨਾ ਪਿੰਡ ਪਰ ਸਟੇਜਾਂ 'ਤੇ ਬਾਹਾਂ ਉੱਚੀਆਂ ਕਰ ਕੇ ਨਿਰੇ ਰੋਹੀ-ਬੀਆਬਾਨ ਨੂੰ 'ਸਵਰਗ' ਬਣਾਉਣ ਦੇ ਭੁਲੇਖੇ, 66 ਸਾਲ ਤੋਂ ਪਾਏ ਜਾ ਰਹੇ ਹਨ। ਵੋਟਰ (ਜੋ ਕਰੋੜਾਂ ਦੀ ਗਿਣਤੀ ਵਿਚ ਹਨ) ਚੋਣ ਲੜਨ ਵਾਲੇ ਨੇਤਾਵਾਂ ਦੇ ਫੋਕੇ ਵਾਅਦਿਆਂ 'ਤੇ ਵਿਸ਼ਵਾਸ ਕਰ ਲੈਂਦੇ ਹਨ ਕਿਉਂਕਿ ਉਨ੍ਹਾਂ ਅੱਗੇ ਦੋ ਹੀ ਰਾਹ ਹੁੰਦੇ ਹਨ; ਜਾਂ ਤਾਂ ਕਿਸੇ ਨੂੰ ਵੋਟ ਪਾ ਕੇ ਜਿਤਾ ਦੇਣ ਜਾਂ ਕਿਸੇ ਨੂੰ ਵੀ ਵੋਟ ਨਾ ਪਾਉਣ, ਕਿਉਂਕਿ ਕੋਈ ਵੀ ਸੱਚ ਨਹੀਂ ਬੋਲ ਰਿਹਾ ਹੁੰਦਾ। ਜੇ ਉਹ ਵੋਟ ਨਾ ਪਾਉਣ ਤਾਂ ਸਰਕਾਰ ਤਾਂ ਫਿਰ ਵੀ ਕਿਸੇ ਪਾਰਟੀ (ਜਾਂ ਪਾਰਟੀਆਂ) ਦੀ ਬਣ ਹੀ ਜਾਣੀ ਹੈ। ਵਿਧਾਨ ਅਨੁਸਾਰ ਸਰਕਾਰ ਤਾਂ ਪੰਜ-ਦਸ ਫ਼ੀਸਦੀ ਵੋਟਾਂ ਲੈਣ ਵਾਲੀ ਪਾਰਟੀ ਦੀ ਵੀ ਬਣ ਸਕਦੀ ਹੈ। ਜ਼ਰੂਰੀ ਨਹੀਂ ਕਿ 51 ਫ਼ੀਸਦੀ ਵੋਟਾਂ ਲੈਣ ਵਾਲੀ ਪਾਰਟੀ ਦੀ ਹੀ ਸਰਕਾਰ ਬਣੇਗੀ। ਮੁੱਖ ਮੰਤਰੀ ਬੇਅੰਤ ਸਿੰਘ ਦੀ ਸਰਕਾਰ 10-12 ਫ਼ੀਸਦੀ ਵੋਟਾਂ ਨਾਲ ਹੀ ਬਣ ਗਈ ਸੀ।

ਹੁਣ ਫਿਰ 2014 ਦੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਇਹੋ ਕੁਝ ਵਾਪਰੇਗਾ। ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਬਣੇ, ਉਘਤਨਾ ਤਾਂ 'ਵੈਂਗਣੀ' ਹੀ ਹੈ। ਜੇ ਛੇ ਦਹਾਕਿਆਂ ਵਿਚ ਕੋਈ ਸਰਕਾਰ ਦੇਸ਼ ਦੀਆਂ ਮੂਲ ਸਮੱਸਿਆਵਾਂ ਵਿਚੋਂ ਕੋਈ ਵੀ ਨਹੀਂ ਸੁਲਝਾ ਸਕੀ ਤਾਂ ਹੁਣ ਆਜ਼ਾਦੀ ਤੋਂ ਬਾਅਦ ਚਾਰ ਗੁਣਾਂ ਵਧ ਚੁੱਕੀ ਆਬਾਦੀ ਦੀਆਂ ਕਿਹੜੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ? ਜਿਵੇਂ ਪਹਿਲਾਂ ਭੁਲੇਖੇ ਪਾ ਕੇ ਲੋਕਾਂ ਤੋਂ ਵੋਟਾਂ ਲੈ ਕੇ ਸਰਕਾਰਾਂ ਬਣਦੀਆਂ ਰਹੀਆਂ ਹਨ, ਉਵੇਂ ਹੁਣ ਬਣ ਜਾਵੇਗੀ। ਪ੍ਰਧਾਨ ਮੰਤਰੀ ਚਾਹੇ ਨਰੇਂਦਰ ਮੋਦੀ ਬਣ ਜਾਏ, ਚਾਹੇ 124 ਕਰੋੜ ਲੋਕਾਂ ਦੀਆਂ ਸਮੱਸਿਆਵਾਂ ਤੋਂ ਉੱਕਾ ਅਨਜਾਣ ਨੌਜਵਾਨਾਂ ਦਾ ਅਖੌਤੀ 'ਪ੍ਰਤੀਨਿਧ' ਰਾਹੁਲ ਗਾਂਧੀ; ਕੋਈ ਵੀ ਸਮੱਸਿਆ ਨਹੀਂ ਸੁਲਝਾ ਸਕੇਗਾ।

ਇਹ ਤਾਂ ਸਿਰਫ਼ ਮਿਸਾਲ ਹੈ। ਅਸਲ ਸਮੱਸਿਆ ਇਹ ਹੈ ਕਿ ਕੋਈ ਵੀ ਸਰਕਾਰ 1947 ਤੋਂ ਮਗਰੋਂ ਲੋਕਾਂ ਦੀਆਂ ਮੂਲ ਸਮੱਸਿਆਵਾਂ ਹੱਲ ਨਹੀਂ ਕਰ ਸਕੀ। ਪੰਡਿਤ ਨਹਿਰੂ ਵੱਲੋਂ ਭਾਖੜਾ ਵਰਗੇ ਡੈਮ ਅਤੇ ਚੰਡੀਗੜ੍ਹ ਵਰਗੇ ਸ਼ਹਿਰਾਂ ਦੇ ਸੁਪਨੇ ਹੀ ਦਿਖਾਏ ਜਾਂਦੇ ਰਹੇ। ਉਸ ਤੋਂ ਮਗਰੋਂ ਸ੍ਰੀ ਲਾਲ ਬਹਾਦਰ ਸ਼ਾਸਤਰੀ ਜਿਹਾ ਭਲਾ ਪੁਰਸ਼ ਦੋ ਕੁ ਸਾਲ ਲਈ ਪ੍ਰਧਾਨ ਮੰਤਰੀ ਬਣਿਆ ਤਾਂ ਇਹੋ ਅਪੀਲਾਂ ਕਰਦਾ ਰਿਹਾ ਕਿ ਹਫ਼ਤੇ ਵਿਚ ਇਕ ਦਿਨ ਰੋਟੀ ਨਾ ਖਾਓ, ਫਿਰ ਥੋੜ੍ਹੇ ਅਨਾਜ ਨਾਲ ਵੀ ਸਰ ਜਾਏਗਾ। ਫਿਰ ਬੀਬੀ ਇੰਦਰਾ ਗਾਂਧੀ ਆਈ ਜਿਸ ਨੇ ਪਹਿਲਾਂ ਬੈਂਕਾਂ ਦੇ ਕੌਮੀਕਰਨ ਦੇ 'ਧੂੰਏਂ ਦੇ ਧੁੰਦਲੇ' ਬੱਦਲ ਦਿਖਾਏ। ਆਪਣੀ ਸਰਕਾਰ ਬਚਾਉਣ ਲਈ ਐਮਰਜੈਂਸੀ ਲਾਈ ਤੇ ਹਰਿਮੰਦਰ ਸਾਹਿਬ ਵਿਚ ਫ਼ੌਜ ਭੇਜ ਕੇ ਦੇਸ਼ ਦੀਆਂ ਮੂਲ ਸਮੱਸਿਆਵਾਂ ਹੋਰ ਉਲਝਾ ਦਿੱਤੀਆਂ। ਮਗਰੋਂ ਰਾਜੀਵ ਗਾਂਧੀ ਨੇ ਇਹ ਕਹਿ ਕੇ ਕਿ 'ਜਦੋਂ ਕੋਈ ਵੱਡਾ ਰੁੱਖ ਡਿਗਦਾ ਹੈ ਤਾਂ ਧਰਤੀ ਕੰਬਦੀ ਹੈ', ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵਧੇਰੇ ਕੁਰਬਾਨੀਆਂ ਦੇਣ ਵਾਲੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਘਾਣ ਕਰਵਾਇਆ।

ਜਦੋਂ ਰਾਜਸੱਤਾ ਹੀ ਨਕਾਰਾ ਹੋ ਜਾਵੇ ਅਤੇ ਸਮਾਜ ਦੇ ਜਿਉਂਦੇ ਰਹਿਣ ਦੇ ਸਾਧਨ ਹੀ ਖ਼ਤਮ ਹੁੰਦੇ ਜਾਣ ਤਾਂ ਸਮਾਜ ਤੇ ਦੇਸ਼ ਦੇ ਰਹਿਣ ਲਈ ਰਹਿ ਹੀ ਕੀ ਜਾਂਦਾ ਹੈ? ਜਿਥੇ ਗਰਦ-ਗੁਬਾਰ ਨੂੰ ਧੂੰਆਂ ਦੱਸਣ ਦੀ ਨੀਤੀ ਹੀ 'ਰਾਜਨੀਤੀ' ਬਣ ਜਾਏ, ਉਥੇ ਅੱਗ, ਬੰਦੇ ਤੇ ਪਿੰਡ ਕਿਥੇ ਰਹਿ ਜਾਣਗੇ? ਇਹ ਬਰਬਾਦੀ ਦਾ ਯੁੱਗ ਕਿੱਥੇ ਜਾ ਕੇ ਰੁਕੇਗਾ, ਕੌਣ ਜਾਣੇ!

## ਲਿਖਤੁਮ

# ਬਾਬੇ ਦਾ ਸਫੀਰ ਕੌਣ?



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

"ਇਥੇ ਅਮਰੀਕਾ ਆਏ ਨੂੰ ਤਾਂ ਜੀ ਮੈਨੂੰ ਤਿੰਨ ਕੁ ਸਾਲ ਹੀ ਹੋਏ ਐ। ਪਹਿਲਾਂ ਮੈਂ ਮਸਕਟ ਵਿਚ ਦੋ-ਢਾਈ ਕੁ ਸਾਲ ਮੈਸਨ ਦਾ ਕੰਮ ਕਰਦਾ ਰਿਹਾ। ਉਥੇ ਪੰਜਾਬੀ ਮੁੰਡਿਆਂ ਦੀ ਰੀਸੋ-ਰੀਸੇ ਮੈਂ ਵੀ ਇਕ ਵਾਰ ਲਾਟਰੀ ਦੀ ਟਿਕਟ ਖਰੀਦਣ ਚਲਾ ਗਿਆ। ਕਾਊਂਟਰ ਮੋਹਰੇ ਕਾਫੀ ਲੰਮੀ ਲਾਈਨ ਲੱਗੀ ਹੋਈ ਸੀ ਜਿਸ ਵਿਚ ਪੱਗ ਦਾੜ੍ਹੀ ਵਾਲਾ ਮੈਂ ਹੀ 'ਕੱਲਾ ਸਰਦਾਰ ਖੜ੍ਹਾ ਸਾਂ। ਕਈ ਮੁਲਕਾਂ ਦੇ ਮੁੰਡੇ ਟਿਕਟ ਖਰੀਦਣ ਆਏ ਹੋਏ ਸਨ। ਕੁਝ ਸਾਡੇ ਦੱਖਣੀ ਭਾਰਤੀ ਸਟੇਟਾਂ ਦੇ ਮੁੰਡੇ ਵੀ ਸਨ। ਆਪਣੀ ਵਾਰੀ ਸਿਰ ਜਦੋਂ ਮੈਂ ਕਾਊਂਟਰ 'ਤੇ ਜਾ ਕੇ ਬਟੂਏ 'ਚੋਂ ਦਿਨਾਰ ਕੱਢਣ ਲੱਗਾ ਤਾਂ ਅੰਦਰ ਸਿਰ 'ਤੇ ਕੁੱਲ੍ਹਾ ਜਿਹਾ ਪਾਈ ਬੈਠੇ ਟਿਕਟਾਂ ਵੇਚਣ ਵਾਲੇ ਨੇ ਮੇਰੇ ਵੱਲ ਘੂਰ ਕੇ ਦੇਖਿਆ। ਹੱਥ ਦੇ ਇਸ਼ਾਰੇ ਨਾਲ ਉਸ ਨੇ ਮੈਨੂੰ ਪਾਸੇ ਹਟ ਜਾਣ ਲਈ ਆਖਿਆ।

ਮੈਂ ਹੈਰਾਨ ਜਿਹਾ ਹੋ ਕੇ ਇਕ ਪਾਸੇ ਖਲੋ ਗਿਆ। ਮੇਰੇ ਪਿੱਛੇ ਲਾਈਨ 'ਚ ਖੜ੍ਹੇ ਬੰਦੇ ਆਪਣੀਆਂ ਟਿਕਟਾਂ ਖਰੀਦ ਖਰੀਦ ਜਾਂਦੇ ਰਹੇ।

ਬੋਲੀ ਦੀ ਮੁਸ਼ਕਿਲ ਕਰ ਕੇ ਮੈਂ ਟਿਕਟਾਂ ਵੇਚਣ ਵਾਲੇ ਨਾਲ ਕੋਈ ਗੱਲ ਕਰਨ ਤੋਂ ਕਤਰਾਂਦਾ ਮੁੜ ਲਾਈਨ ਦੇ ਸਿਰ 'ਤੇ ਜਾ ਖੜ੍ਹਾ ਹੋਇਆ। ਲਓ ਜੀ, ਅੱਧੇ ਕੁ ਘੰਟੇ ਬਾਅਦ ਜਦੋਂ ਮੈਂ ਫਿਰ ਕਾਊਂਟਰ ਲਾਗੇ ਆਇਆ ਤਾਂ ਪਹਿਲਾਂ ਵਾਲਾ ਹੀ ਕਿੱਸਾ ਫਿਰ ਦੁਹਰਾਇਆ ਗਿਆ। ਮੈਥੋਂ ਬਿਨਾਂ ਕੁਝ ਪੁੱਛਿਆਂ ਅੰਦਰਾਲੇ ਭਾਈ ਨੇ ਮੈਨੂੰ ਪਾਸੇ ਹੋ ਜਾਣ ਦਾ ਇਸ਼ਾਰਾ ਕਰ ਕੇ, ਮੈਥੋਂ ਪਿਛਲੇ ਤੋਂ ਦਿਨਾਰ ਲੈ ਕੇ ਲਾਟਰੀ ਦੀ ਟਿਕਟ ਉਹਦੇ ਹੱਥ ਫੜਾਈ। ਮੈਂ ਸ਼ਰਮਿੰਦਾ ਜਿਹਾ ਹੋ ਕੇ ਪਾਸੇ ਖੜ੍ਹਾ ਸੋਚੀਂ ਪੈ ਗਿਆ ਕਿ ਵਿਚੋਂ ਮਾਜਰਾ ਕੀ ਹੈ? ਹੋਰ ਸਭ ਤੋਂ ਪੈਸੇ ਫੜ ਫੜ ਇਹ ਟਿਕਟਾਂ ਦੇਈ ਜਾ ਰਿਹੈ ਪਰ ਮੇਰੀ ਵਾਰੀ ਇਹਨੂੰ ਪਤਾ ਨੀਂ ਕੀ ਦੁਗਾੜਾ ਵੱਜ ਜਾਂਦਾ। ਮੇਰੀ ਸ਼ਕਲ ਦੇਖਦਿਆਂ ਸਾਰ ਘੂਰ ਕੇ ਪਾਸੇ ਹਟਾ ਦਿੰਦਾ ਹੈ। ਗੱਲ ਕੀ ਹੈ?

ਇਸੇ ਭੰਨ-ਘੜ ਵਿਚ ਪਿਆਂ ਇਕ ਵਾਰ ਤਾਂ ਮੇਰੇ ਦਿਲ 'ਚ ਆਈ ਕਿ ਚੱਲ ਮਨਾ, ਆਪਣੇ ਕੰਮ ਲੱਗ ਜਾ ਕੇ। ਕੋਈ ਨਾ ਕੋਈ ਕਾਰਨ ਤਾਂ ਹੋਊਗਾ ਈ ਪਰ ਤੁਹਾਨੂੰ ਪਤਾ, ਆਪਾਂ ਪੰਜਾਬੀ ਵੀ ਪੂਰੇ ਢੀਠ ਹੁੰਨੇ ਆਂ। ਸੋ ਮੈਂ ਜਿਗਰਾ ਜਿਹਾ ਕਰ ਕੇ ਇਕ ਵਾਰ ਫਿਰ ਟਿਕਟ ਲੈਣ ਵਾਲਿਆਂ ਦੀ ਲਾਈਨ 'ਚ ਜਾ ਖੜ੍ਹਾ ਹੋਇਆ। ਦੁਪਹਿਰਾ ਹੋਣ ਕਰ ਕੇ ਹੁਣ ਰਸ਼ ਘੱਟ ਹੋ ਗਿਆ ਤੇ ਮੇਰੇ ਪਿਛੇ ਐਤਕੀਂ ਕੋਈ ਨਹੀਂ ਸੀ। ਜਿਉਂ ਜਿਉਂ ਮੈਂ ਕਾਊਂਟਰ ਦੇ ਨੇੜੇ ਹੁੰਦਾ ਜਾ ਰਿਹਾ ਸਾਂ, ਮਨ ਨੂੰ ਤਕੜਾ ਕਰ ਕੇ ਅੰਦਰੋਂ ਹੋਣ ਵਾਲੇ ਇਨਕਾਰ ਦਾ ਕਾਰਨ ਪੁੱਛਣ ਦੀਆਂ ਵਿਉਂਤਾਂ ਬਣਾਈ ਜਾ ਰਿਹਾ ਸਾਂ।

"ਕਿੱਥੋਂ ਆਏ ਓ ਸਰਦਾਰ ਜੀ?" ਇਸ ਵਾਰ ਅੰਦਰ ਬੈਠੇ ਕੁੱਲ੍ਹੇ ਵਾਲੇ ਭਾਈ ਨੇ ਕੁਰਸੀ ਤੋਂ ਉਠ ਕੇ ਬਾਹਰ ਵੱਲ ਝਾਕਦਿਆਂ ਮੈਨੂੰ ਇਕੱਲਾ ਦੇਖ ਕੇ ਪੁੱਛਿਆ। ਪੈਂਦੀ ਸੱਟੇ ਉਹਦੇ ਮੂੰਹੋਂ ਆਪਣੀ ਬੋਲੀ ਸੁਣ ਕੇ ਮੈਨੂੰ ਹੌਂਸਲਾ ਜਿਹਾ ਹੋ ਗਿਆ ਕਿ ਹੁਣ ਮੈਂ ਉਹਦੇ ਨਾਲ ਸਵਾਲ ਜਵਾਬ ਕਰ ਸਕਾਂਗਾ ਪਰ ਮੈਂ ਉਹਦੇ ਲਹਿਜੇ ਤੋਂ ਭਾਂਪ ਲਿਆ ਕਿ ਇਹ ਆਪਣੇ ਭਾਰਤੀ ਪੰਜਾਬ ਤੋਂ ਨਹੀਂ ਹੈ। ਬਾਅਦ ਵਿਚ ਮੇਰਾ ਇਹ ਅੰਦਾਜ਼ਾ ਸਹੀ ਸਾਬਤ ਹੋਇਆ।

"ਇੰਡੀਆ, ਪੰਜਾਬ ਤੋਂ ਹਾਂ ਜੀ।" ਮੈਂ ਉਤਰ ਦਿੱਤਾ

"ਲਾਟਰੀ ਪਾਉਣੀ ਏਂ?"

"ਜੀ, ਪਰ ਤੁਸੀਂ ਮੈਨੂੰ ਟਿਕਟ ਈ ਨੀਂ ਦੇ ਰਹੇ। ਹਰ ਵਾਰ ਪਿੱਛੇ ਮੋੜ ਦਿੰਦੇ ਓ!" ਮੈਂ ਦਿਲ ਦੀ ਗੱਲ ਕਹਿ ਦਿੱਤੀ।

"ਹੱਛਾ, ਅਹਿ ਦੱਸ, ਕਿ ਜੇ ਤੇਰੀ ਲਾਟਰੀ ਨਿਕਲ ਆਵੇ ਤਾਂ ਐਨੇ ਪੈਹੇ ਦਾ ਕੀ ਕਰੇਂਗਾ?"

"ਮੈਂ... ਜੀ ਆਪਣੇ ਟੱਬਰ ਦੀਆਂ ਲੋੜਾਂ ਪੂਰੀਆਂ ਕਰਾਂਗਾ। ਧੀਆਂ-ਪੁੱਤ ਵਿਆਹਵਾਂਗਾ, ਪਿੰਡ ਜਾ ਕੇ ਕਾਰ-ਸ਼ਾਰ ਰੱਖ ਕੇ ਆਰਾਮ ਦੀ ਜ਼ਿੰਦਗੀ ਬਸਰ ਕਰਾਂਗਾ।" ਉਸ ਦਾ ਸਵਾਲ ਸੁਣ ਕੇ ਮੈਂ ਸੰਜੀਦਾ ਤੇ ਸੰਕੋਚਵਾਂ ਜਿਹਾ ਜਵਾਬ ਦਿੱਤਾ।

"ਮਤਲਬ ਸਾਰੇ ਪੈਹੇ ਦਾ ਮਾਲਕ ਤੂੰ ਹੀ ਹੋਇਆ ਕਿ... ", ਬੰਦ ਕੀਤੇ ਪੈਨ ਨਾਲ ਠੋਡੀ 'ਤੇ ਖਾਜ ਕਰਦਿਆਂ ਉਸ ਆਖਿਆ।

"ਜੀ ਹਾਂ, ਮੈਂ ਹੀ ਹੋਵਾਂਗਾ ਜੇ ਮੇਰੀ ਖਰੀਦੀ ਟਿਕਟ 'ਤੇ ਲਾਟਰੀ ਨਿਕਲ ਆਵੇ।" ਮੈਂ ਜਵਾਬ ਤਾਂ ਸਪੱਸ਼ਟ ਦੇ ਦਿੱਤਾ ਪਰ ਮੈਨੂੰ ਸ਼ੱਕ ਜਿਹਾ ਹੋਣ ਲੱਗ ਪਿਆ ਕਿ ਇਹ ਮੈਨੂੰ ਕਿਸੇ ਨੁਕਤੇ 'ਤੇ ਉਲਝਾ ਰਿਹਾ ਹੈ। ਸੋ ਮੈਂ ਥੋੜ੍ਹਾ ਚੁਕੰਨਾ ਹੋ ਗਿਆ।

ਮੇਰਾ ਉਤਰ ਸੁਣ ਕੇ ਕੋਈ ਹੋਰ ਸਵਾਲ ਕਰਨ ਦੀ ਥਾਂ ਉਸ ਨੇ ਦਰਵਾਜ਼ਾ ਖੋਲ੍ਹ ਕੇ ਮੈਨੂੰ ਕੈਬਿਨ 'ਚ ਬਿਠਾ ਲਿਆ। ਠੰਢਾ ਪਿਲਾ ਕੇ ਮੈਨੂੰ ਕਹਿਣ ਲੱਗਾ ਕਿ ਲਾਟਰੀ ਤੋਂ ਮਿਲਣ ਵਾਲਾ ਧਨ ਤੈਨੂੰ ਬਗੈਰ ਕਿਸੇ ਮਿਹਨਤ-ਮੁਸ਼ੱਕਤ ਤੋਂ ਹੀ ਮਿਲ ਜਾਏਗਾ; ਇਕ ਕਿਸਮ ਦਾ ਉਹ ਪਰਾਇਆ ਮਾਲ ਹੀ ਸਦਾਏਗਾ। ਉਹ ਤੇਰੀ ਹਲਾਲ ਦੀ ਕਮਾਈ ਨਹੀਂ ਹੋਏਗੀ ਪਰ ਤੁਹਾਡੇ ਰਹਿਬਰ ਬਾਬੇ ਨਾਨਕ ਨੇ ਆਪਣੀ ਉਮਤਿ ਦੇ ਨਾਲ-ਨਾਲ ਅਸਾਨੂੰ ਵੀ ਇਹ ਕਰੜੀ ਤਾਕੀਦ ਕੀਤੀ ਹੋਈ ਏ ਕਿ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥' ਹਰਾਮ ਖਾਂਦਿਆਂ ਕੀ ਤੂੰ ਆਪਣੇ ਰਹਿਬਰ ਨੂੰ ਪਿੱਠ ਨਹੀਂ ਦੇ ਰਿਹਾ ਹੋਏਂਗਾ।...

ਮੈਂ ਇੱਥੇ ਲਾਟਰੀ ਦੀਆਂ ਟਿਕਟਾਂ ਵੇਚਣ ਨੂੰ ਈ ਬੈਠਾ ਵਾਂ। ਮੈਂ ਤੈਨੂੰ ਲਾਂਭੇ ਕਰਦਾ ਰਿਹਾ ਕਿ ਤੂੰ ਆਪੇ ਪਾਸੇ ਵਗ'ਜੇਂਗਾ। ਮੈਨੂੰ ਨਨਕਾਣਾ ਸਾਹਿਬ ਦਾ ਵਾਸੀ ਹੋਣ ਕਰ ਕੇ ਬਾਬੇ ਨਾਨਕ ਦੀ ਹਦਾਇਤ ਦਾ ਇਲਮ ਹੈ। ਹੋਰ ਲੋਕੀਂ ਹਰਾਮ ਖਾਂਦੇ ਨੇ ਖਾਈ ਜਾਣ ਪਰ ਤੁਸੀਂ ਉਸ ਬਾਬੇ ਦੇ ਪੈਰੋਕਾਰ ਸਦਾਉਣ ਵਾਲੇ ਅਜਿਹਾ ਕਰਦੇ ਕਤੱਈ ਨਹੀਂ ਸ਼ੋਭਦੇ!

"ਲਉ ਜੀ, ਭਾਈ ਸਾਹਿਬ", ਹੁਸ਼ਿਆਰਪੁਰ ਜ਼ਿਲ੍ਹੇ ਤੋਂ ਆਪਣੀ ਹੱਡਬੀਤੀ ਸੁਣਾਉਣ ਵਾਲਾ ਇਹ ਸੱਜਣ, ਗੱਲ ਮੁਕਾਉਂਦਿਆਂ ਬੋਲਿਆ, "ਮੈਂ ਨਿੱਜੀ ਤੌਰ 'ਤੇ ਪਰਾਇਆ ਹੱਕ ਖਾਣ ਤੋਂ ਵਾਹ ਲਗਦੀ ਪਰਹੇਜ਼ ਹੀ ਕਰਦਾ ਆ ਰਿਹਾ ਹਾਂ, ਪਰ ਮੈਂ ਕਈ ਵਾਰ ਸੋਚਦਾ ਰਹਿਨਾਂ ਕਿ ਅਸੀਂ 'ਵਿਛੜੇ' ਨਨਕਾਣਾ ਸਾਹਿਬ ਦੀ 'ਸੇਵਾ ਸੰਭਾਲ ਸਾਂਭਣ' ਦੀਆਂ ਅਰਦਾਸਾਂ ਤਾਂ ਕਰੀ ਜਾਂਦੇ ਹਾਂ, ਉਥੇ ਬਾਬਾ ਨਾਨਕ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦੀਆਂ ਤਰੀਕਾਂ ਬਾਬਤ ਵੀ ਲੜ-ਭਿੜ ਸਕਦੇ ਹਾਂ, ਬਾਬੇ ਦੇ ਜਨਮ ਅਸਥਾਨ ਦੀ ਜ਼ਿਆਰਤ ਦੇ ਬਹਾਨੇ ਸਮਾਨ ਦੀ ਖਰੀਦੋ-ਫਰੋਖਤ ਵੀ ਕਰ ਸਕਦੇ ਹਾਂ। ਗਾਈ/ਪੜ੍ਹੀ ਜਾਂਦੀ 'ਆਸਾ ਦੀ ਵਾਰ' ਵੀ ਝੂਮ-ਝੂਮ ਕੇ ਸੁਣੀ ਜਾਂਦੇ ਹਾਂ ਜਿਹਦੇ ਵਿਚ ਪਰਾਇਆ ਹੱਕ ਖਾਣ ਦੀ ਸਖ਼ਤ ਮਨਾਹੀ ਕੀਤੀ ਹੋਈ ਹੈ। ਅਸੀਂ ਵਿਦੇਸ਼ਾਂ ਵਿਚ ਬਾਹਰੀ ਸਰੂਪ ਲਈ ਜਦੋ-ਜਹਿਦ ਵੀ ਕਰੀ ਜਾਂਦੇ ਹਾਂ ਪਰ ਬਾਬੇ ਦੇ ਦੱਸੇ ਅਸੂਲਾਂ 'ਤੇ ਅਮਲ ਕਰਨ ਦੇ ਮਾਮਲੇ 'ਚ ਅਸੀਂ ਸਿਫ਼ਰ ਹਾਂ। ਮੈਨੂੰ ਜਾਪਿਆ ਕਿ ਗੁਰੂ ਬਾਬੇ ਦਾ ਸਫੀਰ ਮੈਂ ਨਹੀਂ, ਸਗੋਂ ਇਹ ਮੁਸਲਮਾਨ ਹੈ!"

# ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ

## ਕੌੜੀ-ਕੁਸੈਲੀ

ਕੁਲਵਿੰਦਰ ਸਿੰਘ ਤੇਜੀ
ਫੋਨ: 630-863-8686

ਹਾਲ ਹੀ ਵਿਚ ਵਿਸ਼ਵ ਭਰ ਵਿਚ ਸਿੱਖ ਕੌਮ ਵਲੋਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਗੁਰੂ ਘਰਾਂ ਵਿਚ ਇਹ ਸ਼ਬਦ ਵੀ ਪੜ੍ਹਿਆ ਗਿਆ, 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥' ਭਾਈ ਗੁਰਦਾਸ ਨੇ ਸ਼ਬਦ 'ਧੁੰਧੁ' ਵਰਤਿਆ, ਹਨੇਰਾ ਨਹੀਂ। ਸ਼ਾਇਦ ਇਸ ਕਰਕੇ ਕਿ ਜੇ ਹਨੇਰਾ ਹੋਵੇ ਤਾਂ ਇਕ ਛੋਟੇ ਜਿਹੇ ਦੀਵੇ ਨਾਲ ਵੀ ਦੂਰ ਕੀਤਾ ਜਾ ਸਕਦਾ ਹੈ ਪਰ ਗਹਿਰੀ ਧੁੰਦ ਕਈ ਵਾਰ ਸੂਰਜ ਦੇ ਪ੍ਰਕਾਸ਼ ਨਾਲ ਵੀ ਦੂਰ ਨਹੀਂ ਹੁੰਦੀ।

ਜਦੋਂ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ, ਉਦੋਂ ਲੋਕਾਈ ਦਾ ਜੋ ਹਾਲ ਸੀ, ਉਹ ਭਾਈ ਗੁਰਦਾਸ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ, 'ਕਲਿ ਆਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ॥ ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥' ਧਰਮ ਦੇ ਠੇਕੇਦਾਰ ਕਾਜੀ, ਮੁਲਾਣੇ ਤੇ ਪੰਡਿਤ ਲੋਕ ਹਕੂਮਤਾਂ ਅਤੇ ਉਨ੍ਹਾਂ ਦੇ ਲਾਮ ਲਸ਼ਕਰ ਨਾਲ ਮਿਲ ਕੇ ਗਿਆਨ ਵਿਹੂਣੀ ਲੋਕਾਈ ਨੂੰ ਲੁੱਟੀ ਜਾ ਰਹੇ ਸਨ। ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁੱਖੋਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। ਬਾਲ ਅਵਸਥਾ ਤੋਂ ਹੀ ਉਨ੍ਹਾਂ ਨੇ ਇਨ੍ਹਾਂ ਕਰਮਕਾਂਡਾਂ ਦੇ ਵਿਰੁਧ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿਤੀ। ਉਨ੍ਹਾਂ ਦੇ ਗਿਆਨ ਦੇ ਪ੍ਰਕਾਸ਼ ਨੇ ਧਰਮ ਦੇ ਠੇਕੇਦਾਰਾਂ ਨੂੰ ਭਾਜੜਾਂ ਪਾ ਦਿਤੀਆਂ। ਇਸੇ ਕਰਕੇ ਭਾਈ ਗੁਰਦਾਸ ਨੇ ਕਿਹਾ, 'ਸਤਿਗੁਰੁ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗ ਚਾਨਣ ਹੋਆ॥' ਜ਼ਰਾ ਸੋਚੀਏ, ਗੁਰੂ ਨਾਨਕ ਦੇ ਨਿਰਮਲ ਪੰਥ ਦੇ ਵਾਰਿਸਾਂ ਦੇ ਘਰਾਂ ਵਿਚ ਇਹ ਚਾਨਣ ਅੱਜ ਨਜ਼ਰ ਕਿਉਂ ਨਹੀਂ ਆਉਂਦਾ?

ਮੈਨੂੰ ਯਾਦ ਹੈ, ਆਪਣੇ ਘਰਾਂ ਵਿਚ ਇਕ ਗੱਲ ਅਕਸਰ ਸੁਣਦੇ ਹੁੰਦੇ ਸਾਂ ਕਿ ਜੇ ਚਿੱਟਾ ਦਿਨ ਚੜ੍ਹਿਆ ਹੋਵੇ ਤੇ ਸੂਰਜ ਦਾ ਪੂਰਾ ਪ੍ਰਕਾਸ਼ ਹੋਵੇ, ਫੇਰ ਵੀ ਕਿਸੇ ਦੇ ਘਰ ਮੂਹਰੇ ਦੀਵੇ ਜਗਦੇ ਹੋਣ ਤਾਂ ਸਮਝੋ ਇਨ੍ਹਾਂ ਦੇ ਦਿਮਾਗ ਦਾ ਦਿਵਾਲਾ ਨਿਕਲ ਚੁਕਾ ਹੈ। ਅਸੀਂ ਵੀ ਅੱਜ ਗੁਰਬਾਣੀ ਦੇ ਸ਼ਬਦ ਰੂਪੀ ਪ੍ਰਕਾਸ਼ ਦੇ ਬਾਵਜੂਦ ਦੇਹਧਾਰੀ ਗੁਰੂਆਂ ਜਾਂ ਡੇਰੇਦਾਰਾਂ ਤੋਂ ਪ੍ਰਕਾਸ਼ ਭਾਲਦੇ ਫਿਰਦੇ ਹਾਂ ਤਾਂ, ਮਾਫ਼ ਕਰਨਾ, ਇਹ ਕਹਿਣਾ ਹੀ ਪਵੇਗਾ ਕਿ ਸਾਡੇ ਮਨਾਂ ਦਾ ਵੀ ਦਿਵਾਲਾ ਨਿਕਲ ਚੁਕਾ ਹੈ। ਉਹ ਕਿਹੜਾ ਵਹਿਮ-ਭਰਮ ਹੈ ਜੋ ਕਰਨ ਤੋਂ ਗੁਰਬਾਣੀ ਸਾਨੂੰ ਰੋਕਦੀ ਹੋਵੇ ਪਰ ਅਸੀਂ ਨਾ ਕਰਦੇ ਹੋਈਏ?

ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ 'ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ' ਦਾ ਫੁਰਮਾਨ ਕਰਕੇ ਪੰਡਿਤਾਂ ਵਲੋਂ ਮੂਰਤੀਆਂ ਅਗੇ ਕੀਤੀ ਜਾਂਦੀ ਨਕਲੀ ਆਰਤੀ ਦਾ ਖੰਡਨ ਕੀਤਾ ਪਰ ਅਸੀਂ ਅੱਜ ਵੀ ਗੁਰਦੁਆਰਿਆਂ ਵਿਚ ਉਹੀ ਸ਼ਬਦ ਪੜ੍ਹੀ ਜਾਂਦੇ ਹਾਂ ਤੇ ਨਾਲ ਆਰਤੀ ਵੀ ਕਰੀ ਜਾਂਦੇ ਹਾਂ। ਗੁਰਬਾਣੀ ਕਹਿੰਦੀ ਹੈ, 'ਥਿਤੀ ਵਾਰ ਸੇਵਹਿ ਮੁਗਧ ਗਵਾਰ॥' ਕੇਹੀ ਵਿਡੰਬਨਾ ਹੈ ਕਿ ਅਸੀਂ ਜੇ ਪਾਠ ਵੀ ਅਰੰਭ ਕਰਨਾ ਹੋਵੇ, ਉਹ ਵੀ ਦਿਨ ਵਿਚਾਰ ਕੇ ਕਰਦੇ ਹਾਂ, ਸਮਾਂ ਦੇਖਦੇ ਹਾਂ ਕਿ ਭੋਗ ਕਿੰਨੇ ਵਜੇ ਪਾਈਏ। ਮੇਰਾ ਬਾਬਾ ਨਾਨਕ ਤਾਂ ਕਹਿੰਦਾ ਹੈ ਕਿ ਕੋਈ ਦਿਨ ਸ਼ੁਭ-ਅਸ਼ੁਭ ਨਹੀਂ ਹੁੰਦਾ ਪਰ ਅਸੀਂ ਅੱਜ ਤਕ ਵੀ ਮੱਸਿਆ ਤੇ ਸੰਗਰਾਂਦ ਦੇ ਚੱਕਰ ਵਿਚ ਫਸੇ ਹੋਏ ਹਾਂ। ਉਦੋਂ ਪੰਡਿਤ ਲੋਕ ਲੋਕਾਈ ਨੂੰ ਮੰਤਰ ਲਿਖ ਲਿਖ ਦਿੰਦੇ ਸੀ ਤੇ ਬਦਲੇ ਵਿਚ ਉਨ੍ਹਾਂ ਨੂੰ ਚੰਗੀ ਚੋਖੀ ਕਮਾਈ ਹੁੰਦੀ ਸੀ। ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਬੜੇ ਸਖਤ ਸ਼ਬਦਾਂ ਵਿਚ ਤਾੜਨਾ ਕੀਤੀ, 'ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖ ਲਿਖ ਵੇਚਹਿ ਨਾਉ॥' ਅਰਥਾਤ, ਲਾਹਣਤ ਹੈ ਉਨ੍ਹਾਂ ਲੋਕਾਂ ਦੇ ਜੀਵਨ 'ਤੇ ਜੋ ਪਰਮਾਤਮਾ ਦਾ ਨਾਮ ਲਿਖ ਲਿਖ ਕੇ ਵੇਚਦੇ ਹਨ।

ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਗ੍ਰੰਥੀ ਅਤੇ ਸੰਤ ਮਾੜੇ ਹਨ ਪਰ ਕੀ ਅੱਜ ਸਾਡੇ ਗ੍ਰੰਥੀਆਂ ਤੇ ਬਾਬਿਆਂ ਨੇ ਗੁਰਬਾਣੀ ਦੇ ਸ਼ਬਦ ਲਿਖ ਲਿਖ ਕੇ ਸੰਪਟ ਪਾਠਾਂ ਜਾਂ ਫੇਰ ਇਕੋਤਰੀਆਂ ਦੇ ਰੂਪ ਵਿਚ ਵੇਚਣਾ ਸ਼ੁਰੂ ਨਹੀਂ ਕੀਤਾ? ਇਹ ਜੋ ਡੇਰੇਦਾਰ ਤੇ ਦੇਹਧਾਰੀ ਗੁਰੂ ਬਣੀ ਬੈਠੇ ਹਨ, ਕੀ ਇਹ ਗੁਰਬਾਣੀ ਮੰਤਰਾਂ ਦੇ ਰੂਪ ਵਿਚ ਆਪਣੇ ਸ਼ਰਧਾਲੂਆਂ ਨੂੰ ਨਹੀਂ ਦਿੰਦੇ? ਮੇਰਾ ਬਾਬਾ ਨਾਨਕ ਤੇ ਕਹਿੰਦਾ ਹੈ ਕਿ ਲਾਹਣਤ ਹੈ, ਇਨ੍ਹਾਂ ਲੋਕਾਂ 'ਤੇ ਪਰ ਅਸੀਂ ਅੱਜ ਇਨ੍ਹਾਂ ਨੂੰ ਸੰਤ, ਮਹਾਂਪੁਰਸ਼, ਬ੍ਰਹਮਗਿਆਨੀ ਤੇ ਹੋਰ ਪਤਾ ਨਹੀਂ ਕੀ ਕੀ ਡਿਗਰੀਆਂ ਕਿਉਂ ਦੇਈ ਜਾਂਦੇ ਹਾਂ?

ਹੋਰ ਤੇ ਹੋਰ ਜਿਹੜੀ ਸੰਪਰਦਾ ਚਲਦੀ ਹੀ ਬਾਬੇ ਨਾਨਕ ਦੇ ਨਾਮ 'ਤੇ ਹੈ, ਜਿਸ ਦੇ ਪ੍ਰਚਾਰਕ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੀ ਸੰਪਰਦਾ ਦੇ ਬਾਨੀ ਬਾਬਾ ਜੀ ਦੀ ਤਾਂ ਸਿੱਧੀ ਗੁਰੂ ਨਾਨਕ ਦੇਵ ਜੀ ਨਾਲ ਤੰਦ ਜੁੜੀ ਹੋਈ ਹੈ ਜਾਂ ਸੀ, ਉਨ੍ਹਾਂ ਨੇ ਤਾਂ ਅੱਜ ਕਲ ਸ਼ਰਮ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿਤੀਆਂ ਹਨ, ਅਜਿਹੇ ਮਨਮਤੀਏ ਨਗਰ ਕੀਰਤਨ ਵੀ ਆਪਣੇ ਬਾਬੇ ਦੀ ਫੋਟੋ ਰਖ ਕੇ ਕੱਢਦੇ ਹਨ ਨਾ ਕਿ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ। ਫਿਰ ਇਨ੍ਹਾਂ ਨਗਰ ਕੀਰਤਨਾਂ ਉਪਰ ਜਹਾਜ਼ ਰਾਹੀਂ ਫੁਲਾਂ ਦੀ ਵਰਖਾ ਵੀ ਕੀਤੀ ਜਾਂਦੀ ਹੈ। ਕੀ ਉਨ੍ਹਾਂ ਦਾ ਬਾਬਾ ਆਪਣੇ ਵਾਰਿਸਾਂ ਨੂੰ ਇਹ ਨਹੀਂ ਦਸ ਕੇ ਗਿਆ ਕਿ ਗੁਰਬਾਣੀ ਕਹਿੰਦੀ ਹੈ, 'ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥' ਜ਼ਰਾ ਸੋਚੋ, ਕੀ ਇਹ ਸ਼ਬਦ ਸਿਰਫ ਪੱਥਰ ਦੀਆਂ ਮੂਰਤੀਆਂ ਲਈ ਹੈ, ਇਨ੍ਹਾਂ ਮਨਘੜਤ ਤਸਵੀਰਾਂ ਲਈ ਨਹੀਂ? ਡੇਰੇਦਾਰਾਂ ਦੀ ਗੱਲ ਤਾਂ ਛੱਡੋ, ਕਿਉਂਕਿ ਉਨ੍ਹਾਂ ਤਾਂ ਆਪਣੇ ਹਿਤਾਂ ਦੀ ਪੂਰਤੀ ਕਰਨੀ ਹੈ ਪਰ ਅਸੀਂ ਸਿੱਖ ਉਨ੍ਹਾਂ ਦੇ ਮਗਰ ਕਿਉਂ ਲੱਗ ਤੁਰੇ ਹਾਂ?

(ਬਾਕੀ ਸਫਾ 31 ਉਤੇ)

## ਸੰਪਾਦਕ ਦੀ ਡਾਕ

# ਸਾਡੇ ਕੁਝ ਗ੍ਰੰਥੀ ਭਾਈ ਅਜੀਬੋ-ਗਰੀਬ

ਪੰਜਾਬ ਟਾਈਮਜ਼ ਦੇ 9 ਨਵੰਬਰ ਦੇ ਅੰਕ ਵਿਚ ਸ. ਤਰਲੋਚਨ ਸਿੰਘ ਦੁਪਾਲਪੁਰ ਦਾ ਕਾਲਮ 'ਮੈਂ ਨਾ ਮਾਨੂੰ ਦੀ ਮੂਰਤਿ' ਪੜ੍ਹਿਆ ਜਿਸ ਵਿਚ ਇਕ ਅੜਬ ਸੁਭਾਅ ਦੇ ਗ੍ਰੰਥੀ ਦਾ ਜ਼ਿਕਰ ਹੈ। ਮੈਨੂੰ ਵੀ ਅਜਿਹੇ ਦੋ ਗ੍ਰੰਥੀਆਂ ਦਾ ਚੇਤਾ ਆਇਆ ਹੈ। ਇਨ੍ਹਾਂ ਵਿਚੋਂ ਇਕ ਕਿੱਸਾ ਜ਼ਿਲ੍ਹਾ ਫਿਰੋਜ਼ਪੁਰ ਦੇ ਸ਼ਹਿਰ ਜਲਾਲਾਬਾਦ (ਪੱਛਮੀ) ਦੇ ਇਕ ਗ੍ਰੰਥੀ ਸਿੰਘ ਬਾਰੇ ਹੈ। ਇਸੇ ਜਲਾਲਾਬਾਦ ਹਲਕੇ ਤੋਂ ਸੁਖਬੀਰ ਸਿੰਘ ਬਾਦਲ ਵਿਧਾਇਕ ਹਨ। ਮੈਂ ਉਥੇ ਡੀ ਏ ਵੀ ਕਾਲਜ ਵਿਚ ਲੱਗੇ ਆਪਣੇ ਭਰਾ ਪ੍ਰਿੰਸੀਪਲ ਸ਼ਰਦੇਵ ਸਿੰਘ ਗਿੱਲ ਪਾਸ ਅਕਸਰ ਅਬੋਹਰ ਤੋਂ ਜਾਂਦਾ ਰਹਿੰਦਾ।

ਕਾਲਜ ਦੇ ਪਿਛੇ ਹੀ ਇਕ ਗਰੀਬ ਬਸਤੀ ਸੀ ਜਿਥੇ ਇਕ ਛੋਟੇ ਜਿਹੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰੱਖ ਕੇ ਰਾਏ ਸਿੱਖ ਬਰਾਦਰੀ ਦਾ ਇਕ ਅਨਪੜ੍ਹ ਅਤੇ ਅੜਬ ਸੁਭਾਅ ਦਾ ਗ੍ਰੰਥੀ ਅਜੀਬ ਜਿਹੀ ਤਰਜ 'ਤੇ ਪਾਠ ਅਤੇ ਅਰਦਾਸ ਕਰਦਾ। ਫਿਰ ਸਪੀਕਰ ਉਤੇ ਹੋਕਾ ਦਿੰਦਾ, ਮੈਂ ਪਾਠ ਚਾ ਕਰਨ ਲੱਗਾਂ, ਜਿਸ ਕਿਸੇ ਸੁਣਨਾ-ਆਉਣਾ ਆ ਜਾਵੇ ਨਹੀਂ ਆਉਣਾ ਨਾ ਆਵੇ। ਫਿਰ ਅਰਦਾਸ ਵੇਲੇ ਵੀ ਇਵੇਂ ਹੀ ਬੋਲਦਾ, ਮੈਂ ਅਰਦਾਸ ਕਰਨ ਲੱਗਾਂ ਜਿਸ ਕਿਸੇ ਸੁਣਨੀ ਹੋਵੇ ਚਾ ਸੁਣ ਲਵੇ, ਨਹੀਂ ਸੁਣਨੀ ਨਾ ਸੁਣੇ। ਪ੍ਰਸ਼ਾਦ ਦੇਣ ਵੇਲੇ ਵੀ ਇਸੇ ਸੁਰ ਵਿਚ ਬੋਲਦਾ। ਇਕ ਵਾਰ ਪ੍ਰਿੰਸੀਪਲ ਗਿੱਲ ਨੇ ਉਸ ਨੂੰ ਪੁੱਛਿਆ ਕਿ ਤੂੰ ਇਹ ਕੀ ਅਤੇ ਕਿਵੇਂ ਬੋਲ ਰਿਹਾਂ? ਗ੍ਰੰਥੀ ਦਾ ਜਵਾਬ ਸੀ, ਵਿਹਲਾ ਹੈਸਾਂ ਜਦੋਂ ਕਣਕ-ਧਾਈਂ ਦਾ ਕੰਮ ਸ਼ੁਰੂ ਹੋਇਆ ਮੁੜ ਉਧਰ ਜਾ ਲੱਗ ਸਾਂ। ਮੁੜ ਇਸ ਕਤੇਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਨੂੰ ਟਰੰਕ ਵਿਚ ਬੰਦ ਕਰ ਚਾਰ-ਛੇ ਮਹੀਨੇ ਦੀ ਰੋਟੀ ਲਈ ਅਨਾਜ ਕੱਠਾ ਕਰ ਕੇ ਡਰੰਮ ਚਾ ਭਰ ਸਾਂ। ਮੁੜ ਵਿਹਲੇ ਹੋ ਕੇ ਟਰੰਕ 'ਚੋਂ ਪੋਥੀ ਕੱਢ ਲੈਸਾਂ।

ਇਕ ਹੋਰ ਗ੍ਰੰਥੀ ਭਾਈ ਮੇਰੇ ਆਪਣੇ ਪਿੰਡ ਕਰਮ ਪੱਟੀ (ਮਲੋਟ) ਦੇ ਗੁਰਦੁਆਰੇ ਦਾ ਸੀ। ਉਸ ਨੂੰ ਮੇਰੇ ਪਿਤਾ ਜੀ ਨੇ ਪੁੱਛਿਆ, ਅਖੰਡ ਪਾਠ ਕਰਾਉਣਾ ਹੈ, ਕਿੰਨੀ ਭੇਟਾ ਹੋਵੇਗੀ? ਭਾਈ ਅੱਗਿਓਂ ਬੋਲਿਆ, ਹਰੇਕ ਪਾਠ ਦੀ ਭੇਟਾ ਵੱਖੋ ਵੱਖ ਏ, ਤੁਸਾਂ ਕਿਹੜਾ ਕਰਵਾਉਣਾ ਹੈ।

ਪਿਤਾ ਜੀ ਹੈਰਾਨ ਹੋਏ ਤੇ ਪੁੱਛਣ ਲੱਗੇ, ਉਹ ਕਿਵੇਂ ਭਾਈ ਜੀ? ਭਾਈ ਜੀ ਦੱਸਣ ਲੱਗੇ, ਲਗਾਤਾਰ ਤਿੰਨ ਦਿਨ-ਰਾਤ ਲਗਾਤਾਰ ਸਪੀਕਰ ਉਪਰ ਅਖੰਡ ਪਾਠ ਕਰਨ ਦੀ ਫੀਸ ਇਕ ਹਜ਼ਾਰ ਰੁਪਏ ਹੈ। ਬਿਨਾ ਸਪੀਕਰ ਤੋਂ ਹੌਲੀ ਹੌਲੀ ਮੂੰਹ ਵਿਚ ਪਾਠ ਕਰਨ ਦੀ ਫੀਸ ਪੰਜ ਸੌ ਰੁਪਏ ਹੈ ਅਤੇ ਸਭ ਤੋਂ ਸਸਤਾ ਪਾਠ ਤਿੰਨ ਸੌ ਰੁਪਏ ਦਾ ਹੈ।

ਪਿਤਾ ਜੀ ਨੇ ਸਭ ਤੋਂ ਸਸਤੇ ਪਾਠ ਬਾਰੇ ਪੁੱਛਿਆ, ਉਹ ਕਿਵੇਂ? ਭਾਈ ਜੀ ਦਾ ਜਵਾਬ ਸੀ, "ਚਾਰ ਕੁ ਪਤਰੇ ਇਧਰੋਂ ਪਲਟ ਸਾਂ, ਚਾਰ ਕੁ ਪਤਰੇ ਓਧਰੋਂ ਪਲਟ ਸਾਂ, ਵਿਚੋਂ ਕਿਤਿਓਂ ਕਿਤਿਓਂ ਪਾਠ ਚਾ ਕਰ ਸਾਂ ਤੇ ਤੀਜੇ ਦਿਨ ਭੋਗ ਪਾ ਦੇਸਾਂ। ਬਸ ਸਮਝੋ ਹੋ ਗਿਆ ਸਭ ਤੋਂ ਸਸਤਾ ਪਾਠ ਪਰ ਮੇਰੇ ਸਾਰੇ ਸਾਥੀ ਭਾਈਆਂ ਨੂੰ ਦੁੱਧ ਨਾਲ ਬਦਾਮ, ਮੇਵੇ ਜ਼ਰੂਰ ਦੇਣੇ ਪੈਸਣ।"

ਮੇਰੇ ਪਿਤਾ ਜੀ ਨੇ ਉਸ ਭਾਈ ਜੀ ਨੂੰ ਸਦਾ ਲਈ ਮੱਥਾ ਟੇਕ ਦਿੱਤਾ ਅਤੇ ਛੇਤੀ ਹੀ ਪਿੰਡ ਵਾਸੀਆਂ ਨੇ ਉਸ ਨੂੰ ਪਿੰਡੋਂ ਮਲੋਟ ਨੂੰ ਤੋਰ ਦਿੱਤਾ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

---

# ਦਸਤਾਰ ਤੇ ਦਾੜ੍ਹੀਆਂ ਬਾਰੇ

'ਪੰਜਾਬ ਟਾਈਮਜ਼' ਦੇ 6 ਅਕਤੂਬਰ 2013 ਵਾਲੇ ਅੰਕ ਵਿਚ ਤਰਲੋਚਨ ਸਿੰਘ ਦੁਪਾਲਪੁਰ ਦਾ ਲੇਖ 'ਕਲਮ ਹਥਿਆਰ! ਕਰੇ ਦੂਰ ਦੂਰ ਤੱਕ ਮਾਰ!' ਪੜ੍ਹਿਆ। ਲਿਖਿਆ ਸੀ: 'ਪੰਜਾਬ ਨਿਵਾਸੀ ਮੇਲੀਆਂ ਵਿਚ ਪੱਗ ਵਾਲਾ ਕੋਈ ਵਿਰਲਾ-ਟਾਵਾਂ ਹੀ ਸੀ।... ਇਹ ਵੇਖ/ਸੁਣ ਕੇ ਮੇਰੀ ਕਲਮ ਕਲਪਣ ਲੱਗ ਪਈ।' ਇਹੋ ਜਿਹੇ ਮੌਕਿਆਂ ਬਾਰੇ ਲੇਖਕ ਦੇ ਪਹਿਲਾਂ ਵੀ ਕਈ ਲੇਖ ਆ ਚੁੱਕੇ ਹਨ ਪਰ ਜਿਨ੍ਹਾਂ ਨੇ ਦਾੜ੍ਹੀਆਂ ਰੱਖੀਆਂ ਹਨ, ਉਨ੍ਹਾਂ ਦੀ ਸਾਂਭ-ਸੰਭਾਲ ਬਾਰੇ ਲੇਖਕ ਕਦੋਂ ਲਿਖੇਗਾ? ਇਸ ਬਾਰੇ ਲਿਖਣ ਲਈ ਇਨ੍ਹਾਂ ਦੀ ਕਲਮ ਮੋੜ ਕਿਉਂ ਕੱਟ ਜਾਂਦੀ ਹੈ? ਕਿੰਨੇ ਦਾੜ੍ਹੀਆਂ ਵਾਲੇ ਜੇਲ੍ਹਾਂ ਵਿਚ ਹਨ, ਕਿੰਨੇ ਅੰਮ੍ਰਿਤਧਾਰੀ ਜੇਲ੍ਹਾਂ ਵਿਚ ਬੰਦ ਹਨ। ਕੀ ਹਰ ਅੰਮ੍ਰਿਤਧਾਰੀ ਦਾੜ੍ਹੀ ਵਾਲੇ ਨੂੰ ਪੁਲਿਸ ਵਾਲਿਆਂ ਕੋਹ-ਕੋਹ ਕੇ ਨਹੀਂ ਮਾਰਿਆ? ਇਸ ਬਾਰੇ ਕਦੀ ਲਿਖਿਆ ਹੈ ਕਿ ਇਨ੍ਹਾਂ ਨੇ ਦਾੜ੍ਹੀਆਂ ਰੱਖੀਆਂ ਹਨ ਪੁਲਿਸ ਵਾਲਿਓ! ਨਾ ਮਾਰੋ ਇਨ੍ਹਾਂ ਨੂੰ! ਲੇਖਕ ਨੇ ਕਦੀ ਇਹ ਵੀ ਨਹੀਂ ਲਿਖਿਆ ਕਿ ਜੋ ਜੇਲ੍ਹਾਂ ਵਿਚ ਹਨ, ਇਨ੍ਹਾਂ ਨੂੰ ਜੇਲ੍ਹਾਂ ਵਿਚੋਂ ਸਜ਼ਾ ਪੂਰੀ ਹੋਣ ਤੋਂ ਬਾਅਦ ਛੱਡ ਦਿਉ। ਉਂਜ ਵੀ ਜੇ ਪੇਪਰਾਂ ਵਿਚ ਲਿਖਣ ਨਾਲ ਹੀ ਗੱਲ ਬਣਦੀ ਹੁੰਦੀ ਤਾਂ ਸਾਰੇ ਮੋਨੇ ਅੱਜ ਸਿੰਘ ਸਜ ਚੁੱਕੇ ਹੁੰਦੇ। ਲੇਖਕ ਖੁਦ ਇੰਡੀਆ ਜਾ ਕੇ ਆਇਆ ਹੈ...ਉਹ ਦੱਸੇ ਕਿ ਕਿੰਨੇ ਕੁ ਦਾੜ੍ਹੀਆਂ ਵਾਲਿਆਂ ਨਾਲ ਮੁਲਾਕਾਤ ਕੀਤੀ ਹੈ? ਕਿੰਨੇ ਕੁ ਅੰਮ੍ਰਿਤਧਾਰੀਆਂ ਦੀ ਸਹਾਇਤਾ ਕੀਤੀ ਹੈ? ਲੇਖਕ ਨਾਲ ਮੇਰਾ ਕੋਈ ਨਿੱਜੀ ਵਿਰੋਧ ਨਹੀਂ ਪਰ ਵਾਰ-ਵਾਰ ਇਕ ਪਾਸੇ ਦੀ ਗੱਲ ਹੀ ਕਰੀ ਜਾਓ, ਤਰਕਸੰਗਤ ਨਹੀਂ ਹੈ। ਕਾਲੇ ਦਿਨਾਂ ਵਿਚ 15 ਤੋਂ 35 ਸਾਲ ਤੱਕ ਦੇ ਮੁੰਡਿਆਂ, ਖਾਸ ਕਰ ਅੰਮ੍ਰਿਤਧਾਰੀਆਂ ਨੂੰ ਪੁਲਿਸ ਨੇ ਮਾਰ ਮੁਕਾਇਆ ਅਤੇ ਰਹਿੰਦੇ-ਖੂੰਹਦੇ ਜੇਲ੍ਹਾਂ ਵਿਚ ਹਨ; ਉਨ੍ਹਾਂ ਦੀ ਕਿਤੇ ਕੋਈ ਅਪੀਲ ਦਲੀਲ ਨਹੀਂ। ਇਸ ਬਾਰੇ ਵੀ ਲੇਖਕ ਚਾਨਣਾ ਪਾਵੇ। ਇਕ ਗੱਲ ਹੋਰ, ਲੇਖਕ ਜੀ ਜਦੋਂ ਇੰਡੀਆ ਵਿਚ ਸਨ, ਉਦੋਂ ਇਕ ਵਾਰ ਇਨ੍ਹਾਂ ਨੂੰ ਬਾਦਲ ਨੇ ਕਿਹਾ ਸੀ, 'ਕਾਕਾ, ਇੰਨਾ ਉਪਰ ਨਹੀਂ ਉਡੀਦਾ' ... ਤੇ ਲੇਖਕ ਦੀ ਕਲਮ ਪੈਰ 'ਤੇ ਹੀ ਮੋੜ ਕੱਟ ਗਈ। ਕੀ ਬਾਦਲ ਦੇ ਇੰਨੀ ਗੱਲ ਕਹਿਣ ਨਾਲ ਸੱਚ ਬੋਲਣ ਤੋਂ ਹਟ ਜਾਵੇਗਾ ਲੇਖਕ? ਇਹ ਤਾਂ ਉਹੀ ਗੱਲ ਹੋਈ ਕਿ ਭਗਤ ਸਿੰਘ ਸਾਰਿਆਂ ਦੇ ਜੰਮੇ, ਪਰ ਸਾਡੇ ਘਰੇ ਨਾ ਜੰਮੇ। ਮੇਰੀ ਬੇਨਤੀ ਇਹੀ ਹੈ ਕਿ ਜਿਨ੍ਹਾਂ ਨੇ ਦਾੜ੍ਹੀ ਕੇਸ ਰੱਖੇ ਸਨ, ਉਨ੍ਹਾਂ ਨੂੰ ਰਲ ਕੇ ਛੁਡਾਈਏ; ਫਿਰ ਮੋਨਿਆਂ ਨੂੰ ਦੱਸੀਏ ਕਿ ਜੇ ਤੁਸੀਂ ਦਾੜ੍ਹੀ ਕੇਸ ਰੱਖੋਗੇ ਤਾਂ ਅਸੀਂ ਤੁਹਾਡੇ ਪਿੱਛੇ ਚੱਟਾਨ ਵਾਂਗ ਖੜ੍ਹੇ ਹੋਵਾਂਗੇ। ਫਿਰ ਜੰਮ-ਜੰਮ ਮੋਨਿਆਂ ਨੂੰ ਨਸੀਹਤਾਂ ਦਿਉ।

*-ਬਿੰਦਰ ਸਿੰਘ ਤੂਰ*
*ਫੋਨ: 209-221-2137*

# ਡੇਰਾ ਸੱਚਾ ਸੌਦਾ ਵਿਵਾਦ ਦੇ ਤਾਜ਼ਾ ਉਬਾਲੇ ਤੇ ਅਗਲੀਆਂ ਚੋਣਾਂ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਡੇਰਾ ਸੱਚਾ ਸੌਦਾ ਕਿੰਨਾ ਕੁ ਸੱਚਾ ਹੈ ਤੇ ਕਿੰਨਾ ਕੁ ਸਿਆਸੀ ਸੌਦਾ ਵੇਚਦਾ ਹੈ, ਇਸ ਬਾਰੇ ਹੁਣ ਸਾਡੇ ਜਾਂ ਕਿਸੇ ਹੋਰ ਦੇ ਕਹਿਣ ਦੀ ਗੱਲ ਨਹੀਂ ਰਹੀ। ਅਦਾਲਤਾਂ ਵਿਚ ਕਈ ਕੇਸ ਇਸ ਡੇਰੇ ਬਾਰੇ ਵੀ ਤੇ ਇਸ ਦੇ ਮੁਖੀ ਬਾਰੇ ਵੀ ਚੱਲੀ ਜਾ ਰਹੇ ਹਨ। ਡੇਰਾ ਮੁਖੀ ਉਤੇ ਇੱਕ ਪੱਤਰਕਾਰ ਸਮੇਤ ਕੁਝ ਲੋਕਾਂ ਦੇ ਕਤਲਾਂ ਦੇ ਵੀ ਦੋਸ਼ ਹਨ ਤੇ ਡੇਰੇ ਦੀਆਂ ਸਾਧਵੀਆਂ ਨਾਲ ਬਲਾਤਕਾਰ ਕਰਨ ਤੋਂ ਲੈ ਕੇ ਡੇਰੇ ਦੇ ਸੇਵਾਦਾਰਾਂ ਨੂੰ ਨਿਪੁੰਸਕ ਬਣਵਾ ਦੇਣ ਦੇ ਮੁਕੱਦਮੇ ਵੀ ਉਸ ਨੂੰ ਆਏ ਦਿਨ ਵੀਡੀਓ ਕਾਨਫਰੰਸਿੰਗ ਵਾਲੇ ਕਟਹਿਰੇ ਵਿਚ ਖੜਾ ਕਰੀ ਰੱਖਦੇ ਹਨ। ਇਹ ਸਭ ਕੁਝ ਅਸੀਂ ਅਦਾਲਤਾਂ ਦੇ ਫੈਸਲਿਆਂ ਉਤੇ ਛੱਡ ਕੇ ਉਸ ਦੀ ਰਾਜਸੀ ਖੇਤਰ ਵਿਚ ਸਰਗਰਮੀ ਦੀ ਗੱਲ ਕਰਨੀ ਚਾਹੁੰਦੇ ਹਾਂ।***

ਪਾਰਲੀਮੈਂਟ ਚੋਣਾਂ ਵਿਚ ਜਦੋਂ ਮਸਾਂ ਛੇ ਮਹੀਨੇ ਬਾਕੀ ਹਨ, ਪੰਜਾਬ ਵਿਚ ਇੱਕ ਵਾਰੀ ਫਿਰ ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰੋਕਾਰਾਂ ਤੇ ਸਿੱਖ ਸੰਗਤਾਂ ਦੇ ਤਕਰਾਰ ਦੀਆਂ ਕੁਝ ਖਬਰਾਂ ਤੋਂ ਬਾਅਦ ਪਿੰਡ ਢੁੱਡੀਕੇ ਵਿਚ ਸਿੱਧੇ ਭਿੜ ਜਾਣ ਦੀ ਉਹ ਖਬਰ ਆ ਗਈ, ਜਿਹੜੀ ਚਿੰਤਾ ਪੈਦਾ ਕਰਨ ਵਾਲੀ ਹੈ। ਪਹਿਲੇ ਦਿਨ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਇੱਕ ਧਿਰ ਨੂੰ ਦੂਸਰੀ ਦੇ ਖਿਲਾਫ ਮਨ-ਮਰਜ਼ੀ ਕਰਨ ਦਿੱਤੀ ਗਈ ਤੇ ਦੂਸਰੇ ਦਿਨ ਦਿੱਲੀ ਵਿਧਾਨ ਸਭਾ ਚੋਣਾਂ ਦੀ ਸਥਿਤੀ ਨੂੰ ਧਿਆਨ ਵਿਚ ਉਥੋਂ ਆਏ ਨਵੇਂ ਹੁਕਮ ਮੁਤਾਬਕ ਪੁਲਿਸ ਨੇ ਡੇਰੇ ਵਾਲਿਆਂ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਸਾਂਭ ਲਈ। ਧੁਖਦੀ ਉਤੇ ਪਾਣੀ ਦੇ ਛਿੱਟੇ ਮਾਰਨ ਲਈ ਇੱਕ ਸਾਬਕਾ ਮੰਤਰੀ ਨੂੰ ਵੀ ਭੇਜ ਦਿੱਤਾ ਗਿਆ। ਹੁਣ ਇਹ ਉਤਲਾ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਸਰਕਾਰ ਇਸ ਖਿੱਚੋਤਾਣ ਨੂੰ ਬਾਕੀ ਥਾਂਈਂ ਫੈਲਣ ਤੋਂ ਰੋਕਣ ਦਾ ਯਤਨ ਕਰ ਰਹੀ ਹੈ, ਪਰ ਅੰਮ੍ਰਿਤਸਰੋਂ ਆਉਂਦੇ ਬਿਆਨ ਇਹ ਦੱਸਦੇ ਹਨ ਕਿ ਲੋੜ ਜੋਗੀ ਖਿੱਚੋਤਾਣ ਕਾਇਮ ਰੱਖਣ ਦੀ ਨੀਤੀ ਵੀ ਥੋੜ੍ਹਾ ਕੁ ਓਹਲਾ ਰੱਖ ਕੇ ਕੰਮ ਕਰਦੀ ਹੋ ਸਕਦੀ ਹੈ। ਪੰਜਾਬ ਦੀ ਰਾਜਨੀਤੀ ਦਾ ਇਸ ਡੇਰੇ ਨਾਲ ਸਬੰਧਤ ਪਿਛਲਾ ਤਜਰਬਾ ਵੀ ਇਸ ਤਰ੍ਹਾਂ ਦੇ ਕਈ ਸੰਕੇਤ ਕਰਦਾ ਹੈ, ਜਿਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।


ਇਥੇ ਚੇਤੇ ਕਰਵਾ ਦਈਏ ਕਿ ਜਦੋਂ ਡੇਰਾ ਸੱਚਾ ਸੌਦਾ ਬਾਰੇ ਲਿਖਣ ਤੋਂ ਪਰਹੇਜ਼ ਕਰਨਾ ਠੀਕ ਸਮਝਿਆ ਜਾਂਦਾ ਸੀ, ਸਭ ਤੋਂ ਪਹਿਲਾਂ ਉਸ ਡੇਰੇ ਦੀਆਂ ਕੁਝ ਗਲਤ ਗੱਲਾਂ ਬਾਰੇ ਕਲਮ ਅਸੀਂ ਹੀ ਚੁੱਕੀ ਸੀ। ਉਸ ਇੱਕੋ ਲਿਖਤ ਨਾਲ ਏਨਾ ਹੰਗਾਮਾ ਮੱਚਿਆ ਸੀ ਕਿ ਡੇਰੇ ਦੀ ਗਿਆਰਾਂ ਮੈਂਬਰੀ ਟੀਮ ਜਲੰਧਰ ਚੱਲ ਕੇ ਸਾਡੇ ਦਫਤਰ ਇਹ ਕਹਿਣ ਆਈ ਸੀ ਕਿ ਏਦਾਂ ਨਾ ਲਿਖਿਆ ਕਰੋ। ਅਸੀਂ ਕਿਹਾ ਸੀ ਕਿ ਜੋ ਮਹਿਸੂਸ ਕੀਤਾ, ਉਹ ਲਿਖਣਾ ਸਾਡਾ ਫਰਜ਼ ਵੀ ਹੈ ਤੇ ਹੱਕ ਵੀ, ਤੁਹਾਡਾ ਕੋਈ ਪੱਖ ਹੈ ਤਾਂ ਦੇ ਦਿਓ, ਉਹ ਵੀ ਛਾਪ ਦਿੱਤਾ ਜਾਵੇਗਾ, ਪਰ ਆਪਣਾ ਪੱਖ ਦੇਣ ਦੀ ਥਾਂ ਉਨ੍ਹਾਂ ਨੇ ਧਮਕੀਆਂ ਦੀ ਬੋਲੀ ਬੋਲਣੀ ਸ਼ੁਰੂ ਕਰ ਦਿੱਤੀ। ਜਵਾਬ ਵਿਚ ਸਾਨੂੰ ਸਖਤੀ ਨਾਲ ਕਹਿਣਾ ਪਿਆ ਕਿ ਉਹ ਜੋ ਕੁਝ ਕਰਨਾ ਚਾਹੁਣ, ਕਰ ਲੈਣ। ਉਸ ਤੋਂ ਪਹਿਲਾਂ ਉਹ ਇਸੇ ਮੋਗੇ ਜ਼ਿਲ੍ਹੇ ਵਿਚ ਇੱਕ ਛੋਟੀ ਜਿਹੀ ਖਬਰ ਛਾਪਣ ਕਰ ਕੇ ਇੱਕ ਪੱਤਰਕਾਰ ਨੂੰ ਕੁੱਟਦੇ ਹੋਏ ਥਾਣੇ ਲਿਜਾ ਕੇ ਮੁਆਫੀ ਮੰਗਣ ਨੂੰ ਮਜਬੂਰ ਕਰ ਚੁੱਕੇ ਸਨ। ਜਦੋਂ ਉਨ੍ਹਾਂ ਨੇ ਇਹ ਕਾਰਵਾਈ ਕੀਤੀ ਸੀ, ਅਕਾਲੀ ਦਲ ਦੇ ਆਗੂ ਉਨ੍ਹਾਂ ਦੇ ਨਾਲ ਤੁਰੇ ਸਨ। ਇਹ ਹੀ ਉਹ ਦੌਰ ਸੀ, ਜਦੋਂ ਉਸ ਡੇਰੇ ਵਿਚ ਵੋਟਾਂ ਮੰਗਣ ਜਾਣ ਦਾ ਪੰਜਾਬ ਦੇ ਰਾਜਸੀ ਆਗੂਆਂ ਨੂੰ ਨਵਾਂ-ਨਵਾਂ ਚਸਕਾ ਲੱਗਾ ਸੀ।

ਡੇਰਾ ਸੱਚਾ ਸੌਦਾ ਕਿੰਨਾ ਕੁ ਸੱਚਾ ਹੈ ਤੇ ਕਿੰਨਾ ਕੁ ਸਿਆਸੀ ਸੌਦਾ ਵੇਚਦਾ ਹੈ, ਇਸ ਬਾਰੇ ਹੁਣ ਸਾਡੇ ਜਾਂ ਕਿਸੇ ਹੋਰ ਦੇ ਕਹਿਣ ਦੀ ਗੱਲ ਨਹੀਂ ਰਹੀ। ਅਦਾਲਤਾਂ ਵਿਚ ਕਈ ਕੇਸ ਇਸ ਡੇਰੇ ਬਾਰੇ ਵੀ ਤੇ ਇਸ ਦੇ ਮੁਖੀ ਬਾਰੇ ਵੀ ਚੱਲੀ ਜਾ ਰਹੇ ਹਨ। ਡੇਰਾ ਮੁਖੀ ਉਤੇ ਇੱਕ ਪੱਤਰਕਾਰ ਸਮੇਤ ਕੁਝ ਲੋਕਾਂ ਦੇ ਕਤਲਾਂ ਦੇ ਵੀ ਦੋਸ਼ ਹਨ ਤੇ ਡੇਰੇ ਦੀਆਂ ਸਾਧਵੀਆਂ ਨਾਲ ਬਲਾਤਕਾਰ ਕਰਨ ਤੋਂ ਲੈ ਕੇ ਡੇਰੇ ਦੇ ਸੇਵਾਦਾਰਾਂ ਨੂੰ ਨਿਪੁੰਸਕ ਬਣਵਾ ਦੇਣ ਦੇ ਮੁਕੱਦਮੇ ਵੀ ਉਸ ਨੂੰ ਆਏ ਦਿਨ ਵੀਡੀਓ ਕਾਨਫਰੰਸਿੰਗ ਵਾਲੇ ਕਟਹਿਰੇ ਵਿਚ ਖੜਾ ਕਰੀ ਰੱਖਦੇ ਹਨ। ਇਹ ਸਭ ਕੁਝ ਅਸੀਂ ਅਦਾਲਤਾਂ ਦੇ ਫੈਸਲਿਆਂ ਉਤੇ ਛੱਡ ਕੇ ਉਸ ਦੀ ਰਾਜਸੀ ਖੇਤਰ ਵਿਚ ਸਰਗਰਮੀ ਦੀ ਗੱਲ ਕਰਨੀ ਚਾਹੁੰਦੇ ਹਾਂ।

ਲੰਮਾ ਸਮਾਂ ਇਹ ਡੇਰਾ ਲੁਕਵੇਂ ਤੌਰ ਉਤੇ ਇੱਕ ਜਾਂ ਦੂਸਰੀ ਪਾਰਟੀ ਦੀ ਚੋਣਾਂ ਵਿਚ ਮਦਦ ਕਰਦਾ ਰਿਹਾ ਅਤੇ ਕੁਝ ਲੀਡਰਾਂ ਦੀ ਅੱਖ ਵਿਚ ਉਦੋਂ ਰੜਕਿਆ ਸੀ, ਜਦੋਂ ਇਸ ਨੇ ਅਸ਼ੀਰਵਾਦ ਕਿਸੇ ਨੂੰ ਦੇ ਕੇ ਵੋਟਾਂ ਦਾ ਪ੍ਰਸ਼ਾਦ ਕਿਸੇ ਹੋਰ ਦੀ ਝੋਲੀ ਪਾ ਦਿੱਤਾ ਸੀ। ਜਿਨ੍ਹਾਂ ਨੂੰ ਵੋਟਾਂ ਪਾਈਆਂ ਸਨ, ਉਹ ਹਾਰ ਗਏ ਤੇ ਜਿੱਤ ਗਈ ਧਿਰ ਨੇ ਰਾਜਸੀ ਕਿੜ ਕੱਢਣ ਲਈ ਉਸ ਡੇਰੇ ਦੇ ਖਿਲਾਫ ਚੱਲਣ ਵਾਲਿਆਂ ਨੂੰ ਖੁੱਲ੍ਹ ਦੇ ਦਿੱਤੀ। ਇਸ ਦਾ ਕਾਰਨ ਵੀ ਡੇਰੇ ਦੇ ਮੁਖੀ ਨੇ ਆਪ ਪੈਦਾ ਕੀਤਾ ਸੀ। ਇੱਕ ਸਮਾਗਮ ਮੌਕੇ ਗੁਰੂ ਗੋਬਿੰਦ ਸਿੰਘ ਜੀ ਦੇ ਬਾਣੇ ਨਾਲ ਮਿਲਦਾ ਪਹਿਰਾਵਾ ਪਹਿਨ ਕੇ ਉਸ ਨੇ ਆਪਣਾ ਜਾਮ-ਏ-ਇੰਸਾਂ ਨਾਂ ਦਾ ਇੱਕ ਤਰਲ ਪਦਾਰਥ ਜਾਰੀ ਕਰ ਦਿੱਤਾ ਸੀ। ਇਸ ਤੋਂ ਪੈਦਾ ਹੋਈ ਉਸ ਭੜਕਾਹਟ ਨੂੰ ਪੂਰੇ ਪੰਜ ਦਿਨ ਪੰਜਾਬ ਸਰਕਾਰ ਨੇ ਖੁੱਲ੍ਹ ਦੇਈ ਰੱਖੀ ਤੇ ਉਦੋਂ ਰੋਕਿਆ, ਜਦੋਂ ਭਾਜਪਾ ਦੀ ਹਾਈ ਕਮਾਂਡ ਨੇ ਇਸ ਦਾ ਸਖਤ ਰੋਸ ਪ੍ਰਗਟ ਕੀਤਾ ਸੀ, ਕਿਉਂਕਿ ਪਿੰਡਾਂ ਵਿਚ ਫਰਕ ਨਹੀਂ ਸੀ ਪੈਂਦਾ ਤੇ ਸ਼ਹਿਰਾਂ ਵਿਚ ਰੋਜ਼ ਦੇ ਹੰਗਾਮੇ ਕਾਰਨ ਕਾਰੋਬਾਰ ਤਬਾਹ ਹੋ ਕੇ ਭਾਜਪਾ ਦੇ ਵੋਟ-ਬੈਂਕ ਨੂੰ ਸੱਟ ਵੱਜਦੀ ਸੀ। ਜਿਸ ਦਿਨ ਭਾਜਪਾ ਨੇ ਇਹ ਸਟੈਂਡ ਲਿਆ, ਚੌਵੀ ਘੰਟੇ ਅੰਦਰ ਨੰਗੀਆਂ ਲਿਸ਼ਕਦੀਆਂ ਕਿਰਪਾਨਾਂ ਮੁੜ ਕੇ ਮਿਆਨਾਂ ਵਿਚ ਚਲੀਆਂ ਗਈਆਂ ਸਨ।

ਫਿਰ ਉਸ ਡੇਰੇ ਬਾਰੇ ਕਈ ਦਿਸ਼ਾਵਾਂ ਦੀ ਸਰਗਰਮੀ ਸ਼ੁਰੂ ਹੋ ਗਈ। ਇੱਕ ਪਾਸੇ ਚੁਣ-ਚੁਣ ਕੇ ਕੇਸ ਬਣਨ ਤੇ ਉਨ੍ਹਾਂ ਲਈ ਵਾਰੰਟ ਜਾਰੀ ਹੋਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਦੂਸਰੇ ਪਾਸੇ ਸਿੱਖ ਪੰਥ ਲਈ ਸਤਿਕਾਰਤ ਮੰਨੇ ਜਾਂਦੇ ਪੰਜ ਸਿੰਘ ਸਾਹਿਬਾਨ ਤੋਂ ਉਨ੍ਹਾਂ ਖਿਲਾਫ ਹੁਕਮਨਾਮਾ ਜਾਰੀ ਕਰਵਾ ਦਿੱਤਾ ਗਿਆ ਕਿ ਡੇਰਾ ਸੱਚਾ ਸੌਦਾ ਵਾਲਿਆਂ ਦੇ ਕਿਸੇ ਵੀ ਡੇਰੇ ਨੂੰ ਪੰਜਾਬ ਦੀ ਧਰਤੀ ਉਤੇ ਨਹੀਂ ਰਹਿਣ ਦਿੱਤਾ ਜਾਵੇਗਾ। ਤੀਸਰੇ ਪਾਸੇ ਉਨ੍ਹਾਂ ਦੇ ਅੱਥਰੂ ਪੂੰਝਣ ਲਈ ਕੁਝ ਪਿਆਦੇ ਸਰਗਰਮ ਹੋ ਗਏ। ਤਿੰਨੇ ਪਾਸੇ ਇਹ ਕੰਮ ਕਰ ਰਹੇ ਬੰਦੇ ਇੱਕੋ ਰਾਜਸੀ ਧਿਰ ਵਾਲੇ ਸਨ।

ਜਿਸ ਦੂਸਰੀ ਧਿਰ ਦੀ ਮਦਦ ਕਰ ਕੇ ਇਸ ਡੇਰੇ ਵਾਲੇ ਆਪਣੀ ਸੰਘੀ ਫਸਾ ਬੈਠੇ ਸਨ, ਉਸ ਦੇ ਲੀਡਰ ਆਪਣੇ ਕੁਨਬੇ ਅੰਦਰ ਦੀ ਲੜਾਈ ਵਿਚ ਰੁੱਝੇ ਹੋਏ ਸਨ। ਨਤੀਜਾ ਇਹ ਨਿਕਲਿਆ ਕਿ ਡੇਰੇ ਵਾਲਿਆਂ ਨੇ 'ਜ਼ੋਰਾਵਰ ਦਾ ਸੱਤੀਂ ਵੀਹੀਂ ਸੌਂ' ਮੰਨ ਕੇ ਇਹ ਸੁਨੇਹਾ ਭੇਜ ਦਿੱਤਾ ਕਿ ਅਸੀਂ ਮਿਲ ਕੇ ਚੱਲਣ ਨੂੰ ਰਾਜ਼ੀ ਹਾਂ, ਪਰ ਅੱਖ-ਮਟੱਕਾ ਫੇਰ ਵੀ ਦੂਸਰੇ ਪਾਸੇ ਕਰਦੇ ਰਹੇ। ਉਨ੍ਹਾਂ ਦਾ ਖਿਆਲ ਸੀ ਕਿ ਇਸ ਤਰ੍ਹਾਂ ਉਹ ਜ਼ੋਰ ਵਾਲੀ ਧਿਰ ਨਾਲ ਸੌਦੇਬਾਜ਼ੀ ਕਰ ਸਕਣਗੇ ਤੇ ਆਪਣੇ ਖਿਲਾਫ ਬਣਾ ਦਿੱਤੇ ਗਏ ਕੇਸਾਂ ਵਿਚੋਂ ਬਚਣ ਦਾ ਰਾਹ ਕੱਢ ਲੈਣਗੇ। ਇਹ ਸੋਚਣੀ ਵੀ ਉਨ੍ਹਾਂ ਨੂੰ ਪੁੱਠੀ ਪੈ ਗਈ। ਸੌਦੇਬਾਜ਼ੀ ਦਾ ਲਾਭ ਲੈ ਕੇ ਡੇਰਾ ਮੁਖੀ ਦੇ ਪਰਿਵਾਰ ਦੇ ਇੱਕ ਜੀਅ ਦਾ ਜਲੰਧਰ ਵਿਚ ਫਸਿਆ ਪੈਟਰੋਲ ਪੰਪ ਲਾਇਸੈਂਸ ਤਾਂ ਭਾਵੇਂ ਚੌਵੀ ਘੰਟੇ ਵਿਚ ਨੋ-ਆਬਜੈਕਸ਼ਨ ਲੈ ਕੇ ਪਾਸ ਹੋ ਗਿਆ, ਪਰ ਡੇਰੇ ਦੇ ਪੈਰੋਕਾਰਾਂ ਨੂੰ ਲਾਭ ਨਾ ਹੋਇਆ। ਜਿਵੇਂ ਉਨ੍ਹਾਂ



*ਜਾਮ-ਏ-ਇੰਸਾਂ*

ਨੂੰ ਹਰ ਗੱਲ ਲਈ ਅੱਗੇ ਜ਼ਲੀਲ ਕੀਤਾ ਜਾਂਦਾ ਸੀ, ਬਾਅਦ ਵਿਚ ਵੀ ਉਵੇਂ ਹੀ ਕੀਤਾ ਜਾਂਦਾ ਰਿਹਾ ਤੇ ਮੌਤ ਤੇ ਵਿਆਹ ਦੇ ਮੌਕੇ ਵੀ ਕਿਸੇ ਤਰ੍ਹਾਂ ਦਾ ਲਿਹਾਜ ਕਿਸੇ ਥਾਂ ਵਿਖਾਈ ਨਹੀਂ ਸੀ ਦੇ ਸਕਿਆ।

ਡੇਰਾ ਇਸ ਤਜਰਬੇ ਤੋਂ ਸਿੱਖ ਕੇ ਰਾਜਨੀਤੀ ਨਾਲੋਂ ਦੋ ਕਰਮਾਂ ਦਾ ਫਾਸਲਾ ਪਾਉਣ ਦੀ ਥਾਂ ਇੱਕ ਹੋਰ ਤਜਰਬਾ ਕਰਨ ਤੁਰ ਪਿਆ ਤੇ ਇਸ ਦਾ ਰੰਗ ਵਿਧਾਨ ਸਭਾ ਚੋਣਾਂ ਵਿਚ ਲੋਕਾਂ ਨੇ ਵੇਖ ਲਿਆ। ਕਈ ਦਿਨ ਡੇਰੇ ਵਿਚ ਇੱਕ ਜਾਂ ਦੂਸਰੀ ਜਾਂ ਫਿਰ ਤੀਸਰੀ ਸਿਆਸੀ ਧਿਰ ਦੇ ਉਮੀਦਵਾਰਾਂ ਨੂੰ ਸੱਦ ਕੇ ਉਨ੍ਹਾਂ ਨੂੰ ਮਦਦ ਦੇਣ ਦੇ ਨਾਂ ਉਤੇ ਏਦਾਂ ਖੜੇ ਰੱਖਿਆ ਗਿਆ, ਜਿਵੇਂ ਗਰੀਬਾਂ ਦੇ ਪੁੱਤ ਫੌਜ ਦੀ ਭਰਤੀ ਨੂੰ ਆਏ ਹੋਣ ਤੇ ਚੋਣਾਂ ਤੋਂ ਦੋ ਦਿਨ ਪਹਿਲਾਂ ਮਾਲਵੇ ਦੇ ਸਾਰੇ ਥਾਂਵਾਂ ਦੇ ਕਾਂਗਰਸੀ ਦਫਤਰਾਂ ਵਿਚ ਖਬਰ ਆ ਗਈ ਕਿ ਡੇਰਾ ਹੁਣ ਉਨ੍ਹਾਂ ਦੀ ਮਦਦ ਕਰੇਗਾ। ਡੇਰੇ ਦੇ ਰੁਤਬਾ ਰੱਖਦੇ ਆਗੂਆਂ ਨੇ ਆ ਕੇ ਕਾਰਾਂ ਕਾਂਗਰਸੀ ਦਫਤਰਾਂ ਤੋਂ ਲਈਆਂ, ਤੇਲ ਉਨ੍ਹਾਂ ਤੋਂ ਪਵਾਇਆ ਤੇ ਵੋਟਾਂ ਅਕਾਲੀਆਂ ਨੂੰ ਪਵਾ ਦਿੱਤੀਆਂ। ਕਾਂਗਰਸੀਆਂ ਨੂੰ ਪਤਾ ਹੀ ਨਾ ਲੱਗ ਸਕਿਆ। ਵੋਟਾਂ ਪੈਣ ਤੋਂ ਤਿੰਨ ਦਿਨ ਪਿੱਛੋਂ ਇਹ ਖਬਰ ਆਈ ਕਿ ਜਿਸ ਦਿਨ ਕਾਂਗਰਸੀਆਂ ਨੂੰ ਹਮਾਇਤ ਦਾ ਸੁਨੇਹਾ ਭੇਜਿਆ ਸੀ, ਉਸ ਤੋਂ ਇੱਕ ਦਿਨ ਪਹਿਲਾਂ ਬਠਿੰਡੇ ਵਿਚ ਡੇਰੇ ਦੇ ਮੁਖੀ ਵਿਰੁਧ ਚੱਲਦਾ ਕੇਸ ਵਾਪਸ ਲੈਣ ਦੀ ਅਰਜ਼ੀ ਮੁੱਦਈ ਵੱਲੋਂ ਪੇਸ਼ ਹੋ ਗਈ ਤੇ ਇਸ ਅਰਜ਼ੀ ਦੇ ਦਾਖਲ ਹੁੰਦੇ ਸਾਰ ਸਭ ਥਾਂਵਾਂ ਉਤੇ ਦੂਸਰਾ ਗੁਪਤ ਸੁਨੇਹਾ ਭੇਜਿਆ ਜਾ ਚੁੱਕਾ ਸੀ। ਰਾਜਸੀ ਲੀਡਰਾਂ ਦੇ ਬਾਰੇ ਸੁਣਿਆ ਸੀ ਕਿ ਉਹ 'ਸਾਈਆਂ ਕਿਤੇ, ਵਧਾਈਆਂ ਕਿਤੇ' ਦੀ ਖੇਡ ਕਈ ਵਾਰੀ ਖੇਡ ਜਾਂਦੇ ਹਨ, ਪਰ ਇਸ ਵਾਰੀ ਧਾਰਮਿਕ ਡੇਰੇ ਨੇ ਇਹ ਰਾਜਨੀਤੀ ਕਰ ਵਿਖਾਈ। ਮਨ-ਚਾਹੇ ਸਿੱਟੇ ਫਿਰ ਨਹੀਂ ਨਿਕਲੇ। 'ਪਾਣੀ ਉਤਰਿਆ ਤੇ ਖਵਾਜ਼ਾ ਵਿੱਸਰਿਆ' ਦੇ ਮੁਹਾਵਰੇ ਵਾਂਗ ਕੇਸ ਵਾਪਸ ਲੈਣ ਦੀ ਉਸ ਅਰਜ਼ੀ ਬਾਰੇ ਮੁੱਦਈ ਨੇ ਜਾ ਕੇ ਨਵਾਂ ਬਿਆਨ ਦੇ ਦਿੱਤਾ ਕਿ ਕੇਸ ਵਾਪਸ ਲੈਣ ਦੀ ਅਰਜ਼ੀ ਉਤੇ ਦਸਤਖਤ ਹੀ ਮੇਰੇ ਨਹੀਂ। ਕੇਸ ਮੁੜ ਕੇ ਚੱਲ ਪਿਆ ਪਰ ਚੱਲ ਨਹੀਂ ਪਿਆ, ਚੱਲਦਾ ਰੱਖਿਆ ਗਿਆ ਅਤੇ ਇਸ ਲਈ ਰੱਖਿਆ ਗਿਆ ਕਿ ਜਦੋਂ ਤੱਕ ਕੇਸ ਚੱਲਦਾ ਹੈ, ਡੇਰਾ ਚੋਣਾਂ ਸਮੇਂ ਇਨ੍ਹਾਂ ਪੇਸ਼ੀਆਂ ਦਾ ਚੇਤਾ ਰੱਖੇਗਾ ਤੇ ਕਿਸੇ ਦੂਜੀ ਧਿਰ ਵੱਲ ਝਾਕਣ ਤੋਂ ਪਹਿਲਾਂ ਨਿਕਲਣ ਵਾਲੇ ਸਿੱਟਿਆਂ ਬਾਰੇ ਸੋਚਣ ਲੱਗ ਪਿਆ ਕਰੇਗਾ।

ਇਸ ਸਾਰੀ ਕਹਾਣੀ ਤੋਂ ਪਿੱਛੋਂ ਇੱਕ ਪੱਖ ਸੋਚਣ ਵਾਲਾ ਹੋਰ ਵੀ ਹੈ। ਸਾਡੀ ਇਸ ਡੇਰੇ ਨਾਲ ਕੋਈ ਹਮਦਰਦੀ ਨਹੀਂ, ਸਗੋਂ ਕਿਸੇ ਵੀ ਡੇਰੇ ਪ੍ਰਤੀ ਹਮਦਰਦੀ ਨਹੀਂ, ਪਰ ਇੱਕ ਸਵਾਲ ਪੁੱਛਣ ਦੀ ਲੋੜ ਨੂੰ ਅਣਗੌਲਿਆ ਨਹੀਂ ਕਰ ਸਕਦੇ ਕਿ ਕੀ ਇਸ ਡੇਰੇ ਬਾਰੇ ਕਾਨੂੰਨੀ ਤੌਰ ਉਤੇ ਪਾਬੰਦੀ ਦਾ ਕੋਈ ਹੁਕਮ ਕਦੇ ਸਰਕਾਰ ਨੇ ਜਾਂ ਕਿਸੇ ਅਦਾਲਤ ਨੇ ਜਾਰੀ ਕੀਤਾ ਹੈ? ਜਵਾਬ ਸਾਫ ਹੈ ਕਿ ਕਦੇ ਨਹੀਂ ਕੀਤਾ ਗਿਆ। ਸਵਾਲ ਇਹ ਹੈ ਕਿ ਜਿਸ ਡੇਰੇ ਬਾਰੇ ਕਦੀ ਪਾਬੰਦੀ ਦਾ ਹੁਕਮ ਜਾਰੀ ਨਹੀਂ ਕੀਤਾ ਗਿਆ, ਜਦੋਂ ਪੰਜਾਬ ਵਿਚ ਹੋਰ ਛੱਤੀ ਤਰ੍ਹਾਂ ਦੇ ਡੇਰੇ ਚੱਲੀ ਜਾਂਦੇ ਹਨ ਤਾਂ ਇਸ ਇੱਕੋ ਡੇਰੇ ਦੇ ਸਮਾਗਮਾਂ ਦਾ ਵਿਰੋਧ ਕਿਵੇਂ ਕੀਤਾ ਜਾ ਰਿਹਾ ਹੈ? ਜਿਨ੍ਹਾਂ ਦਾ ਇਸ ਡੇਰੇ ਨਾਲ ਕੋਈ ਮੱਤਭੇਦ ਹੈ, ਉਹ ਇਸ ਦੀਆਂ ਉਨ੍ਹਾਂ ਗੱਲਾਂ ਬਾਰੇ ਮੁਹਿੰਮ ਚਲਾ ਕੇ ਲੋਕਾਂ ਨੂੰ ਆਪਣਾ ਪੱਖ ਦੱਸ ਲੈਣ, ਦੂਸਰੀ ਧਿਰ ਵੱਲੋਂ ਹੁੰਦੇ ਕਿਸੇ ਸਮਾਗਮ ਨੂੰ ਰੋਕਣ ਦਾ ਕੰਮ ਤਾਂ ਦੇਸ਼ ਦੇ ਸੰਵਿਧਾਨ ਦੇ ਹਿਸਾਬ ਨਾਲ ਵੀ ਗੈਰ-ਕਾਨੂੰਨੀ ਹੈ।

ਇੱਕ ਇਹ ਦਲੀਲ ਇਸ ਮਾਮਲੇ ਵਿਚ ਬੜੀ ਵਾਰ ਦਿੱਤੀ ਜਾਂਦੀ ਹੈ ਕਿ ਇਸ ਡੇਰੇ ਦੇ ਵਿਰੁਧ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਕੀਤਾ ਜਾ ਚੁੱਕਾ ਹੈ। ਇਹ ਦਲੀਲ ਆਪਣੇ ਪੱਖ ਵਿਚ ਵਰਤਣ ਨਾਲ ਡੇਰੇ ਦੇ ਵਿਰੋਧੀਆਂ ਨੂੰ ਲਾਭ ਹੁੰਦਾ ਹੈ ਤਾਂ ਵਰਤ ਲੈਂਦੇ ਹਨ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਇਹੋ ਜਿਹੇ ਹੁਕਮਨਾਮੇ ਕਈ ਹੋਰਨਾਂ ਵਿਰੁਧ ਵੀ ਕੀਤੇ ਤੇ ਕਰਵਾਏ ਜਾਂਦੇ ਰਹੇ ਹਨ। ਸਾਢੇ ਤਿੰਨ ਦਹਾਕੇ ਪਹਿਲਾਂ ਨਿਰੰਕਾਰੀ ਭਾਈਚਾਰੇ ਦੇ ਖਿਲਾਫ ਵੀ ਇਹੋ ਜਿਹਾ ਹੁਕਮਨਾਮਾ ਕੀਤਾ ਗਿਆ ਸੀ। ਅੱਜ ਉਸ ਦੇ ਸਮਾਗਮ ਸਭ ਥਾਂ ਹੋ ਰਹੇ ਹਨ। ਜਿਨ੍ਹਾਂ ਲੋਕਾਂ ਨੇ ਉਹ ਹੁਕਮਨਾਮਾ ਜਾਰੀ ਕਰਨ ਦਾ ਮਾਹੌਲ ਆਪ ਅੱਗੇ ਲੱਗ ਕੇ ਤਿਆਰ ਕੀਤਾ ਸੀ, ਉਹ ਬਾਅਦ ਵਿਚ ਚੋਣਾਂ ਵਿਚ ਵੋਟਾਂ ਦਾ ਬੁੱਕ ਲੈਣ ਵਾਸਤੇ ਉਨ੍ਹਾਂ ਹੀ ਨਿਰੰਕਾਰੀਆਂ ਦੇ ਘਰੀਂ ਤੇ ਸਤਿਸੰਗ ਭਵਨਾਂ ਵਿਚ ਜਾਣ ਲੱਗ ਪਏ ਤੇ ਅਜੇ ਤੱਕ ਜਾਈ ਜਾਂਦੇ ਹਨ। ਜੇ ਕੋਈ ਪੁੱਛਦਾ ਹੈ ਤਾਂ ਇਹ ਕਹਿੰਦੇ ਹਨ ਕਿ ਉਦੋਂ ਵਾਲੀ ਗੱਲ ਹੁਣ ਨਹੀਂ ਰਹੀ। ਜੇ ਪਹਿਲਾਂ ਵਾਲੀ ਗੱਲ ਨਹੀਂ ਰਹੀ ਤਾਂ ਚੰਗਾ ਹੈ, ਪਰ ਜੇ ਹੁਕਮਨਾਮੇ ਲਾਗੂ ਕਰਾਉਣ ਲਈ ਭੀੜਾਂ ਹੀ ਭੜਕਾਉਣੀਆਂ ਹਨ ਤਾਂ ਇਹੋ ਜਿਹਾ ਇੱਕ ਹੁਕਮਨਾਮਾ ਕਈ ਸਾਲ ਪਹਿਲਾਂ ਆਰ ਐਸ ਐਸ ਬਾਰੇ ਵੀ ਕੀਤਾ ਗਿਆ ਸੀ, ਉਸ ਦਾ ਕੀ ਬਣਿਆ?

ਮਾਮਲਾ ਤੇ ਮੌਕਾ ਵੇਖਿਆ ਜਾਂਦਾ ਹੈ ਤੇ ਜਿੱਥੇ ਜਿਹੜਾ ਪੈਂਤੜਾ ਫਿੱਟ ਬੈਠਦਾ ਹੋਵੇ, ਉਸੇ ਦੇ ਮੁਤਾਬਕ ਦਲੀਲਾਂ ਘੜਨ ਵਾਸਤੇ ਅਕਾਲ ਤਖਤ ਸਾਹਿਬ ਦੇ ਹੁਕਮਨਾਮਿਆਂ ਨੂੰ ਲਾਗੂ ਕਰਨ ਜਾਂ ਅਣਗੌਲੇ ਕਰਨ ਦਾ ਦਾਅ ਵਰਤਿਆ ਜਾਂਦਾ ਹੈ। ਇਹ ਕੰਮ ਚੰਡੀਗੜ੍ਹ ਤੇ ਦਿੱਲੀ ਦੇ ਵੱਡੇ ਰਾਜਸੀ ਤਖਤ ਨੂੰ ਮੱਲਣ ਜਾਂ ਕਾਇਮ ਰੱਖਣ ਦੀ ਰਾਜਨੀਤੀ ਕਰਦੀ ਤੇ ਕਰਵਾਉਂਦੀ ਹੈ, ਧਰਮ ਦਾ ਸਿਰਫ ਨਾਂ ਵਰਤਿਆ ਜਾਂਦਾ ਹੈ। ਹੁਣ ਵੀ ਅਸਲ ਗੱਲ ਉਹ ਨਹੀਂ, ਜੋ ਦਿੱਸ ਰਹੀ ਹੈ। ਪਿਛਲੇ ਸਾਲਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰ ਵੀ ਆਪਣੀ ਲੋੜ ਖਾਤਰ ਸੱਚੇ ਸੌਦੇ ਵਾਲਿਆਂ ਦੇ ਨਾਮ-ਚਰਚਾ ਸਮਾਗਮਾਂ ਵਿਚ ਗਏ, ਸ਼ਿਕਾਇਤ ਹੋਈ ਤਾਂ ਮੁਆਫੀ ਮੰਗ ਲਈ ਤੇ ਗੱਲ ਖਤਮ ਹੋ ਗਈ। ਇੱਕ ਜਣਾ ਤਾਂ ਇੱਕ ਤੋਂ ਵੱਧ ਵਾਰੀ ਗਿਆ, ਹਰ ਵਾਰੀ ਸ਼ਿਕਾਇਤ ਹੋਈ ਤੇ ਹਰ ਵਾਰੀ ਤਨਖਾਹ ਲਵਾ ਲਈ। ਉਸ ਨੇ ਤਨਖਾਹ ਲਵਾਉਣ ਨੂੰ ਵੀ ਮਹੰਤ ਸੇਵਾ ਦਾਸ ਦਾ ਮਰਨ-ਵਰਤ ਰੱਖਣ ਵਰਗਾ ਸ਼ੁਗਲ ਬਣਾ ਲਿਆ, ਉਸ ਦੇ ਖਿਲਾਫ ਕੋਈ ਸਖਤ ਕਾਰਵਾਈ ਇਸ ਲਈ ਨਹੀਂ ਕੀਤੀ ਗਈ ਕਿ ਉਹ ਪੰਥਕ ਰਾਜਨੀਤੀ ਦੇ ਵੱਡੇ ਘਰ ਦਾ ਨੇੜੂ ਹੈ।

ਰਾਜਨੀਤਕ ਲਾਭਾਂ ਲਈ ਧਰਮ ਦੀ ਦੁਰਵਰਤੋਂ ਜਿੰਨੇ ਰੰਗ ਵਿਖਾ ਸਕਦੀ ਹੈ, ਉਨ੍ਹਾਂ ਵਿਚੋਂ ਹੀ ਇੱਕ ਰੰਗ ਹੁਣ ਢੁੱਡੀਕੇ ਵਿਚ ਸਾਹਮਣੇ ਆਇਆ ਹੈ। ਇਹ ਰੰਗ ਇਸ ਲਈ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਡੇਰੇ ਵਾਲਿਆਂ ਤੋਂ ਛੇ ਮਹੀਨੇ ਲੰਘਾ ਕੇ ਵੋਟਾਂ ਸਿਰਫ ਲੈਣੀਆਂ ਨਹੀਂ, ਵੋਟਾਂ ਦੇਣ ਲਈ ਖੁਦ ਅੱਗੇ ਆਉਣ ਵਾਸਤੇ ਉਨ੍ਹਾਂ ਨੂੰ ਮਜਬੂਰ ਕਰਨਾ ਹੈ, 'ਕੰਮ ਦੀ ਗੱਲ' ਹੁਣੇ ਤੋਂ ਉਨ੍ਹਾਂ ਦੇ ਖਾਨੇ ਵਿਚ ਪਾਈ ਜਾਣ ਲੱਗ ਪਈ ਹੈ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫ਼ਤ ਲਓ

24/7 Customer Service Available
Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਜੈਕਾਰਿਆਂ ਦੀ ਗੂੰਜ ਵਿਚ ਗੁਰਦੁਆਰਾ ਮਿਲਪੀਟਸ ਦਾ ਉਦਘਾਟਨ



ਗੁਰਦੁਆਰਾ ਮਿਲਪੀਟਸ ਦੇ ਉਦਘਾਟਨੀ ਸਮਾਗਮ ਸਮੇਂ ਸੰਗਤਾਂ ਨੂੰ ਸੰਬੋਧਨ ਕਰ ਰਹੇ ਵੱਖ ਵੱਖ ਬੁਲਾਰੇ

**ਮਿਲਪੀਟਸ, ਕੈਲੀਫੋਰਨੀਆ (ਬਿਊਰੋ):** ਸੈਨ ਫਰਾਂਸਿਸਕੋ ਦੇ ਗਰੇਟਰ ਬੇਅ ਏਰੀਏ ਵਿਚ ਸਥਿਤ ਇਸ ਸ਼ਹਿਰ ਵਿਚ ਇਕ ਨਵੇਂ ਗੁਰੂ ਘਰ ਗੁਰਦੁਆਰਾ ਸਾਹਿਬ ਸਿੰਘ ਸਭਾ ਦਾ ਲੰਘੇ ਐਤਵਾਰ ਇਲਾਹੀ ਮਾਹੌਲ ਵਿਚ ਉਦਘਾਟਨ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਪੰਜਾਂ ਸਿੰਘਾਂ ਦੀ ਅਗਵਾਈ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਖਾਸ ਤੌਰ 'ਤੇ ਸਜਾਏ ਗਏ ਵਡੇ ਹਾਲ ਵਿਚ ਕੀਤਾ ਗਿਆ।

ਕੀਰਤਨ ਦੀਵਾਨ ਦਾ ਅਰੰਭ ਗੁਰਦੁਆਰਾ ਫਰੀਮਾਂਟ ਦੇ ਹਜ਼ੂਰੀ ਰਾਗੀ ਭਾਈ ਦਿਲਬਾਗ ਸਿੰਘ, ਹਰਪ੍ਰੀਤ ਸਿੰਘ ਤੇ ਰਜਿੰਦਰ ਸਿੰਘ ਦੇ ਜਥੇ ਨੇ ਕੀਤਾ ਜਿਸ ਪਿਛੋਂ ਭਾਈ ਨਿਰਮਲ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲੁਆਈ। ਪ੍ਰੋ. ਦਲਬੀਰ ਸਿੰਘ, ਮਨਜੀਵ ਸਿੰਘ ਤੇ ਜਸਕੀਰਤ ਸਿੰਘ ਤੇ ਇਕ ਛੋਟੇ ਸਿੰਘ ਨੇ ਇਲਾਹੀ ਬਾਣੀ ਦਾ ਕੀਰਤਨ ਤੰਤੀ ਸਾਜ਼ਾਂ ਦੀਆਂ ਧੁਨਾਂ ਨਾਲ ਸਰਵਣ ਕਰਵਾਇਆ। ਇਸ ਤੋਂ ਇਲਾਵਾ ਭਾਈ ਅਮਰੀਕ ਸਿੰਘ ਦੇ ਰਾਗੀ ਜਥੇ ਨੇ ਵੀ ਹਾਜ਼ਰੀ ਭਰੀ।

ਇਸ ਮੌਕੇ ਵਾਸ਼ਿੰਗਟਨ ਡੀ.ਸੀ. ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਮੁੱਖੀ ਡਾ. ਅਮਰਜੀਤ ਸਿੰਘ ਨੇ ਇਸ ਨਵੇਂ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਸੰਗਤਾਂ ਅਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿਤਾ ਕਿ ਸਿੱਖ ਧਰਮ ਦੇ ਵਿੱਲਖਣ ਸਿਧਾਂਤਾਂ ਉਤੇ ਪਹਿਰਾ ਦੇਣ ਨਾਲ ਹੀ ਗੁਰਦੁਆਰਾ ਸਾਹਿਬ ਦਾ ਉਦੇਸ਼ ਪੂਰਾ ਹੁੰਦਾ ਹੈ। ਗੁਰਦੁਆਰੇ ਸਿੱਖੀ ਦੇ ਸਕੂਲ ਹਨ, ਜਿਥੋਂ ਗਿਆਨ ਹਾਸਲ ਹੋਣਾ ਹੈ। ਸਦੀਵੀ ਮੁਕਤੀ ਲਈ 'ਰਾਜ ਕਰੇਗਾ ਖਾਲਸਾ' ਦੇ ਇਲਾਹੀ ਨਿਸ਼ਾਨੇ ਉਤੇ ਦ੍ਰਿੜਤਾ ਨਾਲ ਪਹਿਰਾ ਦੇਣ ਨਾਲ ਹੀ ਸਾਡੇ ਫਰਜ਼ਾਂ ਦੀ ਪੂਰਤੀ ਹੁੰਦੀ ਹੈ। ਸਿੱਖ ਪ੍ਰਭੂਸੱਤਾ ਤੋਂ ਉਰਾਂ ਕੌਮ ਦਾ ਹਰ ਨਿਸ਼ਾਨਾ ਅਧੂਰਾ ਗਿਣਿਆ ਜਾਵੇਗਾ।



ਭਾਈ ਬਲਬੀਰ ਸਿੰਘ ਗਾਖਲ ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਆਪਣੇ ਵਿਚਾਰ ਵੀ ਰਖੇ ਤੇ ਦੂਰੋਂ ਨੇੜਿਉਂ ਆਏ ਸਿੱਖ ਆਗੂਆਂ ਨੂੰ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ।

ਵਕੀਲ ਮਹਿੰਦਰ ਮਾਨ ਨੇ ਮੰਚ ਸੰਭਾਲਦਿਆਂ ਸੈਨ ਹੋਜ਼ੇ, ਸੈਂਟਾ ਕਲਾਰਾ ਕਾਉਂਟੀ ਤੇ ਮਿਲਪੀਟਸ ਸ਼ਹਿਰ ਦੇ ਸਰਕਾਰੀ ਤੇ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਸੰਗਤਾਂ ਦੇ ਰੂਬਰੂ ਕੀਤਾ। ਇਨ੍ਹਾਂ ਵਿਚ ਸੈਂਟਾ ਕਲਾਰਾ ਬੋਰਡ ਆਫ ਸੁਪਰਵਾਈਜ਼ਰਜ਼ ਵੱਲੋਂ ਸਿੰਡੀ ਸ਼ਾਵੇਜ਼, ਮਿਲਪੀਟਸ ਦੇ ਮੇਅਰ ਹੋਜ਼ੇ ਐਸਟੀਵਸ, ਸਾਬਕਾ ਮੇਅਰ ਜੋ ਹਰ ਵੇਲੇ ਕੜਾ ਪਹਿਨ ਕੇ ਰਖਦੇ ਹਨ-ਪੀਟ ਮਕਿਊ, ਸੈਨ ਹੋਜ਼ੇ ਦੇ ਕੌਂਸਲ ਮੈਂਬਰ ਕੈਨਸਨ ਚੂ ਤੇ ਐਸ਼ ਕਾਲੜਾ, ਮਿਲਪੀਟਸ ਦੇ ਅੱਗ ਬੁਝਾਊ ਵਿਭਾਗ ਦੇ ਮੁਖੀ ਰਾਬਰਟ ਮੁਹਾਵੀ ਤੇ ਮਿਸਿਜ਼ ਮੁਹਾਵੀ ਸ਼ਾਮਲ ਸਨ। ਇਨ੍ਹਾਂ ਸਭ ਨੇ ਸਿੱਖ ਭਾਈਚਾਰੇ ਨੂੰ ਇਸ ਨਵੇਂ ਗੁਰੂ ਘਰ ਦੀ ਸਥਾਪਨਾ ਲਈ ਵਧਾਈ ਦਿੱਤੀ। ਮੇਅਰ ਹੋਜ਼ੇ ਨੇ ਗੁਰਦੁਆਰਾ ਸੈਨ ਹੋਜ਼ੇ ਦੀ ਸ਼ੁਰੂਆਤ ਕਰਨ ਵਾਲੇ ਭਾਈ ਬਲਵੰਤ ਸਿੰਘ ਚਾਹਲ ਨੂੰ ਮਿਲਪੀਟਸ ਸਿਟੀ ਪ੍ਰਸ਼ਾਸਨ ਵੱਲੋਂ ਨਵੇਂ ਗੁਰਦੁਆਰਾ ਸਾਹਿਬ ਲਈ ਵਧਾਈ ਦਾ ਪਲੈਕ ਭੇਟ ਕੀਤਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਭ ਸਰਕਾਰੀ ਅਫਸਰਾਂ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਬੀਬੀ ਜੀਤ ਕੌਰ ਦਾ ਉਨ੍ਹਾਂ ਦੀਆਂ ਸੇਵਾਵਾਂ ਲਈ ਸਨਮਾਨ ਕੀਤਾ ਗਿਆ।

ਹੋਰ ਬੁਲਾਰਿਆਂ ਵਿਚ ਡੈਮੋਕ੍ਰੈਟ ਹਰਪ੍ਰੀਤ ਸਿੰਘ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੀਤ ਪ੍ਰਧਾਨ ਰੇਸ਼ਮ ਸਿੰਘ, ਸਤਨਾਮ ਸਿੰਘ ਅਟਵਾਲ, ਪਰਮਿੰਦਰ ਸਿੰਘ ਪਰਵਾਨਾ, ਨਿਰਮਲ ਸਿੰਘ ਖਿਆੜਾ, ਕਮਿਸ਼ਨਰ ਗੁਰਦੇਵ ਸਿੰਘ ਸੰਧੂ, ਬੀਬੀ ਗੁਰਦੇਵ ਕੌਰ, ਡਾ. ਗੁਰਮੀਤ ਸਿੰਘ ਬਰਸਾਲ ਤੇ ਅੰਮ੍ਰਿਤਪਾਲ ਸਿੰਘ ਭਾਟੀਆ ਸ਼ਾਮਲ ਸਨ।

ਉਦਘਾਟਨੀ ਸਮਾਗਮ ਵਿਚ ਯੂਬਾ ਸਿਟੀ, ਸਟਾਕਟਨ, ਬੇਕਰਜ਼ਫੀਲਡ, ਫਰੀਮਾਂਟ, ਐਲ ਸਬਰਾਂਟੇ ਤੇ ਟਰੇਸੀ ਆਦਿ ਤੋਂ ਪ੍ਰਬੰਧਕ ਸੱਜਣ ਅਤੇ ਸੰਗਤਾਂ ਪਹੁੰਚੀਆਂ ਹੋਈਆਂ ਸਨ।

ਪ੍ਰਬੰਧਕਾਂ ਨੇ ਦੱਸਿਆ ਕਿ ਇਸ ਗੁਰਦੁਆਰੇ ਵਿਚ ਵਿਦਿਅਕ ਮਾਹੌਲ ਉਪਰ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ। ਸੈਮੀਨਾਰ, ਵਿਚਾਰ-ਚਰਚਾ, ਗੁਰਮਤਿ ਸੰਗੀਤ, ਪੰਜਾਬੀ ਦੀ ਪੜ੍ਹਾਈ ਆਦਿ ਲਈ ਉਚੇਚੇ ਯਤਨ ਹੋਣਗੇ। ਅਨੁਭਵੀ ਵਿਦਵਾਨਾਂ ਤੇ ਹਰ ਵਿਸ਼ੇ ਦੇ ਮਾਹਿਰਾਂ ਨਾਲ ਮੁਲਾਕਾਤਾਂ ਕਰਵਾਈਆਂ ਜਾਣਗੀਆਂ।













Malwa Financial & Insurance Agency
Lic # 0D75499

ਟਰੱਕਾਂ ਦੀ ਭਰੋਸੇਮੰਦ ਅਤੇ ਵਾਜਬ ਭਾਅ 'ਤੇ ਇੰਸ਼ੋਰੈਂਸ
ਫਰੀ ਕੋਟ ਲੈਣ ਲਈ ਅੱਜ ਹੀ ਸੰਪਰਕ ਕਰੋ



- Produce & General Truckers
- Intermediate & Local Radius
- Single deductible
- Higher Limit on Earned Freight
- Long Haul Coverage
- Downtime Coverage
- Towing & Debris Removal

Kanwaljit Singh: Lic # 0B59734
Harminder Gill: Lic # 0747955
Phone: 510-651-3100
Email: malwa@malwaassociates.com
Web. www.malwaassociates.com




# ਪੰਜਾਬ ਅਤੇ ਕੇਰਲ ਖੁਸ਼ਹਾਲ ਰਾਜ

**ਚੰਡੀਗੜ੍ਹ:** ਦੇਸ਼ ਦੇ ਸਾਰੇ ਰਾਜਾਂ ਵਿਚੋਂ ਪੰਜਾਬ ਤੇ ਕੇਰਲ ਸਭ ਤੋਂ ਖੁਸ਼ਹਾਲ ਰਾਜ ਹਨ। ਇਸ ਗੱਲ ਦਾ ਖੁਲਾਸਾ ਕਰੀਸਿਲ ਵੱਲੋਂ ਕੀਤੇ ਗਏ ਸਰਵੇਖਣ ਵਿਚ ਕੀਤਾ ਗਿਆ ਹੈ ਜਦਕਿ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿਚ ਮਹਾਰਾਸ਼ਟਰ ਸਭ ਤੋਂ ਮੋਹਰੀ ਹੈ। ਖੁਸ਼ਹਾਲੀ ਵਿਚ ਮੱਧ ਪ੍ਰਦੇਸ਼ ਸਭ ਤੋਂ ਹੇਠਾਂ ਹੈ। ਸਾਲ 2011 ਆਬਾਦੀ ਦੇ ਅੰਕੜਿਆਂ ਅਨੁਸਾਰ ਕਰੀਸਿਲ ਨੇ ਉਤਪਾਦਾਂ ਦੀ ਖਪਤਕਾਰਾਂ ਵੱਲੋਂ ਕੀਤੀ ਜਾਂਦੀ ਵਰਤੋਂ ਦੇ ਆਧਾਰ 'ਤੇ ਖੁਸ਼ਹਾਲੀ ਤੇ ਬਰਾਬਰਤਾ ਦਾ ਸਰਵੇਖਣ ਕੀਤਾ ਹੈ।

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont




S. ASHOK BHAURA & IKKY INTERNATIONAL ENT.
in association with
GLOBAL PUNJAB TV
Proudly Presents
IKKY INTERNATIONAL ENT.
CHHANKATA VANGA DA 2014
ਛਣਕਾਟਾ ਵੰਗਾਂ ਦਾ
ਪੰਜਾਬੀ ਗੀਤ, ਸਕਿੱਟਾਂ, ਗਿੱਧਾ, ਭੰਗੜਾ, ਕਵੀਸ਼ਰੀ ਤੇ ਹਾਸਰਸ ਨਾਲ ਭਰਪੂਰ ਪ੍ਰੋਗਰਾਮ ਜਿਸ ਨੂੰ ਡਿੱਸ਼ ਨੈਟਵਰਕ 739 'ਤੇ ਸਿੱਧਾ ਪ੍ਰਸਾਰਿਤ ਕੀਤਾ ਜਾਵੇਗਾ।
On Sunday 29 Dec. 2013 at 6.00 pm
SUNNYVALE COMUNITY CENTRE, 450 PERSION DR SUNNYVALE CA 94089
Director - Jagdev Bhandal
Dance & Choreography : 5 Darya Dance Acadmey & Kriya Dance Acadmey
ਮਹਿਮਾਨ ਆਵਾਜ਼ਾਂ • ਗਿੱਲ ਹਰਦੀਪ • ਗੋਰਾ ਚੱਕ ਵਾਲਾ • ਮਨਿੰਦਰ ਦਿਉਲ • ਨਿਮਰਤ ਖਹਿਰਾ • ਨਜ਼ੀਰ ਮੁਹੰਮਦ • ਅਨੀਤਾ ਸਮਾਣਾ
ਗਾਇਕ • ਤਰਲੋਕ ਸਿੰਘ • ਅਮਰਜੀਤ ਦੁਲਾਈ • ਸੱਤੀ ਪਾਬਲਾ • ਅਨੂਪ ਚੀਮਾ • ਮੰਗਜੀਤ ਮੰਗਾ
• ਮਨਰਾਜ ਭੌਰਾ • ਮੰਡੇਰ ਜਤਿੰਦਰ • ਰਜਿੰਦਰ ਸਿੰਘ ਰਾਜ • ਨਿੰਮਾ ਡੱਲੇਵਾਲ
ਹਾਸਰਸ ਕਲਾਕਾਰ
ਬਲਜੀਵਨ, ਦਰਸ਼ਨ ਕਹਿਲ ਤੇ ਮਾਸਟਰ ਰੈਂਕੂ
ਸੰਗੀਤ
ਅਮਦਾਦ ਅਲੀ ਤੇ ਕੁਲਜੀਤ
ਮੰਚ ਸੰਚਾਲਨ
ਸ਼ਕਤੀ ਮਾਣਕ
Tickets Available at
$25 & VVIP Cash Fabrics Hayward
Preet Fabrics Fremount
Punjab Bazar Sanjose
Sunnyvale Temple
COVERED CALIFORNIA
Raja SWEETS & CATERING
GRAND SPON:
• Raja Sweets • Raj Bhanot • Vohra Bros (Fast & Easy Group) • Radio Chardi Kala • Gill Insurance Agency • Nijjar Bros Madera
• Kashmir Singh Dugga (Kash Fabrics) • Punjab Lok Rang, Preet Fabrics • Jassi Gill (Real State & Loan Broker) • Gakhal Bros.
• Sucha Ram Bharta • Bay Area Cultral & Sports Association • Major S. Brar • Indo-USA Dialogue • Naz Beauty Saloon
• Nazar Singh Shota • Surjit Singh • Kuldeep Singh Atwal • Youth Aakli Dal USA (Arvinder S. Lakhan, Ravinder Boyal) • Dr. Harmesh Kumar
Co-ordinatior's -
•Gurcharan S. Mann •Lakhbir Singh
•Prof. Jaspal Saini •Tara Sagar •Harjit Singh
•Pali Dhanula •Neeta Machhike •Makhan Lohar
Media Sponser : Radio Chardi Kala • Punjab Times USA • Machhike Dhaliya Group • Husan Laroya
ਪੰਜਾਬ ਟਾਈਮਜ਼
GLOBAL PUNJAB
FOR ANY ENQUIRY CALL @ 510-415-3315, 408-628-2337, 510-453-5779
DESIGN BY : ARMAN GRAPHICS (PB.) INDIA # +91-98888-98556

# ਅਮਰੀਕੀ ਸੈਨਾ 'ਚ ਭਾਰਤੀਆਂ ਦੀ ਭਰਤੀ ਦਾ ਹੋਕਾ

## ਇਸ ਵੇਲੇ ਅਮਰੀਕੀ ਫੌਜ ਵਿਚ ਹਨ ਸਿਰਫ ਤਿੰਨ ਸਿੱਖ

**ਨਿਊਯਾਰਕ:** ਅਮਰੀਕੀ ਫ਼ੌਜ ਵਿਚਲੇ ਸਿੱਖਾਂ ਦਾ ਮੰਨਣਾ ਹੈ ਕਿ ਅਮਰੀਕਾ ਨੂੰ ਅਜਿਹੀ ਨੀਤੀ ਅਪਣਾਉਣੀ ਚਾਹੀਦੀ ਹੈ ਜਿਸ ਨਾਲ ਆਪਣੀਆਂ ਧਾਰਮਿਕ ਮਾਨਤਾਵਾਂ ਤੇ ਆਸਥਾ ਪੱਖੋਂ ਕਿਸੇ ਕਿਸਮ ਦਾ ਸਮਝੌਤਾ ਕੀਤੇ ਬਿਨਾਂ ਬਹੁਤੇ ਭਾਰਤੀ-ਅਮਰੀਕੀ ਲੋਕ ਸੈਨਾ ਵਿਚ ਸ਼ਾਮਲ ਹੋ ਸਕਣ।

ਇਸ ਵੇਲੇ ਅਮਰੀਕੀ ਸੈਨਾ ਵਿਚ ਸਿਰਫ਼ ਤਿੰਨ ਸਿੱਖ ਹਨ, ਮੇਜਰ ਕਮਲਜੀਤ ਸਿੰਘ ਕਲਸੀ, ਕੈਪਟਨ ਤੇਜਦੀਪ ਸਿੰਘ ਰਤਨ ਤੇ ਕਾਰਪੋਰਲ ਸਿਮਰਨਪ੍ਰੀਤ ਸਿੰਘ ਲਾਂਬਾ।ਇਨ੍ਹਾਂ ਨੇ ਪ੍ਰਚੱਲਤ ਧਾਰਨਾਵਾਂ ਤੋੜਦਿਆਂ ਆਪਣੀਆਂ ਸੇਵਾਵਾਂ ਬਦਲੇ ਪੁਰਸਕਾਰ ਤੇ ਸ਼ਲਾਘਾ ਪੱਤਰ ਹਾਸਲ ਕੀਤੇ ਹਨ ਤੇ ਅਫ਼ਗਾਨਿਸਤਾਨ ਵਿਚ ਵੀ ਸੇਵਾਵਾਂ ਨਿਭਾਈਆਂ ਹਨ।


ਹੁਣ ਉਹ ਲੰਘੀ ਨੀਤੀ ਵਿਚ ਤਬਦੀਲੀ ਦੇਖਣ ਦੇ ਇੱਛਕ ਹਨ, ਜਿਸ ਨਾਲ ਨਾ ਸਿਰਫ਼ ਸਿੱਖਾਂ ਨੂੰ ਬਲਕਿ ਹੋਰ ਭਾਰਤੀ-ਅਮਰੀਕੀਆਂ ਨੂੰ ਵੀ ਆਪਣੇ ਧਾਰਮਿਕ ਵਿਸ਼ਵਾਸਾਂ ਤੇ ਮਾਨਤਾਵਾਂ ਪੱਖੋਂ ਕਿਸੇ ਕਿਸਮ ਦਾ ਸਮਝੌਤਾ ਕੀਤੇ ਬਿਨਾਂ ਅਮਰੀਕੀ ਸੈਨਾ ਵਿਚ ਸੇਵਾਵਾਂ ਨਿਭਾਉਣ ਦਾ ਮੌਕਾ ਮਿਲ ਸਕੇ। ਐਮਰਜੈਂਸੀ ਮੈਡੀਸਨ ਡਾਕਟਰ ਕਲਸੀ ਦਾ ਕਹਿਣਾ ਹੈ ਕਿ ਇਹ ਮੁੱਦਾ ਬਹੁਲਤਾ ਨਾਲ ਜੁੜਿਆ ਹੋਇਆ ਹੈ, ਜੇਕਰ ਸਾਰੇ ਰੰਗਾਂ ਤੇ ਨਸਲਾਂ ਦੇ ਲੋਕ ਸੈਨਾ ਵਿਚ ਆ ਸਕਦੇ ਹਨ ਤਾਂ ਸਰਦਾਰ ਸਿੱਖ, ਹਿੰਦੂ ਤੇ ਮੁਸਲਮਾਨ ਵੀ ਅਜਿਹਾ ਕਰ ਸਕਦੇ ਹਨ। 30 ਸਾਲ ਤੋਂ ਵੱਧ ਉਮਰ ਦਾ ਕਲਸੀ ਪਹਿਲਾਂ ਪਗੜੀਧਾਰੀ ਅਮਰੀਕੀ ਸਿੱਖ ਸੈਨਿਕ ਹੈ, ਜਿਸ ਨੂੰ ਅਫ਼ਗਾਨਿਸਤਾਨ ਵਿਚ 2011 ਵਿਚ ਸ਼ਾਨਦਾਰ ਸੇਵਾਵਾਂ ਨਿਭਾਉਣ ਲਈ ਬਰੌਂਜ਼ ਸਟਾਰ ਮੈਡਲ ਮਿਲਿਆ ਸੀ, ਜੋ ਜੰਗਾਂ ਲਈ ਮਿਲਣ ਵਾਲਾ ਚੌਥਾ ਸਭ ਤੋਂ ਵੱਡਾ ਪੁਰਸਕਾਰ ਹੈ।

ਉਨ੍ਹਾਂ ਕਿਹਾ ਕਿ ਸੈਨਾ ਵਿਚਲੀ ਬਹੁਰੰਗਤਾ, ਅਮਰੀਕਾ ਨੂੰ ਹੋਰ ਮਜ਼ਬੂਤੀ ਤੇ ਖੂਬਸੂਰਤੀ ਬਖ਼ਸ਼ੇਗੀ। ਬਹੁਲਤਾ, ਇਕ ਰਣਨੀਤਕ ਪਹਿਲੂ ਹੈ। ਜੇਕਰ ਇਸ ਮੁਲਕ ਨੂੰ ਹੋਰ ਮਜਬੂਤ ਤੇ ਸੁੰਦਰ ਬਣਾਉਣਾ ਹੈ ਤਾਂ ਬਹੁਲਤਾ ਵਾਲੇ ਪਾਸੇ ਸੋਚਣਾ ਪਏਗਾ ਅਤੇ ਮੁਲਕ ਨੂੰ ਅਜਿਹੀ ਫੌਜ ਦੀ ਲੋੜ ਹੈ, ਜੋ ਇਸ ਦੀ ਸੁਰੱਖਿਆ ਹੇਠਲੇ ਲੋਕਾਂ ਜਿਹੀ ਨਜ਼ਰ ਆਉਂਦੀ ਹੋਵੇ। 2010 ਵਿਚ ਅਮਰੀਕੀ ਸੈਨਾ ਵਿਚ ਭਰਤੀ ਹੋਏ ਲਾਂਬਾ ਨੂੰ ਇਸ ਕਰਕੇ ਲਿਆ ਗਿਆ ਸੀ ਕਿ ਉਸ ਦੀ ਹਿੰਦੀ ਤੇ ਪੰਜਾਬੀ ਭਾਸ਼ਾ ਵਿਚ ਵਿਸ਼ੇਸ਼ ਮੁਹਾਰਤਾ ਸੀ। ਉਸ ਨੇ ਵੀ ਅਮਰੀਕਾ ਦੀ ਸੰਘੀ ਨੀਤੀ ਵਿਚ ਵੱਡੀ ਤਬਦੀਲੀ ਲਿਆਂਦੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ ਤਾਂ ਕਿ ਨਾ ਸਿਰਫ਼ ਸਿੱਖਾਂ ਲਈ ਬਲਕਿ ਹੋਰ ਭਾਰਤੀ-ਅਮਰੀਕੀਆਂ ਲਈ ਸੈਨਾ ਦੇ ਦਰ ਖੁੱਲ੍ਹੇ ਹੋਣ।

ਕਲਸੀ ਨੇ ਖ਼ਾਹਸ਼ ਪ੍ਰਗਟਾਈ ਕਿ ਭਵਿੱਖ ਅਜਿਹਾ ਹੋਵੇ ਕਿ ਉਸ ਦੇ ਬੱਚੇ ਜਾਂ ਹੋਰ ਮੁਲਕਾਂ ਤੋਂ ਇਥੇ ਆ ਕੇ ਹੋਰ ਨਸਲਾਂ ਦੇ ਲੋਕ ਅਮਰੀਕਾ ਲਈ ਬਿੰਦਾਸ ਅੰਦਾਜ਼ ਵਿਚ ਤੇ ਮਾਣ ਨਾਲ ਸੇਵਾ ਕਰ ਸਕਣ।ਮਈ 2010 ਵਿਚ ਫੋਰਟ ਡਰੱਮ ਵਿਚ ਦੰਦਾਂ ਦੇ ਡਾਕਟਰ ਵਜੋਂ ਫੌਜ ਵਿਚ ਭਰਤੀ ਹੋਏ ਰਤਨ ਦਾ ਕਹਿਣਾ ਹੈ ਕਿ ਉਹ ਹੋਰ ਭਾਰਤੀ ਪਰਿਵਾਰਾਂ ਨੂੰ ਵੀ ਫੌਜ ਵਿਚਲੇ ਆਪਣੇ ਤਜਰਬੇ ਦੱਸਦਾ ਰਹਿੰਦਾ ਹੈ ਤਾਂ ਕਿ ਭਾਰਤੀ ਮਾਪੇ ਆਪਣੇ ਬੱਚਿਆਂ ਲਈ ਬਹੁਤ ਕਮਾਊ ਤੇ ਸੌਖੇ ਕਿੱਤਿਆਂ ਦੀ ਥਾਂ ਉਨ੍ਹਾਂ ਨੂੰ ਫੌਜ ਵਿਚ ਭੇਜਣ ਬਾਰੇ ਵੀ ਸੋਚਣ।

ਨਾਲ ਦੀ ਨਾਲ ਇਨ੍ਹਾਂ ਤਿੰਨਾਂ ਨੇ ਆਪਣੇ ਭਾਈਚਾਰੇ ਜਾਂ ਹੋਰ ਭਾਈਚਾਰਿਆਂ ਤੇ ਘੱਟ ਗਿਣਤੀਆਂ ਨੂੰ ਨਸਲੀ ਅਪਰਾਧਾਂ ਤਹਿਤ ਨਿਸ਼ਾਨਾ ਬਣਾਏ ਜਾਣ 'ਤੇ ਦੁਖ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਇਕ ਅਮਰੀਕੀ ਦਾੜੀ ਤੇ ਫੌਜੀ ਪੱਗ ਵਾਲਾ ਵੀ ਹੋ ਸਕਦਾ ਹੈ।

ਕਲਸੀ ਦਾ ਮੰਨਣਾ ਹੈ ਕਿ ਰਾਸ਼ਟਰਪਤੀ, ਕਾਂਗਰਸ ਤੇ ਫੌਜ ਦੇ ਸਹਿਯੋਗ ਨਾਲ ਹੀ ਨਫ਼ਰਤ ਨੂੰ ਉਸਾਰੂ ਢੰਗ ਨਾਲ ਪਿਛਾਂਹ ਛੱਡਿਆ ਜਾ ਸਕਦਾ ਹੈ।


ਮੇਜਰ ਕਮਲਜੀਤ ਸਿੰਘ ਕਲਸੀ


ਕੈਪਟਨ ਤੇਜਦੀਪ ਸਿੰਘ ਰਤਨ


ਕਾਰਪੋਰਲ ਸਿਮਰਨਪ੍ਰੀਤ ਸਿੰਘ ਲਾਂਬਾ


ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਸੰਘਾ ਦਾ ਸਿਰੋਪਾਓ ਦੇ ਕੇ ਸਨਮਾਨ ਕਰਦੇ ਹੋਏ

# ਗੁਰਜੰਟ ਸਿੰਘ ਸੰਘਾ ਦਾ ਸਨਮਾਨ

**ਸੈਨ ਹੋਜ਼ੇ:** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਜੰਟ ਸਿੰਘ ਸੰਘਾ ਜੋ ਕਿ ਸਿਟੀ ਆਫ ਸੈਨ ਹੋਜ਼ੇ ਦੇ ਪਬਲਿਕ ਵਰਕਸ ਡਿਪਾਰਟਮੈਂਟ ਦੇ ਮੁਖੀ ਬਣੇ ਹਨ, ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

ਸ. ਸੰਘਾ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀ ਹਨ ਅਤੇ ਇਸ ਸਨਮਾਨ ਸਮੇਂ ਇਸ ਕਾਲਜ ਦੇ ਬਹੁਤ ਸਾਰੇ ਵਿਦਿਆਰਥੀ ਅਤੇ ਅਧਿਆਪਕ ਹਾਜ਼ਰ ਸਨ।

# ਫਲਸਤੀਨੀਆਂ ਦੇ ਇਤਿਹਾਸਕ ਦਸਤਾਵੇਜ਼ ਜਾਰੀ

**ਯੇਰੋਸ਼ਲਮ:** ਸੰਯੁਕਤ ਰਾਸ਼ਟਰ ਦੀ ਫਲਸਤੀਨੀ ਸ਼ਰਨਾਰਥੀਆਂ ਲਈ ਏਜੰਸੀ ਨੇ ਪਿਛਲੇ 60 ਸਾਲਾਂ 'ਚ ਖਿੱਚੀਆਂ ਗਈਆਂ ਤਸਵੀਰਾਂ ਤੇ ਫਿਲਮਾਂ ਦੇ ਇਤਿਹਾਸਕ ਦਸਤਾਵੇਜ਼ ਜਾਰੀ ਕੀਤੇ ਹਨ। ਇਹ ਦਸਤਾਵੇਜ਼ ਦੇਸ਼ ਨਿਕਾਲਾ ਦਿੱਤੇ ਗਏ ਲੋਕਾਂ ਦੀਆਂ ਯਾਦਾਂ ਦਾ ਇਤਿਹਾਸ ਹੈ।

ਇਸਰਾਈਲ ਬਣਨ ਸਮੇਂ (1948) ਬੇਘਰ ਹੋਏ ਫਲਸਤੀਨੀ ਸ਼ਰਨਾਰਥੀਆਂ ਦੀ ਮਦਦ ਲਈ 1949 ਵਿਚ ਬਣਾਏ ਯੂਨਾਈਟਿਡ ਨੇਸ਼ਨਜ਼ ਰਿਲੀਫ ਐਂਡ ਵਰਕਸ ਏਜੰਸੀ (ਯੂ.ਐਨ. ਆਰ. ਡਬਲਿਊ. ਏ) ਵੱਲੋਂ ਹੁਣ ਇਸ ਇਤਿਹਾਸਕ ਦਸਤਾਵੇਜ਼ ਨੂੰ ਪੂਰਬੀ ਯੇਰੋਸ਼ਲਮ ਵਿਚ ਪ੍ਰਦਰਸ਼ਿਤ ਕੀਤਾ ਗਿਆ ਹੈ। ਯੂ.ਐਨ.ਆਰ.ਡਬਲਿਊ.ਏ ਵੱਲੋਂ ਇਕੱਤਰ ਕੀਤੇ ਤਕਰੀਬਨ ਪੰਜ ਲੱਖ ਨੈਗੇਟਿਵ, ਪ੍ਰਿੰਟ, ਸਲਾਈਡਾਂ, ਫਿਲਮਾਂ ਤੇ ਵੀਡੀਓ ਕੈਸੇਟਾਂ ਵਿਚ ਪੁਰਸ਼ਾਂ, ਔਰਤਾਂ ਅਤੇ ਬੱਚਿਆਂ ਵੱਲੋਂ ਮੱਧ ਪੂਰਬ ਦੇ ਸ਼ਰਨਾਰਥੀ ਕੈਂਪਾਂ ਵਿਚ ਬਿਤਾਇਆ ਸਮਾਂ ਕੈਦ ਹੈ। 'ਦਾ ਲੌਂਗ ਜਰਨੀ' ਨਾਂਅ ਦੀ ਇਹ ਪ੍ਰਦਰਸ਼ਨੀ ਪੂਰਬੀ ਯੇਰੋਸ਼ਲਮ ਦੇ ਅਲ-ਮਮਾਲ ਕੇਂਦਰ ਵਿਚ ਲਗਾਈ ਗਈ ਸੀ।

# ਸੋਨੀਆ ਗਾਂਧੀ ਨੇ ਸੁਸ਼ਮਾ ਨੂੰ ਪਛਾੜਿਆ

**ਕੋਲਕਾਤਾ:** ਇਕ ਸਰਵੇਖਣ ਅਨੁਸਾਰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਭਾਰਤ ਦੀ ਸਭ ਤੋਂ ਵੱਧ ਪ੍ਰੇਰਣਾਮਈ ਸ਼ਖਸੀਅਤ ਵਾਲੀ ਔਰਤ ਸਿਆਸੀ ਨੇਤਾ ਦੇ ਰੂਪ ਵਿਚ ਚੁਣਿਆ ਗਿਆ ਹੈ ਜਿਨ੍ਹਾਂ ਨੇ ਆਪਣੇ ਕੈਰੀਅਰ ਤੇ ਪਰਿਵਾਰਕ ਜੀਵਨ ਵਿਚ ਉੱਤਮ ਸੰਤੁਲਨ ਕਾਇਮ ਕੀਤਾ।

ਸਰਵੇਖਣ ਵਿਚ ਵੱਖ-ਵੱਖ ਸ਼ਹਿਰਾਂ ਦੀਆਂ 5100 ਭਾਰਤੀ ਔਰਤਾਂ ਨੇ ਹਿੱਸਾ ਲਿਆ। 36.2 ਫ਼ੀਸਦੀ ਔਰਤਾਂ ਨੇ ਸੋਨੀਆ ਗਾਂਧੀ ਨੂੰ ਤੇ 33.6 ਫ਼ੀਸਦੀ ਔਰਤਾਂ ਨੇ ਭਾਜਪਾ ਨੇਤਾ ਸੁਸ਼ਮਾ ਸਵਰਾਜ ਦੇ ਪੱਖ ਵਿਚ ਆਪਣੀਆਂ ਵੋਟਾਂ ਦਿੱਤੀਆਂ। ਸਰਵੇਖਣ ਅਨੁਸਾਰ ਵਪਾਰਕ ਖੇਤਰ ਵਿਚ ਨੀਤਾ ਅੰਬਾਨੀ, ਖੇਡ ਖੇਤਰ ਵਿਚ ਮੈਰੀਕਾਮ ਤੇ ਬਾਲੀਵੁੱਡ ਵਿਚ ਗੌਰੀ ਖਾਨ ਨੂੰ ਸਭ ਤੋਂ ਵੱਧ ਵੋਟਾਂ ਮਿਲੀਆਂ।

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

ਆਪਣੇ ਬਿਜਨਸ ਜਾਂ ਘਰ ਉਤੇ ਸਕਿਉਰਿਟੀ ਕੈਮਰਾ ਲਵਾਉਣਾ ਚਾਹੁੰਦੇ ਹੋ?

ਸਾਡੇ ਪਾਸ ਅਤਿ ਆਧੁਨਿਕ ਵਧੀਆ ਕੁਆਲਿਟੀ ਦੇ ਸਕਿਉਰਿਟੀ ਕੈਮਰੇ ਹਨ



We are wholesalers on Amazon and eBay
Shop online at www.dvrunlimited.com
For best deals on Security Cameras

Upgrade to HD-SDI or IP-Camera Mega Pixel quality 1080P
Magic DVR's with HD Blue Ray resolution
Installation available in California, Texas and New York

We sell name brand products
ACTi, BORCH, LG, Samsung, Geovision, VIVOTEK

Please Call
888-233-4566



www.dvrunlimited.com www.security360cameras.com

BOSCH SAMSUNG VIVOTEK
DVR UNLIMITED INC.
SECURITY CAMERAS
LG Life's Good

# ਸਟੇਜ ਦੀ ਮਲਿਕਾ

# ਊਸ਼ਾ ਤਿਮੋਥੀ

**ਖ਼ਾਮੋਸ਼ ਸੁਰਾਂ 8**

*ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾ ਰਿਹਾ ਹੈ।*

ਫਿਲਮ ਸੰਗੀਤ ਦੇ ਖੇਤਰ ਵਿਚ ਕੁਝ ਗਾਇਕਾਵਾਂ ਅਜਿਹੀਆਂ ਆਈਆਂ ਜਿਨ੍ਹਾਂ ਦੀ ਪਛਾਣ ਦੋਗਾਣਿਆਂ ਤਕ ਹੀ ਸੀਮਤ ਰਹੀ। ਊਸ਼ਾ ਤਿਮੋਥੀ ਤੇ ਕਮਲ ਬਾਰੋਟ ਅਜਿਹੀਆਂ ਗਾਇਕਾਵਾਂ ਵਿਚ ਸ਼ੁਮਾਰ ਸਨ। ਦੋਵਾਂ ਨੇ ਫਿਲਮ ਸੰਗੀਤ ਵਿਚ ਲੰਬੀਆਂ ਪਾਰੀਆਂ ਖੇਡੀਆਂ, ਪਰ ਮੁੱਖ ਬੱਲੇਬਾਜ਼ ਦੇ ਰੂਪ ਵਿਚ ਨਹੀਂ। 10ਵੇਂ ਜਾਂ 11ਵੇਂ ਨੰਬਰ 'ਤੇ ਆਉਣ ਵਾਲੇ ਬੱਲੇਬਾਜ਼ ਦੇ ਰੂਪ ਵਿਚ ਜਿਸ ਦੀ ਜ਼ਿੰਮੇਵਾਰੀ ਸਿਰਫ ਇਕ ਸਿਰਾ ਸੁਰੱਖਿਅਤ ਰੱਖਣ ਦੇ ਰੂਪ ਵਿਚ ਹੁੰਦੀ ਹੈ, ਦੌੜਾਂ ਬਣਾਉਣ ਦੀ ਨਹੀਂ। ਊਸ਼ਾ ਤਿਮੋਥੀ ਦਾ ਦਾਅਵਾ ਹੈ ਕਿ ਉਸ ਨੇ ਹਿੰਦੀ ਫਿਲਮਾਂ ਵਿਚ ਚਾਰ ਸੌ ਤੋਂ ਵੱਧ ਗੀਤਾਂ ਤੋਂ ਇਲਾਵਾ ਭੋਜਪੁਰੀ, ਮਰਾਠੀ, ਪੰਜਾਬੀ ਤੇ ਮਲਿਆਲਮ ਵਿਚ ਚਾਰ ਹਜ਼ਾਰ ਤੋਂ ਵੱਧ ਗੀਤ ਗਾਏ ਪਰ ਇਨ੍ਹਾਂ ਵਿਚੋਂ ਸਿਰਫ ਇੱਕ ਦਰਜਨ ਗੀਤ ਹੀ ਅਜਿਹੇ ਹਨ ਜਿਨ੍ਹਾਂ ਨੇ ਸੰਗੀਤ ਪ੍ਰੇਮੀਆਂ ਦੇ ਜ਼ਿਹਨ ਵਿਚ ਥਾਂ ਬਣਾਈ। 'ਜਬ ਜਬ ਬਹਾਰ ਆਈ ਔਰ ਫੂਲ ਮੁਸਕਰਾਏ' (ਤਕਦੀਰ), 'ਤਕਦੀਰ ਨੇ ਕਿਆ ਅੰਗੜਾਈ ਲੀ' (ਸੁਨਹਿਰੇ ਕਦਮ), 'ਲੰਡਨ ਪੈਰਿਸ ਘੂਮ ਕੇ ਦੇਖੇ' (ਪਰਿਵਾਰ), 'ਮੈਂ ਹੂ ਸਾਮਨੇ ਤੂ ਮੇਰੇ ਸਾਮਨੇ' (ਕਾਂਚ ਔਰ ਹੀਰਾ) ਗੀਤ ਅਜਿਹੇ ਹਨ ਜਿਨ੍ਹਾਂ ਰਾਹੀਂ ਊਸ਼ਾ, ਗਾਇਕਾ ਵਜੋਂ ਹਾਜ਼ਰੀ ਲਵਾਉਣ ਵਿਚ ਕਾਮਯਾਬ ਰਹੀ।

**ਸੁਰਿੰਦਰ ਸਿੰਘ ਤੇਜ**
**ਫੋਨ: 91-98555-01488**

ਇਨ੍ਹਾਂ ਸਤਰਾਂ ਦੇ ਲੇਖਕ ਨੂੰ ਊਸ਼ਾ ਤਿਮੋਥੀ ਨਾਮੀ ਗਾਇਕਾ ਵੀ ਪਿੜ ਵਿਚ ਹੋਣ ਦਾ ਪਤਾ 1975 ਵਿਚ ਰਿਲੀਜ਼ ਹੋਈ ਫਿਲਮ 'ਜਾਨ ਹਾਜ਼ਿਰ ਹੈ' ਤੋਂ ਲੱਗਾ। ਨਿਰਮਾਤਾ ਨਿਰਦੇਸ਼ਕ ਵਿਜੈ ਆਨੰਦ ਵੱਲੋਂ ਨਵੀਂ ਪੀੜ੍ਹੀ ਨੂੰ ਮੌਕਾ ਦੇਣ ਲਈ ਸਥਾਪਤ ਕੀਤੇ ਬੈਨਰ 'ਕੇਤਨਵ' (ਨਵਕੇਤਨ ਦਾ ਉਲਟਾ ਰੂਪ) ਵਿਚ ਊਸ਼ਾ ਨੇ ਅਮਿਤ ਕੁਮਾਰ (ਕਿਸ਼ੋਰ ਕੁਮਾਰ ਦੇ ਬੇਟੇ) ਨਾਲ 'ਅਰੇ ਮੇਰੀ ਛਮਕ ਛੱਲੋ' ਗੀਤ ਗਾਇਆ। ਸੰਗੀਤ ਜੈ ਕੁਮਾਰ ਪਾਤਰੇ (ਕਲਿਆਣ ਜੀ ਆਨੰਦ ਜੀ ਦੇ ਚੀਫ ਅਸਿਸਟੈਂਟ) ਅਤੇ ਗੀਤ ਸ਼ੈਲੀ ਸ਼ੈਲੇਂਦਰ (ਮਰਹੂਮ ਗੀਤਕਾਰ ਸ਼ੈਲੇਂਦਰ ਦਾ ਬੇਟਾ) ਦੇ ਸਨ। ਉਦੋਂ ਜਾਪਿਆ ਕਿ ਊਸ਼ਾ ਤਿਮੋਥੀ ਨਵੀਂ ਗਾਇਕਾ ਹੈ। ਬਾਅਦ ਵਿਚ ਪਤਾ ਲੱਗਿਆ ਕਿ ਉਹ 1962 ਤੋਂ ਫਿਲਮ ਸੰਗੀਤ ਦੇ ਖੇਤਰ 'ਚ ਸਰਗਰਮ ਸੀ ਅਤੇ 1975 ਤਕ 100 ਦੇ ਕਰੀਬ ਹਿੰਦੀ ਫਿਲਮ ਗੀਤ ਗਾ ਚੁੱਕੀ ਸੀ।

ਨਾਗਪੁਰ ਦੇ ਈਸਾਈ ਪਰਿਵਾਰ ਵਿਚ 1949 ਵਿਚ ਜਨਮੀ ਊਸ਼ਾ ਤਿਮੋਥੀ ਨੇ ਪੰਜ ਸਾਲ ਦੀ ਉਮਰ ਵਿਚ ਸਟੇਜਾਂ ਉੱਪਰ ਹਿੰਦੀ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਸਨ। ਸੰਗੀਤ ਦਾ ਸ਼ੌਕ


ਊਸ਼ਾ ਤਿਮੋਥੀ

ਉਸ ਨੂੰ ਆਪਣੇ ਵੱਡੇ ਭਰਾ ਮਧੂਸੂਦਨ ਤਿਮੋਥੀ ਤੋਂ ਲੱਗਿਆ ਜੋ ਹਿੰਦੀ ਫਿਲਮ ਜਗਤ ਵਿਚ ਆਪਣੇ ਪੈਰ ਜਮਾਉਣਾ ਚਾਹੁੰਦਾ ਸੀ। ਮਧੂਸੂਦਨ ਆਪਣਾ ਸ਼ੌਕ ਗਾਇਕ ਦੇ ਰੂਪ ਵਿਚ ਤਾਂ ਪੂਰਾ ਨਾ ਕਰ ਸਕਿਆ, ਪਰ ਗਿਟਾਰਿਸਟ ਦੇ ਰੂਪ ਵਿਚ ਕਲਿਆਣਜੀ-ਆਨੰਦਜੀ ਦੇ ਆਰਕੈਸਟਰਾ ਦਾ ਹਿੱਸਾ ਜ਼ਰੂਰ ਬਣ ਗਿਆ। ਉਸ ਦੇ ਜ਼ਰੀਏ ਹੀ ਇਸ ਸੰਗੀਤਕਾਰ ਜੋੜੀ ਦਾ ਊਸ਼ਾ ਦੀ ਸੁਰੀਲੀ ਆਵਾਜ਼ ਨਾਲ ਤੁਆਰੁਫ ਹੋਇਆ ਅਤੇ ਇਹ ਤੁਆਰੁਫ 1963 ਵਿਚ 'ਹਿਮਾਲਿਆ ਕੀ ਗੋਦ ਮੇਂ' ਦੇ ਗੀਤ 'ਤੂ ਰਾਤ ਖੜ੍ਹੀ ਥੀ ਛੱਤ ਪੇ' ਦੀ ਰਿਕਾਰਡਿੰਗ ਵਿਚ ਬਦਲ ਗਿਆ। ਉਂਝ, ਉਦੋਂ ਤਕ ਊਸ਼ਾ ਤਿਮੋਥੀ ਨੂੰ ਰਿਕਾਰਡਿੰਗ ਸਟੂਡੀਓ ਵਿਚ ਗੀਤ ਰਿਕਾਰਡ ਕਰਵਾਉਣ ਦਾ ਤਜਰਬਾ ਹੋ ਚੁੱਕਾ ਸੀ। ਇਹ ਤਜਰਬਾ ਨਿਰਮਾਤਾ ਨਿਰਦੇਸ਼ਕ ਆਦਰਸ਼ ਦੀ ਫਿਲਮ 'ਦੁਰਗਾ ਪੂਜਾ' ਵਿਚ 60 ਲਾਈਨਾਂ ਦੇ ਸੰਸਕ੍ਰਿਤ ਸ਼ਲੋਕ ਦੇ ਰੂਪ ਵਿਚ ਸੀ। ਫਿਲਮ ਦਾ ਸੰਗੀਤ ਪੰਡਿਤ ਸ਼ਿਵਰਾਮ ਦਾ ਸੀ ਜਿਨ੍ਹਾਂ ਤੋਂ ਊਸ਼ਾ ਸ਼ਾਸਤਰੀ ਗਾਇਨ ਦੀ ਸਿੱਖਿਆ 11 ਸਾਲਾਂ ਦੀ ਉਮਰ ਤੋਂ ਲੈਂਦੀ ਆ ਰਹੀ ਸੀ।

ਊਸ਼ਾ ਤਿਮੋਥੀ ਦੀ ਸ਼ਖ਼ਸੀਅਤ ਨਿਖਰੀ ਹੋਈ ਸੀ ਅਤੇ ਸਟੇਜ ਪ੍ਰੈਜ਼ੈਂਸ ਕਮਾਲ ਦੀ ਸੀ। ਧੁਨੀ-ਗੁਣਾਂ (ਟਿੰਬਰ) ਪੱਖੋਂ ਉਸ ਦੀ ਆਵਾਜ਼ ਨੂੰ ਲਤਾ ਤੇ ਆਸ਼ਾ ਦਾ ਸੁਮੇਲ ਵੀ ਕਿਹਾ ਜਾ ਸਕਦਾ ਹੈ ਪਰ ਇਹ ਆਵਾਜ਼ ਇੰਨੀ ਦਮਦਾਰ ਤੇ ਨਿਵੇਕਲੀ ਨਹੀਂ ਸੀ ਕਿ ਉਸ ਦੀ ਵੱਖਰੀ ਪਛਾਣ ਸਥਾਪਤ ਹੋ ਜਾਂਦੀ। ਮਜਬੂਰੀ ਕਹੋ ਜਾਂ ਕੁਝ ਹੋਰ, ਕਸੂਰ ਉਸ ਦਾ ਆਪਣਾ ਵੀ ਸੀ। ਉਸ ਨੇ ਸਟੇਜ ਸ਼ੋਅਜ਼ 'ਤੇ ਲਤਾ ਅਤੇ ਆਸ਼ਾ ਦੇ ਗੀਤ ਗਾ ਗਾ ਕੇ ਵੀ ਆਪਣਾ ਅਕਸ ਵਿਗਾੜ ਲਿਆ। ਇਹੋ ਭਾਣਾ ਇੱਕ ਸਮੇਂ ਊਸ਼ਾ ਮੰਗੇਸ਼ਕਰ ਅਤੇ ਬਾਅਦ ਵਿਚ ਕੰਚਨ, ਸਾਧਨਾ ਸਰਗਮ ਤੇ ਸ਼ੈਲਜਾ ਬਾਜਪਾਈ ਨਾਲ ਵੀ ਵਾਪਰਿਆ। ਸ਼ਮਸ਼ਾਦ ਬੇਗ਼ਮ ਨੇ ਊਸ਼ਾ ਤਿਮੋਥੀ ਨੂੰ ਸਲਾਹ ਦਿੱਤੀ ਸੀ, 'ਬੇਟਾ, ਦਮ ਕੇ ਸਾਥ ਗਾਓ!' ਪਰ ਊਸ਼ਾ ਨੇ ਸਲਾਹ ਗੰਭੀਰਤਾ ਨਾਲ ਨਹੀਂ ਲਈ।

ਇਹ ਨਹੀਂ ਕਿ ਉਸ ਨੂੰ ਆਪਣੇ ਗਲੇ ਦੀ ਸ਼ਾਇਸਤਗੀ ਤੇ ਲੋਚ ਦਿਖਾਉਣ ਦੇ ਮੌਕੇ ਹੀ ਨਹੀਂ ਮਿਲੇ। ਸੰਗੀਤਕਾਰ ਬਾਬੂ ਸਿੰਘ ਨੇ 'ਵਿਦਿਆਰਥੀ' (1966) ਵਿਚ ਉਸ ਪਾਸੋਂ ਤਿੰਨ ਸੋਲੋ ਗਵਾਏ। ਇਨ੍ਹਾਂ ਵਿਚੋਂ 'ਫਰੌਮ ਦਿ ਕੋਰ ਆਫ ਮਾਈ ਹਾਰਟ' ਅੰਗਰੇਜ਼ੀ ਵਿਚ ਸੀ। ਬਾਬੂ ਸਿੰਘ ਨੇ ਹੀ 'ਸੋਲ੍ਹਾ ਸ਼ਿੰਗਾਰ ਕਰੇ ਦੁਲਹਨੀਆ' ਵਿਚ ਉਸ ਤੋਂ ਤਿੰਨ ਹੋਰ ਸੋਲੋ ਗਵਾਏ। ਇਨ੍ਹਾਂ ਵਿਚੋਂ ਇਕ 'ਟਪਕ ਟਪਕ ਬੂੰਦ ਲੋਰੀ' ਨਿਹਾਇਤ ਖ਼ੂਬਸੂਰਤ ਕੰਪੋਜ਼ੀਸ਼ਨ ਹੈ। ਇੰਝ ਹੀ ਸੰਗੀਤ ਸਰਦਾਰ ਮਲਿਕ (ਅਨੂ ਮਲਿਕ ਦੇ ਪਿਤਾ) ਨੇ 'ਰਾਨੀ ਪਦਮਿਨੀ' (1965) ਦੇ ਗੀਤ 'ਨਟਖਟ ਪਰੇ ਹੱਟ, ਛੋੜ ਛੋੜ' ਰਾਹੀਂ ਊਸ਼ਾ ਤਿਮੋਥੀ ਦੀ ਆਵਾਜ਼ ਅੰਦਰਲੇ ਸੁਹਜ ਨੂੰ ਉਭਾਰਨ ਦਾ ਯਤਨ ਕੀਤਾ ਪਰ ਇਹ ਖ਼ੂਬਸੂਰਤ ਗੀਤ ਵੀ ਫਿਲਮ ਦੇ ਫਲੌਪ ਹੋਣ ਕਾਰਨ ਗੁਮਨਾਮੀ ਦੀ ਗਰਤ ਵਿਚ ਗੁਆਚ ਗਿਆ। ਕਲਿਆਣਜੀ-ਆਨੰਦਜੀ ਨੇ 'ਉਲਝਨ' (1975) ਵਿਚ ਊਸ਼ਾ ਤੋਂ 'ਹੋ ਬੈਰੀ ਸਈਆਂ ਕੀ ਨਜ਼ਰੀਆ' ਗਵਾਇਆ। ਇਹ ਹੁਣ ਵੀ ਵਿਵਿਧ ਭਾਰਤੀ 'ਤੇ ਕਦੇ ਕਦੇ ਵੱਜਦਾ ਹੈ। ਊਸ਼ਾ ਨੇ ਕਈ ਪੰਜਾਬੀ ਫਿਲਮੀ ਗੀਤ ਗਾਏ। 'ਕਣਕਾਂ ਦੇ ਓਹਲੇ' (1971) ਦਾ ਆਸ਼ਾ ਭੋਸਲੇ ਨਾਲ ਗਾਇਆ ਗੀਤ 'ਸਹੁਰੇ ਆ ਕੇ ਜਿੰਦ ਰੁਲ ਗਈ' ਅੱਜ ਵੀ ਸੰਗੀਤ ਪ੍ਰੇਮੀਆਂ ਨੂੰ ਯਾਦ ਹੈ। ਫਿਲਮ ਦਾ ਸੰਗਤ ਸਪਨ ਜਗਮੋਹਨ ਦਾ ਸੀ। ਇਸੇ ਫਿਲਮ ਵਿਚ ਉਸ ਦਾ ਰਫ਼ੀ ਨਾਲ ਦੋਗਾਣੇ 'ਕਣਕਾਂ ਦੇ ਓਹਲੇ...ਕਣਕਾਂ ਦੇ ਓਹਲੇ', 'ਨੀ ਚੰਬੇ ਦੀਏ ਡਾਲੀਏ ਨੀ' ਵੀ ਚਰਚਿਤ ਰਹੇ।

## ਊਸ਼ਾ ਤਿਮੋਥੀ ਤੇ ਮੁਹੰਮਦ ਰਫ਼ੀ

*ਊਸ਼ਾ ਤਿਮੋਥੀ ਇਸ ਪੱਖੋਂ ਖੁਸ਼ਕਿਸਮਤ ਰਹੀ ਕਿ ਮੁਹੰਮਦ ਰਫ਼ੀ ਨੇ ਉਸ ਦਾ ਹਮੇਸ਼ਾ ਡਟ ਕੇ ਸਾਥ ਦਿੱਤਾ। ਰਫੀ ਨੇ ਉਸ ਨਾਲ ਸਭ ਤੋਂ ਵੱਧ ਡੂਏਟ ਰਿਕਾਰਡ ਕਰਵਾਏ। ਜਦੋਂ 'ਕਾਂਚ ਔਰ ਹੀਰਾ' ਦੇ ਸੰਗੀਤਕਾਰ ਰਵਿੰਦਰ ਜੈਨ ਨੇ 'ਤੂੰ ਮੇਰੇ ਸਾਮਨੇ' ਗੀਤ ਕਿਸੇ 'ਵੱਡੀ' ਗਾਇਕਾ ਦੀ ਆਵਾਜ਼ ਵਿਚ ਡੱਬ ਕਰਵਾਉਣ ਲਈ ਰਫ਼ੀ ਤੋਂ ਇਜਾਜ਼ਤ ਮੰਗੀ ਤਾਂ ਰਫ਼ੀ ਨੇ ਸਖ਼ਤੀ ਨਾਲ ਇਸ ਨੂੰ ਰੱਦ ਕਰ ਦਿੱਤਾ। ਇਹ ਮੰਨਿਆ ਜਾਂਦਾ ਹੈ ਕਿ ਰਫ਼ੀ ਦੇ ਇੰਤਕਾਲ ਤੋਂ ਬਾਅਦ ਊਸ਼ਾ ਤਿਮੋਥੀ ਨੇ ਕੋਈ ਫਿਲਮੀ ਗੀਤ ਰਿਕਾਰਡ ਨਹੀਂ ਕਰਵਾਇਆ। ਊਸ਼ਾ ਖ਼ੁਦ ਇਸ 'ਥਿਓਰੀ' ਨੂੰ ਰੱਦ ਕਰਦੀ ਹੈ ਅਤੇ ਕਹਿੰਦੀ ਹੈ ਕਿ 'ਜਾ ਰੇ ਜਾ ਓ ਹਰਜਾਈ' (ਕਾਲੀਚਰਨ), 'ਯਿਹ ਵਾਅਦਾ ਰਹਾ ਸਾਜਨਾ' (ਪ੍ਰੋਫੈਸਰ ਪਿਆਰੇਲਾਲ) ਤੇ ਕੁਝ ਹੋਰ ਗੀਤ ਰਿਕਾਰਡ ਤਾਂ ਉਸ ਦੀ ਆਵਾਜ਼ ਵਿਚ ਹੋਏ ਸਨ, ਪਰ ਮਾਰਕੀਟ ਵਿਚ ਕਿਸੇ ਹੋਰ ਆਵਾਜ਼ ਵਿਚ ਆਏ। ਸ਼ਾਇਦ ਇਹ ਕੁਝ ਸਰਪ੍ਰਸਤੀ ਦੀ ਘਾਟ ਕਾਰਨ ਵਾਪਰਿਆ।*



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਦਸੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-94


ਤਸਵੀਰ: ਰਾਮਵੀਰ ਕੌਰ ਖਹਿਰਾ, ਮਿਸ਼ੀਗਨ।

*ਵਿਦੇਸ਼ੀ ਸਾਜ਼ਾਂ ਨਾਲ ਸੰਗੀਤ ਬਣ ਗਿਆ ਸ਼ੋਰ।*
*ਪਹਿਲਾਂ ਦੇਸੀ ਸਾਜ਼ਾਂ ਨਾਲ ਗਾਉਂਦੇ ਸੀ ਹਿੱਕ ਦੇ ਜ਼ੋਰ।*

## ਕੈਪਸ਼ਨ ਮੁਕਾਬਲਾ-92



ਨਹੁੰ ਪਾਲਸ਼ ਤੇ ਸੁਰਖੀ ਬਿੰਦੀ,
ਮੰਮੀ ਵਾਲੀ ਲਾ ਕੇ।
ਸਜ ਸੰਵਰ ਕੇ ਦੇਖਾਂ ਮੈਂ ਵੀ,
ਸੂਟ ਨਵਾਂ-ਨੁੱਕ ਪਾ ਕੇ।
ਛੇਤੀ ਛੇਤੀ ਸਭ ਕੁਝ ਕਰ ਲਾਂ,
ਨਹੀਂ ਤਾਂ ਘੂਰੂ ਮੰਮੀ ਆ ਕੇ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਮੈਂ ਹਾਂ ਕੁੜੀ ਬੜੀ ਸਿਆਣੀ।
ਸਮਝੋ ਨਾ ਤੁਸੀਂ ਮੈਨੂੰ ਨਿਆਣੀ।
ਮੈਂ ਇਹ ਸਭ ਕੁਝ ਤਾਂ ਹਾਂ ਕਰਦੀ
ਮੇਰੀ ਫੋਟੋ ਪੰਜਾਬ ਟਾਈਮਜ਼ 'ਚ ਹੈ ਔਣੀ।
**-ਇੰਦਰਜੀਤ ਮੰਗਾ,**
**ਪਿਟਸਬਰਗ, ਕੈਲੀਫੋਰਨੀਆ।**

---

ਇਹ ਭੋਲਾ ਜਿਹਾ ਚਿਹਰਾ-ਮੋਹਰਾ
ਚੁੱਪ ਕਰ ਕੇ ਕੁਝ ਕਹਿੰਦਾ ਏ।
ਹਾਰ-ਸ਼ਿੰਗਾਰ ਤੇਰਾ ਜੋ ਮੰਮੀ
ਚੇਤੇ ਦੇ ਵਿਚ ਰਹਿੰਦਾ ਏ।
ਵੱਡੀ ਹੋ ਕੇ ਪਾਪਾ ਪਰ ਮੈਂ
ਵਿਦਿਆ ਦਾ ਸ਼ਿੰਗਾਰ ਬਣੂੰ।
ਵੀਰੇ ਵਾਂਗੂੰ ਮੈਂ ਵੀ ਸੱਚੀਂ
ਘੋੜੇ ਗਲ ਦਾ ਹਾਰ ਬਣੂੰ।
**-ਗੁਰਚੇਤ ਸਿੰਘ ਮਿਲਪੀਟਸ**

---

ਮੰਮੀ ਸੋਹਣੀ, ਪਾਪਾ ਸੋਹਣਾ
ਸੋਹਣੀ ਸੂਰਤ ਮੇਰੀ।
ਨਹੁੰ-ਪਾਲਸ਼ ਦੀ ਸ਼ੀਸ਼ੀ ਹੱਥ ਵਿਚ
ਮੰਮੀ ਚੁੱਕ ਲਈ ਤੇਰੀ।
ਸੱਚ ਬੋਲੀਂ ਵੇ ਤੂੰ ਸ਼ੀਸ਼ਿਆ
ਝੂਠ ਰਤਾ ਨਾ ਆਖੀਂ,
ਤੇਰੇ ਵਿਚ ਮੈਂ ਕੁਰਸੀ ਉਤੇ
ਚੜ੍ਹ ਕੇ ਜਾਵਾਂ ਝਾਕੀ।
**-ਮਨਵੀਰ, ਫਰੀਮਾਂਟ**

---

ਬਾਲ ਨੈਣਾਂ ਵਿਚ ਠਾਠਾਂ ਪਈ ਮਾਰਦੀ ਏ
ਜੱਗ ਜਗਿਆਸਾ ਦੀ ਭਰੀ ਹੋਈ ਪੰਡ ਮੀਆਂ।
ਕੋਈ ਦੱਸੇ ਖਾਂ ਆਣ ਕੇ ਰਹਿਬਰੀਆ
ਕਿੱਦਾਂ ਖੁੱਲ੍ਹਣੀ ਇਹ ਪੀਚੀ ਗੰਢ ਮੀਆਂ।
**-ਜਸਬੀਰ ਚੰਡੀਗੜ੍ਹ**

---

ਕਵਿਤਾ ਹੀ ਲਿਖ ਦਿੱਤੀ,
ਖਿੱਚ ਕੇ ਫੋਟੂ ਬਾਈ ਨੇ,
ਦਿੱਤੀ ਸ਼ਾਬਾਸ਼ ਸੁਣ ਕੇ ਛਣ-ਛਣ
ਵੱਡੀ ਝਾਈ ਨੇ।
ਕਰੋ ਸਵਾਗਤ ਅੰਬਰ ਜਿੱਡੀਆਂ
ਮੁਸਕਰਾਹਟਾਂ ਦਾ,
ਨੈਣਾਂ ਦੇ ਵਿਚ ਘੁਲੀਆਂ
ਸੱਧਰਾਂ-ਸਰਸਰਾਹਟਾਂ ਦਾ।
**-ਗੁਰਬੀਰ ਸਿੰਘ ਨਿਊ ਯਾਰਕ**

---

ਜਿਹੜਾ ਤੱਕੇ ਉਹੀ ਸੋਚੇ
ਮੈਂ ਵੀ ਕਰਾਂ ਕੁਮੈਂਟ,
ਲੱਗਦੈ ਫੋਟੋ ਬਣ ਗਈ
ਇਹੋ ਸੈਂਟ ਉਤੇ ਪਰਸੈਂਟ।
ਤੱਕਣੀ ਦੇ ਵਿਚ ਦੇਖੋ ਕੁੜੀ ਨੇ
ਕੀਤੀ ਕਿੰਜ ਕਮਾਲ,
ਇਹਦੇ ਕੰਮ ਤੋਂ ਕਿਹੜਾ ਹੋਊ
ਕੰਮ ਐਨਾ ਅਰਜੈਂਟ?
**-ਪਲਵਿੰਦਰ ਸਿੰਘ**
**ਮਿਲਪੀਟਸ, ਕੈਲੀਫੋਰਨੀਆ।**

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans
Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

**We can sell your house in short sale at no cost to you.**

**Selling Homes from Gilroy to Sacramento, CA**

### JUST SOLD

1. 1498 Columbine Way, Livermore, CA 94551
2. 1820 De Vaca Way, Livermore, CA 94550
3. 4124 Polaris Ave., Union City, CA 94587
4. 2995 Masonwood St., San Jose, CA 95148
5. 4326 San Juan Way Fremont, CA 94536
6. 2809 Glen Sharon Way, San Jose, CA 95148
7. 2385 Patricia Dr., Santa Clara, CA 95050
8. 43881 Cameron Hills Dr., Fremont CA 94539
9. 1098 Phelps Ave., San Jose, CA 95117
10. 2712 Sea Drift ln., Hayward, CA 94545
11. 27659 Persimmon Dr., Hayward, CA 94544
12. 115 Juniper Ct., Hercules, CA 945547
13. 2980 Glen Alden Ct., San Jose, CA 95148
14. 34782 Klondike Dr., Union City, CA 94587

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

**WE CAN SELL HUD HOMES ANY WHERE IN CALIFORNIA**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

# ਪੰਜਾਬ ’ਚ ਹੁਣ ਹਥਿਆਰ ਵੀ ਹੋ ਗਏ ਸਟੇਟਸ ਸਿੰਬਲ

**ਚੰਡੀਗੜ੍ਹ:** ਪੰਜਾਬ ਵਿਚ ਲਾਇਸੈਂਸੀ ਹਥਿਆਰ ਰੱਖਣ ਦੇ ਸ਼ੌਕੀਨਾਂ ਵਿਚ ਹੈਰਾਨੀਜਨਕ ਵਾਧਾ ਹੋਇਆ ਹੈ। ਸੂਬੇ ਦੇ ਲੋਕ ਇਨ੍ਹਾਂ ਹਥਿਆਰਾਂ ਨੂੰ ਲੋੜ ਦੀ ਥਾਂ ਸਟੇਟਸ ਸਿੰਬਲ ਵਜੋਂ ਵੱਧ ਵਰਤ ਰਹੇ ਹਨ। ਇਸ ਸਮੇਂ ਪੰਜਾਬ ਵਿਚ ਲਾਇਸੈਂਸੀ ਹਥਿਆਰਾਂ ਦੀ ਕੁੱਲ ਗਿਣਤੀ 296377 ਹੈ ਜਦ ਕਿ ਦੋ ਸਾਲ ਪਹਿਲਾਂ ਇਹ ਗਿਣਤੀ 250153 ਸੀ। ਬਠਿੰਡਾ ਜ਼ਿਲ੍ਹੇ ਵਿਚ ਪਿਛਲੇ ਦੋ ਸਾਲਾਂ ਦੌਰਾਨ ਲਾਇਸੈਂਸੀ ਹਥਿਆਰਾਂ ਦੀ ਗਿਣਤੀ ਵਿਚ ਤਿੰਨ ਗੁਣਾ ਵਾਧਾ ਹੋਇਆ ਹੈ।

ਬਠਿੰਡਾ ਵਿਚ ਇਸ ਸਮੇਂ 32501 ਲਾਇਸੈਂਸੀ ਹਥਿਆਰ ਹਨ ਜਦਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 2011 ਵਿਚ ਸੌਂਪੀ ਰਿਪੋਰਟ ਮੁਤਾਬਕ ਇਸ ਜ਼ਿਲ੍ਹੇ ਵਿਚ 12848 ਹਥਿਆਰ ਸਨ। ਇਹ ਤੱਥ ਸੂਬਾ ਸਰਕਾਰ ਵੱਲੋਂ ਮੁੱਖ ਚੋਣ ਕਮਿਸ਼ਨ ਨੂੰ ਸੌਂਪੇ ਦਸਤਾਵੇਜ਼ਾਂ ਤੋਂ ਸਾਹਮਣੇ ਆਏ ਹਨ। ਚੋਣ ਕਮਿਸ਼ਨ ਦੇ ਅਧਿਕਾਰੀ ਵੀ ਬਠਿੰਡਾ ਵਿਚ ਹਥਿਆਰਾਂ ਦੀ ਗਿਣਤੀ ਵਧਣ ਨਾਲ ਸੁੰਨ ਹੋ ਗਏ ਹਨ। ਉਦਯੋਗਕ ਸ਼ਹਿਰ ਲੁਧਿਆਣਾ ਵੀ ਤੇਜ਼ੀ ਨਾਲ ਹਥਿਆਰਾਂ ਦੀ ਗਿਣਤੀ ਵਧਣ ਵਾਲੇ ਖੇਤਰਾਂ ਵਿਚ ਸ਼ਾਮਲ ਹੈ।

### *ਲਾਇਸੈਂਸੀ ਹਥਿਆਰਾਂ ਦੀ ਗਿਣਤੀ ਵਿਚ ਤਿੰਨ ਗੁਣਾ ਵਾਧਾ*



ਲੁਧਿਆਣਾ ਸ਼ਹਿਰ ਵਿਚ ਹੀ ਹਥਿਆਰਾਂ ਦੀ ਗਿਣਤੀ ਤਕਰੀਬਨ ਦੁੱਗਣੀ ਹੋ ਗਈ ਹੈ। ਸਾਲ 2011 ਵਿਚ ਲੁਧਿਆਣੇ ਵਿਚ 9621 ਹਥਿਆਰ ਸਨ ਅਤੇ ਇਸ ਸਮੇਂ ਇਹ ਗਿਣਤੀ 18816 ਹੋ ਗਈ ਹੈ। ਜੇਕਰ ਖੰਨਾ ਤੇ ਲੁਧਿਆਣਾ ਦਿਹਾਤੀ ਜ਼ਿਲ੍ਹਿਆਂ ਦੀ ਗਿਣਤੀ ਮਿਲਾ ਲਈ ਜਾਵੇ ਤਾਂ ਕੁੱਲ ਹਥਿਆਰ 31482 ਬਣਦੇ ਹਨ। ਫਿਰੋਜ਼ਪੁਰ ਜ਼ਿਲ੍ਹੇ ਦੇ ਲੋਕ ਹਥਿਆਰ ਰੱਖਣ ਵਿਚ ਦੂਜੇ ਨੰਬਰ ‘ਤੇ ਆਉਂਦੇ ਹਨ। ਇਸ ਜ਼ਿਲ੍ਹੇ ਵਿਚ ਇਸ ਸਮੇਂ 21369 ਹਥਿਆਰ ਹਨ ਜਦਕਿ 2011 ਵਿਚ ਇਹ ਗਿਣਤੀ 19785 ਸੀ।

ਮੋਗਾ ਜ਼ਿਲ੍ਹਾ ਹਾਲਾਂਕਿ ਛੋਟੇ ਜ਼ਿਲ੍ਹਿਆਂ ਵਿਚ ਸ਼ੁਮਾਰ ਹੈ ਪਰ ਹਥਿਆਰਾਂ ਦੇ ਮਾਮਲੇ ਵਿਚ ਤੀਜਾ ਨੰਬਰ ਰੱਖਦਾ ਹੈ। ਇਸ ਜ਼ਿਲ੍ਹੇ ਵਿਚ 20815 ਹਥਿਆਰ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਸ਼ਹਿਰ ਵਿਚ 10663, ਜਲੰਧਰ ਸ਼ਹਿਰ ਵਿਚ 5785, ਫ਼ਰੀਦਕੋਟ ਵਿਚ 11814, ਮਾਨਸਾ ਵਿਚ 11557, ਮੁਕਤਸਰ ਵਿਚ 15820, ਫ਼ਾਜ਼ਿਲਕਾ ਵਿਚ 8215, ਲੁਧਿਆਣਾ ਦਿਹਾਤੀ ਜ਼ਿਲ੍ਹੇ ਵਿਚ 8385, ਖੰਨਾ ਪੁਲਿਸ ਜ਼ਿਲ੍ਹੇ ਵਿਚ 5281, ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿਚ 5447, ਪਟਿਆਲਾ ਵਿਚ 17619, ਬਰਨਾਲਾ ਵਿਚ 8798, ਸੰਗਰੂਰ ਵਿਚ 15816, ਗੁਰਦਾਸਪੁਰ ਵਿਚ 5606, ਤਰਨਤਾਰਨ ਵਿਚ 12324, ਬਟਾਲਾ ਪੁਲਿਸ ਜ਼ਿਲ੍ਹੇ ਵਿਚ 6817, ਅੰਮ੍ਰਿਤਸਰ ਦਿਹਾਤੀ ਵਿਚ 14670, ਪਠਾਨਕੋਟ ਵਿਚ 2521, ਜਲੰਧਰ ਦਿਹਾਤੀ ਵਿਚ 6403, ਕਪੂਰਥਲਾ ਵਿਚ 7294, ਹੁਸ਼ਿਆਰਪੁਰ ਵਿਚ 9842, ਰੂਪਨਗਰ ਵਿਚ 3389, ਮੁਹਾਲੀ ਵਿਚ 5939 ਅਤੇ ਨਵਾਂਸ਼ਹਿਰ ਵਿਚ 2871 ਲਾਇਸੈਂਸੀ ਹਥਿਆਰ ਹਨ।

ਪਠਾਨਕੋਟ ਅਜਿਹਾ ਜ਼ਿਲ੍ਹਾ ਹੈ ਜਿਥੇ ਹਥਿਆਰਾਂ ਦੀ ਗਿਣਤੀ ਸਭ ਤੋਂ ਘੱਟ ਹੈ। ਮੁਹਾਲੀ, ਕਪੂਰਥਲਾ, ਜਲੰਧਰ ਦਿਹਾਤੀ, ਜਲੰਧਰ ਸ਼ਹਿਰ ਅਜਿਹੇ ਜ਼ਿਲ੍ਹੇ ਹਨ, ਜਿਥੇ ਹਥਿਆਰਾਂ ਦੀ ਗਿਣਤੀ ਪਹਿਲਾਂ ਨਾਲੋਂ ਘੱਟ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਜ਼ਿਲ੍ਹਿਆਂ ਵਿਚ ਹਥਿਆਰਾਂ ਦੇ ਲਾਇਸੈਂਸ ਰੱਦ ਹੋਣ ਕਾਰਨ ਗਿਣਤੀ ਘਟੀ ਹੈ।

## ਘਰੇਲੂ ਕਲੇਸ਼ ਨੇ ਲਈਆਂ ਚਾਰ ਜਾਨਾਂ

**ਫਗਵਾੜਾ:** ਘਰੇਲੂ ਕਲੇਸ਼ ਕਾਰਨ ਪਿੰਡ ਕੋਟਰਾਣੀ ਵਿਚ ਇਕ ਵਿਅਕਤੀ ਨੇ ਆਪਣੀ ਪਤਨੀ, ਪੁੱਤਰ, ਧੀ ਤੇ ਸਾਲੀ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਜਦਕਿ ਸਾਲੀ ਦਾ ਪੁੱਤਰ ਤੇ ਸਾਲਾ ਗੰਭੀਰ ਜ਼ਖ਼ਮੀ ਹੋ ਗਏ।

ਪਿੰਡ ਕੋਟਰਾਣੀ ਵਾਸੀ ਸੀਮਾ ਰਾਣੀ (26 ਸਾਲ) ਪੁੱਤਰੀ ਦੌਲਤ ਰਾਮ ਦਾ ਵਿਆਹ ਪਿੰਡ ਗੁੜੇ (ਗੁਰਾਇਆ) ਵਾਸੀ ਬਲਜਿੰਦਰ ਕੁਮਾਰ ਨਾਲ ਹੋਇਆ ਸੀ। ਉਨ੍ਹਾਂ ਦੇ ਦੋ ਬੱਚੇ ਸਨ। ਕੁਝ ਸਮੇਂ ਤੋਂ ਆਪਸੀ ਘਰੇਲੂ ਕਲੇਸ਼ ਕਾਰਨ ਸੀਮਾ ਆਪਣੇ ਦੋਵੇਂ ਬੱਚਿਆਂ ਸੁਮਨੀ (ਤਿੰਨ ਸਾਲ) ਤੇ ਹਰਸ਼ (ਦੋ ਸਾਲ) ਸਮੇਤ ਆਪਣੇ ਪੇਕੇ ਘਰ ਆਈ ਹੋਈ ਸੀ। ਉਸ ਦੀ ਭੈਣ ਰੀਨਾ ਵੀ ਆਪਣੇ ਪੰਜ ਸਾਲ ਦੇ ਪੁੱਤਰ ਹੈਰੀ ਨਾਲ ਪੇਕੇ ਆਈ ਹੋਈ ਸੀ।

ਘਟਨਾ ਵਾਲੇ ਦਿਨ ਸੀਮਾ ਦੀ ਮਾਤਾ ਮਨਜੀਤ ਕੌਰ ਗੁਰਦੁਆਰੇ ਗਈ ਹੋਈ ਸੀ ਤੇ ਮਗਰੋਂ ਬਲਜਿੰਦਰ ਤੇ ਉਸ ਦੇ ਸਾਥੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਸੁੱਤੇ ਪਏ ਪਰਿਵਾਰ ‘ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਸੀਮਾ, ਰੀਨਾ, ਸੁਮਨੀ ਤੇ ਹਰਸ਼ ਦੀ ਮੌਤ ਹੋ ਗਈ ਜਦਕਿ ਹੈਰੀ ਤੇ ਸੀਮਾ ਦਾ ਭਰਾ ਗੰਭੀਰ ਜ਼ਖ਼ਮੀ ਹੋ ਗਏ।

# ਪੈਰੋਲ ਦੇ ਨਾਂ ‘ਤੇ ਖਤਰਨਾਕ ਕੈਦੀ ਕੀਤੇ ਆਜ਼ਾਦ

## *ਪੈਰੋਲ ‘ਤੇ ਗਏ 50 ਫ਼ੀਸਦੀ ਕੈਦੀ ਫ਼ਰਾਰ*



**ਚੰਡੀਗੜ੍ਹ:** ਪਿਛਲੇ ਇਕ ਦਹਾਕੇ ਦੌਰਾਨ ਪੰਜਾਬ ਦੀਆਂ ਜੇਲ੍ਹਾਂ ‘ਚ ਡੱਕੇ ਕੈਦੀਆਂ ਨੇ ‘ਪੰਜਾਬ ਗੁੱਡ ਕੰਡਕਟ ਪਰਿਜਨਰਜ਼ ਐਕਟ-1962‘ (ਆਰਜ਼ੀ ਰਿਹਾਈ) ਦੀਆਂ ਨਰਮ ਸ਼ਰਤਾਂ ਤੇ ਪੰਜਾਬ ਪੁਲਿਸ ਦੀ ਢਿੱਲਮੱਠ ਦਾ ਰੱਜ ਕੇ ਫਾਇਦਾ ਉਠਾਇਆ ਹੈ। ਇਸ ਐਕਟ ਤਹਿਤ ਪੈਰੋਲ ‘ਤੇ ਬਾਹਰ ਆਏ ਜ਼ਿਆਦਾਤਰ ਕੈਦੀ ਦੁਬਾਰਾ ਪੇਸ਼ ਨਹੀਂ ਹੋਏ ਤੇ ਪੰਜਾਬ ਪੁਲਿਸ ਇਨ੍ਹਾਂ ਨੂੰ ਭਗੌੜਾ ਐਲਾਨ ਕੇ ਹੱਥ ‘ਤੇ ਹੱਥ ਧਰੀ ਬੈਠੀ ਹੈ।

ਸੂਬੇ ਦੀਆਂ ਪ੍ਰਮੁੱਖ ਜੇਲ੍ਹਾਂ ਵਿਚ ਸ਼ੁਮਾਰ ਕੇਂਦਰੀ ਜੇਲ੍ਹ ਪਟਿਆਲਾ ਵਿਚੋਂ ਅਜਿਹੇ ਸੰਗੀਨ ਮਾਮਲਿਆਂ ਦੇ ਵੱਡੀ ਗਿਣਤੀ ਕੈਦੀ ਪੈਰੋਲ ‘ਤੇ ਬਾਹਰ ਆ ਚੁੱਕੇ ਹਨ। ਇਨ੍ਹਾਂ ਵਿਚੋਂ 50 ਫ਼ੀਸਦੀ ਖ਼ਤਰਨਾਕ ਦੋਸ਼ੀ ਫ਼ਰਾਰ ਹਨ ਅਤੇ ਪੰਜਾਬ ਪੁਲਿਸ ਕਈ-ਕਈ ਵਰ੍ਹੇ ਬੀਤ ਜਾਣ ਮਗਰੋਂ ਵੀ ਇਨ੍ਹਾਂ ਖ਼ੂੰਖ਼ਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਅਸਫਲ ਰਹੀ ਹੈ।

ਖ਼ਾਸਕਰ ਉਕਤ ਜੇਲ੍ਹ ਘਰ ਵਿਚੋਂ ਸਾਲ 2004 ਤੋਂ ਹੁਣ ਤਾਈਂ ਕੁੱਲ 80 ਅਜਿਹੇ ਕੈਦੀ ਪੈਰੋਲ ‘ਤੇ ਬਾਹਰ ਆ ਚੁੱਕੇ ਹਨ ਜਿਨ੍ਹਾਂ ਨੂੰ ਸਮਾਜ ਲਈ ਖ਼ਤਰਾ ਕਰਾਰ ਦਿੰਦਿਆਂ ਕਤਲ, ਜਬਰ-ਜਨਾਹ ਤੇ ਨਸ਼ਾ ਤਸਕਰੀ ਜਿਹੇ ਸੰਗੀਨ ਜੁਰਮਾਂ ਤਹਿਤ ਸਖ਼ਤ ਸਜ਼ਾਵਾਂ ਸੁਣਾਈਆਂ ਗਈਆਂ ਪਰ ਆਪਣੀ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਇਹ ਉਕਤ ਐਕਟ ਦੀ ਲਚਕਤਾ ਦਾ ਫ਼ਾਇਦਾ ਚੁੱਕਦੇ ਹੋਏ ਜੇਲ੍ਹ ਅੰਦਰ ਆਪਣਾ ਵਤੀਰਾ ਤਸੱਲੀਬਖ਼ਸ਼ ਹੋਣ ਦੇ ਨੁਕਤੇ ਨੂੰ ਆਧਾਰ ਬਣਾਉਂਦੇ ਹੋਏ ਆਰਜ਼ੀ ਤੌਰ ‘ਤੇ ਬਾਹਰ ਆਉਣ ਵਿਚ ਸਫਲ ਹੋ ਗਏ ਪਰ ਪਟਿਆਲਾ ਕੇਂਦਰੀ ਜੇਲ੍ਹ ਦੇ ਹੀ ਰਾਜ ਜਨ ਸੂਚਨਾ ਅਧਿਕਾਰੀ ਵੱਲੋਂ ਸੂਚਨਾ ਐਕਟ ਰਾਹੀਂ ਮੁਹੱਈਆ ਕਰਵਾਈ ਜਾਣਕਾਰੀ ਮੁਤਾਬਕ ਇਨ੍ਹਾਂ ਵਿਚੋਂ 39 ਕੈਦੀਆਂ ਵੱਲੋਂ ਅਜੇ ਤੱਕ ਵੀ ਜੇਲ੍ਹ ਅਥਾਰਿਟੀਆਂ ਕੋਲ ਆਤਮ-ਸਮਰਪਣ ਨਹੀਂ ਕੀਤਾ।

ਇਹ ਸਾਰੇ ਹੁਣ ਤੱਕ ਵੀ ਫ਼ਰਾਰ ਹਨ ਤੇ ਪੰਜਾਬ ਪੁਲਿਸ ਵੀ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਜੇਲ੍ਹ ਪੁੱਜਦਾ ਕਰਨ ਵਿਚ ਅਸਫਲ ਬਣੀ ਹੋਈ ਹੈ। ਉਘੇ ਸਮਾਜ ਸੇਵੀ ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਹਰੀ ਚੰਦ ਅਰੋੜਾ ਨੇ ਇਸ ਦਾ ਮੁੱਖ ਕਾਰਨ ਪੰਜਾਬ ਗੁੱਡ ਕੰਡਕਟ ਪਰੀਜਨਰਜ਼ ਐਕਟ, 1962 ਵਿਚ ਲੋੜੀਂਦੀਆਂ ਸੋਧਾਂ ਨਾ ਕੀਤਾ ਜਾਣਾ ਦੱਸਿਆ ਹੈ। ਐਡਵੋਕੇਟ ਅਰੋੜਾ ਵੱਲੋਂ ਫ਼ਰਾਰ ਹੋ ਚੁੱਕੇ ਕੈਦੀਆਂ ਦੀ ਫ਼ੌਰੀ ਗ੍ਰਿਫ਼ਤਾਰੀ ਸੰਭਵ ਬਣਾਉਣ ਹਿੱਤ ਸਰਕਾਰ ਨੂੰ ਨਿਰਦੇਸ਼ ਜਾਰੀ ਕਰਵਾਉਣ ਵਾਸਤੇ ਇਹ ਮੁੱਦਾ ਇਕ ਜਨਹਿਤ ਪਟੀਸ਼ਨ ਰਾਹੀਂ ਹਾਈਕੋਰਟ ਵਿਚ ਚੁੱਕਿਆ ਜਾ ਰਿਹਾ ਹੈ।

# *ਸੱਜਣ ਕੁਮਾਰ ਦੀ ਅਰਜ਼ੀ ‘ਤੇ ਫੈਸਲਾ ਰਾਖਵਾਂ ਰੱਖਿਆ*

**ਨਵੀਂ ਦਿੱਲੀ:** ਕਾਂਗਰਸੀ ਆਗੂ ਸੱਜਣ ਕੁਮਾਰ ਦੀ ਅਰਜ਼ੀ ਉੱਤੇ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਹੈ। ਸੱਜਣ ਕੁਮਾਰ ਨੇ ਅਪੀਲ ਕੀਤੀ ਸੀ ਕਿ ਉਸ ਵਿਰੁੱਧ 1984 ਦੇ ਸਿੱਖ ਕਤਲੇਆਮ ਵਾਲੇ ਕੇਸ ਵਿਚ ਸੀ.ਬੀ.ਆਈ. ਦੇ 9 ਗਵਾਹਾਂ ਦੀ ਗਵਾਹੀ ਨਾ ਲਈ ਜਾਵੇ ਕਿਉਂਕਿ ਇਹ ਗੈਰ-ਜ਼ਰੂਰੀ ਹੈ।


ਇਸ ਅਰਜ਼ੀ ਉੱਤੇ ਸੁਣਵਾਈ ਕਰਦਿਆਂ ਜ਼ਿਲ੍ਹਾ ਜੱਜ ਜੇ.ਆਰ. ਆਰੀਅਨ ਨੇ ਫੈਸਲਾ ਸੁਣਾਉਣ ਲਈ 11 ਦਸੰਬਰ ਦੀ ਤਰੀਕ ਨਿਸ਼ਚਿਤ ਕੀਤੀ ਹੈ। ਇਸ ਤੋਂ ਪਹਿਲਾਂ ਉਹ ਸੀ.ਬੀ.ਆਈ. ਦੇ ਵਕੀਲ ਦੀਆਂ ਦਲੀਲਾਂ ਸੁਣਨਗੇ। ਸੀ.ਬੀ.ਆਈ. ਇਸ ਮਾਮਲੇ ਵਿਚ ਅਦਾਲਤ ਨੂੰ ਹੁਣ ਤਕ ਦੱਸ ਚੁੱਕੀ ਹੈ ਕਿ ਕੀ 6 ਬੰਦਿਆਂ ਨੂੰ ਮਾਰਨ ਸਬੰਧੀ ਦੋਸ਼ ਪੱਤਰ ਦਾਖਲ ਕੀਤਾ ਜਾ ਚੁੱਕਾ ਹੈ ਪਰ ਇਸ ਵਿਚ ਸੁਰਜੀਤ ਸਿੰਘ ਨੂੰ ਮਾਰਨ ਦਾ ਦੋਸ਼ ਸ਼ਾਮਲ ਨਹੀਂ ਹੈ। ਸੱਜਣ ਕੁਮਾਰ ਦੇ ਵਕੀਲ ਦਾ ਅਦਾਲਤ ਵਿਚ ਇਹ ਕਹਿਣਾ ਹੈ ਕਿ ਤਿੰਨ ਵੱਖ-ਵੱਖ ਐਫ.ਆਈ.ਆਰ. ਵਿਚ ਸੀ.ਬੀ.ਆਈ. ਪਹਿਲਾਂ ਹੀ ਦੋਸ਼ ਪੱਤਰ ਦਾਖ਼ਲ ਕਰ ਚੁੱਕੀ ਹੈ ਅਤੇ 9 ਗਵਾਹ ਭੁਗਤਾ ਚੁੱਕੀ ਹੈ ਤੇ ਇਨ੍ਹਾਂ ਗਵਾਹਾਂ ਦਾ ਸੁਰਜੀਤ ਸਿੰਘ ਦੀ ਹੱਤਿਆ ਨਾਲ ਕੋਈ ਸਬੰਧ ਨਹੀਂ ਹੈ ਤੇ ਇਸ ਕਰ ਕੇ ਇਨ੍ਹਾਂ ਦੀ ਗਵਾਹੀ ਹੋਣ ਤੋਂ ਰੋਕੀ ਜਾਵੇ। ਇਸ ਦੌਰਾਨ ਸੀ.ਬੀ.ਆਈ. ਨੇ ਸੱਜਣ ਕੁਮਾਰ ਦੀ ਅਰਜ਼ੀ ਨੂੰ ਚੁਣੌਤੀ ਦਿੰਦਿਆਂ ਕਿਹਾ ਹੈ ਕਿ ਇਹ ਫੈਸਲਾ ਉਸ ਨੇ ਕਰਨਾ ਹੈ ਕਿ ਕਿਹੜਾ ਗਵਾਹ ਢੁਕਵਾਂ ਹੈ ਤੇ ਉਹ ਕਿਸ ਨੂੰ ਗਵਾਹੀ ਦੇਣੋਂ ਰੋਕਣਾ ਚਾਹੁੰਦੀ ਹੈ।

ਸੱਜਣ ਕੁਮਾਰ ਦੀ ਅਰਜ਼ੀ ਦਾ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਵੀ ਵਿਰੋਧ ਕੀਤਾ ਹੈ। ਉਹ ਦੰਗਾ ਪੀੜਤਾਂ ਦੀ ਤਰਫੋਂ ਪੇਸ਼ ਹੋਏ ਅਤੇ ਕਿਹਾ ਕਿ ਇਨ੍ਹਾਂ ਨੂੰ ਗਵਾਹੀ ਤੋਂ ਛੱਡਣਾ ਨਿਆਂ ਦਾ ਜਨਾਜ਼ਾ ਕੱਢਣ ਬਰਾਬਰ ਹੋਵੇਗਾ।

## ਪੀੜਤਾਂ ਦੇ ਮੁਆਵਜ਼ੇ ਬਾਰੇ ਕੇਂਦਰ ਨੂੰ ਨੋਟਿਸ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਮੁਆਵਜ਼ੇ ਲਈ ਦਾਇਰ ਅਰਜ਼ੀ ਉੱਤੇ ਸੁਣਵਾਈ ਕਰਦਿਆਂ ਦਿੱਲੀ ਹਾਈ ਕੋਰਟ ਨੇ ਕੇਂਦਰ ਤੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਜਸਟਿਸ ਪੀ.ਕੇ. ਭਸੀਨ ਤੇ ਵੀ.ਪੀ. ਵੈਸ਼ ਨੇ ਕੇਂਦਰ ਅਤੇ ਦਿੱਲੀ ਸਰਕਾਰ ਨੂੰ ਇਹ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਅਰਜ਼ੀ ਦੀ ਸੁਣਵਾਈ ਕਰਦਿਆਂ ਸਰਕਾਰ ਤੋਂ ਇਹ ਵੀ ਪੁੱਛਿਆ ਕਿ ਉਹ ਦੱਸੇ ਕਿ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਕੀ ਕਦਮ ਚੁੱਕੇ ਗਏ ਹਨ। ਹਾਈ ਕੋਰਟ ਵਿਚ ਜਗਦੀਸ਼ ਕੌਰ ਤੇ ਨਿਰਪ੍ਰੀਤ ਕੌਰ ਨੇ ਮੁਆਵਜ਼ੇ ਲਈ ਪਟੀਸ਼ਨ ਦਾਇਰ ਕੀਤੀ ਹੋਈ ਹੈ। ਇਨ੍ਹਾਂ ਦੋਵਾਂ ਦੇ ਪਤੀ ਦੰਗਿਆਂ ਵਿਚ ਮਾਰੇ ਗਏ ਸਨ।

# ਪਨੇਸਰ ਖਿਲਾਫ ਟਿੱਪਣੀ ਕਰਨ ਵਾਲੇ ਦੀ ਛੁੱਟੀ



**ਸਿਡਨੀ:** ਇੰਗਲੈਂਡ ਤੇ ਕ੍ਰਿਕਟ ਆਸਟਰੇਲੀਆ ਚੇਅਰਮੈਨ ਇਲੈਵਨ ਵਿਚਾਲੇ ਸ਼ਨਿਚਰਵਾਰ ਨੂੰ ਐਲਿਸ ਸਪਰਿੰਗਜ਼ ਵਿਖੇ ਹੋਏ ਮੈਚ ਦੌਰਾਨ ਇੰਗਲੈਂਡ ਦੇ ਫਿਰਕੀ ਗੇਂਦਬਾਜ਼ ਮੌਂਟੀ ਪਨੇਸਰ ਖ਼ਿਲਾਫ਼ ਨਸਲੀ ਟਿੱਪਣੀ ਕਰਨ ਵਾਲੇ ਅਨਾਊਂਸਰ ਨੂੰ ਕ੍ਰਿਕਟ ਆਸਟਰੇਲੀਆ ਨੇ ਹਟਾ ਦਿੱਤਾ ਹੈ। ਕ੍ਰਿਕਟ ਆਸਟਰੇਲੀਆ ਦੇ ਬੁਲਾਰੇ ਨੇ ਦੱਸਿਆ ਕਿ ਅਨਾਊਂਸਰ ਡੇਵਿਡ ਨਿਕਸਨ ਨੂੰ ਹਟਾ ਦਿੱਤਾ ਗਿਆ ਹੈ।

ਭਾਵੇਂ ਡੇਵਿਡ ਵੱਲੋਂ ਕੀਤੀ ਗਈ ਟਿੱਪਣੀ ਪਨੇਸਰ ਤੇ ਟੀਮ ਮੈਨੇਜਮੈਂਟ ਨੇ ਨਹੀਂ ਸੁਣੀ ਪਰ ਐਲਿਸ ਸਪਰਿੰਗਜ਼ ਵਿਚ ਮੈਚ ਦੇਖ ਰਹੀ 2000 ਭਾਰਤੀਆਂ ਦੀ ਭੀੜ ਨੇ ਟਿੱਪਣੀ ਨੂੰ ਸੁਣ ਕੇ ਖਾਸਾ ਬੁਰਾ ਮਨਾਇਆ ਸੀ। ਐਲਿਸ ਸਪਰਿੰਗਜ਼ ਵਿਚ ਭਾਰਤੀਆਂ ਦੀ ਵੱਡੀ ਗਿਣਤੀ ਦੇ ਮੱਦੇਨਜ਼ਰ ਉਥੇ ਕਿਸੇ ਤਰ੍ਹਾਂ ਦੇ ਨਸਲੀ ਤਣਾਅ ਨੂੰ ਰੋਕਣ ਲਈ ਅਨਾਊਂਸਰ ਨੂੰ ਲਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਦੋ ਦਿਨ ਮੈਚ ਦੇ ਬਰੇਕ ਸਣੇ ਡੇਵਿਡ ਆਪਣੇ ਸਾਥੀਆਂ ਨਾਲ ਨਸਲ ਵਿਰੋਧੀ ਨੀਤੀਆਂ ਬਾਰੇ ਆਮ ਚਰਚਾ ਕਰਦਾ ਸੀ।

# *ਸੀ.ਬੀ.ਆਈ ਅਦਾਲਤ ਨੇ ਸੁਮੇਧ ਸੈਣੀ ਨੂੰ ਪਾਈ ਝਾੜ*

**ਚੰਡੀਗੜ੍ਹ:** ਦਿੱਲੀ ਵਿਚ ਸੀ.ਬੀ.ਆਈ ਦੀ ਵਿਸ਼ੇਸ਼ ਅਦਾਲਤ ਨੇ ਪੰਜਾਬ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਨੂੰ ਉਨ੍ਹਾਂ ਖਿਲਾਫ਼ ਚਲਦੇ ਤਕਰੀਬਨ ਦੋ ਦਹਾਕੇ ਪੁਰਾਣੇ ਮਾਮਲੇ ਨੂੰ ਜਾਣਬੁੱਝ ਕੇ ਲਮਕਾਉਣ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਰੱਜ ਕੇ ਝਾੜ ਪਾਈ ਹੈ। ਸ੍ਰੀ ਸੈਣੀ ਖਿਲਾਫ਼ ਇਹ ਮਾਮਲਾ ਸਾਲ 1994 ਵਿਚ ਲੁਧਿਆਣਾ ਦੇ ਇਕ ਵਪਾਰਕ ਘਰਾਣੇ ਦੇ ਮੁੱਖ ਮੈਂਬਰਾਂ ਨੂੰ ਅਗਵਾ ਕਰਨ ਨਾਲ ਸਬੰਧਤ ਹੈ ਜਿਨ੍ਹਾਂ ਦਾ ਹੁਣ ਤੱਕ ਕੋਈ ਖੁਰਾ ਖੋਜ ਨਹੀਂ ਲੱਭਾ। ਸੁਮੇਧ ਸੈਣੀ ਉਸ ਵੇਲੇ ਐਸ.ਐਸ.ਪੀ ਲੁਧਿਆਣਾ ਵਜੋਂ ਤਾਇਨਾਤ ਸੀ।



ਉਸ ‘ਤੇ ਕਿਸੇ ਨਿੱਜੀ ਰੰਜ਼ਿਸ ਦੇ ਚੱਲਦਿਆਂ ਵਿਨੋਦ ਕੁਮਾਰ, ਉਸ ਦੇ ਨੇੜਲੇ ਰਿਸ਼ਤੇਦਾਰ ਅਸ਼ੋਕ ਕੁਮਾਰ ਤੇ ਉਨ੍ਹਾਂ ਦੇ ਡਰਾਈਵਰ ਮੁਖਤਿਆਰ ਸਿੰਘ ਨੂੰ ਸਾਲ 1994 ਦੇ ਮਾਰਚ ਮਹੀਨੇ ਅਗਵਾ ਕਰਨ ਦੇ ਦੋਸ਼ ਲਾਏ ਗਏ ਹਨ। ਇਨ੍ਹਾਂ ਵਿਚੋਂ ਵਿਨੋਦ ਕੁਮਾਰ ਨੂੰ ਕਿਸੇ ਵਿੱਤੀ ਅਪਰਾਧ ਸਬੰਧੀ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਗਿਆ ਸੀ ਤੇ ਇਸ ਨੂੰ ਲੈ ਕੇ ਸੀ.ਬੀ.ਆਈ ਵੱਲੋਂ ਇਨ੍ਹਾਂ ਤਿੰਨਾਂ ਦੀ ਹੋਣੀ ਬਾਰੇ ਪੰਜਾਬ ਦੇ ਮੌਜੂਦਾ ਡੀ.ਜੀ.ਪੀ ਸੈਣੀ ਤੇ ਤਿੰਨ ਹੋਰ ਪੁਲਿਸ ਅਧਿਕਾਰੀਆਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਸੀ.ਬੀ.ਆਈ ਅਦਾਲਤ ਵਿਚ ਪੰਜਾਬ ਤੇ ਦਿੱਲੀ ਪੁਲਿਸ ਦੇ ਕੁਝ ਬਾਵਰਦੀ ਤੇ ਚਿੱਟ ਕੱਪੜੀਏ ਪੁਲਿਸ ਦੇ ਲਾਮ ਲਸ਼ਕਰ ਨਾਲ ਪੁੱਜੇ ਸ਼੍ਰੀ ਸੈਣੀ ਦੇ ਵਕੀਲ ਅਜੇ ਬਰਮਨ ਵੱਲੋਂ ਸੀ.ਬੀ.ਆਈ ਦੇ ਵਿਸ਼ੇਸ਼ ਜੱਜ ਏ.ਕੇ ਮਹਿੰਦੀਰੱਤਾ ਅੱਗੇ ਅਪੀਲ ਰੱਖਦਿਆਂ ਕਿਹਾ ਕਿ ਉਨ੍ਹਾਂ ਨੇ ਇਸ ਅਦਾਲਤ ਤੋਂ ਸੰਤੁਸ਼ਟ ਨਾ ਹੁੰਦਿਆ ਕੇਸ ਨੂੰ ਕਿਸੇ ਹੋਰ ਅਦਾਲਤ ਕੋਲ ਤਬਦੀਲ ਕਰਨ ਵਾਸਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਏ.ਕੇ ਚਾਵਲਾ ਕੋਲ ਅਪੀਲ ਕੀਤੀ ਹੋਈ ਹੈ ਤੇ ਇਸ ਲਈ ਉਨ੍ਹਾਂ ਦੇ ਕੇਸ ਨੂੰ ਅੱਗੇ ਪਾ ਦਿੱਤਾ ਜਾਵੇ। ਇਸ ‘ਤੇ ਜੱਜ ਨੇ ਨਰਾਜ਼ਗੀ ਜ਼ਾਹਿਰ ਕਰਦਿਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਕੇਸ ਅੱਗੇ ਹੋਰ ਲਮਕਾਉਣ ਦੇ ਮਨਸ਼ੇ ਨਾਲ ਵਰਤੇ ਜਾ ਰਹੇ ਤਕਨੀਕੀ ਹੱਥਕੰਡੇ ਕਰਾਰ ਦਿੰਦਿਆਂ ਸਖ਼ਤ ਸ਼ਬਦਾਂ ਵਿਚ ਤਾੜਨਾ ਕੀਤੀ। ਜੱਜ ਮਹਿੰਦੀਰੱਤਾ ਨੇ ਸਪੱਸ਼ਟ ਕਿਹਾ ਕਿ ਇਸ ਕੇਸ ਦਾ ਪਿਛਲੇ ਦੋ ਦਹਾਕਿਆਂ ਦਾ ਰਿਕਾਰਡ ਦੇਖਣ ‘ਤੇ ਪਤਾ ਲੱਗਦਾ ਹੈ ਕਿ ਇਹ ਮਾਮਲਾ ਲਗਾਤਾਰ ਲਮਕਾਉਣ ਦੇ ਅਜਿਹੇ ਹੀ ਹੱਥ ਕੰਡਿਆਂ ਦਾ ਸ਼ਿਕਾਰ ਹੁੰਦਾ ਪ੍ਰਤੀਤ ਹੋ ਰਿਹਾ ਹੈ।

# ਦਿੱਲੀ 'ਚ ਭਾਜਪਾ ਦੇ ਅੱਧੇ ਉਮੀਦਵਾਰ ਦਾਗੀ

**ਨਵੀਂ ਦਿੱਲੀ:** ਸੱਤਾਧਾਰੀ ਕਾਂਗਰਸ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਲਾਉਣ ਤੇ 'ਭ੍ਰਿਸ਼ਟਾਚਾਰ ਮੁਕਤ' ਦਿੱਲੀ ਦਾ ਦਾਅਵਾ ਕਰਨ ਵਾਲੀ ਭਾਜਪਾ ਵੱਲੋਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਖੜ੍ਹੇ ਕੀਤੇ 46 ਫੀਸਦੀ ਉਮੀਦਵਾਰਾਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ। ਬਾਜਪਾ ਦੇ ਉਮੀਦਵਾਰ ਸਾਰੀਆਂ ਪਾਰਟੀਆਂ ਵੱਲੋਂ ਖੜ੍ਹੇ ਉਮੀਦਵਾਰਾਂ ਤੋਂ ਵੱਧ ਦਾਗ਼ਦਾਰ ਹਨ।



ਦੂਜੇ ਪਾਸੇ 'ਸਾਫ਼-ਸੁਥਰੀ ਸਿਆਸਤ' ਕਰਨ ਦੇ ਮੁੱਦੇ ਨਾਲ ਪਹਿਲੀ ਵਾਰ ਚੋਣ ਮੈਦਾਨ ਵਿਚ ਉੱਤਰੀ ਆਮ ਆਦਮੀ ਪਾਰਟੀ ਦੇ ਵੀ ਪੰਜ ਫੀਸਦੀ ਉਮੀਦਵਾਰਾਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਸ (ਏ.ਡੀ.ਆਰ) ਤੇ ਦਿੱਲੀ ਇਲੈਕਸ਼ਨ ਵਾਚ (ਡੀ.ਈ.ਡਬਲਿਊ) ਵੱਲੋਂ ਦਿੱਲੀ ਵਿਧਾਨ ਸਭਾ ਚੋਣਾਂ ਲੜ ਰਹੇ 796 ਉਮੀਦਵਾਰਾਂ ਦੇ ਆਧਾਰ 'ਤੇ ਤਿਆਰ ਇਕ ਰਿਪੋਰਟ ਵਿਚ ਇਹ ਖੁਲਾਸਾ ਸਾਹਮਣੇ ਆਇਆ ਹੈ।

ਰਿਪੋਰਟ ਮੁਤਾਬਕ 13 ਉਮੀਦਵਾਰਾਂ ਵਿਰੁੱਧ ਔਰਤਾਂ 'ਤੇ ਅਤਿਆਚਾਰ ਨਾਲ ਸਬੰਧਤ ਮਾਮਲੇ ਦਰਜ ਹਨ। 14 ਉਮੀਦਵਾਰਾਂ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਤੇ ਤਿੰਨ ਉਮੀਦਵਾਰਾਂ ਖ਼ਿਲਾਫ਼ ਲੁੱਟ ਤੇ ਡਕੈਤੀ ਦੇ ਮਾਮਲੇ ਦਰਜ ਹਨ। 2008 ਵਿਚ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ 2013 ਵਿਚ ਅਪਰਾਧਿਕ ਮਾਮਲਿਆਂ ਵਾਲੇ ਉਮੀਦਵਾਰਾਂ ਦੀ ਗਿਣਤੀ ਵਧ ਗਈ ਹੈ। 2008 ਵਿਚ 790 ਉਮੀਦਵਾਰਾਂ ਵਿਚੋਂ 111 ਯਾਨਿ 14 ਫੀਸਦੀ ਉਮੀਦਵਾਰਾਂ ਖ਼ਿਲਾਫ਼ ਅਪਰਾਧਕ ਮਾਮਲੇ ਦਰਜ ਸਨ ਜੋ 2013 ਵਿਚ ਵਧ ਕੇ 16 ਫੀਸਦੀ ਹੋ ਗਏ ਹਨ। ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਸਮੇਤ ਪੰਜ ਉਮੀਦਵਾਰਾਂ ਖ਼ਿਲਾਫ਼ ਅਪਰਾਧਿਕ ਕੇਸ ਦਰਜ ਹਨ। ਕੇਜਰੀਵਾਲ ਖ਼ਿਲਾਫ਼ ਪੰਜ ਕੇਸ ਦਰਜ ਹਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਕੇਸ ਦੰਗਿਆਂ, ਸਰਕਾਰੀ ਮੁਲਾਜ਼ਮਾਂ ਦੀ ਡਿਊਟੀ ਕਰਨ ਦੀ ਰਾਹ ਵਿਚ ਰੁਕਾਵਟ ਪਾਉਣਾ, ਸਰਕਾਰੀ ਮੁਲਾਜ਼ਮਾਂ ਨੂੰ ਆਪਣਾ ਕੰਮ ਨਾ ਕਰਨ ਲਈ ਹਮਲਾ ਜਾਂ ਤਾਕਤ ਦੀ ਵਰਤੋਂ ਕਰਨਾ ਹੈ। ਇਸ ਰਿਪੋਰਟ ਵਿਚ ਇਕ ਹੋਰ ਦਿਲਚਸਪ ਗੱਲ ਵੇਖਣ ਵਿਚ ਆਈ ਹੈ ਕਿ 2008 ਦੇ ਮੁਕਾਬਲੇ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਦੀ ਗਿਣਤੀ ਇਸ ਵਾਰ ਘਟ ਗਈ ਹੈ ਜਦਕਿ ਭਾਜਪਾ ਦੇ ਮਾਮਲੇ ਵਿਚ ਇਸ ਗਿਣਤੀ ਵਿਚ ਵਾਧਾ ਹੋਇਆ ਹੈ। 2008 ਵਿਚ ਕਾਂਗਰਸ ਦੇ 30 ਤੇ ਭਾਜਪਾ ਦੇ 35 ਫੀਸਦੀ ਉਮੀਦਵਾਰਾਂ ਖ਼ਿਲਾਫ਼ ਅਪਰਾਧਕ ਕੇਸ ਦਰਜ ਸਨ ਜਦਕਿ 2013 ਵਿਚ ਇਹ ਗਿਣਤੀ ਕਾਂਗਰਸ ਦੇ ਮਾਮਲੇ ਵਿਚ ਘਟ ਕੇ 21 ਫੀਸਦੀ ਤੇ ਭਾਜਪਾ ਦੇ ਮਾਮਲੇ ਵਿਚ ਵਧ ਕੇ 46 ਫੀਸਦੀ ਹੋ ਗਈ ਹੈ।

# ਫਿਲਮ 'ਬੀਟ੍ਰਿਜ਼'ਜ਼ ਵਾਰ' ਨੂੰ ਗੋਲਡਨ ਪੀਕੌਕ ਪੁਰਸਕਾਰ

**ਪਣਜੀ:** ਪੂਰਬੀ ਤਿਮੋਰ ਦੀ ਪਹਿਲੀ ਫੀਚਰ ਫਿਲਮ 'ਬੀਟ੍ਰਿਜ਼'ਜ਼ ਵਾਰ' ਇਥੇ 44ਵੇਂ ਭਾਰਤੀ ਕੌਮਾਂਤਰੀ ਫਿਲਮ ਮੇਲੇ ਦੀ ਸਰਵੋਤਮ ਫਿਲਮ ਚੁਣੀ ਗਈ ਹੈ। ਪੂਰਬੀ ਤਿਮੋਰ ਤੇ ਆਸਟਰੇਲੀਆ ਦੇ ਸਾਂਝੇ ਉਦਮ ਨਾਲ ਬਣਾਈ ਗਈ ਇਸ ਫਿਲਮ ਦਾ ਨਿਰਦੇਸ਼ਨ ਲੂਇਗੀ ਐਕੁਇਸਟੋ ਤੇ ਬੈਟੀ ਰੀਜ਼ ਵੱਲੋਂ ਕੀਤਾ ਗਿਆ। ਇਹ ਇਕ ਔਰਤ ਦੇ ਆਪਣੇ ਪ੍ਰੇਮੀ ਤੇ ਵਤਨ ਲਈ ਸੱਚੇ ਪ੍ਰੇਮ ਦੀ ਕਹਾਣੀ ਹੈ।



ਇਹ ਪੁਰਸਕਾਰ ਮਲੇਸ਼ੀਆਈ ਅਦਾਕਾਰਾ ਮਿਸ਼ੇਲ ਯਿਓਹ, ਆਪਣੇ ਜ਼ਮਾਨੇ ਦੀ ਉੱਘੀ ਅਦਾਕਾਰਾ ਆਸ਼ਾ ਪਾਰੇਖ ਤੇ ਸੂਚਨਾ ਤੇ ਪ੍ਰਸਾਰਨ ਮੰਤਰੀ ਮਨੀਸ਼ ਤਿਵਾੜੀ ਨੇ ਦਿੱਤਾ। ਪੁਰਸਕਾਰ ਲੈਂਦਿਆਂ ਰੀਜ਼ ਨੇ ਖੁਸ਼ੀ ਨਾਲ ਅੱਖਾਂ ਸਿੱਲੀਆਂ ਕਰਦਿਆਂ ਕਿਹਾ ਕਿ ਇਹ ਮੇਰੇ ਦੇਸ਼ ਦੀ ਪਹਿਲੀ ਫਿਲਮ ਹੈ ਤੇ ਮੈਨੂੰ ਯਕੀਨ ਨਹੀਂ ਹੋ ਰਿਹਾ ਕਿ ਇਸ ਨੂੰ ਇੰਨਾ ਵਧੀਆ ਹੁੰਗਾਰਾ ਮਿਲ ਸਕਦਾ। ਇਹ ਇਨਸਾਨੀ ਹੱਕਾਂ ਦੀ ਬਾਤ ਪਾਉਂਦੀ ਹੈ।

ਸਰਵੋਤਮ ਨਿਰਦੇਸ਼ਕ ਦਾ ਖ਼ਿਤਾਬ ਉੱਘੇ ਬੰਗਾਲੀ ਫਿਲਮਸਾਜ਼ ਕੌਸ਼ਿਕ ਗਾਂਗੁਲੀ (ਅਪੁਰ ਪੰਚਾਲੀ) ਨੂੰ ਮਿਲਿਆ। ਇਹ ਫਿਲਮ ਸਤਿਆਜੀਤ ਰੇਅ ਦੇ ਸ਼ਾਹਕਾਰ 'ਪਾਥੇਰ ਪੰਚਾਲੀ' ਅੱਪੂ ਦਾ ਕਿਰਦਾਰ ਨਿਭਾਉਣ ਵਾਲੇ ਸੁਬੀਰ ਬੈਨਰਜੀ ਤੋਂ ਪ੍ਰੇਰਤ ਇਕ ਸੱਚੀ ਕਹਾਣੀ 'ਤੇ ਆਧਾਰਤ ਹੈ। ਇਸਰਾਇਲੀ ਅਦਾਕਾਰ ਐਲਨ ਮੋਨੀ ਅਬਾਉਬੁਲ ਨੂੰ 'ਪਲੇਸ ਇਨ ਹੈਵਨ' ਵਿਚ ਨਿਭਾਈ ਸੰਵੇਦਨਸ਼ੀਲ ਭੂਮਿਕਾ ਬਦਲੇ ਬਿਹਤਰੀਨ ਅਦਾਕਾਰੀ ਦਾ ਖ਼ਿਤਾਬ ਦਿੱਤਾ ਗਿਆ।

ਸਰਵੋਤਮ ਅਦਾਕਾਰਾ ਦਾ ਖ਼ਿਤਾਬ ਪੋਲਿਸ਼ ਅਦਾਕਾਰਾ ਮੈਗਦਲੇਨ ਬੋਕਜ਼ਾਰਸਾ ਨੂੰ ਜਾਨ ਕਿਦਾਵਾ ਬਲੋਂਸਕੀ ਦੀ ਫਿਲਮ 'ਇਨ ਹਾਈਡਿੰਗ' ਦੇ ਕਿਰਦਾਰ ਬਦਲੇ ਮਿਲਿਆ।

# ਮੈਡੀਕਲ ਖੇਤਰ ਵਿਚ ਭਾਰਤ ਤੇ ਪਾਕਿਸਤਾਨ ਦੀ ਨਵੀਂ ਸਾਂਝ

**ਲਾਹੌਰ:** ਮੈਡੀਕਲ ਖੇਤਰ ਵਿਚ ਅੱਜ-ਕੱਲ੍ਹ ਭਾਰਤ ਤੇ ਪਾਕਿਸਤਾਨ ਦਰਮਿਆਨ ਇਕ ਨਵੀਂ ਕਿਸਮ ਦੀ ਸਾਂਝ ਦੇਖਣ ਨੂੰ ਮਿਲ ਰਹੀ ਹੈ। ਭਾਰਤ ਦੇ ਅਪੋਲੋ ਗਰੁੱਪ ਆਫ ਹਾਸਪਿਟਲਜ਼ ਦੇ ਡਾਕਟਰਾਂ ਨੇ ਇਥੋਂ ਦੇ ਸ਼ੇਖ ਜ਼ਈਦ ਹਸਪਤਾਲ ਵਿਚ ਪਾਕਿਸਤਾਨੀ ਸਰਜਨਾਂ ਨਾਲ ਮਿਲ ਕੇ ਜਿਗਰ ਬਦਲੀ ਦੇ ਚਾਰ ਸਫ਼ਲ ਅਪਰੇਸ਼ਨ ਕੀਤੇ ਹਨ।



ਪਿਛਲੇ ਹਫਤੇ ਕੀਤੇ ਗਏ ਇਨ੍ਹਾਂ ਅਪਰੇਸ਼ਨਾਂ ਵਿਚ ਹਿੱਸਾ ਲੈਣ ਵਾਲੇ ਭਾਰਤੀ ਡਾਕਟਰਾਂ ਵਿਚ ਨੀਰਵ ਗੋਇਲ, ਸ਼ਾਲੀਨ ਅਗਰਵਾਲ, ਸ਼ਿਸ਼ਿਰ ਪ੍ਰੀਕ, ਸ਼ਿਰਾਜ਼ ਅਹਿਮਦ, ਸੁਭਾਸ਼ ਚੰਦਰ ਚਾਵਲਾ ਤੇ ਨਵਨੀਤਨ ਸੁਬਰਾਮਣੀਅਮ ਵੀ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਕੁਝ ਭਾਰਤੀ ਤਕਨੀਸ਼ੀਅਨਾਂ ਸਰਤ ਸਿੰਘ ਰਾਵਤ, ਵਨੀਤਾ, ਅਭੈ ਵਰਗੀਜ਼ ਅਬਰਾਹਮ ਤੇ ਸ਼ੇਖ ਜ਼ਈਦ ਹਸਪਤਾਲ ਦੇ ਪਾਕਿਸਤਾਨ ਟਰਾਂਸਪਲਾਂਟ ਸਰਜਨਾਂ ਨੇ ਵੀ ਮਦਦ ਕੀਤੀ। ਭਾਰਤੀ ਸਰਜਨਾਂ ਨੇ ਲਾਹੌਰ ਵਿਚ ਆਪਣੀ ਠਾਹਰ ਦੌਰਾਨ ਜਿਗਰ ਬਦਲੀ ਦੇ ਚਾਰ ਅਪਰੇਸ਼ਨ ਕਰਨ ਦੀ ਯੋਜਨਾ ਬਣਾਈ ਸੀ ਜੋ ਮੁਕਾਮੀ ਡਾਕਟਰਾਂ ਨਾਲ ਤਜਰਬਾ ਸਾਂਝਾ ਕਰਨ ਦੀ ਲੜੀ ਦਾ ਇਕ ਹਿੱਸਾ ਸੀ। ਸ਼ੇਖ ਜ਼ਈਦ ਹਸਪਤਾਲ ਦੇ ਡਾਕਟਰਾਂ ਨੇ ਮਰੀਜ਼ਾਂ ਦੀ ਸਿਹਤ ਦੇ ਆਧਾਰ 'ਤੇ ਸਰਜਰੀ ਲਈ ਮਰੀਜ਼ਾਂ ਦੀ ਚੋਣ ਕੀਤੀ ਸੀ।

# ਦੁਨੀਆਂ ਦੀਆਂ ਸੱਤ ਚੋਟੀਆਂ ਫਤਿਹ ਕਰੇਗੀ ਸਮੀਨਾ

**ਇਸਲਾਮਾਬਾਦ:** ਮਾਊਂਟ ਐਵਰੈਸਟ 'ਤੇ ਚੜ੍ਹਨ ਵਾਲੀ ਪਹਿਲੀ ਪਾਕਿਸਤਾਨੀ ਔਰਤ ਸਮੀਨਾ ਬੇਗ ਹੁਣ ਦੁਨੀਆਂ ਦੀਆਂ ਸਭ ਤੋਂ ਉੱਚੀਆਂ ਚੋਟੀਆਂ ਸਰ ਕਰਨ ਨਿਕਲੀ ਹੈ। ਇਸ ਦੇ ਨਾਲ ਹੀ ਉਹ ਔਰਤਾਂ ਦੇ ਅਧਿਕਾਰਾਂ ਤੇ ਜਲਵਾਯੂ ਤਬਦੀਲੀ ਬਾਰੇ ਜਾਗਰੂਕਤਾ ਫੈਲਾਏਗੀ। ਸਮੀਨਾ ਬੇਗ ਜੂਨ ਮਹੀਨੇ ਦੁਨੀਆਂ ਦੀ ਸਭ ਤੋਂ ਉੱਚੀ ਚੋਟੀ ਦੀ 8848 ਮੀਟਰ ਸਿਖਰ 'ਤੇ ਪਹੁੰਚ ਕੇ ਅਜਿਹਾ ਕਾਰਨਾਮਾ ਕਰਨ ਵਾਲੀ ਪਹਿਲੀ ਪਾਕਿਸਤਾਨੀ ਔਰਤ ਬਣੀ ਸੀ। ਹੁਣ ਉਹ ਤੇ ਉਸ ਦਾ ਭਰਾ ਮਿਰਜ਼ਾ ਅਲੀ ਬੇਗ ਇਕ ਹੋਰ ਮੁਹਿੰਮ 'ਤੇ ਨਿਕਲੇ ਹਨ।



ਇਸ ਦੌਰਾਨ ਉਹ ਅੰਟਾਰਟਿਕਾ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਵਿਨਸਨ, ਅਮਰੀਕੀ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ ਅਕੌਂਕਾਗੁਆ (ਅਰਜਨਟੀਨਾ) ਤੋਂ ਇਲਾਵਾ ਰੂਸ, ਇੰਡੋਨੇਸ਼ੀਆ ਤੇ ਨੇਪਾਲ ਦੀਆਂ ਚੋਟੀਆਂ ਵੀ ਸਰ ਕਰਨਗੇ। ਇਸ ਪਰਬਤਾਰੋਹੀ ਜੋੜੀ ਨੂੰ ਅਰਜਨਟੀਨਾ, ਇੰਡੋਨੇਸ਼ੀਆ, ਨੇਪਾਲ, ਰੂਸੀ ਸੰਘ ਤੇ ਅਮਰੀਕਾ ਦੇ ਦੂਤਾਵਾਸਾਂ 'ਤੇ ਆਧਾਰਤ ਐਡਵੈਂਚਰ ਡਿਪਲੋਮੇਸੀ ਗਰੁੱਪ (ਏ.ਡੀ.ਪੀ) ਵੱਲੋਂ ਮਦਦ ਦਿੱਤੀ ਜਾ ਰਹੀ ਹੈ।

ਪਾਕਿਸਤਾਨ ਦੇ ਉੱਤਰੀ ਗਿਲਗਿਤ-ਬਾਲਤਿਸਤਾਨ ਖਿੱਤੇ ਵਿਚ ਸਥਿਤ ਹੰਜ਼ਾ ਵਾਦੀ ਦੀ ਵਸਨੀਕ 21 ਸਾਲਾ ਸਮੀਨਾ ਨੇ ਕਿਹਾ ਕਿ ਪਰਬਤਾਰੋਹਣ ਉਸ ਲਈ ਇਕ ਖੇਡ ਨਹੀਂ ਸਗੋਂ ਔਰਤਾਂ ਨੂੰ ਪ੍ਰੇਰਨਾ ਦੇਣ ਦਾ ਇਕ ਜ਼ਰੀਆ ਹੈ। ਉਪ ਮਹਾਂਦੀਪ ਦੇ ਕਈ ਹੋਰਨਾਂ ਮੁਲਕਾਂ ਦੀ ਤਰ੍ਹਾਂ ਪਾਕਿਸਤਾਨ ਵਿਚ ਵੀ ਔਰਤਾਂ ਨੂੰ ਘੋਰ ਵਿਤਕਰੇ, ਘਰੇਗੀ ਹਿੰਸਾ ਤੇ ਅਣਖ ਦੇ ਨਾਂਅ 'ਤੇ ਹੱਤਿਆਵਾਂ ਜਿਹੀਆਂ ਅਲਾਮਤਾਂ ਦਾ ਸਾਹਮਣਾ ਕਰਨਾ ਪੈ ਰਿਹਾ।

ਉੱਤਰੀ ਪਾਕਿਸਤਾਨ ਦੁਨੀਆਂ ਦੀਆਂ ਕਈ ਹੁਸੀਨ ਤੇ ਸ਼ਾਨਦਾਰ ਪਹਾੜੀਆਂ, ਵਾਦੀਆਂ ਤੇ ਗਲੇਸ਼ੀਅਰਾਂ ਦਾ ਘਰ ਹੈ। ਦੁਨੀਆਂ ਦੀ ਦੂਜੀ ਸਭ ਤੋਂ ਉੱਚੀ ਚੋਟੀ ਕੇ-2 ਵੀ ਇਸੇ ਖਿਤੇ ਵਿਚ ਹੈ। ਜੂਨ ਮਹੀਨੇ ਪਾਕਿਸਤਾਨ ਦੀ ਦੂਜੀ ਸਭ ਤੋਂ ਉੱਚੀ ਚੋਟੀ ਨੰਗਾ ਪਰਬਤ 'ਤੇ 10 ਵਿਦੇਸ਼ੀ ਪਰਬਤਾਰੋਹੀਆਂ ਦੀ ਹੱਤਿਆ ਤੋਂ ਬਾਅਦ ਦੇਸ਼ ਵਿਚ ਪਰਬਤਾਰੋਹਣ ਦੀ ਮੁਹਿੰਮ ਨੂੰ ਵੱਡੀ ਸੱਟ ਵੱਜੀ ਸੀ।

# ਪਾਕਿਸਤਾਨੀ ਥਲ ਸੈਨਾ ਦੀ ਵਾਗਡੋਰ ਸ਼ਰੀਫ ਜਨਰਲ ਦੇ ਹੱਥ

**ਇਸਲਾਮਾਬਾਦ:** ਜਨਰਲ ਰਹੀਲ ਸ਼ਰੀਫ ਨੇ ਪਾਕਿਸਤਾਨੀ ਥਲ ਸੈਨਾ ਦੇ ਨਵੇਂ ਮੁਖੀ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾਂ ਨੇ ਰਿਟਾਇਰ ਹੋਏ ਫੌਜ ਮੁਖੀ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਦੀ ਥਾਂ ਲਈ ਹੈ। ਜਨਰਲ ਕਿਆਨੀ ਮੁਲਕ ਵਿਚ ਸਿਵਲੀਅਨ ਸਰਕਾਰ ਤਹਿਤ ਫੌਜ ਦੇ ਸਭ ਤੋਂ ਲੰਬਾ ਸਮਾਂ ਮੁਖੀ ਰਹਿਣ ਪਿੱਛੋਂ ਰਿਟਾਇਰ ਹੋਏ ਹਨ ਤੇ ਉਨ੍ਹਾਂ ਨੇ ਮੁਲਕ ਦੀ ਛੇ ਲੱਖ ਜਵਾਨਾਂ ਵਾਲੀ ਫੌਜ ਦੀ ਵਾਗਡੋਰ ਇਥੋਂ ਲਾਗਲੇ ਸ਼ਹਿਰ ਰਾਵਲਪਿੰਡੀ ਸਥਿਤ ਫੌਜੀ ਹੈੱਡਕੁਆਰਟਰ ਵਿਚ ਹੋਏ ਸ਼ਾਨਦਾਰ ਸਮਾਗਮ ਦੌਰਾਨ 57 ਸਾਲਾ ਜਨਰਲ ਸ਼ਰੀਫ ਨੂੰ ਸੌਂਪ ਦਿੱਤੀ। ਜਨਰਲ ਸ਼ਰੀਫ ਨੂੰ ਨਰਮਖਿਆਲੀ, ਭਾਵ ਸ਼ਰੀਫ ਫੌਜੀ ਜਰਨੈਲ ਮੰਨਿਆ ਜਾਂਦਾ ਹੈ।



ਗੌਰਤਲਬ ਹੈ ਕਿ ਪਾਕਿਸਤਾਨ ਵਿਚ ਹਕੀਕੀ ਤੌਰ 'ਤੇ ਫੌਜ ਦਾ ਮੁਖੀ ਹੀ ਸਭ ਤੋਂ ਤਾਕਤਵਰ ਵਿਅਕਤੀ ਹੁੰਦਾ ਹੈ ਤੇ ਪਾਕਿਸਤਾਨ ਦੇ 66 ਸਾਲਾ ਇਤਿਹਾਸ ਵਿਚ ਅੱਧੇ ਤੋਂ ਵੱਧ ਸਮਾਂ ਉਥੇ ਫੌਜ ਦੀ ਹੀ ਤਾਨਾਸ਼ਾਹ ਹਕੂਮਤ ਰਹੀ ਹੈ। ਪਾਕਿਸਤਾਨ ਦਾ ਪਹਿਲਾ ਫੌਜੀ ਐਵਾਰਡ ਹਿਲਾਲ-ਏ-ਇਮਤਿਆਜ਼ ਹਾਸਲ ਕਰ ਚੁੱਕੇ ਜਨਰਲ ਸ਼ਰੀਫ ਦੇ ਵੱਡੇ ਭਰਾ ਮੇਜਰ ਸ਼ਬੀਰ ਸ਼ਰੀਫ ਦੀ 1971 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਮੌਤ ਹੋ ਗਈ ਸੀ।

ਜਨਰਲ ਸ਼ਰੀਫ ਨੂੰ ਫੌਜ ਦੇ ਸਭ ਤੋਂ ਸੀਨੀਅਰ ਅਫਸਰ ਲੈਫਟੀਨੈਂਟ ਜਨਰਲ ਹਾਰੂਨ ਅਸਲਮ ਨੂੰ ਨਜ਼ਰਅੰਦਾਜ਼ ਕਰਕੇ ਫੌਜੀ ਮੁਖੀ ਥਾਪਿਆ ਗਿਆ ਹੈ। ਇਸ ਕਾਰਨ ਲੈਫਟੀਨੈਂਟ ਜਨਰਲ ਅਸਲਮ ਨੇ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲੈਂਦਿਆਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਸੀ। ਉਂਜ ਪਾਕਿਸਤਾਨੀ ਮਾਹਰ ਜਨਰਲ ਸ਼ਰੀਫ ਨੂੰ ਨਰਮਖਿਆਲ ਫੌਜੀ ਜਰਨੈਲ ਮੰਨਦੇ ਹਨ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਭਾਵੇਂ ਭਾਰਤ ਨਾਲ ਦੋਸਤਾਨਾ ਰਿਸ਼ਤਿਆਂ ਦੇ ਹਾਮੀ ਹਨ ਪਰ ਅਸਲ ਵਿਚ ਇਹ ਸਾਰਾ ਕੁਝ ਜਨਰਲ ਸ਼ਰੀਫ ਦੀ ਸੋਚ ਉਤੇ ਮੁਨੱਸਰ ਕਰਦਾ ਹੈ।

## ਰਹੀਲ ਸ਼ਰੀਫ ਦੀ ਨਿਯੁਕਤੀ 'ਤੇ ਤਾਲਿਬਾਨ ਖੁਸ਼

**ਪਿਸ਼ਾਵਰ:** ਪਾਕਿਸਤਾਨੀ ਤਾਲਿਬਾਨ ਨੇ ਜਨਰਲ ਰਹੀਲ ਸ਼ਰੀਫ ਨੂੰ ਪਾਕਿਸਤਾਨੀ ਫੌਜ ਦਾ ਮੁਖੀ ਬਣਾਏ ਜਾਣ ਪਿੱਛੋਂ ਫੌਜ ਦੇ ਸਭ ਤੋਂ ਸੀਨੀਅਰ ਜਰਨੈਲ ਲੈਫਟੀਨੈਂਟ ਜਨਰਲ ਹਾਰੂਨ ਅਸਲਮ ਵੱਲੋਂ ਅਸਤੀਫਾ ਦਿੱਤੇ ਜਾਣ ਦਾ ਸਵਾਗਤ ਕੀਤਾ ਹੈ।

ਜਨਰਲ ਅਸਲਮ ਨੂੰ 'ਸੇਵਾਤ ਵਾਦੀ ਵਿਚ ਮੁਸਲਮਾਨਾਂ ਦਾ ਕਾਤਲ' ਕਰਾਰ ਦਿੰਦਿਆਂ ਤਾਲਿਬਾਨ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਨੂੰ ਮੁਖੀ ਬਣਾ ਦਿੱਤਾ ਜਾਂਦਾ ਤਾਂ ਇਸ ਅਤਿਵਾਦੀ ਗਰੁੱਪ ਦੀ ਸਰਕਾਰ ਨਾਲ ਗੱਲਬਾਤ ਸੰਭਵ ਨਹੀਂ ਸੀ ਹੋਣੀ। ਤਾਲਿਬਾਨ ਨੇ ਕਿਹਾ ਕਿ ਹੁਣ ਉਹ ਪਾਕਿਸਤਾਨ ਨਾਲ ਗੱਲਬਾਤ ਸ਼ੁਰੂ ਕਰਨ ਬਾਰੇ ਸੋਚਣਗੇ। ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਵੀ ਨਵਾਂ ਫੌਜੀ ਮੁਖੀ ਚੁਣਦਿਆਂ ਸਿਆਣਪ ਦਾ ਸਬੂਤ ਦਿੱਤਾ ਹੈ।

# ਸ਼ੰਕਰਾਚਾਰੀਆ ਕਤਲ ਕੇਸ ਵਿਚੋਂ ਬਰੀ


**ਪੁੱਡੂਚੇਰੀ:** ਇਥੋਂ ਦੀ ਅਦਾਲਤ ਨੇ ਬਹੁ-ਚਰਚਿਤ ਸ਼ੰਕਰਰਮਨ ਕਤਲ ਕੇਸ ਵਿਚੋਂ ਕਾਂਚੀ ਸ਼ੰਕਰ ਮਠ ਦੇ ਸ਼ੰਕਰਾਚਾਰੀਆ ਜਾਏਂਦਰ ਸਰਸਵਤੀ ਤੇ ਉਨ੍ਹਾਂ ਦੇ ਜੂਨੀਅਰ ਵਿਜੇਂਦਰ ਸਰਸਵਤੀ ਸਮੇਤ 21 ਹੋਰਨਾਂ ਨੂੰ ਬਰੀ ਕਰ ਦਿੱਤਾ ਹੈ। ਇਸ ਕੇਸ ਵਿਚ ਕੁੱਲ 24 ਵਿਅਕਤੀਆਂ ਨੂੰ ਮੁਲਜ਼ਮ ਬਣਾਇਆ ਗਿਆ ਸੀ। ਇਨ੍ਹਾਂ ਵਿਚੋਂ ਇਕ ਕਥਿਆਰਵਨ ਦੀ ਇਸ ਸਾਲ ਹੱਤਿਆ ਕਰ ਦਿੱਤੀ ਗਈ ਸੀ।

ਜੱਜ ਨੇ ਕਿਹਾ ਕਿ ਗਵਾਹ ਕੇਸ ਦਾ ਸਮਰਥਨ ਨਹੀਂ ਕਰ ਸਕੇ ਕਿ ਦੋਵੇਂ ਸ਼ੰਕਰਾਚਾਰੀਆ ਜਾਏਂਦਰ ਅਤੇ ਵਿਜੇਂਦਰ ਸਤੰਬਰ 2004 ਵਿਚ ਮੰਦਰ ਪ੍ਰਬੰਧਕ ਦੇ ਕਤਲ ਦੀ ਸਾਜ਼ਸ਼ ਵਿਚ ਸ਼ਾਮਲ ਸਨ। ਸ਼ੰਕਰਾਰਮਨ ਦਾ ਕਤਲ ਤਿੰਨ ਸਤੰਬਰ, 2004 ਨੂੰ ਮੰਦਿਰ ਵਿਚ ਉਨ੍ਹਾਂ ਦੇ ਦਫਤਰ ਵਿਚ ਕਿਸੇ ਤੇਜ਼ਧਾਰ ਹਥਿਆਰ ਨਾਲ ਕੀਤਾ ਗਿਆ ਸੀ। ਦੋਵਾਂ ਸ਼ੰਕਰਾਚਾਰੀਆਂ ਵਿਰੁੱਧ ਵਿੱਤੀ ਹੇਰਾਫੇਰੀ ਦੇ ਦੋਸ਼ ਲਾਏ ਗਏ ਸਨ।

ਸ਼ਿਕਾਇਤ ਦਰਜ ਕੀਤੇ ਜਾਣ ਤੋਂ ਬਾਅਦ ਵਿਸ਼ਨੂੰਕਾਂਚੀ ਥਾਣੇ ਦੀ ਪੁਲਿਸ ਨੇ ਜਾਂਚ ਕਰਦਿਆਂ ਧਾਰਾ 302, 120 ਬੀ ਤੇ 34 ਦੇ ਤਹਿਤ ਮਾਮਲਾ ਦਰਜ ਕੀਤਾ ਸੀ। ਅਦਾਲਤੀ ਫ਼ੈਸਲੇ 'ਤੇ ਪ੍ਰਤੀਕਿਰਿਆ ਕਰਦਿਆਂ ਸ਼ੰਕਰਰਮਨ ਦੇ ਬੇਟੇ ਆਨੰਦ ਨੇ ਕਿਹਾ ਇਹ ਫ਼ੈਸਲਾ ਸਦਮਾ ਲਾਉਣ ਵਾਲਾ ਤੇ ਨਾਵਿਸ਼ਵਾਸ ਯੋਗ ਹੈ।

# ਲਿਬੜਾ ਤੇ ਬਾਹੋਮਾਜਰਾ ਪੌਣੀ ਸਦੀ ਪਹਿਲਾਂ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਅਮਰਜੀਤ ਸਿੰਘ ਲਿਬੜਾ ਦੇ ਅਕਾਲ ਚਲਾਣੇ ਨੇ ਮੇਰੇ ਸਾਹਮਣੇ ਉਸ ਦੇ ਜੱਦੀ ਪਿੰਡ ਲਿਬੜਾ ਦਾ ਪੌਣੀ ਸਦੀ ਪਹਿਲਾਂ ਦਾ ਨਕਸ਼ਾ ਲੈ ਆਂਦਾ ਹੈ। ਸੰਤਾਲੀ ਦੀ ਵੰਡ ਤੋਂ ਪਹਿਲਾਂ ਦਾ। ਉਦੋਂ ਮੈਂ ਨੇੜਲੇ ਪਿੰਡ ਬਾਹੋਮਾਜਰਾ ਵਿਚ ਮੁਢਲੀ ਵਿਦਿਆ ਪ੍ਰਾਪਤ ਕਰਨ ਲਈ ਆਪਣੀ ਮਾਸੀ ਕੋਲ ਰਹਿੰਦਾ ਸਾਂ। ਦੋਵੇਂ ਪਿੰਡ ਰਿਆਸਤ ਪਟਿਆਲਾ ਵਿਚ ਪੈਂਦੇ ਸਨ। ਲਿਬੜਾ ਖੰਨਾ ਮੰਡੀ ਤੋਂ ਚੌਥੇ ਕਿਲੋਮੀਟਰ ਉਤੇ ਛਪੜ ਦੇ ਕੰਢੇ ਇੱਕ ਨਿੱਕਾ ਜਿਹਾ ਭੱਟੀ ਜੱਟਾਂ ਦਾ ਪਿੰਡ ਸੀ ਤੇ ਬਾਹੋਮਾਜਰਾ ਥੋੜ੍ਹਾ ਪਹਿਲਾਂ ਕੰਗ ਜਗੀਰਦਾਰਾਂ ਦਾ ਵੱਡਾ ਪਿੰਡ। ਉਦੋਂ ਬਾਹੋਮਾਜਰਾ ਆਪਣੇ ਪਿੰਡ ਦੇ ਜੰਮੇ ਜਾਏ ਆਈ ਸੀ ਐਸ ਅਫਸਰ ਰਾਜਬੀਰ ਸਿੰਘ ਕੰਗ ਕਾਰਨ ਜਾਣਿਆ ਜਾਂਦਾ ਸੀ।

ਲਿਬੜਾ ਪਿੰਡ ਦੀ ਆਪਣੀ ਹੋਂਦ ਨਾ ਹੋਣ ਬਰਾਬਰ ਸੀ। ਉਥੋਂ ਦੇ ਬੱਚੇ ਬਾਹੋਮਾਜਰਾ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦੇ ਸਨ ਤੇ ਪਾਇਲ ਜਾ ਕੇ ਇਮਤਿਹਾਨ ਦਿੰਦੇ ਸਨ। ਅਮਰਜੀਤ ਲਿਬੜਾ ਦਾ ਪਿਤਾ ਅਜਾਇਬ ਸਿੰਘ ਸਾਡਾ ਹਾਣੀ ਸੀ। ਵਿਧਾਨ ਸਭਾ ਦਾ ਮੈਂਬਰ ਬਣਨ ਵਾਲਾ ਕਿਰਪਾਲ ਸਿੰਘ ਲਿਬੜਾ ਵੀ ਉਥੋਂ ਦਾ ਵਸਨੀਕ ਸੀ। ਲਿਬੜਾ ਨੂੰ ਸਿਖਰਾਂ ਛੂਹਾਣ ਵਾਲੇ ਕਿਰਪਾਲ ਤੇ ਅਜਾਇਬ ਦੇ ਪਿਤਾ ਜੀ ਤੇਜਾ ਸਿੰਘ ਤੇ ਮਹਿਮਾ ਸਿੰਘ ਸਨ ਜਿਨ੍ਹਾਂ ਨੇ ਇਧਰੋਂ ਓਧਰੋਂ ਪੈਸੇ ਇਕੱਠੇ ਕਰਕੇ ਪਹਿਲਾਂ ਇਕ ਵੈਗਨ ਖਰੀਦੀ, ਫਿਰ ਫਤਿਹਗੜ੍ਹ ਬੱਸ ਸਰਵਿਸ ਸ਼ੁਰੂ ਕੀਤੀ। ਇਸ ਨੂੰ ਪਟਿਆਲਾ ਬੱਸ ਸਰਵਿਸ ਦਾ ਰੂਪ ਦਿੱਤਾ ਤੇ ਉਸ ਤੋਂ ਪਿੱਛੋਂ ਲਿਬੜਾ ਬਸ ਸਰਵਿਸ ਦਾ। ਉਨ੍ਹਾਂ ਦੇ ਵਿਕਾਸ ਦੀਆਂ ਇਹ ਗੱਲਾਂ ਸਨ ਸੰਤਾਲੀ ਤੋਂ ਪਿੱਛੋਂ ਦੀਆਂ। ਮੇਰੇ ਵੇਲੇ ਤਾਂ ਮਹਿਮਾ ਸਿੰਘ ਤੇ ਤੇਜਾ ਸਿੰਘ ਦਾ ਪਿਤਾ ਰਾਮ ਕਿਸ਼ਨ ਬਾਹੋਮਾਜਰਾ ਵਾਲਿਆਂ ਤੋਂ ਪੈਸੇ ਲੈਣ ਆਉਂਦਾ ਸੀ। ਮੈਨੂੰ ਕਲ ਵਾਂਗ ਚੇਤੇ ਹੈ, ਉਹ ਸਿਰੜੀ ਪਿਤਾ ਕਿਵੇਂ ਮੇਰੇ ਸੇਵਾ ਮੁਕਤ ਡੰਗਰ ਡਾਕਟਰ ਮਾਸੜ ਦੀ ਘੰਟਿਆਂ ਬੱਧੀ ਉਡੀਕ ਕਰਦਾ ਸੀ। ਉਸ ਨੇ ਆਪਣੇ ਪੁੱਤਰਾਂ ਦੇ ਕਾਰੋਬਾਰ ਨੂੰ ਧੱਕਾ ਦੇਣਾ ਹੁੰਦਾ ਸੀ। ਉਸ ਦਾ ਸਿਰੜ ਤੇ ਉਦਮ ਹੀ ਸਮਝੋ ਜਿਸ ਨੇ ਆਪਣੇ ਪੁਤਰਾਂ ਦਾ ਹੀ ਨਹੀਂ ਪੂਰੇ ਪਿੰਡ ਦਾ ਨਾਂ ਰੌਸ਼ਨ ਕੀਤਾ। ਅੱਜ ਹਰ ਪਾਸੇ ਲਿਬੜਾ ਹੀ ਲਿਬੜਾ ਹੈ।

ਇਸ ਦੇ ਉਲਟ ਬਾਹੋਮਾਜਰਾ ਵਾਲੇ ਪੜ੍ਹਾਈ ਦੇ ਸਿਰ ਉਤੇ ਅੱਗੇ ਵਧੇ। ਜਸਟਿਸ ਸੁਖਦੇਵ ਸਿੰਘ ਕੰਗ ਕੇਰਲ ਰਾਜ ਦੇ ਗਵਰਨਰ ਦੀ ਪਦਵੀ ਤੱਕ ਪਹੁੰਚਿਆ। ਦਵਿੰਦਰ ਸਿੰਘ ਜ਼ਿਲ੍ਹਾ ਪ੍ਰੀਸ਼ਦ ਦੀ ਮੈਂਬਰੀ ਤੇ ਖੰਨਾ ਟਰੱਕ ਯੂਨੀਅਨ ਦੀ ਪ੍ਰਧਾਨਗੀ ਤੱਕ। ਹੁਣ ਨਵਰੀਤ ਕੰਗ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਦਾ ਕੰਮ ਦੇਖਦਾ ਰਿਹਾ ਹੈ। ਇਨ੍ਹਾਂ ਦੇ ਵੱਡਿਆਂ ਪ੍ਰੀਤਮ ਸਿੰਘ ਹੁਰਾਂ ਵੀ ਟਰੱਕ ਪਾਏ ਤੇ ਲਿੱਬੜੇ ਵਾਲਿਆਂ ਨਾਲ ਖੂਬ ਨਿਭਾਈ।

ਸਾਡੇ ਬਚਪਨ ਵਿਚ ਸਾਡੀ ਉਮਰ ਦੇ ਬੱਚੇ ਵਰਦੀਆਂ ਪਾ ਕੇ ਸਕੂਲ ਨਹੀਂ ਸਨ ਜਾਂਦੇ। ਅਸੀਂ ਕਈ ਸਾਂ। ਜਰਮਨੀ ਬੈਠਾ ਮੇਰਾ ਹਮਜਮਾਤੀ ਮਾਮਾ ਸਵਰਨ ਸਿੰਘ ਭੰਗੂ, ਸਾਡੇ ਵਰਗਾ ਹੀ ਨਿਰਪਾਲ ਸਿੰਘ ਕੰਗ ਜੋ ਬਾਅਦ ਵਿਚ ਮੇਰੀ ਛੋਟੀ ਮਾਸੀ ਨੂੰ ਵਿਆਹਿਆ ਗਿਆ। ਜਸਟਿਸ ਕੰਗ ਦੇ ਦੋਵੇਂ ਭਰਾ ਦਵਿੰਦਰ ਤੇ ਰਾਜਿੰਦਰ। ਸਾਡਾ ਬੜਾ ਪਿਆਰ ਸੀ। ਖੇਡਣ ਲਈ ਖਿੱਦੋ ਖੂੰਡੀ ਤੇ ਤੀਰ ਕਮਾਨ ਵੀ ਖੁਦ ਬਣਾਉਂਦੇ ਸਾਂ। ਕਾਪੀਆਂ ਦੀ ਥਾਂ ਪੱਥਰ ਦੀਆਂ ਸਲੇਟਾਂ ਤੇ ਲੱਕੜ ਦੀਆਂ ਫੱਟੀਆਂ ਉਤੇ ਲਿਖਦੇ ਸਾਂ। ਫੱਟੀ ਸਾਫ ਕਰਨ ਲਈ ਗਾਚਣੀ ਪਿੰਡ ਦੇ ਟੋਭੇ ਵਿਚੋਂ ਕੱਢੀ ਜਾਂਦੀ ਸੀ।

ਮੇਰੀ ਬਾਹੋਮਾਜਰਾ ਤੇ ਲਿਬੜਾ ਦੀ ਮਿੱਟੀ ਨੂੰ ਸਲਾਮ। ਵਿਛੜ ਗਈਆਂ ਸੰਜਮੀ ਤੇ ਉਦਮੀ ਰੂਹਾਂ ਨੂੰ ਵੀ।

**ਮਾਲਦੀਵ ਦਾ ਨਵਾਂ ਰਾਸ਼ਟਰਪਤੀ:** ਮਾਲਦੀਵ ਵਿਚ 2008 ਤੱਕ ਤਿੰਨ ਦਹਾਕੇ ਤੋਂ ਵੱਧ ਡਿਕਟੇਟਰ ਰਹੇ ਮੌਮੂਨ ਅਬਦੁਲ ਗਯੂਮ ਦੇ ਮਤ੍ਰੇਏ ਪਿਤਾ ਦੇ ਪੁੱਤਰ ਅਬਦੁੱਲਾ ਯਾਮੀਨ ਦੇ ਰਾਸ਼ਟਰਪਤੀ ਚੁਣੇ ਜਾਣ ਨੇ ਮੈਨੂੰ 1976 ਵਿਚ ਮਹੀਨਾ ਭਰ ਓਥੇ ਰਹਿ ਕੇ ਵੇਖੇ ਜਾਣੇ ਇਸ ਇਸਲਾਮਿਕ ਦੇਸ਼ ਦੇ ਦੰਪਤੀ ਸਰੋਕਾਰਾਂ ਦੀ ਯਾਦ ਦਿਲਵਾ ਦਿੱਤੀ ਹੈ। ਉਥੇ ਕੋਈ ਵੀ ਮਰਦ ਜਿੰਨੇ ਮਰਜ਼ੀ ਵਿਆਹ ਕਰ ਸਕਦਾ ਸੀ ਪਰ ਇਕ ਸਮੇਂ ਇੱਕ ਤੋਂ ਵੱਧ ਬੀਵੀਆਂ ਰੱਖਣ ਦੀ ਮਨਾਹੀ ਸੀ। ਜੇ ਉਸ ਨੇ ਤੀਜੀ ਵਾਰ ਆਪਣੀ ਪਹਿਲੀ ਬੀਵੀ ਨਾਲ ਵਿਆਹ ਕਰਨਾ ਹੁੰਦਾ ਸੀ ਤਾਂ ਉਸ ਦੀ ਬੀਵੀ ਦਾ ਕਾਨੂੰਨੀ ਤੌਰ 'ਤੇ ਕਿਸੇ ਹੋਰ ਦੀ ਪਤਨੀ ਰਹੇ ਹੋਣਾ ਲਾਜ਼ਮੀ ਸੀ ਭਾਵੇਂ ਇੱਕ ਅੱਧ ਰਾਤ ਲਈ ਹੋਵੇ। ਨਵਾਂ ਰਾਸ਼ਟਰਪਤੀ ਆਪਣੀ ਮਾਂ ਦੇ ਉਸ ਪਤੀ ਦਾ ਪੁੱਤਰ ਹੈ ਜਿਸ ਦਾ ਨਾਂ ਅਬਦੁਲ ਗਯੂਮ ਨਹੀਂ ਸੀ। ਉਸ ਨੇ ਹਰਮਨ ਪਿਆਰੇ ਮੁਹੰਮਦ ਨਾਸ਼ੀਦ ਨੂੰ, ਜਿਸ ਨੇ ਉਸ ਦੇ ਅੱਧੇ ਭਰਾ ਦੀ ਤਿੰਨ ਦਹਾਕੇ ਦੀ ਡਿਕਟੇਟਰਸ਼ਿਪ ਖਤਮ ਕੀਤੀ ਸੀ, ਹਰਾਉਣ ਵਾਸਤੇ ਰਾਤੋ ਰਾਤ ਉਥੋਂ ਦੀ 23.34% ਵੋਟਾਂ ਲੈਣ ਵਾਲੀ ਜਮਹੂਰੀ ਪਾਰਟੀ ਨੂੰ ਇਹ ਕਹਿ ਕੇ ਗੰਢਿਆ ਦੱਸਿਆ ਜਾਂਦਾ ਹੈ ਕਿ ਉਸ ਨੂੰ 30% ਸਰਕਾਰੀ ਨੌਕਰੀਆਂ ਦਿੱਤੀਆਂ ਜਾਣਗੀਆਂ। ਕੱਲ ਨੂੰ ਕੀ ਹੁੰਦਾ ਹੈ? ਸਮਾਂ ਦੱਸੇਗਾ। ਚੇਤੇ ਰਹੇ ਕਿ ਇਸ ਦੇਸ਼ ਦੇ ਹਾਕਮ ਤੇ ਡਿਕਟੇਟਰ ਦੀ ਫ਼ੌਜ ਤੇ ਪੁਲਿਸ ਕੋਲ ਡੰਡੇ ਤੋਂ ਵੱਡਾ ਕੋਈ ਹਥਿਆਰ ਨਹੀਂ ਸੀ ਹੁੰਦਾ ਤੇ ਇਸ ਦੇਸ਼ ਆਉਣ ਵਾਲੇ ਹਰ ਵਿਅਕਤੀ ਦਾ ਹਥਿਆਰ ਪ੍ਰਵੇਸ਼ ਸਮੇਂ ਰਖਿਆ ਦੱਲ ਜ਼ਬਤ ਕਰ ਲੈਂਦੇ ਹਨ ਭਾਵੇਂ ਉਹ ਇਕ ਫੁਟੀ ਕਿਰਪਾਨ ਹੀ ਹੋਵੇ।

**ਗੁਰਭਜਨ ਗਿੱਲ ਦੇ ਕਾਵਿ ਤੰਦੂਰ ਦਾ ਤਾਪ:** ਗੁਰਭਜਨ ਗਿੱਲ ਆਪਣੀ ਅਠਵੀਂ ਕਾਵਿ ਪੁਸਤਕ ਲੈ ਕੇ ਹਾਜ਼ਰ ਹੈ। ਦੋ ਗ਼ਜ਼ਲ ਸੰਗ੍ਰਹਿ ਵੀ ਦੇ ਚੁੱਕਾ ਹੈ। ਕਵਿਤਾਵਾਂ, ਗੀਤਾਂ ਤੇ ਗਜ਼ਲਾਂ ਦੇ ਇਸ ਗੁਲਦਸਤੇ ਦਾ ਨਾਂ 'ਮਨ ਤੰਦੂਰ' ਹੈ। ਕਵੀ ਨੂੰ ਨਾਂ ਰੱਖਣੇ ਆਉਂਦੇ ਹਨ। ਅਗਨ ਕਥਾ, ਫੁੱਲਾਂ ਦੀ ਝਾਂਜਰ, ਮੋਰ ਪੰਖ, ਬੋਲ ਮਿਟੀ ਦਿਆ ਬਾਵਿਆ



ਗੁਰਭਜਨ ਗਿੱਲ

ਵਰਗੇ। ਉਸ ਨੇ ਤਾਪ ਤੇਜ ਨਾਲ ਤੰਦੂਰ ਹੋਏ ਮਨ ਦੀਆਂ ਇਹ ਰਚਨਾਵਾਂ ਅਨਪੜ੍ਹ ਮਾਪਿਆਂ ਨੂੰ ਸਮਰਪਤ ਕੀਤੀਆਂ ਹਨ, ਜਿਨ੍ਹਾਂ ਨੂੰ ਉਸ ਦੇ ਸ਼ਬਦਾਂ ਵਿਚ ਸਿਖਿਆ ਦਾ ਮਹੱਤਵ ਪੜ੍ਹੇ ਲਿਖਿਆਂ ਨਾਲੋਂ ਕਿਤੇ ਵੱਧ ਸੀ। ਉਸ ਦੇ ਆਪਣੇ ਪਿਤਾ ਬਾਰੇ ਬੋਲ ਹੀ ਦੇਖੋ,

ਘਰ ਤੋਂ ਮੰਜ਼ਿਲ ਤੀਕ ਪਹੁੰਚਦੇ,
ਮਿੱਥ ਕੇ ਪਹਿਲਾਂ ਦਾਈਆ
ਸੁਪਨੇ ਵਿਚ ਵੀ ਮੈਂ ਨਹੀਂ ਦੇਖੇ,
ਖੜੇ ਕਿਤੇ ਅਧਵਾਟੇ।

ਗੁਰਭਜਨ ਵੀ ਮੰਜ਼ਲ ਦੇ ਪੈਂਡਿਆਂ ਨੂੰ ਪਹਿਚਾਨਣ ਵਿਚ ਕਿਸੇ ਤੋਂ ਪਿੱਛੇ ਨਹੀਂ,

ਮੇਘਲਾ ਬਰਸਾਤ ਮੰਗਣ ਧਰਤ ਵਾਲੇ
ਬਦਲੀਆਂ ਦੇ ਦਰਦ ਨੂੰ ਕਿਸ ਗੌਲਿਆ ਹੈ।

ਉਹ ਜੀਵਨ ਦੇ ਸਾਰੇ ਰੰਗਾਂ ਨੂੰ ਗੌਲਦਾ, ਪਹਿਚਾਣਦਾ ਤੇ ਸਮਝਦਾ ਹੈ।

ਨੱਕ ਰਗੜਦੈਂ, ਤਾਨੀ ਬਣਦੈਂ, ਭੁਲੀਂ ਨਾਂਹ
ਚੋਰ ਮਨਾਂ ਦੇ ਏਦਾਂ ਕਿੱਥੇ ਮਰਦੇ ਨੇ।

'ਮਨ ਤੰਦੂਰ' ਦੀ ਹੰਢਾਈ ਤੇ ਗੁਰਭਜਨ ਗਿੱਲ ਦੀ ਬਿਆਨੀ ਇਹ ਸੋਚ ਪਿਆਰੀ ਵੀ ਹੈ ਤੇ ਸਵਾਗਤਮਈ ਵੀ। ਜੀ ਆਇਆਂ ਨੂੰ!

**ਅੰਤਿਕਾ:** (ਅਮਰਜੀਤ ਘੁੰਮਣ ਦੀ 'ਬਿਰਤੀ' ਵਿਚੋਂ)

ਰੁੱਖ ਆਖੇ ਛਾਂਗ ਜਿੰਨਾ ਮਰਜ਼ੀ
ਜੜ੍ਹ ਨਾ ਕੱਟੀਂ ਪਰ!
ਵਢ ਲੈ ਤੇ ਝਾੜ ਲੈ ਪੱਤੇ
ਤਣਾ ਨਾ ਤੋੜੀਂ ਪਰ
ਮੂੰਹ ਨਾ ਮੋੜੀ!

# ਸਿੱਖ ਹਵਾਈ ਮੁਸਾਫਰਾਂ ਲਈ ਨਵੀਂ ਮੋਬਾਈਲ ਐਪ

**ਵਾਸ਼ਿੰਗਟਨ:** ਅਮਰੀਕਾ ਵਿਚ ਸਿੱਖ ਕਾਰਕੁਨਾਂ ਨੇ ਭਾਈਚਾਰੇ ਨਾਲ ਸਬੰਧਤ ਮੁਸਾਫ਼ਰਾਂ ਨਾਲ ਦੇਸ਼ ਦੇ ਵੱਖ-ਵੱਖ ਹਵਾਈ ਅੱਡਿਆਂ 'ਤੇ ਵਾਪਰਦੀਆਂ ਘਟਨਾਵਾਂ ਦੀ ਸ਼ਿਕਾਇਤ ਕਰਨ ਲਈ ਸੋਧੀ ਹੋਈ ਸਮਾਰਟਫੋਨ ਐਪਲੀਕੇਸ਼ਨ ਸ਼ੁਰੂ ਕੀਤੀ ਹੈ।ਸਿੱਖ ਕੁਲੀਸ਼ਨ ਨਾਮੀ ਜਥੇਬੰਦੀ ਮੁਤਾਬਕ ਮੁਫ਼ਤ ਡਾਊਨਲੋਡ ਕਰਨਯੋਗ ਐਪ ਫਲਾਈ ਰਾਈਟਸ ਰਾਹੀਂ ਮੁਸਾਫ਼ਰ ਆਪਣੇ ਸਰੋਕਾਰ ਫੌਰੀ ਤੌਰ 'ਤੇ ਯੂ.ਐਸ ਟ੍ਰਾਂਸਪੋਰਟੇਸ਼ਨ ਸਕਿਉਰਟੀ ਐਡਮਿਨਿਸਟ੍ਰੇਸ਼ਨ ਤੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਟੀ ਨੂੰ ਭੇਜ ਸਕਣਗੇ।

ਸਿੱਖ ਕੁਲੀਸ਼ਨ ਦੇ ਪ੍ਰੋਗਰਾਮ ਡਾਇਰੈਕਟਰ ਅਮਰਦੀਪ ਸਿੰਘ ਮੁਤਾਬਕ ਫਲਾਈ ਰਾਈਟਸ ਦੇ ਵਰਤੋਂਕਾਰਾਂ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਉਹ ਆਪਣੇ ਆਪ ਮਾਮਲੇ ਰਿਪੋਰਟ ਲਈ ਟੀ.ਐਸ.ਏ ਉਤੇ ਅੱਖਾਂ ਮੀਟ ਕੇ ਯਕੀਨ ਨਹੀਂ





ਕਰ ਸਕਦੇ। ਕਿਸੇ ਸੁਤੰਤਰ ਲੇਖਾਕਾਰ ਨੂੰ ਟੀ.ਐਸ.ਏ ਦੀਆਂ ਸਕਰੀਨਿੰਗ ਵਿਧੀਆਂ ਦਾ ਜਾਇਜ਼ਾ ਲੈਣਾ ਚਾਹੀਦਾ ਤੇ ਇਸ ਦਾ ਜਨਤਕ ਤੌਰ 'ਤੇ ਖ਼ੁਲਾਸਾ ਕਰਨਾ ਚਾਹੀਦਾ ਹੈ। ਤਦ ਹੀ ਅਸੀਂ ਜਾਣ ਸਕਾਂਗੇ ਕਿ ਕੀ ਟੀ.ਐਸ.ਏ ਆਪਣੀਆਂ ਵਿਤਕਰੇ ਵਿਰੋਧੀ ਨੀਤੀਆਂ ਪ੍ਰਤੀ ਸੁਹਿਰਦ ਹੈ ਜਾਂ ਨਹੀਂ।

ਜਦੋਂ ਤੱਕ ਇਹ ਨਹੀਂ ਹੁੰਦਾ ਉਦੋਂ ਤੱਕ ਅਸੀਂ ਲੋਕਾਂ ਨੂੰ ਫਲਾਈ ਰਾਈਟਸ ਡਾਊਨਲੋਡ ਤੇ ਵਰਤੋਂ ਕਰਕੇ ਟੀ.ਐਸ.ਏ ਨੂੰ ਜਵਾਬਦੇਹ ਬਣਾਉਣ ਦੀ ਅਪੀਲ ਕਰਦੇ ਹਾਂ। ਅਪਡੇਟ ਕੀਤੀ 'ਫਲਾਈ ਰਾਈਟਸ 2.0' ਆਪਣੀ ਸ਼ਿਕਾਇਤ ਦੀਆਂ ਕਾਪੀਆਂ ਸੰਸਦ ਮੈਂਬਰ ਨੂੰ ਵੀ ਭੇਜ ਸਕਦੇ ਹਨ ਤੇ ਇਸ 'ਤੇ ਉਹ ਨਕਸ਼ੇ ਵੀ ਹਨ ਜੋ ਉਨ੍ਹਾਂ ਹਵਾਈ ਅੱਡਿਆਂ ਦੀ ਨਿਸ਼ਾਨਦੇਹੀ ਕਰਦੇ ਹਨ ਜਿਥੇ ਸਿੱਖ ਮੁਸਾਫ਼ਰਾਂ ਨਾਲ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਅਮਰੀਕੀ ਕਾਨੂੰਨਸਾਜ਼ਾਂ ਨੇ ਇਹ ਐਪ ਵਿਕਸਤ ਕੀਤੇ ਜਾਣ ਦਾ ਸਵਾਗਤ ਕੀਤਾ ਹੈ।

# ਸਿੱਖ ਅਦਾਕਾਰ ਦੇ ਪੋਸਟਰ ਦੀ ਬੇਅਦਬੀ ਦਾ ਲਿਆ ਨੋਟਿਸ

**ਵਾਸ਼ਿੰਗਟਨ:** ਇਕ ਸਬਵੇਅ ਵਿਚ ਸਿੱਖ ਅਦਾਕਾਰ ਤੇ ਜਿਊਲਰੀ ਡਿਜ਼ਾਈਨਰ ਵਾਰਿਸ ਆਹਲੂਵਾਲੀਆ ਦੀ ਤਸਵੀਰ ਵਾਲੇ ਇਸ਼ਤਿਹਾਰ ਦੀ ਬੇਹੁਰਮਤੀ ਬਾਰੇ ਇਕ ਸੀਨੀਅਰ ਮੁਸਲਿਮ ਸੰਪਾਦਕ ਵੱਲੋਂ ਧਿਆਨ ਖਿੱਚਣ ਤੋਂ ਬਾਅਦ ਸ਼ਿੰਗਾਰ ਸਮੱਗਰੀ ਬਣਾਉਣ ਵਾਲੀ ਕੰਪਨੀ 'ਗੈਪ' ਨੇ ਤੁਰਤ-ਫੁਰਤ ਕਾਰਵਾਈ ਕੀਤੀ ਹੈ।

ਦਿ ਇਸਲਾਮਿਕ ਮੰਥਲੀ ਦੇ ਸੀਨੀਅਰ ਸੰਪਾਦਕ ਤੇ ਦਿ ਮੁਸਲਿਮ ਰਾਇ ਡੌਟ ਕੌਮ ਦੇ ਬਾਨੀ ਆਰਸਲਨ ਇਫਤਿਖ਼ਾਰ ਨੇ ਟਵਿਟਰ ਤੇ ਫੇਸਬੁੱਕ ਦੇ ਆਪਣੇ ਸਫ਼ੇ 'ਤੇ ਵਾਰਿਸ ਆਹਲੂਵਾਲੀਆ ਦੇ ਮੰਦਭਾਵਨਾ ਨਾਲ ਮਧੋਲੇ ਗਏ ਇਸ਼ਤਿਹਾਰ ਦੀ ਤਸਵੀਰ ਪਾਈ ਹੋਈ ਹੈ ਜਿਸ ਦੀ ਕੈਪਸ਼ਨ ਵਿਚ ਲਿਖਿਆ ਹੈ 'ਪਿਆਰ ਕਰੋ, ਬੰਬ



ਨਾ ਬਣਾਓ, ਕ੍ਰਿਪਾ ਕਰਕੇ ਪੋਸਟਰ 'ਤੇ ਗੱਡੀਆਂ ਦੇ ਟਾਇਰ ਨਾ ਚੜ੍ਹਾਓ।'

ਇਫਤਿਖ਼ਾਰ ਨੇ ਕਿਹਾ ਕਿ ਜਦੋਂ ਉਸ ਨੇ ਇਹ ਤਸਵੀਰ ਦੇਖੀ ਤਾਂ ਉਸ ਦੇ ਮਨ ਵਿਚ ਆਇਆ ਕਿ ਦੁਨੀਆ ਨੂੰ ਦੱਸਿਆ ਜਾਵੇ ਕਿ ਅੱਜ ਅਮਰੀਕਾ ਵਿਚ ਕਣਕਵੰਨੇ ਰੰਗ ਦੇ ਲੋਕਾਂ ਨੂੰ ਕੁਝ ਵਿਅਕਤੀਆਂ ਵੱਲੋਂ ਕਿੰਨੀ ਕੈਰੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਤਸਵੀਰ ਪੋਸਟ ਕੀਤੇ ਜਾਣ ਤੋਂ ਇਕ ਦਿਨ ਬਾਅਦ ਹੀ ਗੈਪ ਨੇ ਇਫਤਿਖ਼ਾਰ ਨੂੰ ਸੰਦੇਸ਼ ਭੇਜ ਕੇ ਇਸ਼ਤਿਹਾਰ ਵਾਲੀ ਜਗ੍ਹਾ ਦੀ ਨਿਸ਼ਾਨਦੇਹੀ ਕਰਨ ਲਈ ਮਦਦ ਮੰਗੀ।

# ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਸ਼ਿਕਾਇਤ ਨਿਵਾਰਨ ਸੇਵਾ ਸ਼ੁਰੂ

**ਅੰਮ੍ਰਿਤਸਰ:** ਏਅਰ ਪੋਰਟ ਅਥਾਰਟੀ ਆਫ਼ ਇੰਡੀਆ (ਏ.ਏ.ਆਈ) ਵੱਲੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਵਿਖੇ ਵਿਸ਼ਵ ਪੱਧਰੀ ਸਹੂਲਤਾਂ ਮੁਹੱਈਆ ਕਰਦਿਆਂ ਮੋਬਾਈਲ ਆਧਾਰਤ ਲੋਕ ਸ਼ਿਕਾਇਤ ਨਿਵਾਰਨ ਸੇਵਾ ਸ਼ੁਰੂ ਕੀਤੀ ਗਈ ਜਿਸ ਦਾ ਉਦਘਾਟਨ ਏ.ਏ.ਆਈ. ਦੇ ਚੇਅਰਮੈਨ ਵੀ.ਪੀ ਅਗਰਵਾਲ ਨੇ ਕੀਤਾ। ਇਸ ਮੌਕੇ ਉਨ੍ਹਾਂ ਆਖਿਆ ਕਿ ਪੰਜਾਬ ਵਿਚ ਹਵਾਈ ਸੇਵਾ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਏ.ਏ.ਆਈ ਵੱਲੋਂ ਪੰਜਾਬ ਸਰਕਾਰ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।

ਸ੍ਰੀ ਅਗਰਵਾਲ ਨੇ ਕਿਹਾ ਕਿ ਇਹ ਸੇਵਾ ਹੁਣ ਤੱਕ ਭਾਰਤ ਵਿਚ ਤਿੰਨ ਅੰਤਰਾਸ਼ਟਰੀ ਹਵਾਈ ਅੱਡਿਆਂ 'ਤੇ ਸ਼ੁਰੂ ਕੀਤੀ ਗਈ ਹੈ ਜਿਨ੍ਹਾਂ ਵਿਚ ਅੰਮ੍ਰਿਤਸਰ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਇਹ ਸਹੂਲਤ ਤਿਰੁਚਿਰਪੱਲੀ ਤੇ ਭੁਵਨੇਸ਼ਵਰ ਦੇ ਹਵਾਈ ਅੱਡਿਆਂ 'ਤੇ ਵੀ ਸਥਾਪਤ ਕੀਤੀ ਗਈ ਹੈ। ਏ.ਏ.ਆਈ ਵੱਲੋਂ ਪੰਜਾਬ ਵਿਚ ਪੰਜ ਹਵਾਈ ਅੱਡਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਿਨ੍ਹਾਂ ਵਿਚ ਦੋ ਅੰਤਰਰਾਸ਼ਟਰੀ ਹਵਾਈ ਅੱਡੇ ਅੰਮ੍ਰਿਤਸਰ ਤੇ ਮੁਹਾਲੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਘਰੇਲੂ ਹਵਾਈ ਉਡਾਣਾਂ ਲਈ ਬਠਿੰਡਾ, ਪਠਾਨਕੋਟ ਤੇ ਲੁਧਿਆਣੇ ਦੇ ਹਵਾਈ ਅੱਡੇ ਵੀ ਤਿਆਰ ਹਨ।



ਇਨ੍ਹਾਂ ਤੋਂ ਛੇਤੀ ਹੀ ਘਰੇਲੂ ਉਡਾਣਾਂ ਸ਼ੁਰੂ ਹੋ ਜਾਣਗੀਆਂ।

ਉਨ੍ਹਾਂ ਆਖਿਆ ਕਿ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਵਿਖੇ ਯਾਤਰੂਆਂ ਦੀ ਆਮਦ ਨੂੰ ਉਤਸ਼ਾਹਤ ਕਰਨ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਇਸ ਹਵਾਈ ਅੱਡੇ ਦਾ ਢਾਂਚਾ ਵਿਸ਼ਵ ਭਰ ਤੋਂ ਆਉਣ ਵਾਲੇ ਯਾਤਰੀਆਂ ਨੂੰ ਧਿਆਨ ਵਿਚ ਰੱਖ ਕੇ ਸਥਾਪਤ ਕੀਤਾ ਗਿਆ ਹੈ, ਜਿਥੇ 24 ਘੰਟੇ ਹੈਲਪ ਡੈਸਕ ਦੀ ਸਹੂਲਤ, ਵਾਈ ਫਾਈ ਤੇ ਜੀ.ਆਰ.ਪੀ.ਐਸ ਦੀ ਸਮਰਥਾ ਵਾਲਾ ਡਾਟਾ ਕੈਪਚਰ ਟਰਮੀਨਲ ਤੇ ਹੋਰ ਸ਼ਾਮਲ ਹੈ।

ਹਵਾਈ ਜਹਾਜ ਕੰਟਰੋਲ ਮੈਨੇਜਮੈਂਟ ਤਹਿਤ ਇਥੇ ਏਅਰ ਨੇਵੀਗੇਸ਼ਨ ਸਹੂਲਤ ਸਥਾਪਤ ਕੀਤੀ ਗਈ ਹੈ ਜਿਸ ਵਿਚ ਆਈ.ਐਲ.ਐਸ. ਕੈਟ-2 ਦੀ ਸਹੂਲਤ ਸ਼ਾਮਲ ਹੈ, ਜਿਸ ਤਹਿਤ ਹਵਾਈ ਜਹਾਜ਼ ਨੂੰ ਸੰਘਣੀ ਧੁੰਦ ਵਿਚ ਵੀ ਇਸ ਹਵਾਈ ਅੱਡੇ 'ਤੇ ਸੁਖਾਲੇ ਢੰਗ ਨਾਲ ਉਤਾਰਿਆ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਦੇ ਹਵਾਈ ਅੱਡੇ ਦਾ ਰਨ ਵੇਅ 12 ਹਜ਼ਾਰ ਫੁੱਟ ਲੰਮਾ ਹੈ ਜੋ ਕਿ ਉਤਰੀ ਭਾਰਤ ਵਿਚ ਏ.ਏ.ਆਈ ਦੇ ਪ੍ਰਬੰਧ ਹੇਠ ਚੱਲ ਰਹੇ ਹਵਾਈ ਅੱਡਿਆਂ ਵਿਚੋਂ ਸਭ ਤੋਂ ਲੰਮਾ ਰਨ ਵੇਅ ਹੈ। ਛੇਤੀ ਹੀ ਇਥੇ ਹਵਾਈ ਅੱਡੇ 'ਤੇ ਦੋ ਨਵੇਂ ਐਰੋ ਬ੍ਰਿਜ ਵੀ ਸਥਾਪਤ ਕੀਤੇ ਜਾ ਰਹੇ ਹਨ ਜਿਸ ਨਾਲ ਇਥੇ ਐਰੋ ਬ੍ਰਿਜਾਂ ਦੀ ਗਿਣਤੀ ਦੋਗਣੀ ਹੋ ਜਾਵੇਗੀ।

ਹਵਾਈ ਅੱਡੇ ਦੇ ਡਾਇਰਕਟਰ ਸੁਨੀਲ ਦੱਤ ਨੇ ਨਵੀਂ ਸਥਾਪਤ ਕੀਤੀ ਸੇਵਾ ਬਾਰੇ ਦੱਸਿਆ ਕਿ ਇਸ ਯੋਜਨਾ ਤਹਿਤ ਯਾਤਰੂ ਈ ਮੇਲ ਰਾਹੀਂ ਆਪਣੀ ਸ਼ਿਕਾਇਤ ਤੇ ਸੁਝਾਅ ਭੇਜ ਸਕਦੇ ਹਨ। ਇਸ ਤੋਂ ਇਲਾਵਾ ਇਥੇ ਫਾਰਮ ਭਰ ਕੇ ਵੀ ਆਪਣੀ ਸ਼ਿਕਾਇਤ ਤੇ ਸੁਝਾਅ ਦੇ ਸਕਦੇ ਹਨ। ਇਸ ਸਹੂਲਤ ਲਈ ਯਾਤਰੀ ਨੂੰ ਆਪਣੇ ਮੋਬਾਈਲ ਫੋਨ 'ਤੇ ਸਿਰਫ਼ ਇਕ 'ਐਪਲੀਕੇਸ਼ਨ' ਡਾਊਨ ਲੋਡ ਕਰਨਾ ਹੋਵੇਗਾ।

## ਸੜਕ ਹਾਦਸੇ ਵਿਚ ਪੰਜਾਬੀ ਸਮੇਤ ਤਿੰਨ ਹਲਾਕ

**ਡੈਲਸ (ਬਿਊਰੋ):** ਇਥੇ ਫਰੀਵੇਅ 40 ਉਪਰ ਇਕ ਸੜਕ ਹਾਦਸੇ ਵਿਚ ਇਕ ਪੰਜਾਬੀ ਟਰੱਕ ਡਰਾਈਵਰ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਮਰਨ ਵਾਲਾ ਪੰਜਾਬੀ ਮੈਰੀਲੈਂਡ ਦਾ 45 ਸਾਲਾ ਭੁਪਿੰਦਰ ਸਿੰਘ ਦਿਓਲ ਪੁੱਤਰ ਦਰਸ਼ਨ ਸਿੰਘ ਦਿਓਲ ਹੈ। ਹਾਦਸੇ ਸਮੇਂ ਭੁਪਿੰਦਰ ਸਿੰਘ ਆਪਣਾ ਟਰੱਕ ਚਲਾ ਰਿਹਾ ਸੀ।

ਹਾਦਸੇ ਵਿਚ ਭੁਪਿੰਦਰ ਬਿਨਾ ਕਿਸੇ ਸੱਟ ਫੇਟ ਦੇ ਬਚ ਗਿਆ ਸੀ ਪਰ ਟਰੱਕ ਵਿਚੋਂ ਉਤਰ ਕੇ ਇਸ ਹਾਦਸੇ ਵਿਚ ਜ਼ਖਮੀ ਹੋਏ ਦੋ ਗੋਰੇ ਕਾਰ ਸਵਾਰਾਂ ਦੀ ਮਦਦ ਕਰ ਰਿਹਾ ਸੀ ਕਿ ਅਚਾਨਕ ਇਕ ਕਾਰ ਪਿੱਛੋਂ ਆਣ ਕੇ ਉਸ ਵਿਚ ਵੱਜੀ ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਹ ਪੰਜਾਬ ਦੇ ਕਸਬਾ ਅਹਿਮਦਗੜ੍ਹ ਤੋਂ ਸੀ ਅਤੇ ਪਿਛਲੇ 14 ਸਾਲਾਂ ਤੋਂ ਮੈਰੀਲੈਂਡ ਸਟੇਟ ਦੇ ਗੈਥਰਸਬਰਗ ਸ਼ਹਿਰ ਵਿਚ ਰਹਿੰਦਾ ਸੀ। ਭੁਪਿੰਦਰ ਸਿੰਘ ਦਿਓਲ ਦੀ ਭੂਆ ਗੁਰਨਿੰਦਰ ਕੌਰ ਪੰਜਾਬ ਵਿਚ ਵਿਧਾਇਕਾ ਹੈ।

## ਪੰਜਾਬੀ ਗਾਇਕੀ ਦੇ ਅੰਦਰ-ਬਾਹਰ

# ਜਦੋਂ ਗਾਇਕਾਂ ਨੇ ਮੈਨੂੰ ਮਾਰੂਤੀ ਕਾਰ ਭੇਟ ਕੀਤੀ



ਐਸ. ਅਸ਼ੋਕ ਭੌਰਾ

ਮੈਂ ਉਨ੍ਹਾਂ ਖੁਸ਼ਕਿਸਮਤ ਲੋਕਾਂ ਵਿਚੋਂ ਹਾਂ ਜਿਨ੍ਹਾਂ ਨੇ ਪੈਸੇ ਨਾਲ ਨਹੀਂ, ਸ਼ਬਦਾਂ ਦੇ ਸਹਾਰੇ ਦੁਨੀਆਂ ਦੇ ਇਕੱਤੀ ਦੇਸ਼, ਸਣੇ ਅਰਬ ਅਤੇ ਯੂਰਪ ਦੇਖੇ ਹਨ। ਆਮ ਲੇਖਕਾਂ ਵਾਂਗ ਕਿਤਾਬਾਂ ਮੈਂ ਵੀ ਬਹੁਤ ਪੜ੍ਹੀਆਂ ਹਨ ਪਰ ਬਲਵੰਤ ਗਾਰਗੀ ਦੇ ਕਹਿਣ ਵਾਂਗ ਬੰਦਾ ਇਕ ਵੀ ਪੜ੍ਹਨਾ ਸੰਭਵ ਨਹੀਂ ਹੋ ਸਕਿਆ। ਹਾਲੇ ਤੱਕ ਮੈਨੂੰ ਇਸ ਗੱਲ ਦੀ ਸਮਝ ਨਹੀਂ ਪਈ ਕਿ ਮੈਂ ਕਿਸ ਭਾਸ਼ਾ, ਬੋਲੀ, ਜ਼ੁਬਾਨ ਤੇ ਸਭਿਆਚਾਰ ਨੂੰ ਪ੍ਰਫੁਲਿਤ ਕਰਦਾ ਰਿਹਾ ਹਾਂ? ਕਿਉਂਕਿ ਪੰਜਾਬ ਸਰਕਾਰ, ਭਾਸ਼ਾ ਵਿਭਾਗ ਤੇ ਸਭਿਆਚਾਰ ਵਿਭਾਗ ਵੱਲੋਂ ਉਨ੍ਹਾਂ ਲੋਕਾਂ ਨੂੰ ਇਹ ਕੰਮ ਕਰਨ ਬਦਲੇ ਸਨਮਾਨ ਦਿੱਤੇ ਜਾ ਚੁੱਕੇ ਹਨ ਜਿਹੜੇ ਉਦੋਂ ਜੰਮੇ ਹੋਣਗੇ ਜਦੋਂ ਮੈਂ ਗਹਿਗੱਚ ਹੋ ਕੇ ਲਿਖਣ ਤੇ ਛਪਣ ਲੱਗ ਪਿਆ ਸੀ। ਸ਼ਾਇਦ ਇਸ ਕਰ ਕੇ ਕਿ ਮੈਂ ਸੈਂਤੀ ਸਾਲਾਂ ਤੋਂ ਨਿਰੰਤਰ ਲਿਖ ਤਾਂ ਰਿਹਾ ਹਾਂ ਪਰ ਜੁਗਾੜੀ ਲੇਖਕ ਨਹੀਂ ਬਣ ਸਕਿਆ। ਜਦੋਂ 1994 ਵਿਚ ਸ਼ੌਂਕੀ ਮੇਲੇ 'ਤੇ ਸਰਕਾਰੀ ਛੁੱਟੀ ਕਰਨੀ ਪਈ ਸੀ, ਉਦੋਂ ਇਹ ਤਾਂ ਮੰਨ ਲਿਆ ਗਿਆ ਸੀ ਕਿ ਮੈਂ ਪੰਜਾਬ ਵਿਚ ਪਹਿਲੇ ਦਰਜੇ ਦਾ ਸਾਹਿਤਕ ਤੇ ਸਭਿਆਚਾਰਕ ਮੇਲਾ ਲਾਉਣ ਦੇ ਸਮਰੱਥ ਹੋ ਗਿਆ ਸਾਂ ਪਰ ਰਾਜਨੀਤਕ ਹਾਲਾਤ ਕਰ ਕੇ ਇਸ ਗੱਲ ਨੂੰ ਹੁਣ ਤੱਕ ਭਿੰਨ-ਭੇਦ ਕਾਰਨ ਵਿਚਾਰਿਆ ਨਹੀਂ ਗਿਆ ਕਿ ਅਸ਼ੋਕ ਭੌਰਾ ਵੀ ਕੋਈ ਥਾਂ ਰੱਖਦਾ ਹੈ। ਖ਼ੁਸ਼ ਮੈਂ ਇਸ ਗੱਲੋਂ ਹਾਂ ਕਿ ਜਦੋਂ ਦਾ ਮੈਂ ਲਿਖ ਰਿਹਾ ਹਾਂ, ਮੇਰੇ ਪਾਠਕਾਂ ਦਾ ਘੇਰਾ ਵਿਸ਼ਾਲ ਹੁੰਦਾ ਗਿਆ ਹੈ ਤੇ ਪਾਠਕਾਂ ਦਾ ਹੁੰਗਾਰਾ ਮੇਰੇ ਲਈ ਕਿਸੇ ਨੋਬਲ ਪੁਰਸਕਾਰ ਤੋਂ ਘੱਟ ਨਹੀਂ ਹੈ।



*ਆਮ ਤੌਰ 'ਤੇ ਤਾਂ ਵਿਆਹ 'ਤੇ ਹੀ ਕਾਰ ਨੂੰ ਫੁੱਲ ਲੱਗਦੇ ਹਨ। ਮੇਰੇ ਉਪਰੋਥਲੀ ਦੋ ਵਾਰ ਲੱਗ ਗਏ ਹਨ।*

1994 ਵਿਚ ਦੋ ਘਟਨਾਵਾਂ ਮੇਰੀ ਜ਼ਿੰਦਗੀ ਵਿਚ ਅਹਿਮ ਵਾਪਰੀਆਂ। ਪਹਿਲੀ ਇਹ ਕਿ ਸ਼ੌਂਕੀ ਮੇਲੇ ਦੀ ਸਿਖਰ ਹੋ ਗਈ ਸੀ। (ਇਸ ਮੇਲੇ ਬਾਰੇ ਕਦੀ ਫਿਰ ਵਿਸਥਾਰ ਵਿਚ ਗੱਲ ਕਰਾਂਗਾ)। ਦੂਜੀ ਇਹ ਕਿ ਕੁਝ ਗਾਇਕਾਂ ਨੇ ਗਾਇਕੀ ਵਿਚ ਮੇਰੀ ਤਿਲਫੁਲ ਭੇਟ ਨੂੰ ਸਵੀਕਾਰ ਕਰਦਿਆਂ ਮੇਰੇ ਹੀ ਪਿੰਡ ਭੌਰਾ (ਸ਼ਹੀਦ ਭਗਤ ਸਿੰਘ ਨਗਰ) ਵਿਚ ਮੈਨੂੰ ਵੱਡਾ ਸਮਾਗਮ ਕਰ ਕੇ ਮਾਰੂਤੀ ਕਾਰ, ਸੋਨੇ ਦਾ ਕੜਾ ਅਤੇ ਕੁਝ ਨਗਦੀ ਦਿੱਤੀ ਸੀ। ਇਸ ਸਨਮਾਨ ਨਾਲ ਮੈਂ ਇਸ ਕਰ ਕੇ ਵੀ ਵੱਧ ਖੁਸ਼ ਸਾਂ ਕਿ ਮੇਰੇ ਆਪਣਿਆਂ ਨੇ ਘੱਟੋ-ਘੱਟ ਵੱਡਾ ਉਦਮ ਕਰ ਲਿਆ ਸੀ। ਜਾਣ ਇਹ ਵੀ ਗਿਆ ਸਾਂ ਕਿ ਬਹੁਤੇ ਗਾਇਕ ਮੇਰੇ ਨਾਲ ਕਿੰਨੇ ਕੁ ਤੇ ਕਿਥੇ ਕੁ ਖੜ੍ਹੇ ਸਨ। ਜਿਨ੍ਹਾਂ ਕਰ ਕੇ ਮੈਂ ਵਰ੍ਹਦੀਆਂ ਗੋਲੀਆਂ ਵਿਚ ਜਾਨ ਤਲੀ 'ਤੇ ਰੱਖ ਕੇ ਕੰਮ ਕਰਦਾ ਰਿਹਾਂ, ਉਹ ਪਿੱਠ ਘੁੰਮਾ ਕੇ ਪ੍ਰਤੀਕ੍ਰਿਆ ਕਿਹੜੀ ਦਿੰਦੇ ਰਹੇ। ਇਕੀ ਫਰਵਰੀ 1994 ਵਿਚ ਇਸ ਸਨਮਾਨ ਦੀ ਗੱਲ ਸ਼ੁਰੂ ਕਿਵੇਂ ਹੋਈ, ਸਿਰੇ ਕਿਵੇਂ ਲੱਗੀ; ਇਹ ਖੁਲਾਸਾ ਤੁਹਾਡੇ ਨਾਲ ਚਿੱਠੀ ਲਿਖਣ ਵਾਂਗ ਪਤਾ ਨਹੀਂ ਦੁੱਖ ਨਾਲ ਤੇ ਪਤਾ ਨਹੀਂ ਖੁਸ਼ੀ ਨਾਲ ਸਾਂਝਾ ਕਰ ਰਿਹਾ ਹਾਂ।

ਨਵੰਬਰ 1993 ਵਿਚ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਆਉਣ ਨਾਲ ਸਰਕਾਰੀ ਤੇ ਗੈਰ-ਸਰਕਾਰੀ ਅਤਿਵਾਦ ਨੂੰ ਠੱਲ੍ਹ ਪੈ ਗਈ ਸੀ। ਪੰਜਾਬ ਪੁਲਿਸ ਦੇ ਤਤਕਾਲੀਨ ਡਾਇਰੈਕਟਰ ਜਨਰਲ ਕੇ.ਪੀ.ਐਸ. ਗਿੱਲ ਦਾ ਕਲੀਆਂ ਦੇ ਬਾਦਸ਼ਾਹ ਤੇ ਮੇਰੇ ਮਿੱਤਰ ਕੁਲਦੀਪ ਮਾਣਕ ਨਾਲ ਦੋਸਤੀ ਦਾ ਚਿਰਾਗ ਲਟ-ਲਟ ਬਲਣ ਦਾ ਸਿੱਟਾ ਇਹ ਨਿਕਲਿਆ ਕਿ ਬਠਿੰਡੇ ਜ਼ਿਲ੍ਹੇ ਦਾ ਮਾਣਕ ਦਾ ਜੱਦੀ ਪਿੰਡ ਜਲਾਲ ਹੁਣ ਭਾਵੇਂ ਇਸ ਪਰਿਵਾਰ ਦੀ ਅੰਦਰੂਨੀ ਈਰਖਾ ਤੇ ਖਹਿਬਾਜ਼ੀ ਕਾਰਨ ਉਹਦੀ ਮੋਏ ਦੀ ਮਿੱਟੀ ਖਰਾਬ ਕਰਨ ਕਾਰਨ ਚਰਚਾ ਵਿਚ ਆਇਆ ਹੋਵੇ, ਪਰ ਇਸੇ ਪਿੰਡ ਵਿਚੋਂ ਜਦੋਂ ਕੇ.ਪੀ.ਐਸ. ਗਿੱਲ ਨੇ ਉਹਦਾ ਮਾਰੂਤੀ ਕਾਰ ਨਾਲ ਸਨਮਾਨ ਰੱਖਿਆ ਤਾਂ ਸਨਮਾਨ ਤੋਂ ਵੱਡੀ ਗੱਲ ਇਹ ਚਰਚਾ ਵਿਚ ਰਹੀ ਕਿ ਇਸ ਸਮਾਗਮ 'ਤੇ ਜਿਹੜਾ ਇਕੱਠ ਹੋਇਆ ਸੀ, ਉਹ ਸ਼ਾਇਦ ਮਾਣਕ ਦੇ ਅੰਤਿਮ ਸੰਸਕਾਰ ਵੇਲੇ ਵੀ ਨਹੀਂ ਹੋਇਆ। ਪੰਡਾਲ ਤੋਂ ਦੋ ਮੀਲ ਦੇ ਘੇਰੇ ਵਿਚ ਲੋਕ ਮਾਣਕ ਦੇ ਉਪਾਸ਼ਕ ਕੁੰਭ ਦੇ ਮੇਲੇ ਵਾਂਗ ਤੁਰੇ ਫਿਰਦੇ ਸਨ। ਹੈਰਾਨੀ ਵਾਲੀ ਗੱਲ ਇਹ ਸੀ ਕਿ ਜਿਸ ਮੰਚ ਦੁਆਲੇ ਪੁਲਿਸ ਦਾ ਸਖ਼ਤ ਪਹਿਰਾ ਚਿੜੀ ਵੀ ਫਟਕਣ ਨਹੀਂ ਦੇ ਰਿਹਾ ਸੀ, ਉਸ ਮੰਚ ਉਤੇ ਮੈਂ ਜਗਦੇਵ ਸਿੰਘ ਜੱਸੋਵਾਲ ਨਾਲ ਬੈਠਣ ਵਿਚ ਸਫਲ ਹੋ ਗਿਆ ਸਾਂ। ਬਹੁਤ ਚਰਚਿਤ ਤੇ ਪੰਜਾਬ ਨੂੰ ਸ਼ਾਂਤੀ ਵੱਲ ਮੋੜ ਲਿਆਉਣ ਦਾ ਦਾਅਵਾ ਕਰਨ ਵਾਲੇ ਪੁਲਿਸ ਅਫਸਰ ਕੇ.ਪੀ.ਐਸ. ਗਿੱਲ ਦੇ ਸਭ ਤੋਂ ਨੇੜਿਓਂ ਪਹਿਲੀ ਤੇ ਆਖਰੀ ਵਾਰ ਦਰਸ਼ਨ ਕਰਨ ਵਿਚ ਸਫਲ ਹੋ ਗਿਆ ਸਾਂ। ਹੋਰ ਵੀ ਦਿਲਚਸਪ ਗੱਲ ਇਹ ਸੀ ਕਿ ਜੱਸੋਵਾਲ ਦੇ ਵਾਰ-ਵਾਰ ਕਹਿਣ 'ਤੇ ਵੀ ਮੈਂ ਗਿੱਲ ਨਾਲ ਫੋਟੋ ਨਹੀਂ ਖਿਚਵਾਈ। ਉਦੋਂ ਤਾਂ ਇਹ ਸਾਧਾਰਨ ਗੱਲ ਸੀ ਪਰ ਹੁਣ ਸੋਚਦਾ ਹਾਂ ਕਿ ਜੇ ਖਿਚਵਾ ਲੈਂਦਾ, ਤੇ ਇਹ ਕਿਸੇ ਦੇ ਹੱਥ ਲੱਗ ਜਾਂਦੀ ਤਾਂ ਅੱਜ ਮਿਹਣਿਆਂ ਦੀ ਸ਼ਬਦਾਵਲੀ ਨਾਲ ਕਈਆਂ ਨੇ ਫੇਸ ਬੁੱਕ 'ਤੇ ਪਾਉਣੀ ਸੀ ਕਿ ਅਸ਼ੋਕ ਦੇ ਵੀ ਗਿੱਲ ਨਾਲ ਨੇੜਲੇ ਸਬੰਧ ਰਹੇ ਹਨ; ਕਿਉਂਕਿ ਗਿਣਵੇਂ ਬੰਦਿਆਂ ਨਾਲ ਮੰਚ 'ਤੇ ਮਾਹੌਲ ਹੀ ਇੱਦਾਂ ਦਾ ਸੀ। ਇਥੇ ਤੱਕ ਮੇਰੇ ਪਹੁੰਚਣ ਦਾ ਰਾਜ਼ ਇਹ ਸੀ ਕਿ ਸਨਮਾਨ ਸਮਾਰੋਹ ਵਾਲੇ ਦਿਨ 'ਅਜੀਤ' ਨੇ ਮਾਣਕ ਨੂੰ ਬਹੁਤ ਵੱਡੀ ਤੇ ਤਰਜੀਹੀ ਤੌਰ 'ਤੇ 'ਸਾਡੇ ਪਿੰਡ ਸਾਡੇ ਖੇਤ' ਦੇ ਅੰਤਲੇ ਪੰਨੇ 'ਤੇ ਵਿਸ਼ੇਸ਼ ਸਪਲੀਮੈਂਟ ਨੂੰ ਬੇਧਿਆਨਾ ਕਰ ਕੇ ਲਗਭਗ ਪੂਰੇ ਪੰਨੇ ਦਾ ਮਾਣਕ ਦੀ ਜੀਵਨੀ ਬਾਰੇ ਮੇਰਾ ਲੇਖ ਛਾਪਿਆ ਸੀ। ਇਹ ਅਖਬਾਰ ਉਸ ਦਿਨ ਗਿੱਲ ਸਣੇ ਹਰ ਦਰਸ਼ਕ ਦੇ ਹੱਥਾਂ ਵਿਚ ਸੀ। ਇਸੇ ਕਰ ਕੇ ਉਥੇ ਮੇਰੀ ਇੱਜ਼ਤ ਦਾ ਵੀ ਪੂਰਾ ਮਾਣ ਸਤਿਕਾਰ ਰੱਖਿਆ ਗਿਆ ਸੀ।

ਕਰੀਬ ਅੱਧਾ ਕਿਲੋਮੀਟਰ ਤੱਕ ਮੈਂ ਤੇ ਜੱਸੋਵਾਲ ਸਣੇ ਉਹਦੇ ਗੰਨਮੈਨਾਂ ਦੇ, ਤੁਰ ਕੇ ਕਾਰ ਤੱਕ ਪਹੁੰਚੇ ਤੇ ਜਲਾਲ ਦੇ ਇਸ ਖੇਤਰ ਵਿਚੋਂ ਨਿਕਲਣਾ ਇੰਨਾ ਔਖਾ ਸੀ ਜਿਵੇਂ ਚਾਂਦਨੀ ਚੌਕ ਵਿਚ ਜਾਮ ਲੱਗਣ ਨਾਲ ਭੀੜ 'ਕੱਠੀ ਹੋ ਗਈ ਹੋਵੇ।

ਭਗਤੇ ਕੋਲ ਆ ਕੇ ਜੱਸੋਵਾਲ ਨੇ ਅੱਖਾਂ ਤਾਂ ਤੱਤੀਆਂ ਕਰ ਲਈਆਂ ਪਰ ਗੱਲ ਬੜੀ ਠੰਢੀ ਛੇੜ ਲਈ। ਉਹ ਆਖਣ ਲੱਗਾ, "ਅਸ਼ੋਕ ਤੂੰ ਗਾਇਕਾਂ ਬਾਰੇ ਲਿਖ ਕੇ ਉਹ ਵੀ 'ਅਜੀਤ' ਵਰਗੀ ਅਖਬਾਰ ਵਿਚ ਲਿਖ ਕੇ ਬਹੁਤ ਵੱਡਾ ਕੰਮ ਕੀਤਾ ਹੈ। ਠੀਕ ਹੈ, ਮਾਣਕ ਅਜਿਹੇ ਸਨਮਾਨ ਦਾ ਹੱਕਦਾਰ ਸੀ ਪਰ ਉਹਦੇ ਕੋਲ ਤਾਂ ਪਹਿਲਾਂ ਹੀ ਬਹੁਤ ਕਾਰਾਂ-ਕੋਠੀਆਂ ਹਨ। ਤੂੰ ਬੱਸਾਂ ਵਿਚ, ਰਿਕਸ਼ਿਆਂ 'ਤੇ, ਸਾਇਕਲਾਂ 'ਤੇ ਇਨ੍ਹਾਂ ਦੇ ਮਗਰ ਤੁਰਿਆ ਫਿਰਦੈਂ, ਤੈਨੂੰ ਆਏਂ ਨ੍ਹੀਂ ਲਗਦਾ ਕਿ ਵਿਆਹੁਣ ਦੀ ਵੱਤ ਕਿਸੇ ਹੋਰ ਦੀ ਸੀ, ਤੇ ਮੁਕਲਾਵਾ ਕਿਸੇ ਹੋਰ ਦਾ ਆ ਗਿਆ?"

ਉਹਦੀ ਗੱਲ ਸੁਣ ਕੇ ਮੈਂ ਹੱਸ ਪਿਆ, "ਤੁਹਾਡਾ ਖਿਆਲ ਹੈ ਕਿ ਕਾਰ ਮੈਨੂੰ ਵੀ ਮਿਲਣੀ ਚਾਹੀਦੀ ਐ?"

"ਤੂੰ ਕੀਹਦੀ ਨੂੰਹ-ਧੀ ਨਾਲੋਂ ਘੱਟ ਆਂ? ਮਾਣਕ ਨੂੰ ਤਾਂ ਕਾਰ ਦੇ 'ਤੀ ਗਿੱਲ ਨੇ, ਤੈਨੂੰ ਕਾਰ ਗਾਇਕਾਂ ਵੱਲੋਂ ਮਿਲਣੀ ਚਾਹੀਦੀ ਐ।"

"ਛੱਡੋ ਪਰ੍ਹੇ!" ਮੈਨੂੰ ਨਵਾਂ ਸਕੂਟਰ ਹੀ ਲੈ ਦਿਓ।

"ਤੂੰ ਥੱਲਾ ਤਾਂ ਥੱਲੇ ਲਾ। ਮੈਂ ਕਰਦਾਂ ਕੋਸ਼ਿਸ਼।"

ਇਉਂ ਸਾਡੀ ਗੱਲ ਲੁਧਿਆਣੇ ਤੱਕ ਚਲਦੀ ਤੇ ਰੁਕਦੀ ਰਹੀ। ਘਰੇ ਆ ਕੇ ਉਹਨੇ ਕਿਹਾ, "ਦਸ ਕੁ ਹਜ਼ਾਰ ਤਾਂ ਫਾਊਂਡੇਸ਼ਨ ਵੱਲੋਂ ਕਰ ਦਿਆਂਗੇ। ਬਾਕੀ ਦੇਖਦੇ ਆਂ।" ਦਸੰਬਰ ਮਹੀਨੇ ਇਹ ਵਿਸ਼ਾ ਬੰਦ ਰਿਹਾ ਤੇ ਜਨਵਰੀ ਵਿਚ ਸ਼ੌਂਕੀ ਮੇਲੇ ਕਰ ਕੇ ਮੈਨੂੰ ਸਿਰ ਖੁਰਕਣ ਦਾ ਵਿਹਲ ਨਾ ਮਿਲਿਆ। ਦੋ ਫਰਵਰੀ ਨੂੰ ਪਰਮਿੰਦਰ ਸੰਧੂ ਮੇਰੇ ਘਰੇ ਆਈ। ਕਹਿਣ ਲੱਗੀ, "ਅਸੀਂ ਇਸੇ ਮਹੀਨੇ ਇਕ ਕੰਮ ਕਰਨਾ ਹੈ। ਸਨਮਾਨ ਵਿਚ ਕਾਰ ਦਿਆਂਗੇ।"

ਜਿਵੇਂ ਕਿਸੇ ਨੂੰ ਤੁਰੇ ਜਾਂਦੇ ਨੂੰ ਮੱਲੋ-ਮੱਲੀ ਕੋਈ ਨਸਲੀ ਘੋੜੀ 'ਤੇ ਬਿਠਾਉਣ ਦਾ ਯਤਨ ਕਰਨ ਲੱਗਾ ਹੋਵੇ, "ਉਹ ਕਿੱਦਾਂ?"

"ਜੱਸੋਵਾਲ ਹੋਰਾਂ ਦਾ ਮਸ਼ਵਰਾ ਮਿਲ ਗਿਆ ਹੈ। ਵੀਹ ਹਜ਼ਾਰ ਉਹਨੇ ਦੇ ਦਿੱਤਾ ਹੈ। ਪੰਝੀ ਸਰਦੂਲ ਸਿਕੰਦਰ ਨੇ। ਤੀਹ ਮਾਣਕ ਨੇ। ਸੁਰਿੰਦਰ ਸ਼ਿੰਦੇ ਨੇ ਕੋਈ ਲੜ ਨਹੀਂ ਫੜਾਇਆ। ਦੇਖਦੇ ਆਂ ਜਿੰਨੇ 'ਕੱਠੇ ਹੋ ਗਏ, ਠੀਕ ਹੈ; ਬਾਕੀ ਮੈਂ ਪਾ ਦਿਆਂਗੀ। ਕਾਰ ਥੋਨੂੰ ਦੇਣੀ ਹੀ ਦੇਣੀ ਹੈ।" ਤੇ ਉਹਨੇ ਇੱਕੀ ਫਰਵਰੀ 1994 ਦੀ ਤਾਰੀਖ ਮੇਰੇ ਪਿੰਡ ਹੀ ਸਮਾਗਮ ਕਰਨ ਦੀ ਮੁਕੱਰਰ ਵੀ ਕਰ ਦਿੱਤੀ।

ਇਸੇ ਦੌਰਾਨ ਚਰਚਾ ਮਾਝੇ ਦੀ ਹਿੱਟ ਜੋੜੀ ਰਸ਼ਪਾਲ ਰਸੀਲਾ ਤੇ ਮੋਹਣੀ ਰਸੀਲਾ ਤੱਕ ਪੁੱਜ ਗਈ। ਉਹ ਵੀ ਪਰਮਿੰਦਰ ਸੰਧੂ ਨਾਲ ਰਲ ਗਏ। ਪੰਝੀ ਹਜ਼ਾਰ ਉਨ੍ਹਾਂ ਵੀ ਉਹਨੂੰ ਦੇ ਦਿੱਤਾ ਤੇ ਖਿੱਚ-ਧੂਹ ਕੇ ਰਕਮ ਡੇਢ ਲੱਖ ਤੋਂ ਉਪਰ ਪੁੱਜ ਗਈ।

ਜਿਹੜਾ ਇਥੇ ਕੁ ਆ ਕੇ ਝਟਕਾ ਲੱਗਾ, ਉਹ ਇਹ ਸੀ ਕਿ ਰਸੀਲਾ ਜਦੋਂ ਪਾਲੀ ਦੇਤਵਾਲੀਏ ਕੋਲੋਂ ਹੋ ਕੇ ਗੀਤਾਂ ਵਿਚ ਸਿਰ ਦੁਖਾਉਣ ਵਾਲੀ ਤੇ ਤੱਤੇ ਗੀਤ ਗਾ ਕੇ ਵੀ ਆਪਣੇ ਨਾਂ ਨਾਲ ਆਪ ਹੀ ਰੇਸ਼ਮਾ ਜੋੜਨ ਵਾਲੀ ਗਾਇਕਾ ਜੋ ਅੱਜ ਕੱਲ੍ਹ ਅਮਰੀਕਾ ਵਿਚ ਬੇਬੀ ਸਿਟਰ ਦਾ ਕੰਮ ਕਰ ਰਹੀ ਹੈ, ਉਹਦੇ ਘਰੇ ਗਏ ਤਾਂ ਜੋ ਉਹਨੇ ਰਸੀਲੇ ਨੂੰ ਕਿਹਾ, ਉਹਦੀਆਂ ਦੋ ਸਤਰਾਂ ਤੁਹਾਡੀ ਨਜ਼ਰ ਕਰ ਰਿਹਾ ਹਾਂ। ਉਹ ਕਹਿਣ ਲੱਗੀ, "ਥੋਡਾ ਦਿਮਾਗ ਠਿਕਾਣੇ ਨਹੀਂ ਲਗਦਾ, ਦੱਸੋ ਤਾਂ ਸਹੀ! ਭੌਰੇ ਨੇ ਸਾਡੇ ਲਈ ਕੀਤਾ ਕੀ ਐ? ਕੀ ਦੇਣ ਐ ਉਹਦੀ? ਮੈਂ ਪਟਿਆਲੇ ਘਰਾਣੇ ਵਿਚੋਂ ਹਾਂ, ਇਹ ਕੰਮ ਮੇਰੇ ਲਈ ਕਰੋ। ਅਸ਼ੋਕ ਭੌਰੇ ਲਈ ਮੈਂ ਕੁਝ ਨਹੀਂ ਦੇ ਸਕਦੀ।"

ਰਸੀਲੇ ਨੇ ਮੇਰਾ ਪ੍ਰਤੀਕਰਮ ਜਾਣਨ ਲਈ



*ਕਾਰ ਦੀਆਂ ਚਾਬੀਆਂ ਦੇਣ ਵੇਲੇ ਪਰਮਿੰਦਰ ਸੰਧੂ, ਮੇਰੀ ਮਰਹੂਮ ਮਾਂ ਪ੍ਰਕਾਸ਼ ਕੌਰ, ਜਗਦੇਵ ਸਿੰਘ ਜੱਸੋਵਾਲ ਤੇ ਪਿਛੇ ਨਜ਼ਰ ਆ ਰਿਹੈ ਗੁਰਸੇਵਕ ਮਾਨ*

ਜਦੋਂ ਮੈਨੂੰ ਇਹ ਗੱਲ ਦੱਸੀ ਤਾਂ ਅੰਦਰੋਂ ਤਾਂ ਊਂ ਮੈਂ ਦੁਖੀ ਹੋਇਆ ਪਰ ਉਪਰੋਂ ਹਾਸੇ ਵਿਚ ਕਿਹਾ ਵਾਕ ਮੈਨੂੰ ਯਾਦ ਹੈ, "ਕਰਿਆਨੇ ਦੀਆਂ ਦੁਕਾਨਾਂ 'ਤੇ ਪੀਐਚ.ਡੀ. ਦੇ ਸਰਟੀਫਿਕੇਟ ਨਹੀਂ ਦਿਖਾਈਦੇ।" ਹਾਲਾਂਕਿ ਇਸ ਬੀਬੀ ਗਾਇਕਾ ਨੇ ਪਿਛਲੇ ਵੀਹਾਂ ਸਾਲਾਂ ਦੀਆਂ ਦਰਜਨਾਂ ਮੁਲਾਕਾਤਾਂ ਵਿਚ ਹੁਣ ਤੱਕ ਮੈਨੂੰ ਸਪਸ਼ਟੀਕਰਨ ਬੜੇ ਦੇਣ ਦੀ ਕੋਸ਼ਿਸ਼ ਕੀਤੀ ਹੈ।

ਖ਼ੈਰ! ਪਰਮਿੰਦਰ ਸੰਧੂ, ਉਹਦਾ ਭਰਾ ਬਿੱਟੂ ਤੇ ਉਹਦੀ ਭਰਜਾਈ ਸਮਾਗਮ ਤੋਂ ਇਕ ਦਿਨ ਪਹਿਲਾਂ ਹੀ ਫੁੱਲਾਂ ਨਾਲ ਸ਼ਿੰਗਾਰੀ ਨਵੀਂ ਮਾਰੂਤੀ ਕਾਰ ਲੈ ਕੇ ਪਿੰਡ ਪਹੁੰਚ ਗਏ। 'ਘਰ ਦਾ ਜੋਗੀ ਜੋਗੜਾ ਬਾਹਰਲਾ ਜੋਗੀ ਸਿੱਧ' ਵਾਲੀ ਕਹਾਵਤ ਉਦੋਂ ਮੇਰੇ 'ਤੇ ਵੀ ਲਾਗੂ ਹੋ ਗਈ। ਮੈਂ ਭਾਵੇਂ ਉਸ ਪਿੰਡ 'ਤੇ ਹੁਣ ਵੀ ਮਣਾਂ-ਮੂੰਹੀਂ ਮਾਣ ਕਰਦਾ ਹਾਂ ਜਿਥੇ ਮੈਂ ਜਨਮ ਲਿਆ ਹੈ ਪਰ ਈਰਖਾ ਦਾ ਸੇਕ ਪਿੰਡ ਵਿਚ ਵੀ ਮੈਨੂੰ ਝੱਲਣਾ ਪਿਆ। ਪਿੰਡ ਵਿਚ ਜਿਨ੍ਹਾਂ ਕੋਲ ਵਿਰਸੇ ਵਿਚੋਂ ਤੇ ਜਮਾਂਦਰੂ ਕਾਰਾਂ ਸਨ, ਉਨ੍ਹਾਂ ਦੀ ਪ੍ਰਤੀਕਿਰਿਆ ਵੇਖੋ, "ਲੈ ਕਾਰ ਮਿਲ ਗਈ, ਫਿਰ ਕੀ ਹੋਇਆ? ਸਾਡੇ ਕੋਲ ਇਸ ਤੋਂ ਵੀ ਮਹਿੰਗੀਆਂ ਕਾਰਾਂ ਹਨ।"

ਤੇ ਹੋਰਾਂ 'ਚ: "ਲੈ ਨਲੀ ਤਾਂ ਸਕੂਲ ਪੜ੍ਹਦੇ ਦੇ ਲਮਕਦੀ ਹੁੰਦੀ ਸੀ, ਹੁਣ ਕਾਰ 'ਚੋ ਬੈਠਿਆ ਕਰੂ।"

"ਕਾਰ ਤਾਂ ਮਿਲ ਗਈ ਆ, ਤੇਲ ਕਿਵੇਂ ਪੁਆਇਆ ਕਰੂ?"

"ਲੈ ਇਹਦਾ ਪਿਉ ਤਾਂ ਸਾਡੇ ਦਿਹਾੜੀਆਂ ਕਰਦਾ ਹੁੰਦਾ ਸੀ।"

ਉਦੋਂ ਮੈਨੂੰ ਅਹਿਸਾਸ ਹੋਇਆ ਸੀ ਕਿ ਗਰੀਬੀ ਵਿਚੋਂ ਨਿਕਲ ਕੇ ਵੱਡਿਆਂ ਦੇ ਕਾਫਲੇ ਵਿਚ ਰਲਣ ਵੇਲੇ ਸੂਲਾਂ ਤੇ ਕੰਡਿਆਂ ਦੀਆਂ ਚੋਭਾਂ ਕਿਵੇਂ ਸਹਿਣੀਆਂ ਪੈਂਦੀਆਂ ਹਨ, ਪਰ ਮੇਰੀ ਮਰਹੂਮ ਮਾਂ ਖੁਸ਼ ਸੀ ਕਿ ਜਿਸ ਪੁੱਤਰ ਨੂੰ ਮੈਂ ਪਿਉ ਨਾ ਹੁੰਦਿਆਂ ਵੀ ਰੱਜ ਕੇ ਪੜ੍ਹਾਇਆ-ਲਿਖਾਇਆ ਸੀ, ਉਹਨੇ ਆਹ ਦਿਨ ਆਪਣੀ ਇਕ ਹੋਰ ਕਲਾ ਕਰ ਕੇ ਵਿਖਾਏ ਹਨ। ਉਸ ਦਿਨ ਉਹਨੇ ਪਹਿਲੀ ਵਾਰ ਮੈਨੂੰ ਕਲਾਵੇ ਵਿਚ ਘੁੱਟ ਕੇ ਕਿਹਾ ਸੀ, "ਸਿਆਣਿਆਂ ਦਾ ਇਹ ਕਥਨ ਸੱਚ ਹੀ ਨਿਕਲਿਆ ਹੈ ਕਿ ਜਿਨ੍ਹਾਂ ਵਿਧਵਾ ਮਾਂਵਾਂ ਨੇ ਪੁੱਤ ਚਾਅ ਨਾਲ ਪਾਲੇ ਹੁੰਦੇ ਹਨ, ਉਹ ਹੋਣਹਾਰ ਤੇ ਜ਼ਿੰਮੇਵਾਰ ਹੀ ਹੁੰਦੇ ਹਨ।"

ਵੀਹ ਫਰਵਰੀ ਰਾਤ ਨੂੰ ਸ਼ੁਰੂ ਹੋਇਆ ਮੋਹਲੇਧਾਰ ਮੀਂਹ ਇੱਕੀ ਸਵੇਰ ਤੱਕ ਜਾਰੀ ਰਿਹਾ। ਸਟੇਜ ਟੈਂਟ ਸਭ ਕੁਝ ਖ਼ਰਾਬ ਹੋ ਗਏ ਪਰ ਦਸ ਕੁ ਵਜੇ ਰੱਜਵੀਂ ਠੰਢ ਪਿੱਛੋਂ ਕੜਾਕੇ ਦੀ ਧੁੱਪ ਨਿਕਲ ਆਈ। ਸਮਾਗਮ ਬਾਰਾਂ ਕੁ ਵਜੇ ਸ਼ੁਰੂ ਹੋਇਆ। ਥੋੜ੍ਹੇ ਦਿਨ ਪਹਿਲਾਂ ਸਮਾਪਤ ਹੋਇਆ ਸ਼ੌਂਕੀ ਮੇਲਾ ਜਿਵੇਂ ਰਹਿੰਦੇ ਹਿੱਸੇ ਵਾਂਗ ਦੂਜੀ ਵਾਰ ਲੱਗ ਗਿਆ ਹੋਵੇ। ਜੱਸੋਵਾਲ ਸਭ ਤੋਂ ਪਹਿਲਾਂ ਪਹੁੰਚਿਆ, ਫਿਰ ਸ਼ਮਸ਼ੇਰ ਸੰਧੂ। 'ਦਿਲ ਲੈ ਗਈ ਕੁੜੀ ਗੁਜਰਾਤ ਦੀ' ਵਾਲਾ ਜਸਵੀਰ ਜੱਸੀ ਗੁਰਦਾਸਪੁਰੀਆ ਬੱਸ ਚੜ੍ਹ ਕੇ ਆਇਆ। 'ਚੰਨਾ ਵੇ ਤੇਰੀ ਚਾਨਣੀ, ਜਾਹ ਅਸਾਂ ਨਹੀਓਂ ਮਾਨਣੀ' ਗਾਉਣ ਵੇਲੇ ਭਾਰੀ ਗਿਣਤੀ ਵਿਚ ਆਏ ਲੋਕਾਂ ਨੂੰ ਨਹੀਂ ਪਤਾ ਸੀ ਕਿ ਇਹ ਕਿਸੇ ਦਿਨ ਗੁਜਰਾਤ ਦੀ ਕੁੜੀ ਗਾਣੇ ਨਾਲ ਸਿਖਰ ਕਰੇਗਾ। ਪਰਮਿੰਦਰ ਸੰਧੂ ਨੇ ਕਮਾਲ ਕੀਤੀ। ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ 'ਚਿੱਠੀਏ' ਨਾਲ ਸ਼ੁਰੂ ਹੋ ਕੇ ਹਰ ਪਲ ਯਾਦਗਾਰੀ ਬਣਾਇਆ। ਮਾਣਕ ਪਹੁੰਚਿਆ ਨਹੀਂ। ਮੋਹਣੀ ਰਸੀਲੇ ਨੇ ਦੋ ਗਾਣੇ ਗਾ ਕੇ ਪੇਂਡੂ ਦਰਸ਼ਕਾਂ ਦੇ ਚਾਅ ਪੂਰੇ ਕੀਤੇ। ਆਸ਼ਾ ਸ਼ਰਮਾ ਤੇ ਭਗਵੰਤ ਮਾਨ, ਜਗਤਾਰ ਜੱਗੀ ਸਵਖਤੇ ਆ ਗਏ ਸਨ। ਉਨ੍ਹਾਂ ਨੇ ਮੇਰੇ ਘਰ ਦੇ ਸਾਹਮਣੇ ਵਾਲੀ ਹਵੇਲੀ ਵਿਚ ਹੀ ਕਾਮੇਡੀ ਸ਼ੋਅ ਪਿੰਡ ਵਾਲਿਆਂ ਨੂੰ ਦਿਖਾ ਦਿੱਤਾ ਸੀ।

ਮੇਰੇ ਪਿੰਡ ਵਾਲਿਆਂ ਨੇ ਇੱਕੀ ਸੌ ਰੁਪਿਆ ਅਤੇ ਲੋਈ ਦਿੱਤੀ ਤੇ ਪਰਮਿੰਦਰ ਸੰਧੂ ਨੇ ਆਪ ਦਸ ਤੋਲੇ ਸੋਨੇ ਦਾ ਕੜਾ ਤੇ ਇਕਵੰਜਾ ਹਜ਼ਾਰ ਰੁਪਿਆ; ਤੇ ਜਦੋਂ ਕਾਰ ਦੀਆਂ ਚਾਬੀਆਂ ਮੇਰੇ ਹੱਥ 'ਤੇ ਪਰਮਿੰਦਰ, ਹਰਭਜਨ ਤੇ ਜੱਸੋਵਾਲ ਨੇ ਰੱਖੀਆਂ ਤਾਂ ਮੈਨੂੰ ਜਲਾਲ ਤੋਂ ਲਿਆ ਜੱਸੋਵਾਲ ਦਾ ਸੁਪਨਾ ਛੇਤੀ ਪੂਰਾ ਹੋਣ ਦੀ ਖੁਸ਼ੀ ਇਸ ਕਰ ਕੇ ਵੱਧ ਸੀ ਕਿ ਚਲੋ ਭਾਵੇਂ ਥੋੜ੍ਹਿਆਂ ਨੇ ਹੀ ਸਹੀ ਪਰ ਮੇਰੇ ਸ਼ਬਦਾਂ ਨੂੰ ਬਣਦਾ ਮਾਣ ਦੇ ਹੀ ਦਿੱਤਾ ਹੈ। ਇਉਂ ਗਰੀਬ ਦੇ ਵਿਹੜੇ ਵਿਚ ਸੰਧੂਰੀ ਅੰਬਾਂ ਦਾ ਬੂਟਾ ਲੱਗ ਗਿਆ। ਇਹ ਮੇਰੀ ਪ੍ਰਾਪਤੀ ਤਾਂ ਹੋਈ ਪਰ ਅਖਬਾਰੀ ਦਫਤਰਾਂ ਵਿਚ ਹੇਠਲੇ ਪੱਧਰ 'ਤੇ ਨਿਊਜ਼ ਤੇ ਮੈਗਜ਼ੀਨ ਟੇਬਲਾਂ ਉਤੇ ਈਰਖਾ ਦਾ ਮੁਰਝਾਇਆ ਫੁੱਲ ਵੀ ਆਣ ਟਿਕਿਆ ਕਿ ਛਾਪਦੇ ਅਸੀਂ ਹਾਂ ਅਸ਼ੋਕ ਨੂੰ, ਕਾਰ ਇਹ ਲੈ ਗਿਆ। ਊਂ ਦੂਰਦਰਸ਼ਨ ਜਲੰਧਰ ਨੇ ਮੇਰੇ ਇਸ ਸਨਮਾਨ ਦੀਆਂ ਘੜੀਆਂ ਨੂੰ ਆਪਣੇ ਸਮਾਚਾਰ ਬੁਲੇਟਿਨ ਵਿਚ ਸੁਰਖੀਆਂ ਬਣਾ ਕੇ ਪੇਸ਼ ਕੀਤਾ।

ਅਗਲੇ ਦਿਨ ਮੈਂ ਸ਼ਾਮ ਨੂੰ ਕਾਰ ਲੈ ਕੇ 'ਅਜੀਤ' ਦੇ ਦਫਤਰ ਵਿਚ ਗਿਆ। ਭਾਜੀ ਬਰਜਿੰਦਰ ਸਿੰਘ ਹਮਦਰਦ ਹੋਰਾਂ ਅੱਗੇ ਮਠਿਆਈ ਦਾ ਡੱਬਾ ਰੱਖਿਆ ਪਰ ਉਨ੍ਹਾਂ ਨੇ ਪਿਉ ਵਾਂਗ ਮੇਰੇ ਚਾਵਾਂ ਨੂੰ ਤਸਦੀਕ ਉਦੋਂ ਕੀਤਾ ਜਦੋਂ ਮਠਿਆਈ ਤਾਂ ਬਾਅਦ ਵਿਚ ਖਾਧੀ ਪਰ ਮੇਰੀ ਸਨਮਾਨ ਵਾਲੀ ਕਾਰ ਰਾਤ ਨੂੰ ਆਪ ਚਲਾ ਕੇ, ਉਹ ਵੀ ਬਿਨਾਂ ਅੰਗ ਰੱਖਿਅਕਾਂ ਤੋਂ ਜਲੰਧਰ ਵਿਚ ਚਾਰ ਮੀਲ ਦਾ ਸਫਰ ਮੈਨੂੰ ਨਾਲ ਬਿਠਾ ਕੇ ਕੀਤਾ ਤੇ ਐਤਵਾਰੀ ਅੰਕ ਵਿਚ ਇਸ ਮਾਮੂਲੀ ਖਬਰ ਨੂੰ ਛਾਪ ਕੇ ਅਹਿਮ ਬਣਾ ਦਿੱਤਾ।

ਉਸ ਤੋਂ ਅਗਲੇ ਦਿਨ ਜਿਹੜੀ ਕੁਪੱਤ ਹੋਈ, ਉਹ ਵੀ ਸੁਣ ਲਵੋ। 'ਪੰਜਾਬੀ ਟ੍ਰਿਬਿਊਨ' ਨਾਲ ਵੀ ਮੈਂ ਸਥਾਈ ਤੌਰ 'ਤੇ ਜੁੜਿਆ ਰਿਹਾ ਸਾਂ, ਤੇ ਇਸੇ ਅਖਬਾਰ ਨੇ ਮੈਥੋਂ ਪਹਿਲਾਂ ਮੁਹਾਲੀ ਤੋਂ



*ਭਲੇ ਦਿਨ! ਮੇਰੇ ਘਰ ਦੇ ਸਾਹਮਣੇ ਹਵੇਲੀ 'ਚ ਉਸੇ ਪ੍ਰੋਗਰਾਮ 'ਤੇ ਜਾਣ ਕਰਕੇ ਸਵੇਰੇ ਸਬਾਤ ਹਾਜ਼ਰੀ ਲੁਆਉਣ ਵਾਂਗ ਭਗਵੰਤ ਮਾਨ ਤੇ ਜਗਤਾਰ ਜੱਗੀ। ਮੇਰੇ ਪਿਛਲੇ ਬੰਨੇ ਹੈ ਬੀਬੀ ਆਸ਼ਾ ਸ਼ਰਮਾ।*

(ਬਾਕੀ ਸਫਾ 33 ਉਤੇ)

ਗੁਰਮਤਿ ਵਿਚਾਰ

# ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਸਲੋਕ ਗੁਰੂ ਅਮਰਦਾਸ ਜੀ ਦਾ ਰਾਮਕਲੀ ਦੀ ਵਾਰ ਵਿਚ ਉਚਾਰਿਆ ਹੋਇਆ ਹੈ। ਇਸ ਵਿਚ ਗੁਰੂ ਅਮਰਦਾਸ ਜੀ ਇਸ ਤੱਥ 'ਤੇ ਰੋਸ਼ਨੀ ਪਾ ਰਹੇ ਹਨ ਕਿ ਬਜ਼ੁਰਗਾਂ ਦੀ ਕਰਨੀ, ਉਨ੍ਹਾਂ ਦੇ ਪਾਏ ਚੰਗੇ ਪੂਰਨਿਆਂ ਦੀਆਂ ਸਾਖੀਆਂ ਆਪਣੀ ਔਲਾਦ ਨੂੰ ਆਮ ਪੁੱਤਰਾਂ ਤੋਂ ਸਪੁੱਤਰ ਬਣਾ ਦਿੰਦੀਆਂ ਹਨ ਅਰਥਾਤ ਗੁਰਮੁਖ ਬਣਾ ਦਿੰਦੀਆਂ ਹਨ। ਇਨ੍ਹਾਂ ਚੰਗੀ ਕਰਨੀ ਦੀਆਂ ਸੁਣੀਆਂ ਹੋਈਆਂ ਸਾਖੀਆਂ ਦੀ ਬਰਕਤ ਨਾਲ ਇਹ ਗੁਰਮੁਖ ਪੁੱਤਰ ਉਨ੍ਹਾਂ ਗੱਲਾਂ ਵਿਚ ਯਕੀਨ ਲਿਆਉਂਦੇ ਹਨ ਅਤੇ ਫਿਰ ਆਪਣੇ ਬਜ਼ੁਰਗਾਂ ਵਾਂਗ ਹੀ ਚੰਗੇ ਕੰਮ ਕਰਦੇ ਹਨ, ਜਿਹੜੇ ਉਨ੍ਹਾਂ ਦੇ ਬਜ਼ੁਰਗਾਂ ਨੂੰ ਚੰਗੇ ਲੱਗਦੇ ਹਨ। ਇਹ ਇਸ ਸਲੋਕ ਵਿਚ ਪ੍ਰਗਟ ਕੀਤੇ ਖਿਆਲ ਦੇ ਆਮ ਅਰਥ ਹਨ। ਖਾਸ ਅਰਥਾਂ 'ਚ ਗੁਰੂ ਦੇ ਸਿੱਖ ਆਪਣੇ ਬਜ਼ੁਰਗਾਂ-ਵਡੇਰਿਆਂ ਗੁਰੂਆਂ ਦੀਆਂ ਸਾਖੀਆਂ ਸੁਣ ਕੇ ਉਨ੍ਹਾਂ 'ਤੇ ਅਮਲ ਕਰਦੇ ਹਨ ਅਤੇ ਗੁਰਮੁਖ ਬਣਦੇ ਹਨ।

ਬਜ਼ੁਰਗਾਂ ਦੇ ਚੰਗੇ ਕੰਮਾਂ ਦੀਆਂ ਸਾਖੀਆਂ ਉਨ੍ਹਾਂ ਦੀ ਔਲਾਦ 'ਤੇ ਵੀ ਚੰਗਾ ਅਸਰ ਪਾਉਂਦੀਆਂ ਹਨ ਅਤੇ ਉਨ੍ਹਾਂ ਨੂੰ ਸਹੀ ਰਸਤੇ 'ਤੇ ਤੁਰਨ ਦੀ ਪ੍ਰੇਰਨਾ ਦਿੰਦੀਆਂ ਹਨ। ਇਸ ਦਾ ਦੂਜਾ ਪੱਖ ਇਹ ਵੀ ਹੈ ਕਿ ਜਿਹੜੇ ਯੋਗ ਪੁੱਤਰ ਹੁੰਦੇ ਹਨ, ਗੁਰਮੁਖ ਪੁੱਤਰ ਹੁੰਦੇ ਹਨ, ਜਿਨ੍ਹਾਂ ਨੂੰ ਸਪੁੱਤਰ ਵੀ ਕਿਹਾ ਜਾਂਦਾ ਹੈ, ਉਹ ਆਪਣੇ ਬਜ਼ੁਰਗਾਂ ਦੇ ਪਦ-ਚਿੰਨਾਂ 'ਤੇ ਚਲਦੇ ਹਨ ਅਤੇ ਉਨ੍ਹਾਂ ਦੀ ਕਰਨੀ ਨੂੰ ਅੱਗੇ ਲੈ ਜਾਂਦੇ ਹਨ। ਗੁਰੂ ਅਮਰਦਾਸ ਅੱਗੇ ਫਰਮਾਉਂਦੇ ਹਨ ਕਿ ਅਜਿਹੇ ਗੁਰਮੁਖ ਪੁੱਤਰ ਸਤਿਗੁਰ ਦੇ ਭਾਣੇ ਵਿਚ ਚੱਲਦੇ ਹਨ ਅਰਥਾਤ ਬਜ਼ੁਰਗਾਂ ਦੀ ਆਗਿਆ ਵਿਚ ਚੱਲਦੇ ਹਨ ਅਤੇ ਉਹੀ ਕੰਮ ਕਰਦੇ ਹਨ ਜੋ ਸਤਿਗੁਰ ਨੂੰ, ਬਜ਼ੁਰਗਾਂ ਨੂੰ ਚੰਗੇ ਲੱਗਦੇ ਹਨ। ਇਸ ਪ੍ਰਸੰਗ ਵਿਚ ਗੁਰੂ ਅਮਰਦਾਸ ਪੁਰਾਣੇ ਹਿੰਦੂ ਸ਼ਾਸਤਰਾਂ ਦੀ ਗਵਾਹੀ ਦਿੰਦੇ ਹਨ ਕਿ ਭਾਵੇਂ ਵਿਆਸ ਸੁਕ ਅਤੇ ਨਾਰਦਮੁਨੀ ਵਰਗੇ ਰਿਸ਼ੀਆਂ ਨੂੰ ਪੁੱਛ ਕੇ ਦੇਖ ਲਵੋ ਜਿਨ੍ਹਾਂ ਨੇ ਪੁਰਾਣੇ ਹਿੰਦੂ ਸ਼ਾਸਤਰ ਅਤੇ ਪੌਰਾਣਿਕ ਇਤਿਹਾਸ ਲਿਖਿਆ ਹੈ। ਵਿਆਸ ਰਿਸ਼ੀ ਨੂੰ ਵੇਦਾਂ ਨੂੰ ਤਰਤੀਬ ਦੇਣ ਵਾਲਾ ਮੰਨਿਆ ਜਾਂਦਾ ਹੈ। ਉਸ ਨੂੰ ਮਹਾਂਭਾਰਤ ਦਾ ਰਚੈਤਾ, ਬ੍ਰਹਮ ਸੂਤ੍ਰ (ਜੋ ਵੇਦਾਂਤ ਦਰਸ਼ਨ ਦਾ ਆਧਾਰ ਹੈ) ਤੇ ਅਠਾਰਾਂ ਪੁਰਾਣਾਂ ਦਾ ਕਰਤਾ ਵੀ ਮੰਨਿਆ ਜਾਂਦਾ ਹੈ। ਸੁਕ ਵੀ ਇੱਕ ਰਿਸ਼ੀ ਹੋਇਆ ਹੈ। ਨਾਰਦ ਰਿਸ਼ੀ ਨੂੰ ਬ੍ਰਹਮਾ ਦਾ ਪੁੱਤਰ ਮੰਨਿਆ ਜਾਂਦਾ ਹੈ ਜਿਸ ਨੇ ਵੀਣਾ ਦੀ ਕਾਢ ਵੀ ਕੱਢੀ ਸੀ। ਉਸ ਨੂੰ ਦੇਵਤਿਆਂ ਅਤੇ ਮਨੁੱਖਾਂ ਵਿਚਕਾਰ ਸੁਨੇਹੇ ਦੇਣ ਵਾਲਾ ਅਤੇ ਦੇਵਤਿਆਂ ਦੀਆਂ ਆਪਸ ਵਿਚ ਲੜਾਈਆਂ ਕਰਾਉਣ ਵਾਲਾ ਵੀ ਕਿਹਾ ਜਾਂਦਾ ਹੈ। ਇਨ੍ਹਾਂ ਰਿਸ਼ੀਆਂ ਨੇ ਸਾਰੀ ਸ੍ਰਿਸ਼ਟੀ ਨੂੰ ਉਪਦੇਸ਼ ਦਿੱਤਾ ਅਰਥਾਤ ਆਪਣੇ ਬਜ਼ੁਰਗਾਂ ਦੀਆਂ ਚੰਗੀਆਂ ਗੱਲਾਂ ਸੰਸਾਰ ਤੱਕ ਪਹੁੰਚਾਈਆਂ। ਅਜਿਹੇ ਸ਼ੁਭ ਕੰਮ (ਵੱਡਿਆਂ ਦੀਆਂ ਸਾਖੀਆਂ ਨੂੰ ਯਾਦ ਕਰਨ ਅਤੇ ਉਸ ਪਰਮਾਤਮਾ ਵਿਚ ਜੁੜੇ ਰਹਿਣ ਦਾ ਕੰਮ) ਉਹ ਕਰਦੇ ਹਨ ਜਿਨ੍ਹਾਂ ਨੂੰ ਅਕਾਲ ਪੁਰਖ ਨੇ ਆਪ ਇਸ ਸੱਚ ਵੱਲ ਤੋਰਿਆ ਹੈ।

ਇਥੇ ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਕਿਰਪਾ ਦੀ ਗੱਲ ਕੀਤੀ ਹੈ। ਕਿਰਪਾ ਦਾ ਪਾਤਰ ਬਣਨ ਲਈ ਮਨੁੱਖ ਨੂੰ ਚੰਗੀ ਕਮਾਈ ਕਰਨੀ ਪੈਂਦੀ ਹੈ। ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਅਜਿਹੇ ਗੁਰਮੁਖ ਪੁੱਤਰ ਆਪ ਵੀ ਸੰਸਾਰ ਸਾਗਰ ਤੋਂ ਪਾਰ ਹੋ ਜਾਂਦੇ ਹਨ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਤਾਰ ਦਿੰਦੇ ਹਨ। ਅਜਿਹੇ ਮਨੁੱਖਾਂ ਦਾ ਸੰਸਾਰ 'ਤੇ ਆਉਣਾ ਸਫਲ ਵੀ ਹੁੰਦਾ ਹੈ ਅਤੇ ਸਤਿਗੁਰੂ ਦੇ ਦਰ 'ਤੇ ਕਬੂਲ ਵੀ ਹੁੰਦਾ ਹੈ,

ਬਾਬਾਣੀਆ ਕਹਾਣੀਆ<br>
ਪੁਤ ਸਪੁਤ ਕਰੇਨਿ॥<br>
ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ<br>
ਸੇਈ ਕਰਮ ਕਰੇਨਿ॥<br>
ਜਾਇ ਪੁਛਹੁ ਸਿਮ੍ਰਿਤਿ ਸਾਸਤ<br>
ਬਿਆਸ ਸੁਕ ਨਾਰਦ ਬਚਨ<br>
ਸਭ ਸ੍ਰਿਸਟਿ ਕਰੇਨਿ॥<br>
ਸਚੈ ਲਾਏ ਸਚਿ ਲਗੇ<br>
ਸਦਾ ਸਚੁ ਸਮਾਲੇਨਿ॥<br>
ਨਾਨਕ ਆਏ ਸੇ ਪਰਵਾਣੁ ਭਏ<br>
ਜਿ ਸਗਲੇ ਕੁਲ ਤਾਰੇਨਿ॥ (ਪੰਨਾ 951)

ਪਿਤਾ ਬੱਚੇ ਲਈ ਆਦਰਸ਼ ਹੁੰਦਾ ਹੈ ਅਤੇ ਤਾਕਤਵਰ ਵੀ ਜੋ ਉਸ ਦੀ ਹਰ ਮੁਸ਼ਕਿਲ ਘੜੀ ਵਿਚ ਰੱਖਿਆ ਕਰਦਾ ਹੈ। ਇਸੇ ਲਈ ਗੁਰਬਾਣੀ ਵਿਚ ਅਕਾਲ ਪੁਰਖ ਵਾਸਤੇ ਬਹੁਤ ਵਾਰ 'ਪਿਤਾ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਸੇ ਵੱਲ ਇਸ਼ਾਰਾ ਕਰਦਿਆਂ ਗੁਰੂ ਅਰਜਨ ਦੇਵ ਨੇ ਫਰਮਾਇਆ ਹੈ ਕਿ ਉਹ ਅਕਾਲ ਪੁਰਖ, ਵਾਹਿਗੁਰੂ ਜੋ ਮੇਰਾ ਪਿਤਾ ਹੈ, ਬਹੁਤ ਵੱਡੀ ਸਮਰੱਥਾ ਦਾ ਮਾਲਕ ਹੈ, ਉਹ ਸਭ ਕੁਝ ਕਰ ਸਕਣ ਦੇ ਸਮਰੱਥ ਹੈ, ਉਹ ਸਭ ਕੁਝ ਕਰਨ-ਕਾਰਨ ਯੋਗ ਹੈ। ਪਿਤਾ ਦੇ ਹੁੰਦਿਆਂ ਬੱਚੇ ਨੂੰ ਕਿਸੇ ਕਿਸਮ ਦੇ ਦੁੱਖ ਲੱਗਣ ਦੀ ਚਿੰਤਾ ਨਹੀਂ ਹੁੰਦੀ। ਇਸੇ ਤਰ੍ਹਾਂ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਉਸ ਨੂੰ ਯਾਦ ਕਰਦਿਆਂ ਕੋਈ ਦੁੱਖ ਵੀ ਨਹੀਂ ਲੱਗ ਸਕਦਾ ਅਤੇ ਜੀਵ ਸੰਸਾਰ-ਰੂਪੀ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। ਉਹ ਸੰਸਾਰ ਅਤੇ ਸਮੇਂ ਦੇ ਆਦਿ ਤੋਂ ਹੀ ਆਪਣੇ ਭਗਤਾਂ ਦੀ ਰੱਖਿਆ ਕਰਦਾ ਆਇਆ ਹੈ, ਇਸੇ ਲਈ ਮੈਂ ਉਸ ਦੀ ਵਡਿਆਈ ਕਰ ਕਰ ਕੇ ਜੀ ਰਿਹਾ ਹਾਂ ਅਤੇ ਉਸ ਦੇ ਨਾਮ ਦਾ ਅੰਮ੍ਰਿਤ ਪੀ ਕੇ ਮਨ ਅਤੇ ਤਨ ਨਿਹਾਲ ਹੋ ਰਹੇ ਹਨ,

ਬਾਬੁਲ ਮੇਰਾ ਵਡ ਸਮਰਥਾ<br>
ਕਰਣ ਕਾਰਣ ਪ੍ਰਭੁ ਹਾਰਾ॥<br>
ਜਿਸੁ ਸਿਮਰਤ ਦੁਖੁ ਕੋਈ ਨ ਲਾਗੈ<br>
ਭਉਜਲੁ ਪਾਰਿ ਉਤਾਰਾ॥ (ਪੰਨਾ 578)

ਭਾਈ ਗੁਰਦਾਸ ਗੁਰੂ ਨਾਨਕ ਸਾਹਿਬ ਦੀ ਬਟਾਲੇ ਸ਼ਿਵਰਾਤ੍ਰੀ ਦੇ ਮੇਲੇ 'ਤੇ ਸਿੱਧਾਂ ਨਾਲ ਹੋਈ ਗੋਸਟਿ ਦੀ ਚਰਚਾ ਕਰਦਿਆਂ ਦੱਸਦੇ ਹਨ ਜਦੋਂ ਸਿੱਧ ਗੁਰੂ ਨਾਨਕ ਸਾਹਿਬ ਨੂੰ ਪੁੱਛਦੇ ਹਨ ਕਿ ਤੁਸੀਂ ਉਦਾਸੀਆਂ ਵਾਲੇ ਕਪੜੇ ਉਤਾਰ ਕੇ ਸੰਸਾਰੀ ਰੀਤ ਕਿਉਂ ਸ਼ੁਰੂ ਕਰ ਲਈ ਹੈ? ਗੁਰੂ ਨਾਨਕ ਸਾਹਿਬ ਉਤਰ ਦਿੰਦੇ ਹਨ ਕਿ ਤੁਹਾਡੀ ਮਾਂ ਨੇ ਤੁਹਾਨੂੰ ਸਹੀ ਸਿੱਖਿਆ ਨਹੀਂ ਦਿੱਤੀ। ਇਸੇ ਲਈ ਤੁਸੀਂ ਪਹਿਲਾਂ ਗ੍ਰਿਹਿਸਥ ਦਾ ਤਿਆਗ ਕਰਦੇ ਹੋ ਅਤੇ ਫਿਰ ਆਪਣਾ ਪੇਟ ਭਰਨ ਲਈ ਉਨ੍ਹਾਂ ਦੇ ਹੀ ਘਰ ਮੰਗਣ ਜਾਂਦੇ ਹੋ,

ਨਾਨਕ ਆਖੇ 'ਭੰਗਰਿਨਾਥ!<br>
ਤੇਰੀ ਮਾਉ ਕੁਚਜੀ ਆਹੀ।<br>
ਭਾਂਡਾ ਧੋਇ ਨ ਜਾਤਿਓਨਿ<br>
ਭਾਇ ਕੁਚਜੇ ਫੁਲੁ ਸੜਾਈ।<br>
ਹੋਇ ਅਤੀਤੁ ਗ੍ਰਿਹਸਤਿ ਤਜਿ<br>
ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।<br>
ਬਿਨੁ ਦਿਤੇ ਕਛੁ ਹਥਿ ਨ ਆਈ॥ (40)

ਇਸ ਤਰ੍ਹਾਂ ਸਿੱਖ ਧਰਮ ਵਿਚ ਪਰਿਵਾਰਕ ਜੀਵਨ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। ਇਸ ਤੱਥ ਦਾ ਪਤਾ ਇਸ ਗੱਲ ਤੋਂ ਵੀ ਭਾਲੀਭਾਂਤ ਲੱਗ ਜਾਂਦਾ ਹੈ ਕਿ ਸਾਰੇ ਗੁਰੂ ਸਾਹਿਬਾਨ ਨੇ ਗ੍ਰਿਹਿਸਥ ਜੀਵਨ ਮਾਣਿਆ। ਸਮਾਜਿਕ ਨਜ਼ਰੀਏ ਤੋਂ ਪਰਿਵਾਰ ਇੱਕ ਨਿਹਾਇਤ ਜ਼ਰੂਰੀ ਸੰਸਥਾ ਹੈ। ਸਿੱਖ ਧਰਮ ਅਨੁਸਾਰ ਤਾਂ ਧਰਮ ਦਾ ਸਹੀ ਪਾਲਣ ਅਤੇ ਪਰਮਾਤਮਾ ਦਾ ਰਸਤਾ ਗ੍ਰਿਹਿਸਥ ਵਿਚ ਰਹਿ ਕੇ ਹੀ ਪ੍ਰਾਪਤ ਹੋ ਸਕਦਾ ਹੈ। ਇਸੇ ਦੀ ਭਾਈ ਗੁਰਦਾਸ ਨੇ ਵੀ ਜੋਗੀਆਂ ਦੇ ਸਬੰਧ ਵਿਚ ਗੱਲ ਕੀਤੀ ਹੈ। ਕੁਝ ਇੱਕ ਧਰਮਾਂ ਨੂੰ ਛੱਡ ਕੇ ਬਹੁਤਿਆਂ ਨੇ ਪਰਮਾਤਮਾ ਨੂੰ ਪਾਉਣ ਲਈ ਪਰਿਵਾਰਕ ਅਰਥਾਤ ਸੰਸਾਰਕ ਜੀਵਨ ਦੇ ਤਿਆਗ ਨੂੰ ਹੀ ਜ਼ਰੂਰੀ ਸਮਝਿਆ ਹੈ।

ਭਾਰਤ ਵਿਚ ਪੈਦਾ ਹੋਏ ਸਾਰੇ ਧਰਮਾਂ ਨੇ ਰੱਬ ਜਾਂ ਮੁਕਤੀ ਦੀ ਪ੍ਰਾਪਤੀ ਲਈ ਸੰਨਿਆਸ 'ਤੇ ਜ਼ੋਰ ਦਿੱਤਾ ਹੈ। ਸਿੱਖ ਧਰਮ ਅਜਿਹਾ ਧਰਮ ਹੈ ਜੋ ਆਮ ਜੀਵਨ ਜਿਉਂਦਿਆਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਅਤੇ ਉਸ ਨੂੰ ਪਾਉਣ ਦੀ ਸਿਫਾਰਸ਼ ਕਰਦਾ ਹੈ। ਇਹ ਮਨੁੱਖ ਨੂੰ ਸੰਸਾਰ ਨਾਲੋਂ ਤੋੜਦਾ ਨਹੀਂ ਬਲਕਿ ਸੰਸਾਰ ਨਾਲ ਜੋੜਦਾ ਹੈ ਅਤੇ ਅਰਦਾਸ ਵਿਚ ਵੀ 'ਸਰਬੱਤ ਦਾ ਭਲਾ' ਮੰਗਦਾ ਹੈ। ਸਿੱਖ ਧਰਮ ਅਨੁਸਾਰ ਪਰਮਾਤਮਾ ਦੇ ਨਾਮ ਦਾ ਸਿਮਰਨ ਮਨੁੱਖ ਦੇ ਮਨ ਵਿਚੋਂ ਹਰ ਤਰ੍ਹਾਂ ਦੀ ਮੈਲ ਧੋ ਦਿੰਦਾ ਹੈ ਅਤੇ ਮਨ ਵਿਚ ਲੱਗੀ ਵਿਕਾਰਾਂ ਦੀ ਮੈਲ ਹੀ ਸਭ ਬੁਰਾਈਆਂ ਦੀ ਜੜ੍ਹ ਹੈ। ਇਸ ਲਈ ਜਿਹੜੇ ਮਨੁੱਖ ਪਰਮਾਤਮਾ ਦੇ ਨਾਮ ਵਿਚ ਰੰਗੇ ਰਹਿੰਦੇ ਹਨ, ਉਹ ਹੀ ਅਸਲੀ ਵੈਰਾਗੀ ਹਨ। ਗ੍ਰਿਹਿਸਥ ਵਿਚ ਰਹਿੰਦਿਆਂ ਹੀ ਉਨ੍ਹਾਂ ਦੀ ਲਗਨ ਉਸ ਸਦੀਵੀ ਸਥਿਰ ਰਹਿਣ ਵਾਲੇ ਪਰਮਾਤਮਾ ਵਿਚ ਲੱਗੀ ਰਹਿੰਦੀ ਹੈ,

ਨਾਮ ਰਤੇ ਸਦਾ ਬੈਰਾਗੀ॥<br>
ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ॥<br>
ਨਾਨਕ ਸਤਿਗੁਰੁ ਸੇਵੈ ਸੋ ਵਡ ਭਾਗੀ॥<br>
(ਪੰਨਾ 230)

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਗੁਰੂਆਂ ਰਾਹੀਂ ਸਥਾਪਤ ਕੀਤਾ ਧਰਮ ਪਰਿਵਾਰਕ ਜੀਵਨ ਅਤੇ ਸਮਾਜ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ। ਇਹ ਮਨੁੱਖ ਅਤੇ ਸਮਾਜ ਦੋਹਾਂ ਦੀ ਭਲਾਈ ਨਾਲ ਬਹੁਤ ਡੂੰਘਾ ਸਬੰਧ ਰੱਖਦਾ ਹੈ। ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਇਹ ਇਕਾਈ ਮਨੁੱਖ ਦੇ ਇਤਿਹਾਸ ਵਿਚ ਮੁੱਢ ਤੋਂ ਹੀ ਚਲਦੀ ਆ ਰਹੀ ਹੈ ਅਤੇ ਅੱਜ ਵੀ ਕਾਇਮ ਹੈ। ਵੱਖ ਵੱਖ ਧਰਮਾਂ ਦੇ ਇਤਿਹਾਸ ਨੂੰ ਫੋਲਿਆਂ ਪਤਾ ਲਗਦਾ ਹੈ ਕਿ ਧਰਮ ਦੇ ਵਿਕਾਸ ਜਾਂ ਤਰੱਕੀ ਵਿਚ ਪਰਿਵਾਰ ਨੇ ਬਹੁਤ ਹੀ ਅਹਿਮ ਹਿੱਸਾ ਪਾਇਆ ਹੈ। ਪਰਿਵਾਰ ਵੱਖ ਵੱਖ ਧਾਰਮਿਕ ਰਸਮਾਂ ਰਾਹੀਂ ਆਪਸ ਵਿਚ ਜੁੜਦੇ ਹਨ ਅਤੇ ਮਿਲ ਕੇ ਧਾਰਮਿਕ ਰਸਮਾਂ ਕਰਦੇ ਹਨ। ਧਾਰਮਿਕ ਰਸਮਾਂ ਜਿਵੇਂ ਪੂਜਾ-ਪਾਠ ਅਤੇ ਅਰਦਾਸ ਆਦਿ ਮਨੁੱਖ ਦੇ ਪਰਿਵਾਰਕ ਰਿਸ਼ਤਿਆਂ ਨੂੰ ਜੋੜਨ ਅਤੇ ਪੱਕਿਆਂ ਕਰਨ ਵਿਚ ਅਹਿਮ ਰੋਲ ਅਦਾ ਕਰਦੇ ਹਨ। ਪਰਿਵਾਰ ਵਿਚ ਮਿਲ ਕੇ ਜਦੋਂ ਧਾਰਮਿਕ ਰਸਮਾਂ ਕੀਤੀਆਂ ਜਾਂਦੀਆਂ ਹਨ ਤਾਂ ਪਰਿਵਾਰ ਨੂੰ ਆਪਸ ਵਿਚ ਜੋੜਨ ਵਿਚ ਇਨ੍ਹਾਂ ਦਾ ਬਹੁਤ ਹੱਥ ਹੁੰਦਾ ਹੈ। ਸਿੱਖ ਧਰਮ 'ਚ ਪਰਿਵਾਰਕ ਮੈਂਬਰਾਂ ਅਤੇ ਬੱਚਿਆਂ ਵੱਲੋਂ ਇਕੱਠਿਆਂ ਬਾਣੀ ਦਾ ਕੀਰਤਨ ਕਰਨਾ, ਬਾਣੀ ਦਾ ਪਾਠ ਕਰਨਾ ਤੇ ਸੁਣਨਾ, ਅਰਦਾਸ ਕਰਨੀ, ਲੰਗਰ ਦੀ ਸੇਵਾ ਕਰਨੀ ਅਤੇ ਲੰਗਰ ਛੱਕਣਾ ਆਦਿ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਦਾ ਹੈ।

ਸਿੱਖ ਧਰਮ ਵਿਚ ਪਰਿਵਾਰ ਜਿੱਥੇ ਧਾਰਮਿਕ ਅਤੇ ਅਧਿਆਤਮਕ ਕੀਮਤਾਂ ਬਣਾਈ ਰੱਖਣ ਵਿਚ ਆਪਣਾ ਅਹਿਮ ਹਿੱਸਾ ਪਾਉਂਦਾ ਹੈ ਅਤੇ ਪਾ ਸਕਦਾ ਹੈ ਉਥੇ ਵਿੱਦਿਆ ਦੇ ਖੇਤਰ ਵਿਚ ਵੀ ਅਹਿਮ ਯੋਗਦਾਨ ਪਾ ਸਕਦਾ ਹੈ। ਪਰਿਵਾਰ ਵਿਚ ਹੀ ਘਰ ਦੇ ਬਜ਼ੁਰਗਾਂ ਖਾਸ ਕਰਕੇ ਦਾਦੇ-ਦਾਦੀਆਂ, ਨਾਨੇ-ਨਾਨੀਆਂ ਵੱਲੋਂ ਬੱਚਿਆਂ ਨੂੰ ਗੁਰੂਆਂ ਦੀਆਂ ਸਾਖੀਆਂ ਅਤੇ ਸਿੱਖ ਇਤਿਹਾਸ ਸੁਣਾਇਆ ਜਾਂਦਾ ਰਿਹਾ ਹੈ। ਪਰਿਵਾਰ ਵਿਚ ਹੀ ਬੱਚੇ ਨੂੰ ਦੱਸਿਆ ਜਾਂਦਾ ਹੈ ਕਿ ਬਾਣੀ ਦਾ ਪਾਠ ਕਿਵੇਂ ਕਰਨਾ ਹੈ, ਲੰਗਰ ਅਤੇ ਸੇਵਾ ਦਾ ਸਿੱਖ ਧਰਮ ਵਿਚ ਕੀ ਮਹੱਤਵ ਹੈ। ਇਸੇ ਕਿਸਮ ਦੀ ਮਿਲਵਰਤਣ ਦੀ ਗੱਲ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਫਰਮਾਇਆ ਹੈ ਕਿ ਹੇ ਮੇਰੇ ਵੀਰ! ਇਕੱਠੇ ਹੋ ਕੇ ਸਾਧ-ਸੰਗਤ ਵਿਚ ਬੈਠਿਆ ਕਰੋ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਸੁਰਤ ਟਿਕਾ ਕੇ ਆਪਣੇ ਆਪਸੀ ਮਤਭੇਦ ਅਤੇ ਮੇਰ-ਤੇਰ ਮਿਟਾਇਆ ਕਰੋ। ਗੁਰੂ ਦੀ ਸ਼ਰਨ ਵਿਚ ਆਉਣਾ ਚੌਪੜ ਦਾ ਕਪੜਾ ਵਿਛਾਉਣਾ ਹੈ ਅਰਥਾਤ ਇਕੱਠੇ ਹੋ ਕੇ ਬੈਠਣ ਦਾ ਸਾਧਨ ਹੈ, ਜਿਸ ਨਾਲ ਮਨ ਟਿਕਾਉ ਵਿਚ ਆਉਂਦਾ ਹੈ। ਅਕਾਲ ਪੁਰਖ ਦੇ ਨਾਮ ਦਾ ਇਕੱਠੇ ਹੋ ਕੇ ਸਿਮਰਨ ਕਰਨਾ ਚੌਪੜ ਖੇਡਣਾ ਹੈ। ਨੇਕ ਕੰਮ ਕਰਨ ਨੂੰ ਚੌਪੜ ਦੀ ਖੇਡ ਬਣਾਵੋ, ਉਚੇ ਆਚਰਨ ਨੂੰ ਨਰਦ ਬਣਾਵੋ। ਇਸ ਦੀ ਬਰਕਤ ਨਾਲ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵੱਸ ਵਿਚ ਕਰੋ। ਇਹੋ ਜਿਹੀ ਖੇਡ ਅਕਾਲ ਪੁਰਖ ਨੂੰ ਚੰਗੀ ਲਗਦੀ ਹੈ,

ਹੋਇ ਇਕਤ੍ਰ ਮਿਲਹੁ ਮੇਰੇ ਭਾਈ<br>
ਦੁਬਿਧਾ ਦੂਰਿ ਕਰਹੁ ਲਿਵ ਲਾਇ॥<br>
ਹਰਿ ਨਾਮੈ ਕੇ ਹੋਵਹੁ ਜੋੜੀ<br>
ਗੁਰਮੁਖਿ ਬੈਸਹੁ ਸਫਾ ਵਿਛਾਇ॥<br>
(ਪੰਨਾ 1185)

ਵਰਤਮਾਨ ਸਮੇਂ ਵਿਚ ਪਰਿਵਾਰ ਵੀ ਬਹੁਤ ਵਿਅਕਤੀਗਤ ਹੋ ਗਏ ਹਨ। ਵੱਡੇ ਬਜ਼ੁਰਗਾਂ ਨਾਲ ਰਹਿਣ ਅਤੇ ਸਾਂਝੇ ਪਰਿਵਾਰਾਂ ਦੀ ਪਰੰਪਰਾ ਖਤਮ ਹੋ ਰਹੀ ਹੈ। ਬਜ਼ੁਰਗਾਂ ਕੋਲੋਂ ਜੋ ਅਗਵਾਈ ਮਿਲਣੀ ਹੁੰਦੀ ਹੈ, ਉਸ ਤੋਂ ਨੌਜਵਾਨ ਪੀੜ੍ਹੀ ਵਾਂਝੀ ਹੋ ਰਹੀ ਹੈ। ਇਹੀ ਕਾਰਨ ਹੈ ਕਿ ਨੌਜੁਆਨ ਪੀੜ੍ਹੀ ਸਿੱਖੀ ਤੋਂ ਦੂਰ ਹੋ ਰਹੀ ਹੈ। ਜੇ ਉਹ ਸਿਰ 'ਤੇ ਕੇਸ ਹੀ ਨਹੀਂ ਰੱਖ ਰਹੇ ਤਾਂ ਕੀ ਉਹ ਬਾਕੀ ਦੇ ਕੱਕਾਰ ਧਾਰਨ ਕਰਨਗੇ? ਕਿਸੇ ਵੀ ਕਾਲਜ ਜਾਂ ਯੂਨੀਵਰਸਿਟੀ ਵਿਚ ਚਲੇ ਜਾਉ ਹੁਣ ਸਿੱਖ ਬੱਚੇ ਅਤੇ ਬੱਚੀਆਂ ਦੀ ਪਛਾਣ ਉਨ੍ਹਾਂ ਦੇ ਨਾਂਵਾਂ ਪਿੱਛੇ ਲੱਗੇ 'ਸਿੰਘ' ਜਾਂ 'ਕੌਰ' ਤੋਂ ਹੀ ਹੁੰਦੀ ਹੈ। ਸਭ ਤੋਂ ਵੱਡੀ ਚਿੰਤਾ ਨੌਜੁਆਨ ਪੀੜ੍ਹੀ ਦਾ ਵਧ ਰਿਹਾ ਨਸ਼ਿਆਂ ਦਾ ਰੁਝਾਨ ਹੈ ਜਿਸ ਕਰਕੇ ਉਹ ਵਿਦਿਅਕ ਤੌਰ 'ਤੇ ਵੀ ਪੱਛੜਦੇ ਜਾ ਰਹੇ ਹਨ, ਖਾਸ ਕਰਕੇ ਲੜਕੇ। ਉਂਜ ਤਾਜ਼ਾ ਸਰਵੇ ਮੁਤਾਬਕ ਕੁੜੀਆਂ ਵੀ ਨਸ਼ਿਆਂ ਵਿਚ ਪੈ ਰਹੀਆਂ ਹਨ। ਹੁਣੇ ਜਿਹੇ ਪੰਜਾਬ ਸਰਕਾਰ ਨੇ ਇੱਕ ਸਕੀਮ ਤਹਿਤ ਸਰਕਾਰੀ ਸਕੂਲਾਂ ਵਿਚ ਪੜ੍ਹਨ ਵਾਲੇ ਉਨ੍ਹਾਂ ਬੱਚਿਆਂ ਨੂੰ ਇਨਾਮ ਦੇਣ ਦੀ ਯੋਜਨਾ ਬਣਾਈ ਜਿਨ੍ਹਾਂ ਨੇ ਦਸਵੀਂ ਜਮਾਤ ਵਿਚ 80% ਤੋਂ ਉਤੇ ਨੰਬਰ ਲਏ ਅਤੇ ਜਿਨ੍ਹਾਂ ਨੇ 90% ਤੋਂ ਉਤੇ ਲਏ ਉਨ੍ਹਾਂ ਨੂੰ ਸਟੇਜ 'ਤੇ ਬਿਠਾ ਕੇ ਮਾਣ ਬਖਸ਼ਿਆ। 80% ਨੰਬਰ ਲੈਣ ਵਾਲਿਆਂ ਵਿਚ ਕੁੜੀਆਂ ਦੀ ਗਿਣਤੀ ਮੁੰਡਿਆਂ ਤੋਂ ਕਿਤੇ ਵੱਧ ਸੀ ਅਤੇ 90% ਜਾਂ ਇਸ ਤੋਂ ਉਪਰ ਨੰਬਰ ਲੈਣ ਵਾਲਿਆਂ ਵਿਚ ਕੋਈ ਲੜਕਾ ਨਹੀਂ ਸੀ। ਇਹ ਵੱਡੀ ਚਿੰਤਾ ਦਾ ਵਿਸ਼ਾ ਹੈ। ਨਸ਼ਿਆਂ ਵੱਲ ਰੁਝਾਨ ਦੇ ਭਾਵੇਂ ਇੱਕ ਤੋਂ ਵੱਧ ਕਾਰਨ ਹੋ ਸਕਦੇ ਹਨ ਪਰ ਸਭ ਤੋਂ ਵੱਡਾ ਕਾਰਨ ਅਸਲ ਵਿਚ ਘਰਾਂ ਦਾ ਮਾਹੌਲ ਅਤੇ ਵਰਤਮਾਨ ਸਮੇਂ ਦੀ ਸਮਾਜਿਕ ਰਹਿਣੀ ਹੈ। ਗੁਰਮਤਿ ਵਿਚ ਹਰ ਤਰ੍ਹਾਂ ਦੇ ਨਸ਼ੇ ਦੀ ਮਨਾਹੀ ਹੈ ਪਰ ਪਤਾ ਨਹੀਂ ਸਿੱਖਾਂ ਵਿਚ ਇਹ ਭੁਲੇਖਾ ਕਿਵੇਂ ਪੈਦਾ ਹੋ ਗਿਆ ਹੈ ਕਿ ਸ਼ਰਾਬ ਪੀਣ ਦੀ ਕੋਈ ਮਨਾਹੀ ਨਹੀਂ ਹੈ। ਪਹਿਲੇ ਸਮਿਆਂ ਵਿਚ ਸਿਰਫ ਕਿਸੇ ਖਾਸ ਮੌਕੇ 'ਤੇ ਸ਼ਰਾਬ ਵਰਤੀ ਜਾਂਦੀ ਸੀ ਪਰ ਹੁਣ ਇਸ ਨੂੰ ਸਮਾਜਿਕ ਰੁਤਬੇ ਨਾਲ ਜੋੜ ਲਿਆ ਗਿਆ ਹੈ। ਸਿੱਖ ਘਰਾਂ ਵਿਚ ਇਸ ਦੀ ਵਰਤੋਂ ਆਮ ਹੋਣ ਲੱਗ ਪਈ ਹੈ। ਸਰਕਾਰ ਨੇ ਵੀ ਥਾਂ ਥਾਂ ਠੇਕੇ ਖੋਲ੍ਹ ਦਿੱਤੇ ਹਨ। ਇਸ ਦੇ 2 ਕਾਰਨ ਹਨ। ਪਹਿਲਾ ਇਹ ਕਿ ਸਰਕਾਰਾਂ ਦੀ ਇਹ ਆਮਦਨ ਦਾ ਸਾਧਨ ਹੈ। ਦੂਸਰੇ ਲੋਕ ਜਿੰਨੇ ਜ਼ਿਆਦਾ ਨਸ਼ਈ ਹੋਣਗੇ ਉਨੇ ਹੀ ਉਹ ਸਰਕਾਰ ਦੀ ਗੁਲਾਮੀ ਕਰਨਗੇ ਤੇ ਸਰਕਾਰ ਦੀ ਕਾਰਗੁਜ਼ਾਰੀ ਪ੍ਰਤੀ ਸੁਚੇਤ ਨਹੀਂ ਹੋਣਗੇ।

ਹੋਰ ਨਸ਼ਿਆਂ ਦੀ ਵੀ ਬਹੁਤ ਭਰਮਾਰ ਹੈ ਜਿਸ ਦਾ ਵੱਡਾ ਕਾਰਨ ਸਰਕਾਰੀ ਸਰਪ੍ਰਸਤੀ ਵਿਚ ਭਾਂਤ-ਸੁਭਾਂਤੇ ਨਸ਼ਿਆਂ ਦੀ ਹੋ ਰਹੀ ਤਸਕਰੀ ਹੈ। ਰਾਤੋ-ਰਾਤ ਅਮੀਰ ਹੋਣ ਦੀ ਲੋਕਾਂ ਵਿਚ ਹੋੜ ਲੱਗੀ ਹੋਈ ਹੈ ਜੋ ਈਮਾਨਦਾਰੀ ਦੀ ਕਮਾਈ ਨਾਲ ਸੰਭਵ ਨਹੀਂ। ਕੋਈ ਵੀ ਸੁਧਾਰ ਘਰ ਤੋਂ ਹੀ ਸ਼ੁਰੂ ਹੁੰਦਾ ਹੈ। ਬੱਚਿਆਂ ਨੇ ਆਪਣੇ ਬਜ਼ੁਰਗਾਂ ਦੇ ਪਦ-ਚਿੰਨ੍ਹਾਂ 'ਤੇ ਹੀ ਚੱਲਣਾ ਹੁੰਦਾ ਹੈ। ਇਸ ਲਈ ਬੱਚਿਆਂ ਨੂੰ ਸਹੀ ਰਸਤੇ 'ਤੇ ਪਾਉਣ ਲਈ ਵੱਡਿਆਂ ਦਾ, ਜਿਨ੍ਹਾਂ ਨੇ ਉਨ੍ਹਾਂ ਨੂੰ ਰਸਤਾ ਦਿਖਾਉਣਾ ਹੈ, ਹਰ ਤਰ੍ਹਾਂ ਦੇ ਨਸ਼ਿਆਂ ਤੋਂ ਦੂਰ ਰਹਿਣਾ ਬਹੁਤ ਜ਼ਰੂਰੀ ਹੈ। ਵੱਡਿਆਂ ਦੇ ਇਕੱਤਰ ਕੀਤੇ ਖਜ਼ਾਨੇ, ਭਾਵੇਂ ਉਹ ਗੁਣਾਂ ਦਾ ਹੋਵੇ ਭਾਵੇਂ ਧੰਨ-ਦੌਲਤ ਦਾ ਅਤੇ ਭਾਵੇਂ ਔਗੁਣਾਂ ਦਾ, ਵਿਚੋਂ ਹੀ ਬੱਚਿਆਂ ਨੇ ਵਿਰਾਸਤ ਹੰਢਾਉਣੀ ਹੁੰਦੀ ਹੈ। ਇਸੇ ਸਬੰਧ ਵਿਚ ਗੁਰੂ ਅਰਜਨ ਦੇਵ ਜਿਨ੍ਹਾਂ ਨੇ ਆਪਣੇ ਪੁਰਖੇ ਚਾਰ ਗੁਰੂਆਂ ਦੀ ਬਾਣੀ ਦਾ ਖਜ਼ਾਨਾ ਇਕੱਠਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ, ਫਰਮਾਉਂਦੇ ਹਨ ਕਿ ਜਦੋਂ ਮੈਂ ਗੁਰੂ ਨਾਨਕ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਦਾ ਖਜ਼ਾਨਾ ਖੋਲ੍ਹ ਕੇ ਦੇਖਿਆ ਤਾਂ ਮੇਰੇ ਮਨ ਵਿਚ ਆਤਮਕ ਅਨੰਦ ਦਾ ਭੰਡਾਰ ਭਰਿਆ ਗਿਆ,

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥<br>
ਤਾ ਮੇਰੈ ਮਨਿ ਭਇਆ ਨਿਧਾਨਾ॥<br>
ਰਤਨ ਲਾਲ ਜਾ ਕਾ ਕਛੂ ਨ ਮੋਲੁ॥<br>
ਭਰੇ ਭੰਡਾਰ ਅਖੂਟ ਅਤੋਲ॥ (ਪੰਨਾ 186)

ਗੁਰਬਾਣੀ ਗਿਆਨ

## ਮਾਇਆ ਮੋਹ ਮਗਨੁ ਅੰਧਿਆਰੈ

**ਸੋਰਠ ਮਹਲਾ ੫**

ਮਾਇਆ ਮੋਹ ਮਗਨੁ ਅੰਧਿਆਰੈ<br>
ਦੇਵਨਹਾਰੁ ਨ ਜਾਨੈ॥<br>
ਜੀਉ ਪਿੰਡੁ ਸਾਜਿ ਜਿਨਿ ਰਚਿਆ<br>
ਬਲੁ ਅਪੁਨੋ ਕਰਿ ਮਾਨੈ॥੧॥<br>
ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ॥<br>
ਜੋ ਕਿਛੁ ਕਰਹਿ ਸੋਈ ਸੋਈ ਜਾਣੈ<br>
ਰਹੈ ਨ ਕਛੂਐ ਛਾਨੀ॥ਰਹਾਉ॥<br>
ਜਿਹਵਾ ਸੁਆਦ ਲੋਭ ਮਦਿ ਮਾਤੋ<br>
ਉਪਜੇ ਅਨਿਕ ਬਿਕਾਰਾ॥<br>
ਬਹੁਤੁ ਜੋਨਿ ਭਰਮਤ ਦੁਖੁ ਪਾਇਆ<br>
ਹਉਮੈ ਬੰਧਨ ਕੇ ਭਾਰਾ॥੨॥<br>
ਦੇਇ ਕਿਵਾੜ ਅਨਿਕ ਪੜਦੇ ਮਹਿ<br>
ਪਰ ਦਾਰਾ ਸੰਗਿ ਫਾਕੈ॥<br>
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ<br>
ਤਬ ਕਉਣੁ ਪੜਦਾ ਤੇਰਾ ਢਾਕੈ॥੩॥<br>
ਦੀਨ ਦਇਆਲ ਪੂਰਨ ਦੁਖ ਭੰਜਨ<br>
ਤੁਮ ਬਿਨੁ ਓਟ ਨ ਕਾਈ॥<br>
ਕਾਢਿ ਲੇਹੁ ਸੰਸਾਰ ਸਾਗਰ ਮਹਿ<br>
ਨਾਨਕ ਪ੍ਰਭ ਸਰਣਾਈ॥੪॥

ਗੁਰੂ ਅਰਜੁਨ ਦੇਵ ਜੀ ਬਖਸ਼ਿਸ਼ ਕਰਦੇ ਹਨ, ਮਾਇਆ ਮੋਹ ਮਗਨੁ ਅੰਧਿਆਰੈ, ਹੇ ਜੀਵ! ਤੂੰ ਮਾਇਆ ਮੋਹ ਦੇ ਹਨੇਰੇ ਵਿਚ ਮਗਨ ਹੋਇਆ ਫਿਰਦਾ ਹੈਂ; ਦਾਤਾਂ ਦੇਣ ਵਾਲੇ ਉਸ ਮਿਹਰਬਾਨ ਪ੍ਰਭ ਨੂੰ ਤੂੰ ਕਦੀ ਵੀ ਯਾਦ ਨਹੀਂ ਕੀਤਾ। ਜੀਉ ਪਿੰਡੁ ਸਾਜਿ ਜਿਨਿ ਰਚਿਆ, ਜਿਸ ਸ੍ਰਿਸ਼ਟੀ ਦੇ ਮਾਲਕ ਪ੍ਰਭ ਨੇ ਤੇਰੇ ਇਸ ਸਰੀਰ ਵਿਚ ਜੀਊ ਪਾ ਕੇ ਤੈਨੂੰ ਬਣਾਇਆ ਹੈ; ਤੂੰ ਉਸ ਰਚਨਹਾਰ ਪ੍ਰਭੂ ਨੂੰ ਭੁਲਾ ਕੇ ਆਪਣੀ ਤਾਕਤ ਅਤੇ ਆਪਣੇ ਆਪ ਨੂੰ ਹੀ ਵੱਡਾ ਸਮਝੀ ਬੈਠਾ ਹੈਂ।

ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ॥<br>
ਜੋ ਕਿਛੁ ਕਰਹਿ ਸੋਈ ਸੋਈ ਜਾਣੈ<br>
ਰਹੈ ਨ ਕਛੂਐ ਛਾਨੀ॥ਰਹਾਉ॥

ਗੁਰਦੇਵ ਪਾਤਸ਼ਾਹ ਮਨ ਨੂੰ ਆਖ ਰਹੇ ਹਨ, ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ, ਹੇ ਮੂਰਖ ਮਨ! ਉਹ ਜਗਤ ਦਾ ਮਾਲਕ ਪ੍ਰਭੂ ਤਾਂ ਤੇਰੇ ਕੀਤੇ ਕਰਮਾਂ ਨੂੰ ਹਰ ਵੇਲੇ ਹੀ ਵੇਖ ਰਿਹਾ ਹੈ; ਹੇ ਪਗਲੇ ਜੀਵ! ਤੂੰ ਜੋ ਕੁਝ ਵੀ ਕਰਦਾ ਫਿਰਦਾ ਹੈਂ, ਉਹ ਘਟ ਘਟ ਦੀਆਂ ਜਾਣਨ ਵਾਲਾ ਪ੍ਰਭੂ ਤਾਂ ਸਭ ਕੁਝ ਹੀ ਜਾਣਦਾ ਹੈ; ਰਹੈ ਨ ਕਛੂਐ ਛਾਨੀ, ਹੇ ਜੀਵ! ਤੂੰ ਆਪਣੇ ਮਨ ਵਿਚ ਸੋਚਦਾ ਹੈਂ ਕਿ ਮੈਨੂੰ ਕੋਈ ਨਹੀਂ ਵੇਖਦਾ ਪਰ ਉਸ ਸੰਸਾਰ ਦੇ ਮਾਲਕ ਕੋਲੋਂ ਤਾਂ ਤੇਰਾ ਕੁਝ ਵੀ ਛੁਪਿਆ ਨਹੀਂ ਹੈ।

ਜਿਹਵਾ ਸੁਆਦ ਲੋਭ ਮਦਿ ਮਾਤੋ<br>
ਉਪਜੇ ਅਨਿਕ ਬਿਕਾਰਾ॥<br>
ਬਹੁਤੁ ਜੋਨਿ ਭਰਮਤ ਦੁਖੁ ਪਾਇਆ<br>
ਹਉਮੈ ਬੰਧਨ ਕੇ ਭਾਰਾ॥੨॥

ਹੇ ਭਾਈ! ਇਹ ਮੂਰਖ ਜੀਵ ਤਾਂ ਜੀਭ ਦੇ ਸੁਆਦ ਅਤੇ ਲੋਭ-ਲਾਲਚ ਦੇ ਨਸ਼ਿਆਂ ਵਿਚ ਹੀ ਮਸਤ ਹੋਇਆ ਫਿਰਦਾ ਹੈ, ਜਿਸ ਕਰ ਕੇ ਇਸ ਜੀਵ ਅੰਦਰ ਅਨੇਕਾਂ ਹੀ ਤਰ੍ਹਾਂ ਦੇ ਵਿਕਾਰ ਪੈਦਾ ਹੋ ਜਾਂਦੇ ਹਨ; ਬਹੁਤੁ ਜੋਨਿ ਭਰਮਤ ਦੁਖੁ ਪਾਇਆ, ਇਹ ਜੀਵ ਫਿਰ ਜੰਮਣ-ਮਰਨ ਦੇ ਗੇੜ ਵਿਚ ਭਟਕਦਾ ਹੋਇਆ ਵਾਰ ਵਾਰ ਜੂਨਾਂ ਵਿਚ ਫਿਰਦਾ ਹੈ; ਇਹ ਜੀਵ ਹਉਮੈ ਦਿਆਂ ਸੰਗਲਾਂ ਦੇ ਭਾਰ ਥੱਲੇ ਦੱਬ ਕੇ ਦੁਖ ਸਹਾਰਦਾ ਰਹਿੰਦਾ ਹੈ।

ਦੇਇ ਕਿਵਾੜ ਅਨਿਕ ਪੜਦੇ ਮਹਿ<br>
ਪਰ ਦਾਰਾ ਸੰਗਿ ਫਾਕੈ॥<br>
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ<br>
ਤਬ ਕਉਣੁ ਪੜਦਾ ਤੇਰਾ ਢਾਕੈ॥੩॥

ਦੇਇ ਕਿਵਾੜ ਅਨਿਕ ਪੜਦੇ ਮਹਿ, ਭਾਵ ਵਿਕਾਰਾਂ ਵਿਚ ਫਸਿਆ ਹੋਇਆ ਜੀਵ ਦਰਵਾਜ਼ੇ ਬੰਦ ਕਰ ਕੇ ਅਤੇ ਕਈ ਪਰਦਿਆਂ ਦੇ ਪਿੱਛੇ ਲੁਕ ਕੇ; ਪਰ ਦਾਰਾ ਸੰਗਿ ਫਾਕੈ, ਪਰਾਈ ਔਰਤ ਨਾਲ ਬੁਰੇ ਕਰਮ ਕਰਦਾ ਹੈ; ਚਿਤ੍ਰ ਗੁਪਤੁ ਜਬ ਲੇਖਾ ਮਾਗਹਿ, ਹੇ ਭਾਈ! ਜਿਸ ਵੇਲੇ ਧਰਮ ਰਾਜ ਦੇ ਦੂਤ ਚਿਤ੍ਰ ਅਤੇ ਗੁਪਤ ਨੇ ਭਰੇ ਦਰਬਾਰ ਵਿਚ ਤੇਰੇ ਕਰਮਾਂ ਦਾ ਵਹੀ ਖਾਤਾ ਖੋਲ੍ਹਿਆ ਤੇ ਹਿਸਾਬ ਮੰਗਿਆ; ਤਬ ਕਉਣੁ ਪੜਦਾ ਤੇਰਾ ਢਾਕੈ, ਹੇ ਮੂਰਖ ਜੀਵ! ਫਿਰ ਉਸ ਵੇਲੇ ਤੇਰੇ ਕਾਲੇ ਕਰਮਾਂ 'ਤੇ ਪਰਦਾ ਪਾਉਣ ਵਾਲਾ ਉਥੇ ਕੋਈ ਨਹੀਂ ਹੋਵੇਗਾ।

ਦੀਨ ਦਇਆਲ ਪੂਰਨ ਦੁਖ ਭੰਜਨ<br>
ਤੁਮ ਬਿਨੁ ਓਟ ਨ ਕਾਈ॥<br>
ਕਾਢਿ ਲੇਹੁ ਸੰਸਾਰ ਸਾਗਰ ਮਹਿ<br>
ਨਾਨਕ ਪ੍ਰਭ ਸਰਣਾਈ॥੪॥

ਹੇ ਦੀਨਾਂ ਉਤੇ ਦਇਆ ਕਰਨ ਵਾਲੇ ਮਿਹਰਬਾਨ ਪ੍ਰਭੂ! ਹੇ ਸਰਬ ਵਿਆਪਕ ਅਤੇ ਦੁਖਾਂ ਦਾ ਨਾਸ਼ ਕਰਨ ਵਾਲੇ ਸੋਹਣੇ ਪ੍ਰੀਤਮ ਜੀਉ! ਤੈਥੋਂ ਬਗੈਰ ਸਾਡਾ ਜੀਵਾਂ ਦਾ ਹੋਰ ਕੋਈ ਵੀ ਓਟ ਆਸਰਾ ਨਹੀਂ ਹੈ; ਕਾਢਿ ਲੇਹੁ ਸੰਸਾਰ ਸਾਗਰ ਮਹਿ, ਹੇ ਤਾਰਨਹਾਰ ਪ੍ਰਭੂ ਜੀਉ! ਮੈਨੂੰ ਸੰਸਾਰ ਸਮੁੰਦਰ ਵਿਚ ਡੁੱਬ ਰਹੇ ਨੂੰ ਬਾਂਹ ਤੋਂ ਫੜ ਕੇ ਬਾਹਰ ਕੱਢ ਲਵੋ। ਨਾਨਕ ਪ੍ਰਭ ਸਰਣਾਈ, ਇਹ ਦਾਸ ਨਾਨਕ ਤੇਰੀ ਸ਼ਰਨ ਵਿਚ ਹੈ, ਪ੍ਰਭੂ ਜੀ ਮੈਨੂੰ ਬਚਾ ਲਵੋ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*<br>
*ਫੋਨ: 916-687-3536*

.ਗ਼ਦਰ ਸ਼ਤਾਬਦੀ ਨੂੰ ਸਮਰਪਿਤ

# ਰੋਜ਼ੀ-ਰੋਟੀ ਤੋਂ ਆਜ਼ਾਦੀ ਵੱਲ

ਦਫਨ ਨਹੀਂ ਹੁੰਦੇ ਆਜ਼ਾਦੀ 'ਤੇ ਮਰਨ ਵਾਲੇ,
ਪੈਦਾ ਕਰਦੇ ਨੇ ਸ਼ਕਤੀ ਬੀਜ,
ਹੋਰ ਬੀਜ ਪੈਦਾ ਕਰਨ ਵਾਲੇ।

ਗ਼ਦਰੀਆਂ ਦਾ ਹਿੰਦੋਸਤਾਨ ਦੀ ਆਜ਼ਾਦੀ ਲਈ ਘੋਲ ਅੱਜ ਤੋਂ ਸੌ ਸਾਲ ਪਹਿਲਾਂ ਦੀ ਕਹਾਣੀ ਹੈ। ਹੁਣ ਵਾਲੀ ਪੀੜ੍ਹੀ ਨੂੰ ਦੱਸਣਾ ਪਵੇਗਾ ਕਿ ਇਹ ਦੇਸ਼ ਭਗਤ ਗਦਰੀ ਬਾਬੇ ਕੌਣ ਸਨ? ਇਹ ਸੂਰਬੀਰ ਕੈਨੇਡਾ, ਅਮਰੀਕਾ ਵਰਗੇ ਮੁਲਕਾਂ ਵਿਚ ਕਿਉਂ ਤੇ ਕਿਵੇਂ ਆਏ? ਫਿਰ ਇਥੋਂ ਦਾ ਸਾਰਾ ਸੁੱਖ, ਧਨ-ਦੌਲਤ ਛੱਡ ਕੇ ਇਹ ਸਿਦਕੀ ਸੂਰਮੇ ਹਿੰਦੋਸਤਾਨ ਨੂੰ ਵਿਦੇਸ਼ੀ ਬਰਤਾਨਵੀ ਸਰਕਾਰ ਤੋਂ ਆਜ਼ਾਦ ਕਰਵਾ ਕੇ ਲੁੱਟ ਰਹਿਤ ਜਮਹੂਰੀ ਨਿਜ਼ਾਮ ਕਾਇਮ ਕਰਨ ਦਾ ਸੁਪਨਾ ਲੈ ਕੇ ਵਤਨ ਪਰਤੇ। ਵਾਪਸੀ 'ਤੇ ਆਪਣੀ ਮਾਤਰੀ ਭੂਮੀ ਉਤੇ ਇਨ੍ਹਾਂ ਨਾਲ ਕੀ ਕੁਝ ਨਹੀਂ ਵਾਪਰਿਆ। ਇਹ ਸੂਰਮੇ ਫਾਂਸੀ 'ਤੇ ਚੜ੍ਹੇ, ਘਰ ਬਾਰ ਬਰਬਾਦ ਕਰਵਾਏ ਅਤੇ ਕਾਲੇ ਪਾਣੀਆਂ ਦੇ ਨਰਕੀ ਕੁੰਭ ਹੰਢਾਏ।



ਕਿਰਪਾਲ ਸਿੰਘ ਸੰਧੂ
ਫੋਨ:559-259-4844

ਜ਼ਰਾ ਕੁ ਹਿੰਦੋਸਤਾਨ ਦੇ ਇਤਿਹਾਸ 'ਤੇ ਨਜ਼ਰ ਮਾਰੀਏ। ਇਥੋਂ ਦੀ ਜਰਖੇਜ਼ ਧਰਤੀ 'ਤੇ ਗੁਆਂਢੀ ਮੁਲਕਾਂ ਤੋਂ ਪਸ਼ੂ ਪਾਲਕ ਗੰਗਾ ਦੇ ਇਸ ਮੈਦਾਨ ਵਿਚ ਟੋਲੀਆਂ ਦੇ ਰੂਪ ਵਿਚ ਆਏ ਅਤੇ ਫਿਰ ਉਹ ਇਥੋਂ ਦੇ ਹੋ ਕੇ ਰਹਿ ਗਏ। ਇਹ ਆਰੀਆ ਸਨ। ਸੋ, ਮੋਢੀ ਵਸਨੀਕਾਂ ਅਤੇ ਆਰੀਆ ਕਹਾਉਣ ਵਾਲੇ ਇਨ੍ਹਾਂ ਲੋਕਾਂ ਦੇ ਮਿਲਗੋਭਾ ਸਭਿਆਚਾਰ ਨਾਲ ਹਿੰਦੋਸਤਾਨ ਦਾ ਮੁੱਢ ਬੱਝਾ ਜਾਪਦਾ ਹੈ। ਦੂਜੇ, ਹੜੱਪਾ ਅਤੇ ਮਹਿੰਜੋਦੜੋ ਦੇ ਇਲਾਕੇ ਵਿਚ ਹੋਈ ਖੁਦਾਈ ਤੋਂ ਮਿਲੀਆਂ ਮੂਰਤੀਆਂ, ਸਿੱਕਿਆਂ, ਬਰਤਨਾਂ ਅਤੇ ਹਥਿਆਰਾਂ ਤੋਂ ਇਹ ਪਤਾ ਲਗਦਾ ਹੈ ਕਿ ਇਹ ਪੁਰਾਣੀ, ਨਰੋਈ, ਨਿੱਗਰ ਸੋਚ ਅਤੇ ਸਭਿਅਤਾ ਦਾ ਮਾਲਕ ਸੀ। ਖੁਸ਼ਹਾਲੀ ਦੀ ਝਲਕ ਇਸ ਗੱਲ ਤੋਂ ਪੈਂਦੀ ਹੈ ਕਿ ਵਪਾਰ ਅਫਗਾਨਿਸਤਾਨ, ਇਰਾਨ, ਇਰਾਕ ਤੇ ਮਿਸਰ ਤੱਕ ਅਤੇ ਅਫਗਾਨਿਸਤਾਨ ਤੋਂ ਰੂਸ ਵਾਲੇ ਪਾਸੇ ਕੋਹਕਾਫ ਕਰ ਕੇ ਜਾਣੇ ਜਾਂਦੇ ਇਲਾਕੇ ਦੀਆਂ ਰਿਆਸਤਾਂ ਤੱਕ ਹੁੰਦਾ ਸੀ। ਖੁਸ਼ਹਾਲੀ ਦੇ ਕਿੱਸੇ ਸੁਣ ਕੇ ਹੀ ਕੋਲੰਬਸ ਪਾਣੀ ਦੇ ਰਸਤੇ ਹਿੰਦੋਸਤਾਨ ਲੱਭਣ ਤੁਰਿਆ ਸੀ ਪਰ 1492 ਵਿਚ ਹਿੰਦੋਸਤਾਨ ਦੀ ਥਾਂ ਪਹੁੰਚ ਗਿਆ ਅਮਰੀਕਾ। ਇਸ ਤੋਂ ਬਾਅਦ ਤਾਂ ਫਿਰ ਇੰਗਲੈਂਡ, ਫਰਾਂਸ, ਸਪੇਨ, ਪੁਰਤਗਾਲ ਵਰਗੇ ਹੋਰ ਵੀ ਕਈ ਦੇਸ਼ਾਂ ਨੇ ਦੂਜੇ ਮੁਲਕਾਂ, ਟਾਪੂਆਂ ਨੂੰ ਪਾਣੀ ਦੇ ਰਸਤੇ ਲੱਭਣ ਦਾ ਹੜ੍ਹ ਜਿਹਾ ਹੀ ਲੈ ਆਂਦਾ। ਇਨ੍ਹਾਂ ਮੁਲਕਾਂ ਅਤੇ ਟਾਪੂਆਂ ਉਤੇ ਉਨ੍ਹਾਂ ਆਪੋ-ਆਪਣੀਆਂ ਬਸਤੀਆਂ ਕਾਇਮ ਕਰ ਲਈਆਂ।

ਇੰਗਲੈਂਡ ਦੇ ਧਨਾਢਾਂ ਨੇ 'ਈਸਟ ਇੰਡੀਆ ਕੰਪਨੀ' ਨਾਂ ਥੱਲੇ ਨਿਰੋਲ ਵਪਾਰ ਦੇ ਮੰਤਵ ਨਾਲ ਕਲਕੱਤੇ ਦੀ ਬੰਦਰਗਾਹ 'ਤੇ ਆਪਣੇ ਜਹਾਜ਼ ਜਾ ਲਏ। ਉਸ ਸਮੇਂ ਹਿੰਦੋਸਤਾਨ ਛੋਟੀਆਂ ਵੱਡੀਆਂ 661 ਰਿਆਸਤਾਂ ਵਿਚ ਵੰਡਿਆ ਹੋਇਆ ਸੀ ਪਰ ਦਿੱਲੀ ਦੇ ਤਖਤ 'ਤੇ ਮੁਗਲ ਬਾਦਸ਼ਾਹ ਜਹਾਂਗੀਰ ਰਾਜ ਕਰਦਾ ਸੀ। ਕੰਪਨੀ ਵੱਲੋਂ ਰਿਆਸਤ ਵਿਚ ਲਾਏ ਸਰਮਾਏ ਨੂੰ ਮਹਿਫੂਜ਼ ਰੱਖਣ ਦੇ ਨਾਂ ਥੱਲੇ ਰਾਜਿਆਂ ਪਾਸੋਂ ਆਪਣੇ ਹੱਕ ਦੇ ਕਾਨੂੰਨ ਬਣਵਾਏ ਗਏ। ਰਾਜਿਆਂ ਦੇ ਆਪਸੀ ਝਗੜਿਆਂ ਕਾਰਨ ਇਕ ਰਾਜੇ ਦੀ ਮਾਲੀ ਸਹਾਇਤਾ ਕਰ ਕੇ, ਦੂਜਿਆਂ ਨੂੰ ਦਬਾ ਕੇ, ਦਖਲਅੰਦਾਜ਼ੀ ਕਰ ਕੇ ਕੰਪਨੀ ਰਿਆਸਤਾਂ ਉਤੇ ਕਾਬਜ਼ ਹੁੰਦੀ ਗਈ। ਆਖਰ 1857 ਵਿਚ ਹਿੰਦੋਸਤਾਨੀ ਰਾਜਿਆਂ ਨੇ ਕੰਪਨੀ ਦੀ ਇਸ ਚਾਲ ਨੂੰ ਠੱਲ੍ਹ ਪਾਉਣ ਲਈ ਬੜੀ ਬਹਾਦਰੀ ਨਾਲ ਮੈਦਾਨੇ-ਜੰਗ ਅੰਦਰ ਜਾਨਾਂ ਵਾਰੀਆਂ ਪਰ ਆਪਸੀ ਨਾ-ਇਤਫਾਕੀ ਕਾਰਨ ਕੰਪਨੀ ਆਪਣੀ ਚਾਲ ਵਿਚ ਕਾਮਯਾਬ ਹੋਈ ਤੇ ਸਾਰੇ ਹਿੰਦੋਸਤਾਨ ਉਤੇ ਕਬਜ਼ਾ ਕਰ ਲਿਆ।

ਹਿੰਦੋਸਤਾਨੀ ਲੋਕਾਂ ਦਾ ਕੰਪਨੀ ਖਿਲਾਫ ਗੁੱਸਾ ਠੰਢਾ ਕਰਨ ਲਈ 1858 ਵਿਚ ਇੰਗਲੈਂਡ ਨੇ ਕੰਪਨੀ ਦੇ ਵਜੂਦ ਨੂੰ ਖਤਮ ਕਰ ਕੇ ਹਿੰਦੋਸਤਾਨੀ ਵਸੋਂ ਦੀ ਹੋਣੀ ਦੀ ਮਾਲਕ ਇੰਗਲੈਂਡ ਦੀ ਮਲਕਾ ਨੂੰ ਬਣਾ ਦਿੱਤਾ ਅਤੇ ਦਿੱਲੀ ਦੇ ਲਾਲ ਕਿਲ੍ਹੇ ਉਤੇ ਯੂਨੀਅਨ ਜੈਕ ਝੁਲਾ ਦਿੱਤਾ। ਪਿੰਡਾਂ, ਸ਼ਹਿਰਾਂ ਵਿਚ ਚੌਧਰ ਦੇ ਭੁੱਖੇ ਲੋਕਾਂ ਨੂੰ ਚੌਧਰੀ ਸਾਹਿਬ, ਸਫੈਦਪੋਸ਼, ਨੰਬਰਦਾਰ, ਜ਼ੈਲਦਾਰ, ਸਰਦਾਰ ਸਾਹਿਬ, ਖਾਨ ਸਾਹਿਬ, ਸਾਹਿਬ ਬਹਾਦਰ, ਰਾਏ ਬਹਾਦਰ ਵਰਗੇ ਖਿਤਾਬਾਂ ਨਾਲ ਨਿਵਾਜ ਕੇ ਪੂਰੀ ਜਨਤਾ ਉਤੇ ਸਰਕਾਰੀ ਕੰਟਰੋਲ ਕਾਇਮ ਕਰ ਲਿਆ। ਨਾਲ ਹੀ ਜਿਥੇ ਕੌਮਾਂ ਨੂੰ ਧਰਮ ਦੇ ਨਾਂ ਥੱਲੇ ਪਾੜ ਰੱਖਿਆ, ਉਥੇ ਅਮੀਰੀ-ਗਰੀਬੀ ਨੂੰ ਪਰਮਾਤਮਾ/ਅੱਲਾ ਦੀ ਦੇਣ ਪ੍ਰਚਾਰਿਆ। ਸਰਕਾਰੀ ਅਤੇ ਧਰਮੀ ਮਸ਼ੀਨਰੀ ਵੀ ਅਮੀਰਾਂ ਦੇ ਹੱਕ ਵਿਚ ਪ੍ਰਚਾਰ ਕਰਦੀ ਰਹੀ। ਸੁਧਾਰ ਦੇ ਨਾਂ ਥੱਲੇ ਵੱਡੇ ਸ਼ਹਿਰਾਂ ਨੂੰ ਬੰਦਰਗਾਹਾਂ ਤੱਕ ਰੇਲਵੇ ਲਾਈਨਾਂ ਰਾਹੀਂ ਜੋੜਿਆ ਗਿਆ। ਆਪਣੇ ਝੋਲੀ ਚੁੱਕਾਂ ਅਤੇ ਸਰਕਾਰੀ ਮਸ਼ੀਨਰੀ ਰਾਹੀਂ ਪ੍ਰਚਾਰ ਜ਼ੋਰ-ਸ਼ੋਰ ਨਾਲ ਕਰਵਾਇਆ ਕਿ ਸਰਕਾਰ ਰੇਲਵੇ ਦਾ ਖਰਚਾ ਲੋਕਾਂ ਦਾ ਸਫਰ ਅਸਾਨ ਕਰਨ ਲਈ ਹੀ ਕਰ ਰਹੀ ਹੈ। ਅਸਲ ਵਿਚ ਇਹ ਲੋਕ ਕੱਚਾ ਮਾਲ ਕੌਡੀਆਂ ਦੇ ਭਾਅ ਖਰੀਦ ਕੇ ਬੰਦਰਗਾਹਾਂ ਵਿਚ ਖੜ੍ਹੇ ਜਹਾਜ਼ਾਂ ਰਾਹੀਂ ਇੰਗਲੈਂਡ ਲੈ ਜਾਂਦੇ ਅਤੇ ਉਥੇ ਆਪਣੇ ਕਾਰਖਾਨਿਆਂ ਵਿਚ ਮਾਲ ਤਿਆਰ ਕਰਵਾ ਕੇ ਵਾਪਸ ਸ਼ਹਿਰਾਂ ਤੱਕ ਪਹੁੰਚਾ ਕੇ ਸਰਕਾਰ ਜਾਂ ਵਿਦੇਸ਼ੀ ਵਪਾਰੀ ਵਰਗ ਦੂਹਰੀ ਲੁੱਟ ਕਰਦਾ। ਹਿੰਦੋਸਤਾਨ ਦੀ ਸਨਅਤੀ ਦਸਤਕਾਰੀ, ਪੇਂਡੂ ਕਾਰੀਗਰ ਮਜ਼ਦੂਰ ਵਿਹਲਾ ਹੋ ਗਿਆ। ਇਤਿਹਾਸ ਗਵਾਹ ਹੈ ਕਿ ਢਾਕਾ ਜੋ ਕੱਪੜੇ ਦੀ ਸਨਅਤ ਦਾ ਗੜ੍ਹ ਸੀ, ਦੀ ਸਨਅਤ ਬਿਲਕੁਲ ਬਰਬਾਦ ਹੋ ਗਈ। ਮਜ਼ਦੂਰ ਬੇਕਾਰੀ ਕਰ ਕੇ ਢਾਕਾ ਸ਼ਹਿਰ ਛੱਡਣ ਲਈ ਮਜਬੂਰ ਹੋਣ ਲੱਗੇ।

ਇਥੋਂ ਤੱਕ ਕਿ ਹਿੰਦੋਸਤਾਨ ਦੀ ਆਰਥਿਕਤਾ ਕੁਚਲ ਦਿੱਤੀ ਗਈ। ਸਰਕਾਰ ਦੀਆਂ ਨਜ਼ਰਾਂ ਵਿਚ ਆਜ਼ਾਦੀ ਦੀ ਗੱਲ ਕਰਨੀ ਭਾਰੀ ਗੁਨਾਹ ਸਮਝਿਆ ਜਾਂਦਾ। ਉਨ੍ਹਾਂ ਦਿਨਾਂ ਵਿਚ ਹੀ ਜਨਮੀ ਕਾਂਗਰਸ ਵੀ ਸਰਕਾਰ ਦੀ ਫਰਮਾ-ਬਰਦਾਰ ਬਣੀ ਰਹੀ ਸੀ। ਸਰਕਾਰ ਦੇ ਡਰ ਤੋਂ ਮੰਦਰਾਂ, ਮਸਜਿਦਾਂ, ਗੁਰਦੁਆਰਿਆਂ ਅਤੇ ਗਿਰਜਾਂ ਘਰਾਂ ਵਿਚ ਆਜ਼ਾਦੀ ਦੀ ਗੱਲ ਕਰਨ ਵਾਲਿਆਂ ਨੂੰ ਗੱਦਾਰ, ਕਾਫਰ ਅਤੇ ਹੋਰ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ। ਕੁਦਰਤੀ ਸੋਮਿਆਂ ਤੋਂ ਫਾਇਦਾ ਉਠਾ, ਨਹਿਰਾਂ ਦੀ ਖੁਦਵਾਈ ਕਰ ਕੇ ਜ਼ਮੀਨਾਂ ਨਿਲਾਮ ਕਰ ਕੇ ਸਰਕਾਰੀ ਖਜ਼ਾਨਾ ਭਰਿਆ ਗਿਆ। ਫਿਰ ਵਸੇਬਾ ਕਾਨੂੰਨ ਬਣਾ ਕੇ ਆਬਿਆਨੇ ਦੇ ਰੂਪ ਵਿਚ ਜ਼ਬਰਦਸਤੀ ਰੁਪਿਆ ਵਸੂਲ ਕੀਤਾ ਜਾਂਦਾ। ਛੋਟਾ ਕਿਸਾਨ ਅਤੇ ਪੇਂਡੂ ਕਾਰੀਗਰ, ਸ਼ਾਹੂਕਾਰਾਂ ਦੇ ਕਰਜ਼ੇ ਥੱਲੇ ਜਾਣ ਲੱਗੇ। ਮੰਡੀਕਰਨ ਨਾਂਹ ਦੇ ਬਰਾਬਰ ਹੀ ਸੀ। ਸ਼ਾਹੂਕਾਰ ਹੀ ਪਿੰਡਾਂ ਵਿਚੋਂ ਫਸਲ ਖਰੀਦ ਲੈਂਦਾ ਜਾਂ ਆਪਣੇ ਕਰਜ਼ੇ ਦੀ ਦਿੱਤੀ ਹੋਈ ਰਕਮ ਵਿਚ ਹੀ ਕੱਟ ਲੈਂਦਾ। ਮੁਨਾਫੇ 'ਤੇ ਚੱਲਣ ਵਾਲੀਆਂ ਸਰਕਾਰਾਂ ਉਸ ਹੱਦ ਤਕ ਹੀ ਲੋਕਾਂ ਦੀ ਮਦਦ ਕਰਦੀਆਂ ਸਨ, ਜਿਥੋਂ ਤੱਕ ਉਨ੍ਹਾਂ ਦਾ ਮੁਨਾਫਾ ਕਾਇਮ ਰਹੇ।

ਹੋਰ ਕੋਈ ਚਾਰਾ ਨਾ ਚਲਦਾ ਵੇਖ ਕੇ ਕਿਸਾਨ ਜਾਂ ਪੇਂਡੂ ਕਾਰੀਗਰ ਆਪਣੇ ਬੱਚਿਆਂ ਨੂੰ ਫੌਜ ਵਿਚ ਭਰਤੀ ਕਰਨ ਲਈ ਜਾਂ ਫਿਰ ਗੁਆਂਢੀ ਮੁਲਕਾਂ ਵਿਚ ਮਿਹਨਤ ਮਜ਼ਦੂਰੀ ਕਰਨ ਲਈ ਭੇਜਣ ਲਈ ਮਜਬੂਰ ਹੋਣ ਲੱਗੇ। ਉਧਰ, ਪਹਿਲੀ ਸੰਸਾਰ ਜੰਗ ਛਿੜ ਪਈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਵਿਦੇਸ਼ੀ ਧਰਤੀ 'ਤੇ ਜੰਗ ਵਿਚ 76 ਲੱਖ 50 ਹਜ਼ਾਰ ਹਿੰਦੋਸਤਾਨੀ ਸ਼ਹੀਦ ਹੋਏ। ਦੂਜੇ, ਸਰਕਾਰ ਜੰਗ ਵਿਚ ਉਲਝੀ ਰਹੀ ਅਤੇ ਮੁਲਕ ਦੀ ਕੋਈ ਸਾਰ ਨਾ ਲਈ। ਮੁਲਕ ਵਿਚ ਦੋ ਵਾਰ ਕਾਲ ਪਿਆ। ਪਲੇਗ, ਸੀਤਲਾ ਅਤੇ ਹੈਜ਼ਾ ਵਰਗੀਆਂ ਬਿਮਾਰੀਆਂ ਦੀ ਮਹਾਂਮਾਰੀ ਨਾਲ ਪੌਣੇ 3 ਕਰੋੜ ਤੋਂ ਵੀ ਵੱਧ ਬੱਚੇ, ਬੁੱਢੇ, ਨੌਜਵਾਨ, ਮਰਦ ਅਤੇ ਔਰਤਾਂ ਮੌਤ ਦੇ ਮੂੰਹ ਵਿਚ ਚਲੇ ਗਏ ਪਰ ਸਰਕਾਰ ਦੇ ਸਿਰ 'ਤੇ ਜੂੰ ਤੱਕ ਨਾ ਸਰਕੀ। ਲੋਕ ਘਰ ਦਾ ਖਰਚਾ ਤੋਰਨ ਲਈ ਜੁਆਨ ਪੁੱਤਰਾਂ ਨੂੰ ਮਲਾਇਆ, ਸਿੰਘਾਪੁਰ, ਹਾਂਗਕਾਂਗ, ਸ਼ੰਘਾਈ, ਬਰਮਾ ਮਜਬੂਰੀਵੱਸ ਭੇਜਣ ਲੱਗੇ। ਇਹ ਕਾਮੇ ਜ਼ਿਆਦਾਤਰ ਬੰਦਰਗਾਹਾਂ 'ਤੇ ਚੌਕੀਦਾਰੀ ਕਰਦੇ। ਮਿਹਨਤੀ ਅਤੇ ਇਮਾਨਦਾਰ ਹੋਣ ਕਰ ਕੇ ਵਪਾਰੀ ਇਨ੍ਹਾਂ ਤੋਂ ਖੁਸ਼ ਸਨ। ਵਪਾਰੀਆਂ ਤੋਂ ਹੀ ਇਨ੍ਹਾਂ ਨੂੰ ਪਤਾ ਲੱਗਾ ਕਿ ਕੈਨੇਡਾ, ਅਮਰੀਕਾ ਵਿਚ ਇਥੋਂ ਨਾਲੋਂ ਵੱਧ ਦਿਹਾੜੀ ਬਣਦੀ ਹੈ। ਸੋ, ਵਪਾਰੀਆਂ ਸਦਕਾ ਹੀ ਇਹ ਕੈਨੇਡਾ, ਅਮਰੀਕਾ ਪਹੁੰਚਣ ਲੱਗੇ। ਵਾਸ਼ਿੰਗਟਨ ਦੀਆਂ ਲੱਕੜ ਮਿੱਲਾਂ ਅਤੇ ਕੈਲੀਫੋਰਨੀਆ ਦੇ ਬਾਗਾਂ ਵਿਚ ਹੱਡ ਭੰਨਵੀਂ ਮਿਹਨਤ ਕੀਤੀ। ਚਾਰ ਪੈਸੇ ਕਮਾਏ ਅਤੇ ਚੰਗਾ ਜੀਵਨ ਬਸਰ ਕਰਨ ਲੱਗੇ, ਪਰ ਜਦੋਂ ਕੈਨੇਡਾ, ਅਮਰੀਕਾ ਵਿਚ 1907 ਤੋਂ 1909 ਤੱਕ ਮੰਦਵਾੜੇ ਦੀ ਲਹਿਰ ਚੱਲੀ ਤਾਂ ਇਨ੍ਹਾਂ ਮੁਲਕਾਂ ਦੇ ਕਾਮਿਆਂ ਨੇ ਇਸ ਮੰਦਵਾੜੇ ਲਈ ਵਿਦੇਸ਼ੀ ਕਾਮਿਆਂ ਨੂੰ ਜ਼ਿੰਮੇਵਾਰੀ ਠਹਿਰਾਇਆ। ਇਸ ਦੇ ਫਲਸਰੂਪ ਕਈ ਵਾਰ ਖੂਨੀ ਟਕਰਾਅ ਵੀ ਹੋਏ। ਹੋਰ ਦੇਸ਼ਾਂ ਤੋਂ ਆਏ ਕਾਮਿਆਂ ਦੀ ਪਿੱਠ 'ਤੇ ਉਥੋਂ ਦੀ ਸਰਕਾਰ ਹੋਣ ਕਰ ਕੇ ਉਹ ਮੌਕੇ ਦੀ ਸਰਕਾਰ ਤੋਂ ਇਨ੍ਹਾਂ ਕਾਮਿਆਂ ਦੀ ਹਿਫਾਜ਼ਤ ਲਈ ਪ੍ਰੋਟੈਸਟ ਕਰਦੀ ਪਰ ਜਦੋਂ ਹਿੰਦੁਸਤਾਨੀ ਕਾਮਿਆਂ ਦੀ ਗੱਲ ਚੱਲਦੀ ਤਾਂ ਇਹ ਗੁਲਾਮ ਦੇਸ਼ ਦੇ ਵਾਸੀ ਹੁੰਦੇ। ਨਾ ਇਨ੍ਹਾਂ ਦਾ ਆਪਣਾ ਮੁਲਕ, ਨਾ ਸਰਕਾਰ ਅਤੇ ਨਾ ਆਪਣਾ ਝੰਡਾ ਹੁੰਦਾ। ਇਥੇ ਹੀ ਇਨ੍ਹਾਂ ਨੂੰ ਗੁਲਾਮ ਦੇਸ਼ ਅਤੇ ਆਜ਼ਾਦ ਦੇਸ਼ ਦੇ ਫਰਕ ਦਾ ਪਤਾ ਲੱਗਾ।

ਗੁਲਾਮ ਦੇਸ਼ ਦੇ ਵਾਸੀ ਹੋਣ ਕਰ ਕੇ ਇਨ੍ਹਾਂ ਨੂੰ ਕੂਲੀ ਕਰ ਕੇ ਵੀ ਪੁਕਾਰਿਆ ਜਾਂਦਾ। ਇਹ ਜਥੇਬੰਦ ਹੋਣ ਲੱਗੇ। ਕੈਲੀਫੋਰਨੀਆ ਦੇ ਸ਼ਹਿਰ ਸਾਨ ਫਰਾਂਸਿਸਕੋ ਵਿਚ ਦਫਤਰ ਬਣਾ ਕੇ ਉਸ ਦਾ ਨਾਂ ਬੰਗਾਲ ਵਿਚ ਆਜ਼ਾਦੀ ਚਾਹੁਣ ਵਾਲਿਆਂ ਦੇ ਹੱਕ ਵਿਚ ਨਿਕਲਦੇ ਅਖਬਾਰ 'ਯੁਗਾਂਤਰ ਆਸ਼ਰਮ' ਦੇ ਨਾਂ 'ਤੇ ਰੱਖਿਆ ਗਿਆ। ਦਫਤਰ ਵਿਚ ਬੈਠ ਵਿਚਾਰਾਂ ਕਰ ਕੇ ਸਰਬਸੰਮਤੀ ਨਾਲ ਜਥੇਬੰਦੀ ਦਾ ਪਹਿਲਾਂ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਕਾਸ਼ੀ ਰਾਮ ਮੜੌਲੀ ਨੂੰ ਬਣਾਇਆ ਗਿਆ। 1857 ਵਾਲੀ ਲੜਾਈ ਦੇ ਨਾਂ 'ਤੇ 'ਗ਼ਦਰ' ਅਖਬਾਰ ਕੱਢਿਆ ਗਿਆ ਅਤੇ ਸਮਾਂ ਪਾ ਕੇ ਪੈਸੇਫਿਕ ਕੋਸਟ ਹਿੰਦੋਸਤਾਨ ਐਸੋਸੀਏਸ਼ਨ ਦਾ ਨਾਂ ਹੀ ਗਦਰ ਪਾਰਟੀ ਪੈ ਗਿਆ। ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਨਵੰਬਰ 1913 ਨੂੰ ਬਰਤਾਨਵੀ ਸਰਕਾਰ ਖਿਲਾਫ ਹਥਿਆਰਬੰਦ ਘੋਲ ਦਾ ਐਲਾਨ 'ਗਦਰ' ਅਖਬਾਰ ਦੇ ਪਹਿਲੇ ਸਫ਼ੇ 'ਤੇ ਛਾਪ ਦਿੱਤਾ ਗਿਆ,

ਅੱਖੀਂ ਖੋਲ੍ਹੀਆਂ ਚਿਰਾਂ ਦੇ ਸੁੱਤਿਆਂ ਨੇ,
ਲਾਹ ਮਾਰੀਆਂ ਮੂੰਹਾਂ ਤੋਂ ਚਾਦਰਾਂ ਨੇ।
ਜਿਹੜੇ ਦੇਸ ਪਰਦੇਸ ਪਏ ਖਾਣ ਧੱਕੇ,
ਪਾਈਆਂ ਜੋਟੀਆਂ ਸ਼ੇਰ ਬਹਾਦਰਾਂ ਨੇ।
ਸੋਹਾਂ ਚੁੱਕੀਆਂ ਵਤਨ ਦੇ ਆਸ਼ਕਾਂ ਨੇ,
ਦੇਵੋ ਸੰਗਲ ਗੁਲਾਮੀ ਦੇ ਕੱਟ ਲੋਕੋ।
ਸੋਹਣਾ ਦੇਸ ਆਜ਼ਾਦ ਕਰਵਾਉਣੇ ਦੀ,
ਸੀਨੇ ਅੱਗ ਬਲੀ ਲਟ ਲਟ ਲੋਕੋ।

ਗ਼ਦਰੀਆਂ ਨੇ ਸਭ ਤੋਂ ਵੱਡਾ ਕੰਮ ਇਹ ਕੀਤਾ ਕਿ ਹਿੰਦੂ, ਮੁਸਲਮਾਨ ਅਤੇ ਸਿੱਖਾਂ ਨੂੰ ਇਕ ਪਲੇਟਫਾਰਮ 'ਤੇ ਇਕੱਠਿਆਂ ਕੀਤਾ। ਉਹ ਕਹਿੰਦੇ ਸਨ ਕਿ ਧਰਮ ਹਰ ਇਕ ਦਾ ਆਪੋ-ਆਪਣਾ ਹੈ ਅਤੇ ਗੁਲਾਮੀ ਸਭ ਦੀ ਸਾਂਝੀ। ਸੋ, ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਹੁਣ ਵਕਤ ਆ ਗਿਆ ਕਿ ਦੇਸ਼ ਨੂੰ ਚੱਲੋ। ਵਤਨ ਜਾ ਕੇ ਜਿਥੇ ਲੋਕਾਂ ਨੂੰ ਆਜ਼ਾਦੀ ਲਈ ਲਾਮਬੰਦ ਕਰੋ, ਉਥੇ ਫੌਜਾਂ ਵਿਚ ਵੜ ਜਾਓ। ਆਜ਼ਾਦੀ ਲਈ ਫੌਜੀ ਭਰਾਵਾਂ ਨੂੰ ਪ੍ਰੇਰ ਕੇ ਆਜ਼ਾਦੀ ਦੀ ਜੰਗ ਵਿਚ ਸ਼ਾਮਲ ਕਰੋ।

ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਸੱਦੇ 'ਤੇ ਵਿਦੇਸ਼ਾਂ ਤੋਂ ਅੱਠ ਹਜ਼ਾਰ ਕਾਮੇ ਹਿੰਦੋਸਤਾਨ ਚੱਲ ਪਏ। ਗ਼ਦਰੀਆਂ ਨੇ ਵਤਨ ਪੁੱਜ ਕੇ ਬਰਤਾਨਵੀ ਸਰਕਾਰ ਖਿਲਾਫ ਹਰ ਜ਼ੁਲਮ ਦਾ ਬੜੇ ਹੌਸਲੇ ਨਾਲ ਟਾਕਰਾ ਕੀਤਾ। ਕਾਲੇ ਪਾਣੀ ਦੀ ਜੇਲ੍ਹ ਗਏ। ਫਾਂਸੀ ਦੇ ਰੱਸੇ ਚੁੰਮੇ। ਤੇਜ਼ ਰਫਤਾਰ ਰੇਲ ਗੱਡੀ ਵਿਚ ਰਾਤ ਵੇਲੇ ਹੱਥਕੜੀਆਂ ਅਤੇ ਬੇੜੀਆਂ ਦੇ ਬਾਵਜੂਦ ਗ਼ਦਰੀ ਸੂਰਮੇ ਗੁਰਮੁਖ ਸਿੰਘ ਲਲਤੋਂ ਵਰਗੇ ਛਾਲਾਂ ਮਾਰ ਗਏ। ਇਸੇ ਤਰ੍ਹਾਂ 7 ਜੂਨ 1940 ਨੂੰ ਸੂਰਬੀਰ ਰਾਮ ਕਿਸ਼ਨ ਆਮੂ ਦਰਿਆ ਪਾਰ ਕਰਦਾ ਰਾਤ ਵੇਲੇ ਰੁੜ੍ਹ ਗਿਆ। ਅਜਿਹੀਆਂ ਕੁਰਬਾਨੀਆਂ ਸਦਕਾ ਆਖਰਕਾਰ 1947 ਨੂੰ 14 ਅਤੇ 15 ਅਗਸਤ ਦੀ ਦਰਮਿਆਨੀ ਰਾਤ ਨੂੰ ਇਤਿਹਾਸਕ ਲਾਲ ਕਿਲ੍ਹੇ 'ਤੇ ਯੂਨੀਅਨ ਜੈਕ ਦੀ ਥਾਂ ਤਿੰਨ ਰੰਗਾ ਲਹਿਰਾਉਣ ਲੱਗਾ। 15 ਅਗਸਤ ਨੂੰ ਸੂਰਜ ਦੀ ਪਹਿਲੀ ਕਿਰਨ ਆਜ਼ਾਦ ਭਾਰਤ ਦੀ ਧਰਤੀ 'ਤੇ ਪਈ।

ਇਨ੍ਹਾਂ ਅਣਥੱਕ, ਦੂਰ-ਅੰਦੇਸ਼, ਧਰਮ-ਨਿਰਪੱਖ ਸੂਰਮਿਆਂ ਦੀਆਂ ਕੁਰਬਾਨੀਆਂ ਸਦਕਾ ਜਿਥੇ ਹੁਣ ਭਾਰਤ ਆਜ਼ਾਦ ਹੈ, ਸਾਡੀਆਂ ਆਉਣ ਵਾਲੀਆਂ ਨਸਲਾਂ ਦੀਆਂ ਜੜ੍ਹਾਂ ਲਾਉਣ ਵਾਲੇ ਵੀ ਇਹੀ ਗ਼ਦਰੀ ਸਨ। ਗ਼ਦਰੀ ਬਾਬਿਆਂ ਦੀ ਯਾਦ ਵਿਚ ਕਹਾਂਗਾ: ਗ਼ਦਰੀ ਬਾਬੇ ਅਮਰ ਰਹਿਣ।

ਬਰਸੀ 'ਤੇ ਵਿਸ਼ੇਸ਼

# ਕਰਨੀ ਵਾਲੇ ਗਦਰੀ ਬਾਬਾ ਸੰਤ ਵਿਸਾਖਾ ਸਿੰਘ ਦਦੇਹਰ


ਗਦਰੀ ਬਾਬਾ ਸੰਤ ਵਿਸਾਖਾ ਸਿੰਘ ਦੇਸ਼ ਨੂੰ ਆਜ਼ਾਦ ਕਰਾਉਣ ਲਈ ਬਣਾਈ ਗਈ 'ਗਦਰ ਪਾਰਟੀ' ਦੇ ਬਾਨੀਆਂ ਵਿਚੋਂ ਪ੍ਰਮੁਖ ਪਾਰਟੀ ਮੈਂਬਰ ਸਨ। ਉਹ ਅਦੁੱਤੀ ਸ਼ਖਸੀਅਤ ਦੇ ਮਾਲਕ ਸਨ। ਉਨ੍ਹਾਂ ਦੀ ਅਣਥੱਕ ਦੇਸ਼ ਸੇਵਾ ਅਤੇ ਕੁਰਬਾਨੀ ਨੇ ਅਜ਼ਾਦੀ ਲਹਿਰ ਨੂੰ ਪ੍ਰਚੰਡ ਕਰਨ ਵਿਚ ਅਹਿਮ ਹਿੱਸਾ ਪਾਇਆ। ਉਹ ਪੂਰਨ ਗੁਰਸਿਖ, ਭਜਨੀਕ, ਸੁਆਸ ਸੁਆਸ ਨਾਮ ਧਿਆਉਣ ਵਾਲੇ ਨਾਮ ਰਸੀਏ, ਤਿਆਗੀ ਤੇ ਗਰੀਬਾਂ ਦੇ ਸੁਹਿਰਦ ਸਨ। ਉਨ੍ਹਾਂ ਦੇ ਦੋ ਵਡੇਰੇ ਭਾਈ ਰਮਧੀਰ ਸਿੰਘ ਅਤੇ ਭਾਈ ਮੋਹਰ ਸਿੰਘ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ ਸਨ। ਉਨ੍ਹਾਂ ਦਾ ਜਨਮ ਪਿੰਡ ਦਦੇਹਰ, ਤਹਿਸੀਲ (ਹੁਣ ਜ਼ਿਲਾ) ਤਰਨਤਾਰਨ ਵਿਚ ਪਹਿਲੀ ਵਿਸਾਖ ਸੰਮਤ 1934 ਬਿਕਰਮੀ (1877 ਈ.) ਨੂੰ ਪਿਤਾ ਸ. ਦਿਆਲ ਸਿੰਘ ਸੰਧੂ ਤੇ ਬੀਬੀ ਇੰਦ ਕੌਰ ਦੇ ਘਰ ਹੋਇਆ। ਵਿਸਾਖੀ ਦਿਹਾੜੇ ਜਨਮ ਲੈਣ ਕਰਕੇ ਹੀ ਮਾਪਿਆਂ ਉਨ੍ਹਾਂ ਦਾ ਨਾਮ ਵਿਸਾਖਾ ਸਿੰਘ ਰੱਖਿਆ।

ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਉਨ੍ਹਾਂ ਨੂੰ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ। ਰਿਹਾ ਹੋ ਕੇ ਸਾਰੀ ਉਮਰ ਦੇਸ਼ ਭਗਤਾਂ ਦੇ ਪਰਿਵਾਰਾਂ ਦੇ ਨਿਰਬਾਹ ਲਈ ਉਗਰਾਹੀ ਕਰਕੇ ਛਿਮਾਹੀ ਦੀ ਛਿਮਾਹੀ ਘਰੋ-ਘਰੀ ਸਹਾਇਤਾ ਪਹੁੰਚਾਉਂਦੇ ਰਹੇ। ਬਾਬਾ ਹਰਭਜਨ ਸਿੰਘ ਚਮਿੰਡਾ ਦੀ ਉਨ੍ਹਾਂ ਬਾਰੇ ਆਪਣੀ ਸਵੈ-ਜੀਵਨੀ (ਭਾਰਤੀ ਸ਼ਹੀਦਾਂ ਦੀਆਂ ਲਹੂ-ਭਿੰਨੀਆਂ ਯਾਦਾਂ ਤੇ ਸਵੈ-ਜੀਵਨੀ ਬਾਬਾ ਹਰਭਜਨ ਸਿੰਘ ਚਮਿੰਡਾ, ਸੰਪਾਦਕ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਅਤੇ ਸੀਤਾ ਰਾਮ ਬਾਂਸਲ, ਲੋਕਗੀਤ ਪ੍ਰਕਾਸ਼ਨ) 'ਚ ਲਿਖੀ ਕਵਿਤਾ ਹਾਜ਼ਰ ਹੈ,

'ਗਦਰ ਫੇਲ੍ਹ ਤੇ ਖੇਡ ਸਭ ਖਤਮ ਹੋਈ,
ਵੀਰ ਫਾਂਸੀਆਂ ਦੇ ਉਤੇ ਚਾੜ੍ਹ ਦਿੱਤੇ।
ਕਾਲੇ ਪਾਣੀਆਂ ਦੇ ਵਿਚ ਗਏ ਭੇਜੇ,
ਬਾਕੀ ਜੇਲ੍ਹਾਂ ਦੇ ਵਿਚ ਸੀ ਤਾੜ ਦਿੱਤੇ।
ਦੇਸ਼ ਭਗਤ ਪਰਿਵਾਰ ਮੁਸੀਬਤਾਂ ਨੇ
ਘਰ ਘਾਟੋਂ ਜਦੋਂ ਉਜਾੜ ਦਿੱਤੇ।
ਪੈਸਾ ਪੈਸਾ ਉਗਰਾਹ ਕੇ ਸੰਤ ਬਾਬੇ,
ਹਿੱਸੇ ਸਭ ਨੂੰ ਸਿਆਲ ਤੇ ਹਾੜ੍ਹ ਦਿੱਤੇ।

ਕਿਰਪਾਲ ਸਿੰਘ ਕਸੇਲ ਆਪਣੀ ਸਵੈ-ਜੀਵਨੀ 'ਪੌਣੀ ਸਦੀ ਦਾ ਸਫਰ' (ਪੰਜਾਬੀ ਪਬਲੀਕੇਸ਼ਨ, ਪਟਿਆਲਾ) 'ਚ ਬਾਬਾ ਜੀ ਦੀਆਂ ਯਾਦਾਂ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ,

"ਸੰਤ ਬਾਬਾ (ੴ)ਵਸਾਖਾ ਸਿੰਘ ਜੀ ਜੋ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਪ੍ਰਧਾਨ ਸਨ, ਦੇ ਮੈਨੂੰ ਦਰਸ਼ਨ ਹੁੰਦੇ ਰਹੇ ਅਤੇ ਉਨ੍ਹਾਂ ਦੀ ਸੇਵਾ ਕਰਨ ਦਾ ਵੀ ਮੈਨੂੰ ਸੁਭਾਗਾ ਮੌਕਾ ਮਿਲਦਾ ਰਿਹਾ। ਹੱਥ ਵਿਚ ਤਿੰਨ ਫੁਟੀ ਕਿਰਪਾਨ ਰਖਦੇ ਸਨ। ਗੋਰਾ ਨਿਛੋਹ ਰੰਗ, ਨੇਤਰਾਂ ਤੋਂ ਨੂਰਾਨੀ ਨੂਰ ਝਰਦਾ ਸੀ ਅਤੇ ਜਦੋਂ ਦਫਤਰ ਦੀ ਉਤਲੀ ਮੰਜ਼ਿਲ ਉਤੇ ਮੰਜੇ ਉਤੇ ਬਿਰਾਜਮਾਨ, ਅੰਮ੍ਰਿਤ ਵੇਲੇ ਉਨ੍ਹਾਂ ਦੀ ਸਮਾਧੀ ਲੱਗੀ ਹੁੰਦੀ ਤਾਂ ਅਰਧ-ਮੁੰਦੇ, ਅਰਧ ਖੁੱਲ੍ਹੇ ਨੈਣ ਤੇ ਚਿਹਰੇ ਦੀ ਮੁਸਕਰਾਹਟ ਝੱਲੀ ਨਹੀਂ ਸੀ ਜਾਂਦੀ। ਅੱਜ ਕਲ੍ਹ ਲੋਕ ਕਹਿੰਦੇ ਹਨ ਕਿ ਇਹ ਦੇਸ਼ ਭਗਤ ਨਾਸਤਿਕ ਬਾਬੇ ਸਨ, ਪਰ ਮੈਨੂੰ ਤਾਂ ਸੰਤ ਬਾਬਾ (ੴ) ਵਸਾਖਾ ਸਿੰਘ ਵਰਗੇ ਉਜਲ ਦੀਦਾਰ ਕਿਸੇ ਵੀ ਹੋਰ ਗੁਰਮੁਖ ਸੰਤ ਦੇ ਦਰਸ਼ਨ ਨਹੀਂ ਹੋਏ। ਅੱਜ ਵੀ ਮੈਂ ਉਨ੍ਹਾਂ ਦੀ ਸਮਾਧੀ ਇਸਥਿਤ ਨੂਰਾਨੀ ਨੁਹਾਰ ਨੂੰ ਯਾਦ ਕਰਕੇ ਵਿਸਮਾਦੀ ਅਵਸਥਾ ਵਿਚ ਪੁੱਜ ਜਾਂਦਾ ਹਾਂ। ਉਨ੍ਹਾਂ ਦੇ ਚਰਨ ਘੁੱਟ ਕੇ ਸੇਵਾ ਕਰਨ ਦਾ ਵੀ ਮੈਨੂੰ ਅਵਸਰ ਬਣਦਾ ਰਿਹਾ ਹੈ ਅਤੇ ਕਦੀ-ਕਦੀ ਉਨ੍ਹਾਂ ਦੀ ਥਾਪੜੀ ਵੀ ਨਸੀਬ ਹੋਈ ਹੈ।"



ਬਾਬਾ ਸੰਤ ਵਿਸਾਖਾ ਸਿੰਘ ਦਦੇਹਰ

ਸੰਤ ਬਾਬਾ ਜੀ ਕਵੀ ਵੀ ਸਨ। ਉਨ੍ਹਾਂ ਨੇ ਕੁੰਭੀ ਨਰਕ ਸੈਲੂਲਰ ਜੇਲ੍ਹ ਦੇ ਜ਼ੁਲਮ ਕਰਨ ਵਾਲੇ ਅਧਿਕਾਰੀਆਂ ਦਾ ਵਤੀਰਾ ਆਪਣੀ ਕਵਿਤਾ 'ਚ ਇਸ ਤਰ੍ਹਾਂ ਬਿਆਨ ਕੀਤਾ ਹੈ,

ਅੰਡੇਮਾਨ ਵਿਚ ਡਾਕੂ ਨੇ ਤਿੰਨ ਵੱਡੇ,
ਸੀ. ਸੀ., ਮੱਰੇ ਤੇ ਬੈਰੀ ਪਛਾਣ ਤਿੰਨੇ।
ਰਹੇ ਖੂਨ ਨਿਚੋੜ ਨੇ ਕੈਦੀਆਂ ਦਾ,
ਇਕ ਦੂਜਿਓਂ, ਵੱਧ ਬੇਈਮਾਨ ਤਿੰਨੇ।
ਜੋ ਚਾਹੁੰਦੇ, ਜ਼ੁਲਮ ਨੇ ਕਰੀ ਜਾਂਦੇ,
ਬੇਰਹਿਮ, ਬਦਤੁਖਮ, ਸ਼ੈਤਾਨ ਤਿੰਨੇ।
ਅੱਖੀ ਵੇਖਿਆ ਸਿੰਘ ਵਸਾਖ ਲਿਖਿਆ,
ਜਾਨ ਕੈਦੀਆਂ ਦੀ ਪਏ ਖਾਣ ਤਿੰਨੇ।

'ਸੰਗਤ ਦੀ ਮਹਿਮਾ' ਨਾਮੀ ਕਵਿਤਾ 'ਚ ਜਗਿਆਸੂ ਨੂੰ ਉਪਦੇਸ਼ ਦੇਣ ਲਈ ਜੋ ਕਵਿਤਾ ਲਿਖੀ ਹਾਜ਼ਰ ਹੈ,

ਸੰਤ ਤਾਰਦਾ ਡੋਬੇ ਕੁਸੰਗ ਭਾਈ,
ਵੇਖੋ ਤੁਸੀਂ ਗ੍ਰੰਥ ਵਿਚਾਰ ਕਰਕੇ।
ਬਾਲਮੀਕ ਨੂੰ ਸੰਗ ਨੇ ਤਾਰ ਦਿੱਤਾ,
ਰਾਵਣ ਡੁੱਬਾ ਕੁੰਸਗ ਮੇਂ ਹਾਰ ਕਰਕੇ।
ਗਨਕਾ ਤਾਰ ਲਈ ਸੰਗ ਵਿਚਾਰ ਭਾਈ,
ਮਰਿਆ ਬਾਲੀ ਕੁਬੰਗ ਖੁਆਰ ਕਰਕੇ।
ਅਜਾਮਲ ਨੂੰ ਸੰਗ ਨੇ ਤਾਰ ਦਿੱਤਾ,
ਰੋਇਆ ਨਾਮ ਨਰਾਇਣ ਪੁਕਾਰ ਕਰਕੇ।
ਗੌਤਮ ਰਿਖੀ ਦੀ ਨਾਰ ਕੁਸੰਗ ਕੀਤਾ,
ਮਾਰੀ ਉਹ ਕੁਬੰਗ ਪ੍ਰਹਾਰ ਕਰਕੇ।

ਗਿਆਨੀ ਹੀਰਾ ਸਿੰਘ ਦਰਦ ਨੇ ਬਾਬਾ ਜੀ ਦੀ ਸ਼ਖਸੀਅਤ ਨੂੰ ਆਪਣੀ ਕਵਿਤਾ 'ਚ ਇਸ ਤਰ੍ਹਾਂ ਉਲੀਕਿਆ ਹੈ,

ਇਹ ਉਹ ਸੰਤ ਹੈ, ਜਿਸ ਦੇ ਬਿਆਨ ਅੰਦਰ,
ਸਾਂਝੀਵਾਲਤਾ ਦਾ ਸੱਚਾ ਗਿਆਨ ਵਸਦਾ।
ਇਕ ਅੱਖ ਅੰਦਰ ਹਿੰਦੂ ਸਿੱਖ ਵਸਦਾ,
ਦੂਜੀ ਅੱਖ ਅੰਦਰ ਮੁਸਲਮਾਨ ਵਸਦਾ।
ਜਿਸ ਦੇ ਸੀਨੇ ਅੰਦਰ ਮਜ਼ਦੂਰ ਵਸਦਾ,
ਅਤੇ ਕਾਲਜੇ ਵਿਚ ਕ੍ਰਿਸਾਨ ਵਸਦਾ।
ਸਾਰੇ ਜਗ ਦੇ ਨਾਲ ਹੈ ਪਿਆਰ ਜਿਸ ਦਾ,
(ਐਪਰ) ਲੂੰ ਲੂੰ ਅੰਦਰ ਹਿੰਦੁਸਤਾਨ ਵਸਦਾ।
ਜਪਦਾ ਰਹੇ ਆਜ਼ਾਦੀ ਦਾ ਨਾਮ ਹਰਦਮ,
ਜੇਲ੍ਹਾਂ ਫਾਂਸੀਆਂ ਦੀ ਕੋਈ ਪਰਵਾਹ ਨਾਹੀਂ।
ਆਖੇ 'ਜੱਗ ਤੇ ਕੋਈ ਗੁਲਾਮ ਨਾ ਰਹੇ'
ਇਹੋ ਤਾਂਘ ਹੈ ਹੋਰ ਕੋਈ ਚਾਹ ਨਹੀਂ।

(ਹਵਾਲਾ: ਸੰਤ ਬਾਬਾ ਵਿਸਾਖਾ ਸਿੰਘ, ਬਿਕਰਮ ਸਿੰਘ ਘੁੰਮਣ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ)


ਬਾਬਾ (ੴ) ਵਸਾਖਾ ਸਿੰਘ 5 ਦਸੰਬਰ 1957 ਨੂੰ ਤਰਨਤਾਰਨ ਵਿਖੇ ਅਕਾਲ ਚਲਾਣਾ ਕਰ ਗਏ। ਹਜ਼ਾਰਾਂ ਦੀ ਸੰਗਤ ਦੀ ਹਾਜ਼ਰੀ ਵਿਚ ਉਨ੍ਹਾਂ ਦਾ ਸੇਜਲ ਅੱਖਾਂ ਨਾਲ ਸਸਕਾਰ ਜੱਦੀ ਪਿੰਡ ਦਦੇਹਰ ਕੀਤਾ ਗਿਆ। ਮੈਨੂੰ ਇਹ ਜਾਣ ਕਿ ਬਹੁਤ ਖੁਸ਼ੀ ਹੋਈ ਕਿ ਕੈਲੀਫੋਰਨੀਆ ਦੇ ਛੋਟੇ ਜਿਹੇ ਕਸਬੇ ਸੈਲਮਾ ਦਾ ਗੁਰਦੁਆਰਾ ਬਾਬਾ ਜੀ ਦੀ ਸਲਾਨਾ ਬਰਸੀ 8 ਦਸੰਬਰ ਨੂੰ ਮਨਾ ਰਿਹਾ ਹੈ। ਵਿਆਪਕ ਪੱਧਰ 'ਤੇ ਸਾਨੂੰ ਇਹੋ ਜਿਹੇ ਉਦਮ ਤੇ ਉਪਰਾਲੇ ਕਰਨੇ ਚਾਹੀਦੇ ਹਨ। ਅਕ੍ਰਿਤਘਣਤਾ ਤੋਂ ਬਚਣ ਦਾ ਇਹੋ ਹੀ ਸਰਲ ਤਰੀਕਾ ਹੈ।

-ਕੁਲਦੀਪ ਸਿੰਘ
ਯੂਨੀਅਨ ਸਿਟੀ, ਕੈਲੀਫੋਰਨੀਆ



# ਰਾਜਮੋਹਨ ਗਾਂਧੀ ਦਾ ਪੰਜਾਬ

***ਰਾਜਮੋਹਨ ਗਾਂਧੀ ਨੇ ਅੰਗਰੇਜ਼ੀ ਵਿਚ ਪੰਜਾਬ ਦਾ ਇਤਿਹਾਸ ਲਿਖਿਆ ਹੈ, ਨਾਮ ਹੈ: ਪੰਜਾਬ: ਏ ਹਿਸਟਰੀ ਫਰਾਮ ਔਰੰਗਜ਼ੇਬ ਟੂ ਮਾਉਂਟਬੈਟਨ। ਕੋਈ ਗੁਜਰਾਤੀ ਲੇਖਕ ਪੰਜਾਬ ਦਾ ਇਤਿਹਾਸ ਲਿਖੇਗਾ, ਉਹ ਵੀ ਸ਼ਾਨਦਾਰ ਇਤਿਹਾਸ!... ਕਿਤਾਬ ਵਿਚਲਾ ਪੰਜਾਬ ਮੁਗਲ ਪੰਜਾਬ ਹੈ ਤੇ ਬਾਅਦ ਵਿਚ ਉਹੀ ਅੰਗਰੇਜ਼ੀ ਪੰਜਾਬ ਕਹਾਇਆ ਜਿਸ ਦੀਆਂ ਹੱਦਾਂ ਦਿੱਲੀ ਤੋਂ ਪੇਸ਼ਾਵਰ ਤੱਕ ਸਨ। ਦਿੱਲੀ ਪੰਜਾਬ ਦਾ ਇਕ ਜ਼ਿਲਾ ਸੀ ਜੋ ਅੰਬਾਲਾ ਡਿਵੀਜ਼ਨ ਵਿਚ ਪੈਂਦਾ ਸੀ।... ਇਸ ਵਿਚ ਪੁਰਾਣੇ ਅਤੇ ਨਵੇਂ ਇਤਿਹਾਸਕਾਰਾਂ ਦੀ ਸਮੱਗਰੀ ਦਾ ਸਰਵੇਖਣ ਹੈ। ਲੇਖਕ ਨੇ 1947 ਤੋਂ ਪਿਛੋਂ ਪਾਕਿਸਤਾਨੀ ਇਤਿਹਾਸਕਾਰਾਂ ਵਲੋਂ ਲਿਖਿਆ ਪੰਜਾਬ ਦਾ ਇਤਿਹਾਸ ਪੜ੍ਹਿਆ ਹੈ, ਇੰਟਰਵਿਊ ਕੀਤੀਆਂ ਹਨ, ਲਾਹੌਰ ਆਰਕਾਈਵਜ਼ ਤੋਂ ਲੈ ਕੇ ਲੰਡਨ ਆਰਕਾਈਵਜ਼ ਤਕ ਖਰੜੇ ਵਾਚੇ ਹਨ।***




1977 ਵਿਚ ਜਨਤਾ ਪਾਰਟੀ ਦੀ ਕੇਂਦਰ ਵਿਚ ਸਰਕਾਰ ਬਣੀ, ਮੋਰਾਰਜੀ ਦੇਸਾਈ ਪ੍ਰਧਾਨ ਮੰਤਰੀ ਤੇ ਅਟਲ ਬਿਹਾਰੀ ਵਾਜਪਾਈ ਵਿਦੇਸ਼ ਮੰਤਰੀ। ਵਾਜਪਾਈ ਜੀ ਨੇ ਸਰਹੱਦਾਂ ਦਾ ਮਸਲਾ ਹੱਲ ਕਰਨ ਲਈ ਜਿਹੜਾ ਚੀਨ ਜਾਣ ਦਾ ਸਦਭਾਵਨਾ ਦੌਰਾ ਕੀਤਾ, ਪੱਤਰਕਾਰਾਂ ਦੇ ਵਫਦ ਵਿਚ ਰਾਜਮੋਹਨ ਗਾਂਧੀ ਸ਼ਾਮਲ ਸਨ। ਵਾਪਸ ਆ ਕੇ ਉਨ੍ਹਾਂ ਨੇ ਅੰਗਰੇਜ਼ੀ ਟ੍ਰਿਬਿਊਨ ਵਿਚ ਇਸ ਦੌਰੇ ਬਾਰੇ ਭਾਰਤੀਆਂ ਅਤੇ ਵਿਦੇਸ਼ੀਆਂ ਨੂੰ ਜਾਣੂ ਕਰਵਾਇਆ। ਉਦੋਂ ਮੈਨੂੰ ਪਤਾ ਲੱਗਾ ਕਿ ਰਾਜ, ਮਹਾਤਮਾ ਗਾਂਧੀ ਦਾ ਪੋਤਾ ਹੈ ਤੇ ਉਸ ਦੀ ਨਿਰਪੱਖ, ਗੰਭੀਰ, ਡੂੰਘੀ ਲਿਖਤ ਨੇ ਇਸ ਕਦਰ ਪ੍ਰਭਾਵਿਤ ਕੀਤਾ ਕਿ ਮੈਂ ਉਸ ਦਾ ਪੱਕਾ ਪਾਠਕ ਹੋ ਗਿਆ।



ਚੀਨ ਦੌਰੇ ਬਾਰੇ ਉਸ ਦੀਆਂ ਲਿਖੀਆਂ ਦੋ ਘਟਨਾਵਾਂ ਮੈਨੂੰ ਯਾਦ ਹਨ। ਚੀਨ ਦੇ ਵਿਦੇਸ਼ ਮੰਤਰੀ ਦੀ ਕਾਰ ਵਿਚ ਸਫ਼ਰ

**ਹਰਪਾਲ ਸਿੰਘ ਪੰਨੂ**

**ਫੋਨ: 91-94642-51454**

ਕਰਦਿਆਂ ਰਾਜਮੋਹਨ ਨੇ ਕੰਧਾਂ ਉਪਰ ਲੱਗੇ ਮਲਟੀਨੈਸ਼ਨਲ ਕੰਪਨੀਆਂ ਦੇ ਹੋਰਡਿੰਗ ਦਿਖਾਉਂਦਿਆਂ ਮੰਤਰੀ ਨੂੰ ਪੁੱਛਿਆ, "ਚੀਨ ਕਮਿਊਨਿਸਟ ਦੇਸ ਹੈ, ਫਿਰ ਇਹ ਮਲਟੀਨੈਸ਼ਨਲ ਕੰਪਨੀਆਂ ਇਥੇ ਕਿਵੇਂ ਆ ਉਤਰੀਆਂ? ਖੱਬੇ ਪੱਖੀ ਦੇਸ਼ ਵਿਚ ਅਜਿਹਾ ਅਜੀਬ ਲਗਦਾ ਹੈ।" ਮੰਤਰੀ ਨੇ ਜਵਾਬ ਦਿੱਤਾ, "ਅਸਲੀ ਕਮਿਊਨਿਸਟ ਉਹ ਹੁੰਦਾ ਹੈ ਜਿਹੜਾ ਕਾਰ ਚਲਾਉਂਦਿਆਂ ਇੰਡੀਕੇਟਰ ਖੱਬੇ ਮੁੜਨ ਦਾ ਦੇ ਕੇ ਤੇਜੀ ਨਾਲ ਸੱਜੇ ਪਾਸੇ ਮੋੜ ਕੱਟ ਜਾਏ।" ਜਦੋਂ ਨਕਸ਼ਾ ਵਿਛਾ ਕੇ ਹੱਦਾਂ ਬਾਬਤ ਵਿਚਾਰ ਵਟਾਂਦਰਾ ਸ਼ੁਰੂ ਹੋਇਆ ਤਾਂ ਵਾਜਪਾਈ ਨੇ ਤਿੱਬਤ, ਲੇਹ ਅਤੇ ਲੱਦਾਖ ਦੇ ਇਲਾਕਿਆਂ ਉਪਰ ਉਂਗਲ ਫੇਰਦਿਆਂ ਕਿਹਾ, ਇਹ ਇਲਾਕੇ ਸਾਡੇ ਸਨ, ਇਨ੍ਹਾਂ ਉਪਰ ਤੁਹਾਡਾ ਕਬਜ਼ਾ ਨਾਜਾਇਜ਼ ਹੈ। ਚੀਨੀ ਵਿਦੇਸ਼ ਮੰਤਰੀ ਨੇ ਕਿਹਾ, "ਨਹੀਂ। ਇਹ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਜਿੱਤੇ ਸਨ, ਹਿੰਦੁਸਤਾਨ ਨੇ ਨਹੀਂ। ਉਦੋਂ ਸਰਕਾਰ ਖਾਲਸਾ ਸੀ ਤੇ ਪੰਜਾਬ ਵੱਖਰਾ ਦੇਸ ਸੀ, ਹਿੰਦੁਸਤਾਨ ਵੱਖਰਾ। ਜਦੋਂ ਕਦੀ ਸਰਕਾਰ ਖਾਲਸਾ ਗੱਲਬਾਤ ਕਰੇਗੀ, ਅਸੀਂ ਸੁਣਾਂਗੇ, ਤੁਹਾਡੇ ਨਾਲ ਗੱਲ ਨਹੀਂ ਹੋ ਸਕਦੀ।"


ਐਤਵਾਰ 20 ਅਕਤੂਬਰ 2013 ਨੂੰ ਖਬਰ ਪੜ੍ਹੀ ਕਿ ਰਾਜਮੋਹਨ ਨੇ ਅੰਗਰੇਜ਼ੀ ਵਿਚ ਪੰਜਾਬ ਦਾ ਇਤਿਹਾਸ ਲਿਖਿਆ ਹੈ, ਨਾਮ ਹੈ: ਪੰਜਾਬ: ਏ ਹਿਸਟਰੀ ਫਰਾਮ ਔਰੰਗਜ਼ੇਬ ਟੂ ਮਾਉਂਟਬੈਟਨ। ਗੁਜਰਾਤੀ ਲੇਖਕ ਪੰਜਾਬ ਦਾ ਇਤਿਹਾਸ ਲਿਖੇਗਾ, ਉਹ ਵੀ ਸ਼ਾਨਦਾਰ ਇਤਿਹਾਸ, ਮੈਂ ਸੋਚਣ ਲੱਗਾ, ਜੇ ਭਲਾ ਮੈਨੂੰ ਕੋਈ ਗੁਜਰਾਤ ਦਾ ਇਤਿਹਾਸ ਲਿਖਣ ਲਈ ਕਹੇ ਤਾਂ ਮੇਰਾ ਕੀ ਬਣੇ? ਮੇਰੀ ਤਾਂ ਪੰਜਾਬ ਦੇ ਇਤਿਹਾਸ ਉਪਰ ਉਨੀ ਪਕੜ ਨਹੀਂ ਹੈ, ਜਿੰਨੀ ਰਾਜਮੋਹਨ ਦੀ।

ਇਸ ਕਿਤਾਬ ਵਿਚਲਾ ਪੰਜਾਬ ਮੁਗਲ ਪੰਜਾਬ ਹੈ ਤੇ ਬਾਅਦ ਵਿਚ ਉਹੀ ਅੰਗਰੇਜ਼ੀ ਪੰਜਾਬ ਕਹਾਇਆ ਜਿਸ ਦੀਆਂ ਹੱਦਾਂ ਦਿੱਲੀ ਤੋਂ ਪੇਸ਼ਾਵਰ ਤੱਕ ਸਨ। ਦਿੱਲੀ ਪੰਜਾਬ ਦਾ ਇਕ ਜ਼ਿਲਾ ਸੀ ਜੋ ਅੰਬਾਲਾ ਡਿਵੀਜ਼ਨ ਵਿਚ ਪੈਂਦਾ ਸੀ। ਪਾਠਕ ਇਹ ਤਸਵੀਰ ਯਾਦ ਕਰਨ- 15 ਅਗਸਤ 1947, ਪੰਡਿਤ ਜਵਾਹਰ ਲਾਲ ਨਹਿਰੂ ਦਿੱਲੀ ਲਾਲ ਕਿਲੇ ਉਪਰ ਪਹਿਲੀ ਵਾਰ ਤਿਰੰਗਾ ਝੰਡਾ ਲਹਿਰਾ ਰਹੇ ਹਨ। ਉਨ੍ਹਾਂ ਨਾਲ ਖਲੋਤੇ ਹਨ- ਡਾ. ਮਹਿੰਦਰ ਸਿੰਘ ਰੰਧਾਵਾ। ਰੰਧਾਵਾ ਸਾਹਿਬ ਉਦੋਂ ਦਿੱਲੀ ਦੇ ਡਿਪਟੀ ਕਮਿਸ਼ਨਰ ਸਨ।

ਕਿਤਾਬ ਲਿਖਣ ਵਾਸਤੇ ਕੀਤੀ ਮਿਹਨਤ, ਪੜ੍ਹਨ ਤੋਂ ਬਾਅਦ ਪਤਾ ਲੱਗੇਗੀ। 432 ਪੰਨੇ ਦਸ ਅਧਿਆਇਆਂ ਵਿਚ ਵੰਡੇ ਹਨ ਤੇ ਕੁੱਲ 942 ਹਵਾਲੇ ਦਿਤੇ ਹਨ। ਪੁਰਾਣੇ ਅਤੇ ਨਵੇਂ ਇਤਿਹਾਸਕਾਰਾਂ ਦੀ ਸਮੱਗਰੀ ਦਾ ਸਰਵੇਖਣ ਹੈ, 1947 ਤੋਂ ਪਿਛੋਂ ਪਾਕਿਸਤਾਨੀ ਇਤਿਹਾਸਕਾਰਾਂ ਵਲੋਂ ਲਿਖਿਆ ਪੰਜਾਬ ਦਾ ਇਤਿਹਾਸ ਪੜ੍ਹਿਆ ਹੈ, ਇੰਟਰਵਿਊ ਕੀਤੀਆਂ ਹਨ, ਲਾਹੌਰ ਆਰਕਾਈਵਜ਼ ਤੋਂ ਲੈ ਕੇ ਲੰਡਨ ਆਰਕਾਈਵਜ਼ ਤਕ ਖਰੜੇ ਵਾਚੇ ਹਨ। ਲਾਹੌਰ ਆਰਕਾਈਵਜ਼ ਵਿਚੋਂ ਕਾਂਗੜਾ ਸ਼ੈਲੀ ਵਿਚ ਚਿਤਰੀ ਸੂਬੇਦਾਰ ਅਦੀਨਾ ਬੇਗ ਦੀ ਪੇਂਟਿੰਗ ਦੀ ਫੋਟੋ ਲੈ ਆਂਦੀ ਹੈ। ਇਹ ਉਹੀ ਅਦੀਨਾ ਬੇਗ ਹੈ ਜਿਹੜਾ ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਕਦੀ ਟਕਰਾਉਂਦਾ ਸੀ, ਕਦੀ ਰਾਜ਼ੀਨਾਵੇਂ ਕਰਦਾ ਹੁੰਦਾ ਸੀ।

ਪਹਿਲੇ ਅਧਿਆਇ ਦਾ ਸਿਰਲੇਖ ਹੈ, ਪੰਜਾਬ ਦਾ ਇਤਿਹਾਸ ਕਿਉਂ? ਅਗਸਤ 2012 ਨੂੰ ਓਕ ਕਰੀਕ ਗੁਰਦੁਆਰੇ (ਅਮਰੀਕਾ) ਵਿਚ ਇਕ ਗੋਰੇ ਨੇ ਅੰਧਾਧੁੰਦ ਗੋਲੀ ਚਲਾ ਕੇ ਛੇ ਮਾਸੂਮ ਸਿੱਖਾਂ ਦੀ ਹੱਤਿਆ ਕਰ ਦਿੱਤੀ ਤਾਂ 18 ਸਾਲ ਦੀ ਹਰਪ੍ਰੀਤ ਕੌਰ ਨੇ ਇਕ ਵੱਡਾ ਬੈਨਰ ਅਮਰੀਕਾ ਦੀਆਂ ਕੰਧਾਂ 'ਤੇ ਚਿਪਕਾਇਆ ਤੇ ਲਿਖਿਆ, "ਮੈਂ ਸਿੱਖ ਹਾਂ, ਕਿਰਪਾ ਕਰ ਕੇ ਮੈਨੂੰ ਨਫ਼ਰਤ ਨਾ ਕਰੋ।"

ਰਾਜਮੋਹਨ ਦਾ ਕਹਿਣਾ ਹੈ ਕਿ ਕਿਤਾਬ ਲਿਖਣ ਦਾ ਮਨੋਰਥ ਪੰਜਾਬੀਆਂ ਨੂੰ ਜਾਣਨਾ ਸੀ। ਲੇਖਕ ਬੜੇ ਦਿਲਚਸਪ ਸਵਾਲ ਕਰਦਾ ਹੈ, ਪੁਰਾਣੇ ਵੱਡੇ ਪੰਜਾਬ ਵਿਚ ਮੁਸਲਮਾਨਾਂ ਦੀ ਬਹੁਗਿਣਤੀ ਸੀ ਪਰ ਇਸ ਉਤੇ ਹਕੂਮਤ ਬਾਹਰੋਂ ਆਏ ਲੋਧੀ, ਮੁਗਲ ਅਤੇ ਪਠਾਣ ਕਰਦੇ ਰਹੇ, ਬਹੁਤ ਘੱਟ ਗਿਣਤੀ ਦੇ ਸਿੱਖਾਂ ਨੇ ਪੰਜਾਬ ਉਪਰ ਕਬਜ਼ਾ ਕਰ ਲਿਆ ਤੇ ਮੁਸਲਮਾਨ ਪ੍ਰਛਾਵੇਂ ਵਾਂਗ ਉਨ੍ਹਾਂ ਨਾਲ ਚਲਦੇ ਰਹੇ। ਪੰਜਾਬੀ ਮੁਸਲਮਾਨਾਂ ਦਾ ਕਦੀ ਦਿਲ ਨਾ ਕੀਤਾ ਕਿ ਆਪਣੇ ਮੁਲਕ 'ਤੇ ਆਪ ਰਾਜ ਕਰੀਏ? ਮਹਾਰਾਜਾ ਰਣਜੀਤ ਸਿੰਘ ਪਹਿਲਾ ਪੰਜਾਬੀ ਹੈ ਜਿਹੜਾ ਪੰਜਾਬ 'ਤੇ ਰਾਜ ਕਰਨ ਲੱਗਾ।



***ਪਹਿਲੋਂ ਬਾਬਾ ਫਰੀਦ ਨੇ, ਫਿਰ ਗੁਰੂ ਨਾਨਕ ਦੇਵ ਨੇ ਪੰਜਾਬੀਆਂ ਨੂੰ ਕਿਹਾ ਕਿ ਮੁਸਲਮਾਨ ਅਤੇ ਹਿੰਦੂ, ਮਨੁੱਖ ਹੋਣ ਦਾ ਸੁਖ ਤੇ ਦੁਖ ਇਕੋ ਤਰ੍ਹਾਂ ਹੰਢਾਉਂਦੇ ਹਨ, ਫਿਰ ਇਨ੍ਹਾਂ ਵਿਚ ਫਰਕ ਕਿਉਂ?***



ਕਮਾਲ ਇਹ ਕਿ ਜਿਨਾਹ ਪੰਜਾਬੀ ਨਹੀਂ ਸੀ, ਉਹ ਬੰਬੇ ਵਿਚ ਰਹਿੰਦਾ ਸੀ ਤੇ ਉਸ ਦੀ ਮੁਸਲਿਮ ਲੀਗ ਦਾ ਅਸਰ ਸਾਰੇ ਹਿੰਦੁਸਤਾਨ ਵਿਚ ਸੀ ਪਰ ਪੰਜਾਬ ਵਿਚ ਨਹੀਂ। ਪੰਜਾਬ ਵਿਚ ਯੂਨੀਅਨਿਸਟ ਪਾਰਟੀ ਤਾਕਤਵਰ ਸੀ ਤੇ ਕਿਸਾਨੀ ਹਿਤਾਂ ਦੀ ਰਖਵਾਲੀ ਕਰਦੀ ਸੀ। ਇਸ ਪਾਰਟੀ ਨੇ ਨਹੀਂ, ਜਿਨਾਹ ਦੀ ਮੁਸਲਿਮ ਲੀਗ ਨੇ ਪਾਕਿਸਤਾਨ ਦੀ ਮੰਗ ਕੀਤੀ ਤੇ ਉਸ ਦੇ ਨਕਸ਼ੇ ਵਿਚ ਦਿੱਲੀ ਸ਼ਾਮਲ ਸੀ। ਉਸ ਦੀ ਦਲੀਲ ਸੀ: ਸਮੁੰਦਰ ਕਿਨਾਰੇ ਕਰਾਚੀ ਤੋਂ ਲੈ ਕੇ ਦਿੱਲੀ ਤੱਕ ਦੀ ਕੁੱਲ ਜਨਗਣਨਾ ਕਰੋ, ਮੁਸਲਮਾਨ ਬਹੁਗਿਣਤੀ ਵਿਚ ਹਨ ਤੇ ਸਾਡਾ ਵੱਡੇ ਪੰਜਾਬ ਉਪਰ ਪੂਰਾ ਹੱਕ ਹੈ। ਪੰਜਾਬੀ ਮੁਸਲਮਾਨ, ਗੈਰ ਪੰਜਾਬੀ ਲੀਡਰ ਜਿਨਾਹ ਦੇ ਮਗਰ ਲੱਗ ਤੁਰਿਆ।

ਜਿਨਾਹ ਦੀ ਮੁਸਲਿਮ ਲੀਗ ਅਤੇ ਮਹਾਤਮਾ ਗਾਂਧੀ ਦੀ ਕਾਂਗਰਸ ਪੰਜਾਬ ਦੀ ਵੰਡ ਦੇ ਸਖਤ ਖਿਲਾਫ ਸਨ। ਇਹ ਤਾਂ ਇਥੋਂ ਦੇ ਸਿੱਖਾਂ ਅਤੇ ਹਿੰਦੂਆਂ ਨੇ ਰੌਲਾ ਪਾਇਆ ਕਿ ਜਾਂ ਤਾਂ ਪਾਕਿਸਤਾਨ ਬਣੇ ਹੀ ਨਾ, ਜੇ ਬਣੇ ਤਦ ਪੰਜਾਬ ਦਾ ਬਟਵਾਰਾ ਕਰ ਕੇ ਸਾਨੂੰ ਬਚਾਉ ਕਿਉਂਕਿ ਅਸੀਂ ਘੱਟ ਗਿਣਤੀ ਵਿਚ ਰਹਿ ਜਾਵਾਂਗੇ। ਪੰਜਾਬੀ ਹਿੰਦੂ-ਸਿੱਖਾਂ ਨੂੰ ਬਚਾਉਣ ਵਾਸਤੇ ਕਾਂਗਰਸ ਪਾਰਟੀ ਨੇ ਪੰਜਾਬ ਦਾ ਬਟਵਾਰਾ ਕਰਨ ਦਾ ਮਤਾ ਪਾਸ ਕਰ ਦਿਤਾ। ਵੰਡ ਤੋਂ ਬਾਅਦ ਪਾਕਿਸਤਾਨ ਦੇ ਪੰਜਾਬੀਆਂ ਨੇ ਕਿਹਾ, ਪੰਜਾਬੀ ਨਹੀਂ ਸਾਡੀ ਮਾਤਭਾਸ਼ਾ ਉਰਦੂ ਹੈ ਜਿਹੜੀ ਵਧੀਕ ਨਫੀਸ, ਵਧੀਕ ਅਦਬ ਵਾਲੀ ਬੋਲੀ ਹੈ। ਭਾਰਤੀ ਪੰਜਾਬੀ ਹਿੰਦੂਆਂ ਨੇ ਕਿਹਾ, ਸਾਡੀ ਬੋਲੀ ਪੰਜਾਬੀ ਨਹੀਂ ਹਿੰਦੀ ਹੈ। ਪੰਜਾਬੀ ਕੇਵਲ ਸਿੱਖਾਂ ਦੀ ਬੋਲੀ ਰਹਿ ਗਈ ਜਿਸ ਕਾਰਨ ਵੱਡਾ ਪੰਜਾਬ ਸੁੰਗੜ ਕੇ ਵਰਤਮਾਨ ਪੰਜਾਬੀ ਸੂਬਾ ਰਹਿ ਗਿਆ।

ਰਾਜਮੋਹਨ ਆਪਣੀ ਗੱਲ ਸਿਧੀ ਔਰੰਗਜ਼ੇਬ ਦੇ ਪੰਜਾਬ ਤੋਂ ਨਹੀਂ ਕਰਦਾ, ਸੰਖੇਪ ਵਿਚ ਉਹ ਹੜੱਪਾ ਸਿੰਧ ਘਾਟੀ ਤੋਂ ਤੁਰਦਾ ਹੋਇਆ ਸਿਕੰਦਰ ਦੇ ਹਮਲਿਆਂ ਦੀ, ਮੋਰੀਆ, ਗੁਪਤਾ ਹਕੂਮਤਾਂ ਦੀ, ਕਨਿਸ਼ਕ ਅਤੇ ਹਰਸ਼ ਦੇ ਪੰਜਾਬ ਦੀ ਝਲਕ ਦਿਖਾਉਂਦਾ ਹੈ, ਅਠਵੀਂ ਸਦੀ ਦੇ ਅਰੰਭ ਵਿਚ ਹੀ ਸਿੰਧ ਪਾਰ ਕਰ ਕੇ ਅਰਬਾਂ ਨੇ ਮੁਲਤਾਨ ਕਾਬੂ ਕਰ ਲਿਆ ਸੀ ਪਰ ਲੰਮੀ ਅਉਧ ਦੀ ਹਕੂਮਤ ਅਜੇ ਸੰਭਵ ਨਾ ਹੋਈ। ਜਿਹਲਮ ਦੇ ਪੱਛਮ ਵਿਚ 25 ਮੀਲ ਦੂਰ ਗੋਰਖਨਾਥ ਦਾ 3200 ਫੁੱਟ ਉਚੀ ਪਹਾੜੀ ਉਪਰ ਟਿੱਲਾ ਹੈ ਜਿਹੜਾ ਦਸਵੀਂ ਸਦੀ ਵਿਚ ਨਾਥਾਂ ਜੋਗੀਆਂ ਦਾ ਵੱਡਾ ਕੇਂਦਰ ਸੀ।

ਪੰਜਾਬ ਦੇ ਕਈ ਕਬੀਲੇ ਜਿਵੇਂ ਗੱਖੜ, ਖੋਖਰ, ਸਿਆਲ ਅਤੇ ਭੱਟੀ ਜੰਗਬਾਜ਼ ਸਨ, ਮਹਿਮੂਦ ਗਜ਼ਨਵੀ ਵਿਰੁਧ ਟੱਕਰ ਲਈ ਪਰ ਪੈਰ ਉਖੜ ਗਏ। ਖੈਬਰ ਪਾਰ ਕਰ ਕੇ ਗਜ਼ਨਵੀ ਨੇ 1021 ਵਿਚ ਲਾਹੌਰ ਜਿੱਤ ਲਿਆ। ਅਰਾਈਂ, ਅਵਾਂਣ, ਜੱਟ, ਕੰਬੋਜ, ਰਾਜਪੂਤ ਅਤੇ ਸੈਣੀ ਵਾਹੀਕਾਰ ਸਨ, ਗੁੱਜਰ ਤੇ ਰੰਘੜ ਪਸ਼ੂ ਪਾਲਕ, ਅਰੋੜੇ, ਬਾਣੀਏਂ, ਖੱਤਰੀ ਵਪਾਰੀ ਅਤੇ ਸ਼ੂਦਰ ਨੌਕਰਾਂ ਵਜੋਂ ਕੰਮ ਕਰਦੇ ਸਨ। ਰਾਜਮੋਹਨ ਦੇਖ ਰਿਹਾ ਹੈ ਕਿ ਦੁਨੀਆਂ ਭਰ ਦੇ ਮੁਸਲਮਾਨ ਆਪਣੇ ਨਾਂਵਾਂ ਨਾਲ ਅਲੀ, ਮੁਹੰਮਦ, ਕੁਰੈਸ਼, ਸੱਯਦ ਆਦਿਕ ਵਿਸ਼ੇਸ਼ਣ ਨੱਥੀ ਕਰ ਕੇ ਸਾਬਤ ਕਰਦੇ ਹਨ ਕਿ ਉਹ ਵੱਡੇ ਖਾਨਦਾਨਾਂ ਦੇ ਵਾਰਸ ਹਨ। ਪੰਜਾਬੀ ਮੁਸਲਮਾਨ ਇਨ੍ਹਾਂ ਵਿਸ਼ੇਸ਼ਣਾਂ ਦੀ ਥਾਂ ਆਪਣੇ ਨਾਂਵਾਂ ਨਾਲ ਟਿਵਾਣੇ, ਰੰਧਾਵੇ, ਕੰਬੋਜ, ਭੱਟੀ ਆਦਿਕ ਲਫਜ਼ ਲਾਉਂਦੇ ਹਨ ਕਿਉਂਕਿ ਉਨ੍ਹਾਂ ਲਈ ਜੱਟ ਹੋਣਾ ਹੀ ਮਾਣ ਵਾਲੀ ਗੱਲ ਹੈ, ਹੋਰ ਪਦਵੀ ਦੀ ਕੀ ਲੋੜ? ਇਹ ਵੀ ਰਾਜਮੋਹਨ ਤੋਂ ਪਤਾ ਲੱਗਾ ਕਿ ਸ਼ੇਰਸ਼ਾਹ ਸੂਰੀ ਮਾਰਗ ਲਾਹੌਰ ਤੱਕ ਸੀ, ਇਸ ਨੂੰ ਬਾਅਦ ਵਿਚ ਅਕਬਰ ਨੇ ਪੇਸ਼ਾਵਰ ਤੱਕ ਵਧਾਇਆ। ਅਕਬਰ ਦੀ ਮੌਤ ਤੋਂ ਪੰਜ ਸਾਲ ਬਾਅਦ ਜਦੋਂ ਮਹਾਰਾਣੀ ਅਲਿਜ਼ਾਬਥ ਪਹਿਲੀ ਨੇ ਵਪਾਰੀਆਂ ਦੀ ਟੋਲੀ ਨੂੰ ਭਾਰਤ ਨਾਲ ਵਪਾਰ ਕਰਨ ਦੀ ਆਗਿਆ ਦਿਤੀ ਜਿਸ ਦਾ ਨਾਮ ਈਸਟ ਇੰਡੀਆ ਕੰਪਨੀ ਰੱਖਿਆ, ਉਦੋਂ ਕੌਣ ਜਾਣਦਾ ਸੀ ਇਹ ਕੰਪਨੀ ਵਪਾਰ ਦੇ ਨਾਲ-ਨਾਲ ਹਕੂਮਤ ਵੀ ਕਰੇਗੀ?

ਪਹਿਲੋਂ ਬਾਬਾ ਫਰੀਦ ਨੇ, ਫਿਰ ਗੁਰੂ ਨਾਨਕ ਦੇਵ ਨੇ ਪੰਜਾਬੀਆਂ ਨੂੰ ਕਿਹਾ ਕਿ ਮੁਸਲਮਾਨ ਅਤੇ ਹਿੰਦੂ, ਮਨੁੱਖ ਹੋਣ ਦਾ ਸੁਖ ਤੇ ਦੁਖ ਇਕੋ ਤਰ੍ਹਾਂ ਹੰਢਾਉਂਦੇ ਹਨ, ਫਿਰ ਇਨ੍ਹਾਂ ਵਿਚ ਫਰਕ ਕਿਉਂ? ਸ਼ਾਹ ਜਹਾਨ ਵੇਲੇ ਸੂਬਾ ਲਾਹੌਰ ਦੇ 28 ਹਜ਼ਾਰ ਪਿੰਡ ਸਨ। ਦਾਰਾ ਸ਼ਿਕੋਹ ਉਦੋਂ ਪੰਜਾਬ ਦਾ ਸੂਬੇਦਾਰ ਸੀ ਜਦੋਂ ਸ਼ਾਹ ਜਹਾਨ ਪਿਤਾ ਨੂੰ ਕੈਦ ਕਰ ਕੇ ਔਰੰਗਜ਼ੇਬ ਨੇ ਹਕੂਮਤ ਸੰਭਾਲੀ। ਭਰਾ ਦਾਰੇ ਦਾ ਸਿਰ ਕੱਟ ਕੇ ਔਰੰਗਜ਼ੇਬ ਅੱਗੇ ਸ਼ਨਾਖਤ ਵਾਸਤੇ ਪੇਸ਼ ਕੀਤਾ ਗਿਆ। ਔਰੰਗਜ਼ੇਬ ਨੇ ਜਦੋਂ ਚੰਗੀ ਤਰ੍ਹਾਂ ਪਛਾਣ ਲਿਆ ਕਿ ਇਹ ਮੇਰਾ ਭਰਾ ਦਾਰਾ ਹੀ ਹੈ, ਹੰਝੂ ਵਹਾਏ। ਦੂਜਾ ਭਰਾ ਸ਼ੁਜਾਅ ਬੰਗਾਲ ਦਾ ਸੂਬੇਦਾਰ ਸੀ, ਉਸ ਨੂੰ ਕਤਲ ਕੀਤਾ ਗਿਆ। ਰੰਘਰੇਟਿਆਂ ਨੇ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਨੌਂ ਸਾਲ ਦੇ ਗੁਰੂ ਗੋਬਿੰਦ ਸਿੰਘ ਅੱਗੇ ਮਾਖੋਵਾਲ ਵਿਖੇ ਅਰਪਣ ਕੀਤਾ। ਖੂਨ ਦੀ ਵਿਆਪਕ ਹਨੇਰੀ ਚਲ ਰਹੀ ਸੀ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਤੱਕ ਅਨੇਕਾਂ ਬਲੀਆਂ ਲੈਣੀਆਂ ਸਨ।

ਪੰਜਾਬ ਦੇ ਮੁਸਲਮਾਨਾਂ ਨੂੰ ਤਾਕਤ ਦੇਣ ਦੀ ਥਾਂ ਤੁਰਕ, ਈਰਾਨੀ ਜਾਂ ਪਠਾਣ ਸੂਬੇਦਾਰ ਤੈਨਾਤ ਕੀਤੇ ਜਾਂਦੇ, ਮੁਗਲ ਸਰਕਾਰ ਨੇ ਪੰਜਾਬੀਆਂ ਨੂੰ ਕਾਬਲ ਨਹੀਂ ਸਮਝਿਆ। ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਵਿਰੁਧ ਜਦੋਂ ਦਿਲੀ, ਲਾਹੌਰ ਜਾਂ ਸਰਹਿੰਦ ਵਲੋਂ ਸਖਤੀ ਕੀਤੀ ਜਾਂਦੀ, ਪੰਜਾਬੀ ਮੁਸਲਮਾਨਾਂ ਦੇ ਦਿਲਾਂ ਵਿਚ ਸਿੱਖਾਂ ਲਈ ਹਮਦਰਦੀ ਹੁੰਦੀ।

ਬੰਦਾ ਸਿੰਘ ਜੋ ਪਹਿਲੋਂ ਮਾਧੋਦਾਸ ਰਾਜਪੂਤ ਸੀ, ਨੇ ਸ਼ਿਵਾ ਜੀ ਦੀ ਬਹਾਦਰੀ ਦੀਆਂ ਸਾਖੀਆਂ ਸੁਣੀਆਂ ਸਨ, ਜਦੋਂ ਗੁਰੂ ਗੋਬਿੰਦ ਸਿੰਘ ਨਾਲ ਮਿਲਾਪ ਹੋਇਆ ਤਦ ਉਸ ਨੇ ਪੰਜਾਬ ਵਿਚੋਂ ਜ਼ੁਲਮ ਖਤਮ ਕਰਨ ਵਾਸਤੇ ਗੁਰੂ ਜੀ ਦੀ ਅਸੀਸ ਪ੍ਰਾਪਤ ਕੀਤੀ। ਉਹ ਬੈਰਾਗੀ ਤੋਂ ਬਾਦਸ਼ਾਹ ਹੋ ਗਿਆ।

ਗੁਰੂ ਜੀ ਨੇ ਔਰੰਗਜ਼ੇਬ ਦੀ ਮੌਤ ਬਾਅਦ ਤਾਜਪੋਸ਼ੀ ਵਾਸਤੇ ਬਹਾਦਰ ਸ਼ਾਹ ਦੀ ਮਦਦ ਕਰਨ ਦਾ ਫੈਸਲਾ ਕੀਤਾ ਤੇ ਦੱਖਣ ਵਿਚ ਉਸ ਦੇ ਭਰਾ ਕਾਮ ਬਖਸ਼ ਦੀ ਬਗਾਵਤ ਦਬਾਉਣ ਵਾਸਤੇ ਨਾਲ ਗਏ। ਜ਼ਖਮੀ ਕਾਮ ਬਖ਼ਸ਼ ਨੂੰ ਜਦੋਂ ਤਾਜ ਪਹਿਨੀ ਬੈਠੇ ਬਹਾਦਰ ਸ਼ਾਹ ਸਾਹਮਣੇ ਪੇਸ਼ ਕੀਤਾ ਗਿਆ ਤਾਂ ਬਾਦਸ਼ਾਹ ਨੇ ਕਿਹਾ, ਕਾਮਬਖਸ਼, ਮੈਂ ਤੈਨੂੰ ਇਸ ਹਾਲਤ ਵਿਚ ਦੇਖਣ ਦਾ ਇਛੁਕ ਨਹੀਂ ਸਾਂ। ਕਾਮ ਬਖਸ਼ ਨੇ ਸਿੰਘਾਸਣ 'ਤੇ ਬੈਠੇ ਆਪਣੇ ਭਰਾ ਨੂੰ ਕਿਹਾ, ਮੈਂ ਵੀ ਤੈਨੂੰ ਇਸ ਰੂਪ ਵਿਚ ਦੇਖਣ ਦਾ ਇਛੁਕ ਨਹੀਂ ਸਾਂ।

ਖਾਫੀ ਖਾਨ ਬੰਦਾ ਸਿੰਘ ਦੇ ਦੌਰ ਨੂੰ ਵਿਸਥਾਰ ਨਾਲ ਬਿਆਨਦਾ ਹੈ। ਰਾਜਮੋਹਨ ਸੋਚਦਾ ਹੈ, ਰਾਜਪੂਤ ਖਾਨਦਾਨਾਂ ਨੂੰ ਮੁਗਲਾਂ ਦੀ ਹਕੂਮ ਵਿਰੁਧ ਬੰਦਾ ਸਿੰਘ ਦਾ ਸਾਥ ਦੇਣਾ ਚਾਹੀਦਾ ਸੀ, ਕਿਉਂ ਨਹੀਂ ਦਿਤਾ? ਹਿੰਦੂਆਂ ਨੂੰ ਹਿੰਦੂ ਧਰਮ ਬਚਾਉਣ ਦੀ ਚਿੰਤਾ ਹੋਣੀ ਚਾਹੀਦੀ ਸੀ।




***1834 ਵਿਚ ਫਰਾਂਸ ਦੇ ਜਰਨੈਲ ਐਲਾਰਡ ਨੇ ਮਹਾਰਾਜੇ ਪਾਸੋਂ ਆਗਿਆ ਲਈ ਕਿ ਮੈਨੂੰ ਦੇਸ਼ ਜਾਣ ਦਿਉ, ਮੈਂ ਆਪਣੇ ਬੱਚੇ ਈਸਾਈ ਮਾਹੌਲ ਵਿਚ ਪੜ੍ਹਾਉਣੇ ਹਨ। ਮਹਾਰਾਜੇ ਨੇ ਆਗਿਆ ਦਿੰਦਿਆਂ ਕਿਹਾ, ਹਰੇਕ ਨੂੰ ਹੱਕ ਹੈ ਕਿ ਆਪਣੇ ਧਰਮ ਨੂੰ ਪਿਆਰ ਕਰੇ। ਮਹਾਰਾਜੇ ਦਾ ਵਾਕ ਫਰਾਂਸ ਦੇ ਅਖਬਾਰਾਂ ਵਿਚ ਛਪਿਆ।***

ਸਿੱਖ ਗੁਰੀਲੇ ਢੰਗ-ਤਰੀਕਿਆਂ ਨਾਲ ਅਬਦਾਲੀ ਦੀ ਫੌਜ ਨਾਲ ਟਕਰਾਉਂਦੇ ਕਿਉਂਕਿ ਆਹਮੋ ਸਾਹਮਣੇ ਯੁੱਧ ਕਰਨ ਜੋਗੀ ਅਜੇ ਗਿਣਤੀ ਨਹੀਂ ਸੀ। ਅਬਦਾਲੀ ਨੇ ਟਿੱਪਣੀ ਦਿਤੀ, ਇਹ ਤਾਂ ਚੋਰਾਂ ਵਾਂਗ ਹੱਲੇ ਕਰਦੇ ਹਨ। ਜਦੋਂ ਅਬਦਾਲੀ ਨੂੰ ਪੰਜਾਬੀ ਮੁਸਲਮਾਨਾਂ ਨੇ ਸਮਝਾਇਆ ਕਿ ਇਨ੍ਹਾਂ

***(ਬਾਕੀ ਅਗਲੇ ਸਫੇ 'ਤੇ)***


***ਰਾਜਮੋਹਨ ਦਾ ਕਹਿਣਾ ਹੈ ਕਿ ਕਿਤਾਬ ਲਿਖਣ ਦਾ ਮਨੋਰਥ ਪੰਜਾਬੀਆਂ ਨੂੰ ਜਾਣਨਾ ਸੀ। ਲੇਖਕ ਬੜੇ ਦਿਲਚਸਪ ਸਵਾਲ ਕਰਦਾ ਹੈ, ਪੁਰਾਣੇ ਵੱਡੇ ਪੰਜਾਬ ਵਿਚ ਮੁਸਲਮਾਨਾਂ ਦੀ ਬਹੁਗਿਣਤੀ ਸੀ ਪਰ ਇਸ ਉਤੇ ਹਕੂਮਤ ਬਾਹਰੋਂ ਆਏ ਲੋਧੀ, ਮੁਗਲ ਅਤੇ ਪਠਾਣ ਕਰਦੇ ਰਹੇ, ਬਹੁਤ ਘੱਟ ਗਿਣਤੀ ਦੇ ਸਿੱਖਾਂ ਨੇ ਪੰਜਾਬ ਉਪਰ ਕਬਜ਼ਾ ਕਰ ਲਿਆ ਤੇ ਮੁਸਲਮਾਨ ਪ੍ਰਛਾਵੇਂ ਵਾਂਗ ਉਨ੍ਹਾਂ ਨਾਲ ਚਲਦੇ ਰਹੇ। ਪੰਜਾਬੀ ਮੁਸਲਮਾਨਾਂ ਦਾ ਕਦੀ ਦਿਲ ਨਾ ਕੀਤਾ ਕਿ ਆਪਣੇ ਮੁਲਕ 'ਤੇ ਆਪ ਰਾਜ ਕਰੀਏ? ਮਹਾਰਾਜਾ ਰਣਜੀਤ ਸਿੰਘ ਪਹਿਲਾ ਪੰਜਾਬੀ ਹੈ ਜਿਹੜਾ ਪੰਜਾਬ 'ਤੇ ਰਾਜ ਕਰਨ ਲੱਗਾ।***



ਤੋਂ ਲਗਾਨ ਵਸੂਲ ਕਰ ਲਿਆ ਕਰੋ, ਲਾਹੌਰ ਇਨ੍ਹਾਂ ਦੇ ਹਵਾਲੇ ਕਿਉਂ ਨਹੀਂ ਕਰ ਦਿੰਦੇ? ਲਹਿਣਾ ਸਿੰਘ ਭੰਗੀ ਨੇ ਲਾਹੌਰ 'ਤੇ ਕਬਜ਼ਾ ਕੀਤਾ ਹੋਇਆ ਸੀ ਜਦੋਂ ਅਬਦਾਲੀ ਨੇ ਉਸ ਨੂੰ ਸੂਬੇਦਾਰੀ ਦੀ ਪੇਸ਼ਕਸ਼ ਕੀਤੀ ਤੇ ਖੁਸ਼ਕ ਮੇਵੇ ਭੇਜੇ। ਮੇਵੇ ਲੈਣ ਤੋਂ ਇਨਕਾਰ ਕਰ ਕੇ ਲਹਿਣਾ ਸਿੰਘ ਨੇ ਆਪਣੇ ਬੋਝੇ ਵਿਚੋਂ ਛੋਲਿਆਂ ਦੀ ਮੁੱਠ ਏਲਚੀ ਨੂੰ ਦਿੰਦਿਆਂ ਕਿਹਾ, ਸਾਡੀ ਗਰੀਬ ਜ਼ਿਮੀਦਾਰਾਂ ਦੀ ਇਹੋ ਖੁਰਾਕ ਠੀਕ ਹੈ। ਅਬਦਾਲੀ ਨੂੰ ਦੱਸ ਦਿਉ।

ਬਹੁਤ ਘੱਟ ਗਿਣਤੀ ਹੋਣ ਦੇ ਬਾਵਜੂਦ ਬਾਬਾ ਬੰਦਾ ਸਿੰਘ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ, ਸਿੱਖਾਂ ਨੂੰ ਪੱਕਾ ਵਿਸ਼ਵਾਸ ਸੀ ਕਿ ਉਹ ਵੱਡੇ ਖੇਤਰ ਵਿਚ ਰਾਜ ਕਰਨਗੇ, ਉਨ੍ਹਾਂ ਦੇ ਨਿਸ਼ਾਨ ਸਾਹਿਬ ਲਹਿਰਾਉਂਦੇ ਰਹਿਣਗੇ। ਇਸੇ ਦੌਰ ਵਿਚ 1760 ਤੋਂ 1790 ਤੱਕ ਦੱਖਣ ਵਿਚ ਮੁਸਲਮਾਨਾਂ ਦੀ ਸਿੱਖਾਂ ਵਾਂਗ ਘੱਟ ਗਿਣਤੀ ਸੀ ਪਰ ਹੈਦਰ ਅਲੀ ਤੇ ਉਸ ਦਾ ਬੇਟਾ ਟੀਪੂ ਸੁਲਤਾਨ ਬਹੁਗਿਣਤੀ ਹਿੰਦੂਆਂ ਵਿਚ ਹਕੂਮਤ ਕਾਇਮ ਕਰ ਕੇ ਅੰਗਰੇਜ਼ਾਂ ਵਿਰੁਧ ਕਿਰਪਾਨ ਖੜਕਾ ਰਹੇ ਸਨ।

ਰਾਜਮੋਹਨ, ਵਾਰਿਸ ਦੀ ਹੀਰ ਦੇ ਕਿੱਸੇ ਦਾ ਜ਼ਿਕਰ ਕਰਦਿਆਂ ਆਖਦਾ ਹੈ, ਇਸ ਦੌਰ ਦੀ ਇਸ ਲਿਖਤ ਨੂੰ ਕੁੜੀ-ਮੁੰਡੇ ਦਾ ਰੋਮਾਂਸ ਕਹੋ ਜਾਂ ਰੂਹ ਤੇ ਜਿਸਮ ਦਾ ਰੂਹਾਨੀ ਸੰਵਾਦ, ਇਸ ਵਿਚ ਵਰਣਨ ਕੀਤਾ ਹੋਇਆ ਰੁਦਨ 18ਵੀਂ ਸਦੀ ਦੇ ਪੰਜਾਬ ਦਾ ਵਿਰਲਾਪ ਹੈ। ਕਤਲੋਗਾਰਤ, ਲੁਟਖੋਹ, ਜਬਰ ਜਨਾਹ ਦਾ ਦੌਰ, ਘਰ ਘਰ ਵੈਣ! ਕੌਣ ਕਿਥੇ ਮਾਰਿਆ ਜਾਏਗਾ, ਕੋਈ ਪਤਾ ਨਹੀਂ? ਸਾਰੇ ਪੰਜਾਬੀਆਂ ਵਿਚ ਇਸ ਕਿੱਸੇ ਦੇ ਹਰਮਨ ਪਿਆਰਾ ਹੋਣ ਦਾ ਇਹੀ ਕਾਰਨ ਹੈ ਕਿ ਇਸ ਵਿਚਲੀ ਵੇਦਨਾ ਪੰਜਾਬੀ ਦਿਲ ਦਾ ਸੰਤਾਪ ਹੈ। ਹੀਰ ਅਤੇ ਰਾਂਝੇ ਦੇ ਵਿਛੋੜੇ ਵਰਗਾ ਵਿਜੋਗ ਹਰ ਪੰਜਾਬੀ ਭੋਗ ਰਿਹਾ ਸੀ। ਵਾਰਿਸ ਦਾ ਪੰਜਾਬ ਸਾਂਝੇ ਸਭਿਆਚਾਰ ਨੂੰ ਰੂਪਮਾਨ ਕਰਦਾ ਹੈ ਜਿਸ ਵਿਚ ਕੁੜੀ ਹੋਣ ਦੇ ਬਾਵਜੂਦ ਹੀਰ, ਕਾਜ਼ੀ ਵਿਰੁਧ ਬਗਾਵਤ ਕਰਦੀ ਹੈ; ਜਿਸ ਵਿਚ ਰਾਂਝਾ, ਇਕ ਮੁਸਲਮਾਨ, ਬਾਲਨਾਥ ਦੇ ਟਿੱਲੇ ਤੋਂ ਜੋਗ ਲੈਣ ਜਾਂਦਾ ਹੈ। ਜਦੋਂ ਤੇਜ਼ ਰਫਤਾਰ ਘੋੜਸਵਾਰ ਕਿਰਪਾਨਾਂ ਵਾਹ ਰਹੇ ਹਨ, ਕਿਧਰੇ ਦੂਰ ਪਿੰਡ ਦੀ ਸੱਥ ਵਿਚ ਹੀਰ ਗਾਈ ਜਾ ਰਹੀ ਹੈ।



*ਪੰਜਾਬ ਜਦੋਂ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ ਤਾਂ ਰੈਜ਼ੀਡੈਂਟ ਜਾਨ ਲਾਰੰਸ ਨੂੰ ਪਤਾ ਲੱਗਾ ਕਿ ਬੇਦੀਆਂ ਵਿਚ ਕੁੜੀ ਜੰਮਦਿਆਂ ਮਾਰਨ ਦਾ ਰਿਵਾਜ ਹੈ। ਉਸ ਨੇ ਇਸ ਰਸਮ ਨੂੰ ਬੰਦ ਕਰਨ ਲਈ ਫਰਮਾਨ ਜਾਰੀ ਕੀਤਾ। ਰਸੂਖ ਵਾਲੇ ਬੇਦੀ ਲਾਰੰਸ ਨੂੰ ਮਿਲੇ ਤੇ ਕਿਹਾ, ਬੇਦੀਆਂ ਦੀ ਕੁਲ ਪਵਿਤਰ ਹੈ, ਇਹ ਆਪਣੀ ਕੁੜੀਆਂ ਬੇਦੀਆਂ ਦੇ ਘਰ ਤਾਂ ਵਿਆਹ ਨਹੀਂ ਸਕਦੇ, ਗੁਰੂ ਨਾਨਕ ਦੇ ਖਾਨਦਾਨ ਵਿਚੋਂ ਹਾਂ, ਹੋਰ ਜਾਤਾਂ ਵਿਚ ਧੀਆਂ ਕਿਵੇਂ ਵਿਆਹੀਏ? ਚਾਰ ਸੌ ਸਾਲਾਂ ਤੋਂ ਇਹ ਰਸਮ ਚਲੀ ਆ ਰਹੀ ਹੈ। ਸਾਡੇ ਧਰਮ ਵਿਚ ਦਖਲ ਨਾ ਦਿਉ। ਲਾਰੰਸ ਨੇ ਕਿਹਾ, ਮੈਂ ਤੁਹਾਡੇ ਧਰਮ ਗ੍ਰੰਥ ਦੇ ਅਰਥ ਸੁਣੇ ਹਨ। ਗੁਰੂ ਨਾਨਕ ਦੇਵ ਜੀ ਕੁੜੀ ਮਾਰਨ ਦੇ ਖਿਲਾਫ ਸਨ। ਜੇ ਮੈਨੂੰ ਪਤਾ ਲੱਗ ਗਿਆ ਕਿ ਕਿਸੇ ਬੇਦੀ ਨੇ ਧੀ ਮਾਰੀ ਹੈ, ਮੈਂ ਚੁਰਾਹੇ ਵਿਚ ਦੋਸ਼ੀਆਂ ਨੂੰ ਫਾਂਸੀ ਚਾੜ੍ਹ ਦਿਆਂਗਾ।*

ਅਹਿਮਦ ਸ਼ਾਹ ਅਬਦਾਲੀ ਦਾ ਬੇਟਾ ਤੈਮੂਰ ਸ਼ਾਹ ਅਫਗਾਨਿਸਤਾਨ ਦਾ ਬਾਦਸ਼ਾਹ ਸੀ। ਦਿੱਲੀ ਦੇ ਤਖਤ ਉਪਰ ਉਸ ਦਾ ਸਾਲਾ ਸ਼ਾਹ ਆਲਮ ਦੂਜਾ ਸੀ। ਤੈਮੂਰ ਨੂੰ ਖਬਰ ਮਿਲੀ ਕਿ ਰੋਹੇਲਾ ਵਜ਼ੀਰ ਗੁਲਾਮ ਕਾਦਿਰ ਨੇ ਸ਼ਾਹ ਆਲਮ ਨੂੰ ਗ੍ਰਿਫਤਾਰ ਕਰ ਕੇ ਅੱਖਾਂ ਕੱਢ ਦਿਤੀਆਂ ਹਨ। ਰਿਸ਼ਤੇਦਾਰ ਦੀ ਮਦਦ ਵਾਸਤੇ ਸੈਨਾ ਲੈ ਕੇ ਉਹ ਪਹਾੜੋਂ ਉਤਰਿਆ ਤਾਂ ਸਿੱਖਾਂ ਨੇ ਰਸਤਾ ਰੋਕ ਲਿਆ। ਤੈਮੂਰ ਸ਼ਾਹ ਨੇ ਅੰਗਰੇਜ਼ਾਂ ਵੱਲ ਖਤ ਭੇਜਦਿਆਂ ਸ਼ਾਹ ਆਲਮ ਨੂੰ ਬਚਾਉਣ ਦੀ ਫਰਿਆਦ ਕੀਤੀ ਤੇ ਕਾਬਲ ਵਾਪਸ ਪਰਤ ਗਿਆ।

19 ਸਾਲ ਦੇ ਰਣਜੀਤ ਸਿੰਘ ਨੇ 1799 ਵਿਚ ਲਾਹੌਰ ਦੇ ਕਿਲ੍ਹੇ ਉਪਰ ਨਿਸ਼ਾਨ ਸਾਹਿਬ ਲਹਿਰਾ ਦਿਤਾ ਪਰ ਮਹਾਰਾਜੇ ਦਾ ਖਿਤਾਬ 1801 ਵਿਚ ਪ੍ਰਾਪਤ ਹੋਇਆ ਜਦੋਂ ਉਸ ਦਾ ਕਬਜ਼ਾ ਅੰਮ੍ਰਿਤਸਰ ਉਤੇ ਹੋ ਗਿਆ। ਬਾਬਾ ਸਾਹਿਬ ਸਿੰਘ ਬੇਦੀ ਨੇ ਰਾਜ ਤਿਲਕ ਲਾਇਆ। ਰਣਜੀਤ ਸਿੰਘ ਸ਼ਾਹ ਜ਼ਮਾਨ ਨੂੰ ਵੰਗਾਰਿਆ ਕਰਦਾ ਸੀ, "ਅਹਿਮਦਸ਼ਾਹ ਅਬਦਾਲੀ ਦੇ ਪੋਤਰਿਆ, ਪਹਾੜਾਂ ਤੋਂ ਹੇਠਾਂ ਉਤਰ ਤੇ ਚੜ੍ਹਤ ਸਿੰਘ ਦੇ ਪੋਤਰੇ ਨਾਲ ਕਿਰਪਾਨ ਮੇਚ।" ਕਿਸੇ ਨੂੰ ਯਕੀਨ ਨਹੀਂ ਸੀ ਅਜਿਹਾ ਸਮਾਂ ਵੀ ਆਏਗਾ ਜਦੋਂ ਸਰਕਾਰ ਖਾਲਸਾ ਦੀ ਸੈਨਾ ਨਿਸ਼ਾਨ ਸਾਹਿਬ ਦੀ ਅਗਵਾਈ ਅੰਦਰ ਕਾਬਲ ਸ਼ਹਿਰ ਵਿਚ ਮਾਰਚ ਕਰੇਗੀ।

ਜਦੋਂ ਮੈਟਕਾਫ, ਅੰਗਰੇਜ਼ਾਂ ਵਲੋਂ ਸਤਲੁਜ ਦੀ ਸੰਧੀ ਕਰਨ ਲਾਹੌਰ ਆਇਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਪੁੱਛਿਆ, ਮੈਂ ਇਸ ਤਰ੍ਹਾਂ ਕਨਸੋਆਂ ਸੁਣੀਆਂ ਹਨ ਕਿ ਅੰਗਰੇਜ਼ਾਂ ਦੀ ਨਿਗ੍ਹਾ ਲਾਹੌਰ 'ਤੇ ਹੈ। ਮੈਟਕਾਫ ਨੇ ਜਵਾਬ ਦਿਤਾ, ਮੈਂ ਹੋਰ ਸੁਣਿਆ ਹੈ ਕਿ ਤੁਹਾਡੀ ਨਿਗ੍ਹਾ ਦਿੱਲੀ ਹਥਿਆਉਣ ਵੱਲ ਹੈ। ਸਤਲੁਜ ਦੀ ਸਰਹੱਦ ਮਿਥ ਲਈ ਤਾਂ ਮਹਾਰਾਜੇ ਨੇ ਦਿੱਲੀ ਵਲ ਨਹੀਂ ਤੇ ਅੰਗਰੇਜ਼ਾਂ ਨੇ ਪੰਜਾਬ ਵਲ ਨਹੀਂ ਦੇਖਿਆ। ਰਣਜੀਤ ਸਿੰਘ ਪੱਛਮ ਵੱਲ ਵਧਣ ਲੱਗਾ।

1834 ਵਿਚ ਫਰਾਂਸ ਦੇ ਜਰਨੈਲ ਐਲਾਰਡ ਨੇ ਮਹਾਰਾਜੇ ਪਾਸੋਂ ਆਗਿਆ ਲਈ ਕਿ ਮੈਨੂੰ ਦੇਸ਼ ਜਾਣ ਦਿਉ, ਮੈਂ ਆਪਣੇ ਬੱਚੇ ਈਸਾਈ ਮਾਹੌਲ ਵਿਚ ਪੜ੍ਹਾਉਣੇ ਹਨ। ਮਹਾਰਾਜੇ ਨੇ ਆਗਿਆ ਦਿੰਦਿਆਂ ਕਿਹਾ, ਹਰੇਕ ਨੂੰ ਹੱਕ ਹੈ ਕਿ ਆਪਣੇ ਧਰਮ ਨੂੰ ਪਿਆਰ ਕਰੇ। ਮਹਾਰਾਜੇ ਦਾ ਵਾਕ ਫਰਾਂਸ ਦੇ ਅਖਬਾਰਾਂ ਵਿਚ ਛਪਿਆ।

ਲਾਰਡ ਆਕਲੈਂਡ ਮਹਾਰਾਜੇ ਨੂੰ ਮਿਲਣ ਫਿਰੋਜ਼ਪੁਰ ਆਇਆ, ਆਪਣੀ ਭੈਣ ਐਮਿਲੀ ਈਡਨ ਨੂੰ ਵੀ ਲੈ ਆਇਆ। ਐਮਿਲੀ ਲਿਖਦੀ ਹੈ, ਮਹਾਰਾਜੇ ਨੇ ਮੈਨੂੰ ਕਿਹਾ, ਪਤਾ ਲੱਗਾ ਹੈ ਕਿ ਕਿਤਾਬਾਂ ਵਿਚ ਸ਼ਰਾਬ ਪੀਣ ਵਿਰੁਧ ਗੱਲਾਂ ਲਿਖੀਆਂ ਹੋਈਆਂ ਹਨ। ਚੰਗੈ ਮੈਨੂੰ ਕਿਤਾਬ ਪੜ੍ਹਨੀ ਨਹੀਂ ਆਉਂਦੀ। ਪੰਜਾਬ ਜਦੋਂ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ ਤਾਂ ਰੈਜ਼ੀਡੈਂਟ ਜਾਨ ਲਾਰੰਸ ਨੂੰ ਪਤਾ ਲੱਗਾ ਕਿ ਬੇਦੀਆਂ ਵਿਚ ਕੁੜੀ ਜੰਮਦਿਆਂ ਮਾਰਨ ਦਾ ਰਿਵਾਜ ਹੈ। ਉਸ ਨੇ ਇਸ ਰਸਮ ਨੂੰ ਬੰਦ ਕਰਨ ਲਈ ਫਰਮਾਨ ਜਾਰੀ ਕੀਤਾ। ਰਸੂਖ ਵਾਲੇ ਬੇਦੀ ਲਾਰੰਸ ਨੂੰ ਮਿਲੇ ਤੇ ਕਿਹਾ, ਬੇਦੀਆਂ ਦੀ ਕੁਲ ਪਵਿਤਰ ਹੈ, ਇਹ ਆਪਣੀ ਕੁੜੀਆਂ ਬੇਦੀਆਂ ਦੇ ਘਰ ਤਾਂ ਵਿਆਹ ਨਹੀਂ ਸਕਦੇ, ਗੁਰੂ ਨਾਨਕ ਦੇ ਖਾਨਦਾਨ ਵਿਚੋਂ ਹਾਂ, ਹੋਰ ਜਾਤਾਂ ਵਿਚ ਧੀਆਂ ਕਿਵੇਂ ਵਿਆਹੀਏ? ਚਾਰ ਸੌ ਸਾਲਾਂ ਤੋਂ ਇਹ ਰਸਮ ਚਲੀ ਆ ਰਹੀ ਹੈ। ਸਾਡੇ ਧਰਮ ਵਿਚ ਦਖਲ ਨਾ ਦਿਉ। ਲਾਰੰਸ ਨੇ ਕਿਹਾ, ਮੈਂ ਤੁਹਾਡੇ ਧਰਮ ਗ੍ਰੰਥ ਦੇ ਅਰਥ ਸੁਣੇ ਹਨ। ਗੁਰੂ ਨਾਨਕ ਦੇਵ ਜੀ ਕੁੜੀ ਮਾਰਨ ਦੇ ਖਿਲਾਫ ਸਨ। ਜੇ ਮੈਨੂੰ ਪਤਾ ਲੱਗ ਗਿਆ ਕਿ ਕਿਸੇ ਬੇਦੀ ਨੇ ਧੀ ਮਾਰੀ ਹੈ, ਮੈਂ ਚੁਰਾਹੇ ਵਿਚ ਦੋਸ਼ੀਆਂ ਨੂੰ ਫਾਂਸੀ ਚਾੜ੍ਹ ਦਿਆਂਗਾ। ਜਦੋਂ ਹਾਰੀਆਂ ਹੋਈਆਂ ਸਿੱਖ ਫੌਜਾਂ ਪਾਸੋਂ ਇਕ ਲੱਖ ਵੀਹ ਹਜ਼ਾਰ ਹਥਿਆਰ ਕਾਬੂ ਕੀਤੇ ਤਾਂ ਇਨ੍ਹਾਂ ਕੋਲੋਂ ਪੋਰਸ-ਸਿਕੰਦਰ ਵੇਲੇ ਦੇ ਤੀਰ ਕਮਾਨ ਵੀ ਮਿਲੇ।

ਡੀ.ਸੀ. ਨਿਕਲਸਨ ਨੂੰ ਵਜ਼ੀਰਾਬਾਦ ਦਾ ਇਕ ਮੁੰਡਾ ਮਿਲਾਇਆ ਗਿਆ ਜਿਹੜਾ ਜ਼ਹਿਰ ਦੇ ਕੇ ਮਾਰਨ ਵਿਚ ਉਸਤਾਦ ਸੀ। ਡੀ.ਸੀ. ਨੇ ਬੱਚੇ ਨੂੰ ਪੁੱਛਿਆ, ਤੈਨੂੰ ਬੰਦਾ ਮਾਰਨਾ ਚੰਗਾ ਲਗਦੈ? ਬੱਚੇ ਨੇ ਕਿਹਾ, ਚਾਕੂ ਜਾਂ ਤਲਵਾਰ ਨਾਲ ਮਾਰਨਾ ਠੀਕ ਨਹੀਂ ਲਗਦਾ।

ਲਾਰੰਸ ਨੇ ਲਿਖਿਆ, ਸਿੱਖਾਂ ਵਾਂਗ ਪਠਾਣ ਵੀ ਬਹਾਦਰ ਹਨ ਪਰ ਇਨ੍ਹਾਂ ਦਾ ਸਟੈਮਿਨਾ ਸਿੱਖਾਂ ਜਿੰਨਾ ਲੰਮਾ ਨਹੀਂ ਤੇ ਸਿੱਖਾਂ ਵਾਂਗ ਇਹ ਅਨੁਸ਼ਾਸਨ ਵਿਚ ਨਹੀਂ ਰਹਿੰਦੇ। ਮਾੜੇ ਮੋਟੇ ਲਾਲਚ ਵਿਚ ਆ ਕੇ ਪਠਾਣ ਧੋਖਾ ਦੇ ਸਕਦੈ।

1857 ਦੇ ਗਦਰ ਵਕਤ 55ਵੀਂ ਬਟਾਲੀਅਨ ਦੇ 120 ਜੁਆਨਾਂ ਨੇ ਬਗਾਵਤ ਕਰ ਦਿਤੀ ਤੇ ਫੜੇ ਗਏ। ਨਿਕਲਸਨ ਨੇ ਲਾਰੰਸ ਨੂੰ ਸਲਾਹ ਦਿਤੀ ਕਿ 12 ਤੋਪਾਂ ਬੀੜ ਕੇ, ਬੈਰਲਾਂ ਅਸਮਾਨ ਵੱਲ ਕਰ ਕੇ, ਇਕ ਇਕ ਤੋਪ ਦੇ ਮੂੰਹ ਉਪਰ ਪੰਜ ਪੰਜ ਗੱਦਾਰਾਂ ਨੂੰ ਬੰਨ੍ਹ ਕੇ ਇਕੋ ਵਾਰ ਘੋੜੇ ਨੱਪਣੇ ਹਨ। ਦੋ ਗੇੜਾਂ ਵਿਚ ਸਾਰੇ ਬਾਗੀਆਂ ਦੀਆਂ ਲਾਸ਼ਾਂ ਅਸਮਾਨ ਵਿਚ ਉਡਦੀਆਂ ਦੇਖ ਕੇ ਬਾਕੀਆਂ ਦੀ ਅਕਲ ਟਿਕਾਣੇ ਆ ਜਾਵੇਗੀ। ਲਾਰੰਸ ਨੇ ਕਿਹਾ, ਨਹੀਂ, ਤੈਨੂੰ ਪਤਾ ਨਹੀਂ, ਇਸ ਤਮਾਸ਼ੇ ਕਾਰਨ ਪੰਜਾਬੀਆਂ ਵਿਚ ਗੁੱਸਾ ਫੈਲ ਸਕਦਾ ਹੈ ਜੋ ਖਤਰਨਾਕ ਹੈ।

**(ਬਾਕੀ ਅਗਲੇ ਅੰਕ ਵਿਚ)**

---

### ਛਾਤੀ ਅੰਦਰਲੇ ਥੇਹ (13)

# ਪੰਗੇ ਤੋਂ ਚੰਗੇ ਤੱਕ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*

ਸੰਨ 1966 ਵਿਚ ਬੀਐਸ.ਸੀ. (ਫਾਈਨਲ) ਕਰਦਿਆਂ ਸਾਲਾਨਾ ਪ੍ਰੀਖਿਆ ਤੋਂ ਕੁਝ ਦਿਨ ਪਹਿਲਾਂ ਸਾਡੇ ਜੂਨੀਅਰ ਵਿਦਿਆਰਥੀਆਂ ਨੇ ਸਾਨੂੰ ਵਿਦਾਇਗੀ ਪਾਰਟੀ ਦਿੱਤੀ। ਉਸ ਵਿਚ ਮੈਂ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਤਰੰਨੁਮ ਵਿਚ ਸੁਣਾਈ। ਗਾਉਣਾ ਮੇਰੇ ਵੱਸ ਦੀ ਗੱਲ ਤਾਂ ਨਹੀਂ ਸੀ, ਫਿਰ ਵੀ ਮੈਂ ਗਾਇਆ ਤੇ ਸਰੋਤਿਆਂ ਨੇ ਤਾੜੀਆਂ ਵੀ ਮਾਰੀਆਂ। ਪਾਰਟੀ



**ਗੁਰਦਿਆਲ ਦਲਾਲ**
**ਫੋਨ: 91-98141-85363**

ਮਗਰੋਂ ਗਰੁੱਪ ਫੋਟੋ ਲਈ ਸਾਇੰਸ ਵਿੰਗ ਵੱਲ ਜਾਂਦਿਆਂ ਮੇਰੇ ਜਮਾਤੀ ਨਰੇਸ਼ ਕੁਮਾਰ ਨੇ ਟੌਂਚ ਕੀਤੀ, "ਸਰਦਾਰ ਜੀ ਨੇ ਗੀਤ ਸੁਣਾਇਆ, ਕਊਆ ਕਾਂ ਕਾਂ ਕਰਤਾ ਆਇਆ। ਵਾਹ ਬਈ ਵਾਹ ਸਰਦਾਰ ਜੀ, ਕਿਆ ਬਾਤ ਹੈ। ਕਿਆ ਆਵਾਜ਼ ਹੈ। ਆਪ ਨੇ ਤੋ ਆਜ ਮਹਿਫਲ ਹੀ ਲੂਟ ਲੀ।"

ਉਸ ਦੀ ਗੱਲ ਸੁਣ ਕੇ ਮੈਨੂੰ ਗੁੱਸਾ ਚੜ੍ਹਿਆ ਪਰ ਮੈਂ ਇਹ ਸੋਚ ਕੇ ਚੁੱਪ ਕਰ ਗਿਆ ਕਿ ਕੁੱਤਾ ਭੌਂਕਦਾ ਹੈ, ਭੌਂਕੇ ਪਿਆ। ਆਪੇ ਚੁੱਪ ਕਰ ਜਾਊ। ਥੋੜ੍ਹੀ ਦੂਰ ਜਾ ਕੇ ਉਹ ਫਿਰ ਖਿੜ ਖਿੜਾ ਕੇ ਹੱਸਿਆ ਤੇ ਬੋਲਿਆ, "ਸਰਦਾਰ ਜੀ, ਆਜ ਆਪ ਕੋ ਭਾਂਗੜਾ ਡਾਲਨਾ ਚਾਹੀਏ ਥਾ, ਉਇ ਖਟਨ ਗਿਆ ਥਾ, ਖਟਨ ਗਿਆ ਥਾ... ਬੱਲੇ... ਬੱਲੇ... ਬੱਲੇ।" ਉਹ ਬਾਹਾਂ ਉਤੇ ਚੁੱਕ ਟੱਪਣ ਲੱਗਾ। ਉਸ ਦੇ ਮਜ਼ਾਕ ਤੋਂ ਮੈਨੂੰ ਫਿਰ ਗੁੱਸਾ ਚੜ੍ਹਿਆ ਪਰ ਮੈਂ ਫਿਰ ਪੀ ਗਿਆ। ਵੀਰ ਜੀ ਦੀ ਨਸੀਹਤ ਹੀ ਅਜਿਹੀ ਸੀ ਕਿ ਪਾਣੀ ਗਲ ਤੀਕ ਆਉਣ ਤਕ ਸ਼ਾਂਤ ਰਹੋ। ਨਾਲ ਤੁਰੀ ਜਾਂਦੀ ਕੁੜੀਆਂ ਦੀ ਟੋਲੀ ਵਿਚੋਂ ਪ੍ਰੋਫੈਸਰ ਤ੍ਰਿਵੇਦੀ ਦੀ ਛੋਟੀ ਭੈਣ ਊਸ਼ਾ ਉਹਦੇ ਲਾਗੇ ਜਾ ਕੇ ਬੋਲੀ, "ਨਰੇਸ਼ ਭਾਈ, ਯੇ ਕਿਆ ਬਦਤਮੀਜ਼ੀ ਹੈ। ਸਰਦਾਰ ਜੀ ਕੁਛ ਬੋਲਤੇ ਨਹੀਂ ਤੋ ਇਸ ਕਾ ਮਤਲਬ ਹੈ, ਬੜ੍ਹਤੇ ਜਾਉ।" ਇਕ ਦੋ ਹੋਰ ਮੁੰਡਿਆਂ, ਕੁੜੀਆਂ ਨੇ ਵੀ ਨਰੇਸ਼ ਨੂੰ ਫਿਟਕਾਰ ਲਾਈ।

ਪੰਜਾਹ ਲੜਕੇ-ਲੜਕੀਆਂ ਦੀ ਕਲਾਸ ਵਿਚ ਮੈਂ ਇਕੱਲਾ ਸਰਦਾਰ ਸਾਂ। ਕਈ ਮੁੰਡਿਆਂ ਦੀ ਭੈੜੀ ਆਦਤ ਸੀ, ਅਕਸਰ ਮੈਨੂੰ ਹੀ ਨਿਸ਼ਾਨਾ ਬਣਾ ਕੇ ਸਰਦਾਰਾਂ ਦਾ ਮਜ਼ਾਕ ਉਡਾਉਂਦੇ ਰਹਿੰਦੇ। ਸਰਦਾਰਾਂ ਨਾਲ ਜੋੜ ਨਵੇਂ ਨਵੇਂ ਲਤੀਫੇ ਘੜਦੇ। ਸਾਰੀ ਕਲਾਸ ਵਿਚ ਮੇਰਾ ਇਕੋ ਇਕ ਬੇਗਰਜ਼ ਮਿੱਤਰ ਰਾਮੇਸ਼ਵਰ ਦੀਕਸ਼ਤ ਸੀ ਜੋ ਕੁਝ ਦਿਨ ਤੋਂ ਬਿਮਾਰ ਹੋਣ ਕਰ ਕੇ ਮੈਡੀਕਲ ਲੀਵ 'ਤੇ ਸੀ। ਕਲਾਸ ਵਿਚ ਪੰਜਾਬੀ ਬੋਲਣ ਵਾਲੀ ਇਕੋ ਇਕ ਕੁੜੀ ਹੀਰੋ ਹਿੰਗੋਰਾਣੀ ਸੀ ਜੋ ਸਿੰਧਣ ਹੋਣ ਦੇ ਬਾਵਜੂਦ ਮੇਰੇ ਨਾਲ ਹਮੇਸ਼ਾ ਪੰਜਾਬੀ ਵਿਚ ਗੱਲਾਂ ਕਰਦੀ। ਮੇਰੀਆਂ ਭਾਵਨਾਵਾਂ ਨੂੰ ਸਮਝਦੀ ਤੇ ਮੈਨੂੰ ਤਿਹੁ ਵੀ ਕਰਦੀ। ਜਦੋਂ ਉਹ ਚੁੱਪ ਹੁੰਦੀ, ਉਦੋਂ ਵੀ ਉਸ ਦੀਆਂ ਅੱਖਾਂ ਮੈਨੂੰ ਪੰਜਾਬੀ ਬੋਲਦੀਆਂ ਲਗਦੀਆਂ।

ਪੜ੍ਹਾਈ ਵਿਚ ਮੈਂ ਕਾਫੀ ਠੀਕ ਸਾਂ। ਫਿਜ਼ਿਕਸ, ਕੈਮਿਸਟਰੀ ਅਤੇ ਮੈਥ ਵਰਗੇ ਵਿਸ਼ੇ ਕਿਤਾਬ ਪੜ੍ਹਿਆਂ ਹੀ ਮੇਰੀ ਸਮਝ ਵਿਚ ਆ ਜਾਂਦੇ। ਇਸ ਲਈ ਕੁਝ ਮੁੰਡੇ ਮਦਦ ਲੈਣ ਦੀ ਗਰਜ਼ ਨਾਲ ਵੀ ਮੇਰੇ ਨਾਲ ਦੋਸਤੀ ਕਰਦੇ। ਉਨ੍ਹਾਂ ਵਿਚੋਂ ਦੁਜਿੰਦਰ ਸ਼ਰਮਾ ਵੀ ਇਕ ਸੀ ਜਿਸ ਨੇ ਮੇਰੇ ਕੋਲੋਂ ਪੰਜਾਬੀ ਬੋਲਣੀ, ਪੜ੍ਹਨੀ ਅਤੇ ਲਿਖਣੀ ਸਿੱਖੀ। ਇਹ ਗੱਲ ਮੈਨੂੰ ਬਾਅਦ ਵਿਚ ਪਤਾ ਲੱਗੀ ਕਿ ਉਹ ਕਿਸੇ ਪੰਜਾਬੀ ਕੁੜੀ ਦੇ ਚੱਕਰ ਵਿਚ ਸੀ। ਉਸ ਨਾਲ ਇਕੱਠੇ ਜੀਵਨ ਬਿਤਾਉਣ ਦਾ ਵਾਅਦਾ ਕੀਤਾ ਹੋਇਆ ਸੀ ਉਸ ਨੇ।

ਅਸੀਂ ਗਰੁੱਪ ਫੋਟੋ ਲਈ ਸਾਇੰਸ ਵਿੰਗ ਦੇ ਬਾਹਰ ਲੱਗੇ ਡੈਸਕਾਂ 'ਤੇ ਜਾ ਖੜ੍ਹੇ। ਪ੍ਰੋਫੈਸਰਾਂ ਵਾਲੀਆਂ ਅੱਠ ਦਸ ਕੁਰਸੀਆਂ ਅਜੇ ਖਾਲੀ ਪਈਆਂ ਸਨ। ਕੁਰਸੀਆਂ ਪਿੱਛੇ ਪਹਿਲੀ ਕਤਾਰ ਕੁੜੀਆਂ ਦੀ ਸੀ, ਉਨ੍ਹਾਂ ਦੇ ਮਗਰ ਤਿੰਨ ਕਤਾਰਾਂ ਮੁੰਡਿਆਂ ਦੀਆਂ। ਫੋਟੋਗ੍ਰਾਫਰ ਨੇ ਕੁੜੀਆਂ ਵਾਲੀ ਕਤਾਰ ਦੇ ਦੋਨੋਂ ਪਾਸੇ ਬੁਰਕੇ ਵਾਲੀਆਂ ਦੋ ਕੁੜੀਆਂ ਬਾਨੋ ਤੇ ਫੂਲ ਨੂੰ ਖੜ੍ਹਾ ਦਿੱਤਾ। ਉਸ ਦੇ ਮਗਰ ਵਾਲੀ ਕਤਾਰ ਦੇ ਬਿਲਕੁਲ ਗੱਭੇ ਮੈਨੂੰ। ਫਿਰ ਉਹ ਮੁੰਡਿਆਂ ਨੂੰ ਕੱਦ ਮੁਤਾਬਕ ਅੱਗੇ ਪਿੱਛੇ ਕਰਨ ਲੱਗਾ। ਮੇਰੇ ਪਿਛਿਉਂ ਆਵਾਜ਼ ਆਈ, "ਸਰਦਾਰ ਜੀ ਕੀ ਖੋਪੜੀ ਮੇਂ ਬਾਰਾਂ ਬਜ ਗਏ।" ਮੈਂ ਗਰਦਨ ਘੁਮਾ ਕੇ ਦੇਖਿਆ। ਉਹੀ ਨਰੇਸ਼ ਸੀ ਜਿਹੜਾ ਉਂਗਲਾਂ ਜੋੜ ਕੇ ਮੇਰੀ ਪਗੜੀ ਵੱਲ ਇਸ਼ਾਰੇ ਕਰ ਰਿਹਾ ਸੀ।

ਇਕਦਮ ਮੇਰਾ ਪਾਰਾ ਚੜ੍ਹ ਗਿਆ। ਗੁੱਸੇ ਵਿਚ ਮੈਂ ਦੰਦ ਕਰੀਚੇ। ਪਿੱਛੇ ਵੱਲ ਘੁੰਮਿਆ ਤੇ ਨਰੇਸ਼ ਕੁਮਾਰ ਦੀ ਟਾਈ ਫੜ ਕੇ ਐਨੀ ਜ਼ੋਰ ਨਾਲ ਹੁਝਕਾ ਮਾਰਿਆ ਕਿ ਉਹਦਾ ਮੂੰਹ ਡੈਸਕ ਨਾਲ ਜਾ ਵੱਜਿਆ। ਲੜਕੇ-ਲੜਕੀਆਂ ਵਿਚ ਭਗਦੜ ਜਿਹੀ ਮਚ ਗਈ। ਮੈਂ ਡਿੱਗੇ ਪਏ ਨੂੰ ਫੇਰ ਢਾਹ ਲਿਆ, ਘਸੁੰਨ-ਮੁੱਕੇ ਮਾਰੇ ਤੇ ਧੌਣ ਉਤੇ ਗੋਡੇ ਵੀ ਸੁੱਟੇ। ਨਰੇਸ਼ ਕੁਮਾਰ ਦੀ ਐਨਕ ਟੁੱਟ ਗਈ ਤੇ ਉਹ ਲਹੂ-ਲੁਹਾਣ ਹੋ ਗਿਆ। ਡਿੱਗਿਆ ਪਿਆ ਉਹ ਉਚੀ-ਉਚੀ ਚੀਕਣ ਲੱਗਾ। ਖੜਕਾ-ਦੜਕਾ ਸੁਣ ਕੇ ਪ੍ਰੋਫੈਸਰ ਵੀ ਆ ਗਏ। ਕਈ ਮੁੰਡਿਆਂ ਨੇ ਮੈਨੂੰ ਫੜਿਆ ਤੇ ਖਿੱਚ ਕੇ ਦੂਜੇ ਪਾਸੇ ਲੈ ਗਏ। ਪ੍ਰਿੰਸੀਪਲ ਐਮ. ਰੇਅ ਵੀ ਉਥੇ ਆ ਗਏ। ਨਰੇਸ਼ ਕੁਮਾਰ ਦੇ ਕਿਉਂਕਿ ਨਕਸੀਰ ਫੁੱਟ ਪਈ ਸੀ, ਪ੍ਰਿੰਸੀਪਲ ਮੇਰੇ ਵੱਲ ਦੇਖ ਦੇ ਕੜਕ ਕੇ ਬੋਲੇ, "ਇਸ ਬਦਮਾਸ਼ ਕੋ ਕਾਲਜ ਸੇ ਭਗਾਉ।" ਪਰ ਕੁਝ ਮੁੰਡਿਆਂ ਨੇ ਜਦੋਂ ਹਕੀਕਤ ਦੱਸੀ ਤਾਂ ਉਸ ਨੇ ਹੁਕਮ ਸੁਣਾਇਆ ਕਿ ਦੋਨੋਂ ਜਣੇ ਗਰੁੱਪ ਫੋਟੋ ਵਿਚ ਸ਼ਾਮਿਲ ਨਹੀਂ ਹੋਣਗੇ ਤੇ ਅਗਲੇ ਦਿਨ ਦੋਨਾਂ ਦੀ ਪ੍ਰਿੰਸੀਪਲ ਕੋਲ ਦਸ ਵਜੇ ਪੇਸ਼ੀ ਹੋਵੇਗੀ। ਪੇਸ਼ੀ ਦਾ ਮਤਲਬ ਸੀ, ਕਾਲਜੋਂ ਕੱਢਿਆ ਜਾਣਾ।

ਮੈਂ ਘਰ ਜਾ ਕੇ ਰਾਮੇਸ਼ਵਰ ਨੂੰ ਸਾਰੀ ਗੱਲ ਦੱਸੀ ਤੇ ਕਿਹਾ, "ਮੈਂ ਅੱਜ ਰਾਤ ਕੋ ਹੀ ਪੰਜਾਬ ਜਾ ਰਹਾ ਹੂੰ। ਇਸ ਸੇ ਪਹਿਲੇ ਕਿ ਪ੍ਰਿੰਸੀਪਲ ਮੁਝੇ ਕਾਲਜ ਸੇ ਨਿਕਾਲੇ, ਮੈਂ ਆਪ ਹੀ ਕਾਲਜ ਛੋੜ ਰਹਾ ਹੂੰ।"

ਰਾਮੇਸ਼ਵਰ ਉਠ ਕੇ ਬੈਠਦਾ ਬੋਲਿਆ, "ਕਹੀਂ ਨਹੀਂ ਜਾਉਗੇ ਤੁਮ। ਕੱਲ੍ਹ ਕਾਲਜ ਜਾਉ। ਮੈਂ ਭੀ ਚਲੂੰਗਾ। ਦੂਸਰੇ ਲੜਕੋਂ ਔਰ ਪ੍ਰੋਫੈਸਰੋਂ ਸੇ ਬਾਤ ਕਰੇਂਗੇ। ਕਾਲਜ ਸੇ ਨਿਕਾਲੇਂਗੇ ਕੈਸੇ? ਹਮ ਮਰ ਗਏ ਹੈਂ ਕਿਆ?" ਉਹ ਰਾਤ ਮੇਰੇ ਲਈ ਤਸੀਹਿਆਂ ਭਰੀ ਸੀ। ਮੈਂ ਸਾਰੀ ਰਾਤ ਭੰਨ-ਘੜਤ ਵਿਚ ਜਾਗਦਾ ਪਿਆ ਰਿਹਾ। ਨਾ ਘਰ ਕਿਸੇ ਨੂੰ ਕੁਝ ਦੱਸਿਆ ਤੇ ਨਾ ਹੀ ਰੋਟੀ ਖਾਧੀ।

ਅਗਲੇ ਦਿਨ ਰਾਮੇਸ਼ਵਰ ਨੂੰ ਮੈਂ ਆਪਣੇ ਸਾਇਕਲ ਪਿਛੇ ਬਿਠਾਇਆ ਤੇ ਕਾਲਜ ਪੁੱਜ ਗਿਆ। ਹੀਰੋ ਹਿੰਗੋਰਾਣੀ ਤੇ ਊਸ਼ਾ ਸਮੇਤ ਸਾਰੀਆਂ ਕੁੜੀਆਂ-ਦੁਜਿੰਦਰ, ਗੋਸਵਾਮੀ, ਰਾਮਪ੍ਰਤਾਪ ਅਤੇ ਤਿੰਨ ਚਾਰ ਮੁੰਡੇ ਹੋਰ ਮੈਨੂੰ ਹੀ ਉਡੀਕ ਰਹੇ ਸਨ। ਹੀਰੋ ਬੋਲੀ, "ਸਰਦਾਰ ਭਾਈ ਸਾਹਿਬ, ਤੁਸੀਂ ਜੋ ਕੀਤਾ, ਠੀਕ ਕੀਤਾ। ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ। ਘੱਟੋ-ਘੱਟ ਮੁੜ ਕੇ ਕਿਸੇ ਸਰਦਾਰ ਦੇ ਕੋਲੋਂ ਨਹੀਂ ਲੰਘੇਗਾ। ਰਹੀ ਗੱਲ ਪੇਸ਼ੀ ਦੀ। ਹਮ ਸਭੀ ਆਪ ਕੇ ਸਾਥ ਹੈਂ। ਪੇਸ਼ੀ ਤੋਂ ਪਹਿਲਾਂ ਰੇਅ ਸਾਹਿਬ ਨੂੰ ਮਿਲਾਂਗੇ, ਅਸਲੀਅਤ ਦੱਸਾਂਗੇ। ਫਿਰ ਜੇ ਉਨ੍ਹਾਂ ਨੇ ਤੁਹਾਡੇ ਵਿਰੁੱਧ ਕੋਈ ਐਕਸ਼ਨ ਲਿਆ ਤਾਂ ਕਾਲਜ ਵਿਚ ਹੜਤਾਲ ਕਰਵਾ ਦਿਆਂਗੇ।" ਪਤਾ ਨਹੀਂ, ਮੈਂ ਕਿਸ ਤਬੀਅਤ ਦਾ ਬੇਵਕੂਫ ਬੰਦਾ ਹਾਂ; ਹੀਰੋ ਦੀ ਹੌਸਲਾ ਦੇਣ ਵਾਲੀ ਗੱਲ ਸੁਣ ਕੇ ਮੈਂ ਰੋਣ ਲੱਗ ਪਿਆ।

ਦੋਹਾਂ ਦੀ ਪੇਸ਼ੀ ਪਈ। ਸਾਇੰਸ ਵਿੰਗ ਦੇ ਸਾਰੇ ਪ੍ਰੋਫੈਸਰ ਵੀ ਬੈਠੇ ਹੋਏ ਸਨ। ਨਰੇਸ਼ ਨੇ ਮੱਥੇ ਉਤੇ ਪੱਟੀ ਬੰਨ੍ਹੀ ਹੋਈ ਸੀ। ਪਹਿਲਾਂ ਉਸੇ ਨੂੰ ਪੁੱਛਿਆ ਗਿਆ। ਉਸ ਕੋਲ ਕਹਿਣ ਲਈ ਕੋਈ ਗੱਲ ਹੀ ਨਹੀਂ ਸੀ। ਬੋਲਿਆ, "ਸਰਦਾਰ ਜੀ ਨੇ ਮੇਰੇ ਪਰ ਅਟੈਕ ਕੀਆ।"

"ਕਿਉਂ ਕੀਆ, ਕੋਈ ਵਜ੍ਹਾ ਰਹੀ ਹੋਗੀ?" ਪ੍ਰਿੰਸੀਪਲ ਬੋਲੇ, ਪਰ ਉਸ ਨੇ ਸਿਰ ਝੁਕਾ ਲਿਆ।

ਮੈਂ ਮੁੱਢ ਤੋਂ ਸਾਰੀ ਗੱਲ ਦੱਸੀ ਕਿ ਉਸ ਨੇ ਜਦੋਂ ਤੀਜੀ ਵਾਰੀ "ਸਰਦਾਰ ਜੀ ਕੀ ਖੋਪੜੀ ਮੇਂ ਬਾਰਾਂ ਬਜ ਗਏ" ਕਹਿ ਕੇ ਮੇਰਾ ਮਜ਼ਾਕ ਉਡਾਇਆ ਤਾਂ ਮੈਂ ਸਹਿਣ ਨਹੀਂ ਕਰ ਸਕਿਆ। ਮੈਂ ਸਿੱਖ ਹਾਂ, ਸਰਦਾਰ ਹਾਂ। ਸਿੱਖਾਂ ਦੇ, ਸਰਦਾਰਾਂ ਦੇ ਖਿਲਾਫ ਕੋਈ ਬਕਵਾਸ ਕਰੇਗਾ, ਮੈਂ ਸਹਿਣ ਨਹੀਂ ਕਰਾਂਗਾ। ਤੁਸੀਂ ਚਾਹੇ ਮੈਨੂੰ ਕਾਲਜ ਵਿਚ ਰੱਖੋ, ਚਾਹੇ ਕੱਢੋ।"

ਪ੍ਰਿੰਸੀਪਲ ਮੇਰੀ ਦਲੀਲ ਦਾ ਕਾਇਲ ਹੋ ਗਿਆ। ਪ੍ਰੋਫੈਸਰ ਨੇ ਵੀ ਮੈਨੂੰ ਸ਼ਰੀਫ ਮੁੰਡੇ ਵਜੋਂ ਹੀ ਪੇਸ਼ ਕੀਤਾ। ਨਰੇਸ਼ ਨੂੰ ਕਾਫੀ ਜੁਰਮਾਨਾ ਕੀਤਾ ਗਿਆ। ਹਮਲਾ ਕਰਨ ਕਰ ਕੇ ਮੈਥੋਂ ਅਤੇ ਮਜ਼ਾਕ ਉਡਾਉਣ ਕਰ ਕੇ ਨਰੇਸ਼ ਤੋਂ ਸਾਰੀ ਕਲਾਸ ਮੂਹਰੇ ਮਾਫੀ ਮੰਗਵਾਈ ਗਈ।

ਜਦੋਂ ਮੈਂ ਬੀਐਸ.ਸੀ. ਕਰ ਕੇ ਰਾਜਾ ਬਲਵੰਤ ਸਿੰਘ ਕਾਲਜ ਆਗਰਾ ਵਿਚ ਐਮਐਸ.ਸੀ. ਵਿਚ ਦਾਖਲਾ ਲਿਆ ਤਾਂ ਪਹਿਲੇ ਦਿਨ ਹੀ ਨਰੇਸ਼ ਕੁਮਾਰ ਟੱਕਰ ਗਿਆ। ਉਹ ਮੇਰਾ ਹੱਥ ਘੁਟਦਾ ਬੋਲਿਆ, "ਸਰਦਾਰ ਜੀ, ਮੈਨੇ ਵੀ ਯਹਾਂ ਦਾਖਲਾ ਲੀਆ ਹੈ, ਮੈਂ ਆਜ ਆਪ ਸੇ ਫਿਰ ਮਾਫੀ ਮਾਂਗਤਾ ਹੂੰ। ਅਬ ਹਮ ਦੋਸਤ ਬਨ ਕਰ ਰਹੇਂਗੇ।" ਤੇ ਉਹ ਮੈਨੂੰ ਚਾਹ ਪਿਆਉਣ ਕੰਟੀਨ ਵੱਲ ਖਿੱਚਣ ਲੱਗਾ।

---

ਕੁਝ ਸਾਲ ਹੋਏ ਮੈਂ ਆਗਰੇ ਗਿਆ ਤੇ ਆਪਣੇ ਜਮਾਤੀ ਦੁਜਿੰਦਰ ਸ਼ਰਮਾ ਨੂੰ ਮਿਲਿਆ। ਦੁਜਿੰਦਰ ਕਿਸੇ ਬੈਂਕ ਵਿਚ ਮੈਨੇਜਰ ਸੀ। ਮੈਂ ਰਾਤ ਉਸ ਕੋਲ ਠਹਿਰਿਆ। ਗੱਲਾਂ ਬਾਤਾਂ ਵਿਚ ਨਰੇਸ਼ ਦਾ ਜ਼ਿਕਰ ਆ ਗਿਆ। ਉਸ ਨੇ ਦੱਸਿਆ ਕਿ ਉਹ ਆਗਰਾ ਕਾਲਜ ਵਿਚ ਹੀ ਪੜ੍ਹਾਉਂਦਾ ਹੈ। ਅਗਲੇ ਦਿਨ ਅਸੀਂ ਉਸ ਨੂੰ ਮਿਲਣ ਚਲੇ ਗਏ। ਉਸ ਨੇ ਕਲਾਸ ਲਈ ਹੋਈ ਸੀ। ਬੈਲ ਹੋਈ ਤਾਂ ਉਹ ਚਾਕ ਨਾਲ ਲਿਬੜੇ ਹੱਥਾਂ ਨੂੰ ਦੋਹਾਂ ਪਾਸਿਆਂ ਨੂੰ ਕਰੀ ਬਾਹਰ ਆਇਆ। ਸਾਡੇ ਕੋਲ ਆ ਕੇ ਰੁਕ ਗਿਆ। ਮੇਰੇ ਵੱਲ ਘੂਰਿਆ ਤੇ ਗਲਵਕੜੀ ਪਾਉਂਦਾ ਬੋਲਿਆ, "ਅਰੇ, ਗੁਰਦਿਆਲ ਸਿੰਘ! ਮੇਰੇ ਭਾਈ ਸਰਦਾਰ ਜੀ, ਮੁਝੇ ਮਾਫ ਕਰ ਦੋ।" ਉਹ ਮੈਨੂੰ ਬਾਹਾਂ ਦੀ ਜਕੜ ਵਿਚ ਘੁੱਟਦਾ ਗਿਆ। ਮੇਰੀਆਂ ਅੱਖਾਂ ਨਮ ਹੋ ਗਈਆਂ।

## ਇੱਕ ਕਵੀ ਦਰਬਾਰ ਇਹ ਵੀ....

# ਬਣਿਆ ਫਿਰੇਂ ਕੀ ਵੱਡਿਆ ਮਹਿੰਗਿਆ ਉਏ...

ਅੱਜ ਕਲ ਹੁੰਦੇ ਕਵੀ ਦਰਬਾਰ ਤਾਂ ਤੁਸਾਂ ਵੇਖੇ-ਸੁਣੇ ਹੀ ਹੋਣਗੇ ਜਿੱਥੇ ਸਿਰਫ ਕਵੀ ਹੀ ਹੁੰਦੇ ਹਨ, ਸਰੋਤਾ ਇਕ ਵੀ ਨਹੀਂ ਆਉਂਦਾ। ਕਵੀ ਵੀ ਏਦਾਂ ਦੇ ਕਿ ਸੁਣਨ ਵਾਲਿਆਂ ਨੂੰ ਪਤਾ ਹੀ ਨਾ ਲੱਗੇ ਕਿ ਕਵਿਤਾ ਪੜ੍ਹ ਰਿਹਾ ਹੈ ਜਾਂ ਗੱਲਾਂ ਕਰ ਰਿਹਾ ਹੈ। ਕਿਤੇ ਚਾਰ ਬੰਦੇ ਬੈਠੇ ਆਪਸ ਵਿਚ ਹੱਸ-ਖੇਡ ਰਹੇ ਸਨ। ਬਦਕਿਸਮਤੀ ਨਾਲ ਉਥੇ ਇਕ ਕਵੀ ਆ ਗਿਆ ਤਾਂ ਬਿਨਾ ਕਹੇ ਦੇ ਡਾਇਰੀ ਕੱਢ ਬੈਠਾ, 'ਆਹ ਨਵੀਂ ਕਵਿਤਾ ਲਿਖੀ ਆ ਅੱਜ,

**ਜਤਿੰਦਰ ਸਿੰਘ ਔਲਖ**
ਫੋਨ:91-98155-34653

ਜਰਾ ਗੌਰ ਫਰਮਾਓ, 'ਅਰਜ ਕੀਤੈ, ਸਾਡੇ ਨਾਲ ਦਾ ਘਰ ਸੀ ਤੇਲੀਆਂ ਦਾ, ਸਾਡੇ ਨਾਲ ਦਾ ਘਰ ਸੀ ਤੇਲੀਆਂ ਦਾ...ਜਨਾਬ ਗੌਰ ਫਰਮਾਇਉ... ਸਾਡੇ ਨਾਲ ਦਾ ਘਰ ਸੀ ਤੇਲੀਆਂ ਦਾ...ਸਾਡੇ...।'

ਇੰਨੇ ਚਿਰ ਨੂੰ ਬੈਠੇ ਸਰੋਤਿਆਂ 'ਚੋਂ ਇਕ ਬੋਲ ਪਿਆ, "ਹੋਰ ਤੁਹਾਡੇ ਨਾਲ ਦਾ ਘਰ ਸੰਧਾਵਾਲੀਆਂ ਦਾ ਹੋਣਾ ਸੀ। ਬੰਦ ਕਰ ਬਕਵਾਸ ਜਿਹੀ, ਬਹਿ ਗਿਆ ਖੋਲ ਕੇ ਪਿਉ ਵਾਲੀ ਡਾਇਰੀ, ਐਵੇਂ ਬੋਰ ਕਰਨ ਨੂੰ, ਚੰਗੇ ਭਲੇ ਗੱਲਾਂ ਕਰਨ ਡਹੇ ਸਾਂ।"

ਇਕ ਥਾਣੇਦਾਰ ਨੇ ਇਕ ਚੋਰ ਫੜ ਲਿਆ। ਥਾਣੇਦਾਰ ਸੀ ਕਵੀ। ਥਾਣੇ ਲਿਆ ਕੇ ਚੋਰ ਨੂੰ ਕਹਿੰਦਾ, 'ਦੱਸ ਮੈਥੋਂ ਕਵਿਤਾ ਸੁਣਨੀ ਆ ਕਿ ਛਿੱਤਰ ਖਾਣੇ ਈ?'

ਚੋਰ ਨੇ ਸੋਚਿਆ ਆਹ ਤਾਂ ਮੌਜ ਬਣ ਗਈ। ਆਪਾਂ ਕੁੱਟ ਜਰੂਰ ਖਾਣੀ ਆ। ਆਪਾਂ ਕਵਿਤਾਵਾਂ ਸੁਣ ਲੈਂਦੇ ਆਂ। ਥਾਣੇਦਾਰ ਨੇ ਅਲਮਾਰੀ ਖੋਲ੍ਹੀ ਅਤੇ ਇਕ ਡਾਇਰੀ 'ਚੋਂ ਕਵਿਤਾਵਾਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ। ਚੋਰ ਸੁਣੀ ਜਾਵੇ ਤੇ ਨਾਲੇ ਉਬਾਸੀਆਂ ਲੈਂਦਾ 'ਵਾਹ...ਵਾਹ' ਵੀ ਕਰੀ ਜਾਵੇ। ਜਦੋਂ ਥਾਣੇਦਾਰ ਦੀ ਇਕ ਡਾਇਰੀ ਖਤਮ ਹੋਈ, ਉਸ ਨੇ ਦੂਜੀ ਡਾਇਰੀ ਫੜ੍ਹਨ ਲਈ ਅਲਮਾਰੀ ਖੋਲ੍ਹੀ ਤਾਂ ਚੋਰ ਦੇ ਹੋਸ਼ ਉਡ ਗਏ। ਅਜੇ ਕਵਿਤਾਵਾਂ ਦੀਆਂ ਅੱਠ-ਦੱਸ ਡਾਇਰੀਆਂ ਥਾਣੇਦਾਰ ਨੇ ਹੋਰ ਰੱਖੀਆਂ ਹੋਈਆਂ ਸਨ।

ਚੋਰ ਕਹਿਣ ਲੱਗਾ, "ਜਨਾਬ ਏਨੀ ਘਸੀ-ਪਿਟੀ ਕਵਿਤਾ ਨਹੀਂ ਸੁਣੀ ਜਾਣੀ। ਇਹਦੇ ਨਾਲੋਂ ਤਾਂ ਚਾਰ ਛਿੱਤਰ ਮਾਰ ਲਉ, ਉਹ ਚੰਗਾ ਜੇ।"

ਕਵੀ ਦਰਬਾਰ ਤਾਂ ਕੁਝ ਦਹਾਕੇ ਪਹਿਲਾਂ ਤੱਕ ਅੰਮ੍ਰਿਤਸਰ ਹੁੰਦੇ ਸਨ। ਉਸਤਾਦ ਕਵੀਆਂ ਦੇ ਨਾਲ ਸ਼ਾਗਿਰਦ ਵੀ ਆਉਂਦੇ। ਸਟੇਜਾਂ ਲੱਗਦੀਆਂ, ਕਵੀ ਆਹਮਣੇ-ਸਾਹਮਣੇ ਬਹਿ ਕਵਿਤਾਵਾਂ ਰਾਹੀਂ ਮਿਹਣਿਉਂ-ਮਿਹਣੀ ਹੋ ਰਹੇ ਹੁੰਦੇ। ਇੱਥੇ ਇਹ ਰਿਵਾਜ ਸੀ ਕਿ ਗੋਲ ਬਾਗ 'ਚ ਆਹਮੋ-ਸਾਹਮਣੇ ਦੋ ਸਟੇਜਾਂ ਲਾਈਆਂ ਜਾਂਦੀਆਂ। ਅੱਧੇ ਕਵੀ ਇੱਕ ਸਟੇਜ 'ਤੇ ਬੈਠ ਜਾਂਦੇ ਤੇ ਅੱਧੇ ਦੂਜੀ 'ਤੇ। ਫਿਰ ਹੋ ਜਾਂਦਾ ਸ਼ੁਰੂ ਕਵੀ ਦਰਬਾਰ। ਕਵੀ ਕਵਿਤਾ ਰਾਹੀਂ ਕਵਿਤੋ-ਕਵਿਤੀ ਹੁੰਦੇ ਜਾਂ ਕਹਿ ਲਓ ਛਿੱਤਰੋ-ਛਿੱਤਰੀ ਹੁੰਦੇ।

ਬਹੁਤੀ ਵਾਰ ਏਦਾਂ ਹੁੰਦਾ ਕਿ ਇੱਕ ਉਸਤਾਦ ਕਵੀ ਆਪਣੇ ਸ਼ਾਗਿਰਦਾਂ ਨਾਲ ਇਕ ਸਟੇਜ 'ਤੇ ਬੈਠ ਜਾਂਦਾ ਤੇ ਦੂਜਾ ਆਪਣੇ ਸ਼ਾਗਿਰਦਾਂ ਦਾ ਲੁੰਗ-ਲਾਣਾ ਲੈ ਕੇ ਦੂਜੀ ਸਟੇਜ 'ਤੇ ਬੈਠਾ ਹੁੰਦਾ। ਦੋਵੇਂ ਪਾਸਿਆਂ ਤੋਂ ਇੱਕ-ਦੂਜੇ ਨੂੰ ਸਵਾਲ ਜਵਾਬ ਕੀਤੇ ਜਾਂਦੇ। ਮਿਹਣੇ ਮਾਰੇ ਜਾਂਦੇ। ਇਹ ਕਵਿਤਾਵਾਂ ਮੌਕੇ 'ਤੇ ਹੀ ਜੋੜਨੀਆਂ ਪੈਂਦੀਆਂ। ਇਕ-ਦੂਜੇ ਨੂੰ ਸਖਤ ਸਵਾਲ-ਜਵਾਬ ਕਰਕੇ ਘਟੀਆ ਸਾਬਤ ਕੀਤਾ ਜਾਂਦਾ। ਕਈ ਵਾਰ ਗੱਲ ਗਾਲ੍ਹਾਂ ਤੱਕ ਵੀ ਅੱਪੜ ਜਾਂਦੀ।

ਇਕ ਕਵੀ ਦਰਬਾਰ ਤੁਹਾਨੂੰ ਵੀ ਸਰਵਣ ਕਰਾਉਂਦੇ ਹਾਂ। ਕਵੀ 'ਮਹਿੰਗਾ ਰਾਮ ਸਸਤਗੜੀਆ' ਆਪਣੇ ਅੱਠ-ਦਸ ਚੇਲਿਆਂ ਨਾਲ ਇੱਕ ਪਾਸੇ ਦੀ ਸਟੇਜ 'ਤੇ ਸੱਜ ਗਿਆ। ਪੰਡਾਲ ਵਿਚ ਵੱਡੀ ਭੀੜ ਕਵੀ ਦਰਬਾਰ ਨੂੰ ਸੁਣਨ ਆਈ ਸੀ। ਪੰਡਾਲ ਦੇ ਦੋਵੇਂ ਪਾਸੇ ਸਟੇਜਾਂ ਲੱਗੀਆਂ ਸਨ। ਇਕ ਪਾਸੇ ਮਹਿੰਗਾ ਰਾਮ ਸਸਗੜੀਆ ਸੀ ਤੇ ਦੂਜੇ ਪਾਸੇ ਕਵੀ 'ਪੱਤਾ ਰਾਮ ਹਨੇਰੀਭੰਭਿਆ' ਆਪਣੇ ਚੇਲਿਆਂ ਨਾਲ ਬੈਠ ਗਿਆ।

ਲੋਕ ਕਵੀ ਦਰਬਾਰ ਨੂੰ ਸੁਣਨ ਲਈ ਉਤਾਵਲੇ ਸਨ। ਲੋਕਾਂ 'ਚੋਂ ਆਵਾਜ਼ਾਂ ਆ ਰਹੀਆਂ ਸਨ, "ਕੁਝ ਸੁਣਾਉ ਵੀ ਕਿ ਤੁਹਾਡਾ ਮੂੰਹ ਵੇਖਣ ਆਏ ਆਂ...ਬਹਿ ਗਏ ਫੱਬ ਕੇ ਮੂਰਤੀਆਂ ਵਾਂਗੂੰ।" ਇਕ ਹੋਰ ਆਵਾਜ਼ ਆਈ, "ਮਹਿੰਗਿਆ ਅੱਜ ਪਤਾ ਲੱਗਜੂ ਤੇਰਾ ਵੱਡੇ ਕਾਲੀਦਾਸ ਦਾ, ਵੈਸ਼ਨੂੰ ਦੇਵੀ ਦੇ ਮੇਲੇ 'ਤੇ 'ਹਨੇਰੀਭੰਭੇ' ਨੇ ਤੈਨੂੰ ਪੂਰਾ ਰੋਲਿਆ ਸੀ।"

ਕਵੀ ਮਹਿੰਗਾ ਰਾਮ ਸਸਤਗੜੀਏ ਨੇ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ,

ਅਸੀਂ ਕਵੀ ਹਾਂ ਵੱਡੇ ਫਖਰ ਵਾਲੇ
ਸਾਰਾ ਮੁਲਖ ਸਾਡੇ ਰੰਗ 'ਚ ਰੰਗਿਆ ਏ।
ਇਹਨੇ ਸਾਡਾ ਮੁਕਾਬਲਾ ਕੀ ਕਰਨਾ
ਜਿਹੜਾ ਪਹਿਲਾਂ ਹਨੇਰੀ ਦਾ ਝੰਭਿਆ ਏ।

ਇੰਨੇ ਨੂੰ ਕਵੀ ਪੱਤਾ ਰਾਮ ਹਨੇਰੀਭੰਭੇ ਨੇ ਆਪਣੇ ਇੱਕ ਚੇਲੇ ਵੱਲ ਵੇਖਿਆ। ਚੇਲਾ ਗੁਰੂ ਦਾ ਇਸ਼ਾਰਾ ਸਮਝ ਕੇ ਬੋਲ ਉਠਿਆ,

ਹੇਠਾਂ ਡਿੱਗੇ ਗਲੇ ਅਮਰੂਦ ਵਾਂਗੂੰ
ਤੈਨੂੰ ਕਿਸੇ ਨਾ ਆਣ ਕੇ ਚੁੱਕਣਾ ਈ।
ਬਣਿਆ ਫਿਰੇਂ ਕੀ ਵੱਡਿਆ ਮਹਿੰਗਿਆ ਉਏ
ਟਕੇ ਸੇਰ ਨਾ ਤੈਨੂੰ ਕਿਸੇ ਪੁੱਛਣਾ ਈ।

ਕਵੀ ਦਰਬਾਰ ਦੀ ਸ਼ੁਰੂਆਤ ਹੋ ਗਈ। ਹੇਠੋਂ ਲੋਕਾਂ ਨੇ ਪਹਿਲੇ ਹੀ ਮਸਾਲੇਦਾਰ ਸ਼ਿਅਰ ਸੁਣ ਕੇ ਵਾਹ-ਵਾਹ ਮੀਂਹ ਵਾਂਗੂੰ ਵਰ੍ਹਾ ਦਿੱਤੀ। ਲੋਕ ਸੀਟੀਆਂ ਮਾਰ-ਮਾਰ ਕੇ ਕਵੀ ਦਰਬਾਰ ਦਾ ਅਨੰਦ ਮਾਨਣ ਲੱਗੇ। ਆਵਾਜ਼ਾਂ ਆ ਰਹੀਆਂ ਸਨ, "ਬੱਲੇ, ਬੱਲੇ ਭਈ ਹਨੇਰੀ ਝੰਭਿਆ ਨਹੀਂ ਮੁਕਾਬਲਾ ਤੇਰੇ ਚੇਲਿਆਂ ਦਾ!...ਸਸਤਗੜੀਆ ਅੱਜ ਪਾ ਮੁੱਲ, ਬਣ ਪਿਉ ਦਾ।" ਲੋਕ ਏਦਾਂ ਦੇ ਆਵਾਜ਼ੇ ਕੱਸ ਕੇ ਕਵੀਆਂ ਨੂੰ ਛੇੜਦੇ ਕਿ ਹੋਰ ਤੈਸ਼ ਵਿਚ ਆਉਣ ਤੇ ਚੋਟੇ-ਚੋਟੇ ਸ਼ਿਅਰ ਕੱਢਣ।

ਹਨੇਰੀਭੰਭੇ ਦਾ ਇਹ ਚੇਲਾ ਜਿਸ ਨੇ ਮਹਿੰਗਾਰਾਮ ਸਸਤਗੜੀਏ ਦੀ ਸ਼ਾਨ ਦੇ ਖਿਲਾਫ ਸ਼ਿਅਰ ਪੜ੍ਹਿਆ ਸੀ, ਪਰਜਾਪਤ ਬਰਾਦਰੀ ਦਾ ਸੀ। ਮਹਿੰਗਾ ਰਾਮ ਦਾ ਇੱਕ ਚੇਲਾ ਆਪਣੇ ਗੁਰੂ ਦੀ ਨਿਰਾਦਰੀ ਕਿਵੇਂ ਬਰਦਾਸ਼ਤ ਕਰਦਾ। ਉਹਨੇ ਹਨੇਰੀਭੰਭੇ ਦੇ ਚੇਲੇ ਨੂੰ ਸਬਕ ਸਿਖਾਉਂਦਿਆਂ ਕਿਹਾ,

ਚੁੱਪ ਕਰ ਐਵੇਂ ਬਹੁਤਾ ਬੋਲ ਨਾਹੀਂ
'ਵਾਜਾਂ ਟਿੰਡਿਆ ਗਲਤ ਉਚਾਰਦਾ ਹੈਂ।
ਘਰੇ ਜਾ ਕੇ ਮੂਰਖਾ ਚਾਰ ਖੋਤੇ
ਐਵੇਂ ਕਵਿਤਾ ਨੂੰ ਮੂੰਹ ਕਿਉਂ ਮਾਰਦਾ ਹੈਂ।

ਅਗਲੇ ਨੇ ਉਹਦੀ ਜਾਤ ਨੂੰ ਵਿਅੰਗ ਦਾ ਨਿਸ਼ਾਨਾ ਬਣਾਇਆ ਸੀ। ਮਹਿੰਗੇ ਦਾ ਚੇਲਾ ਕਿਵੇਂ ਬਰਦਾਸ਼ਤ ਕਰਦਾ। ਉਹਨੇ ਵੀ ਮੌਕੇ 'ਤੇ ਫਿਰ ਸ਼ਿਅਰ ਸੁਣਾ ਦਿੱਤਾ,

ਤੜਫਦਾ ਫਿਰਦੈਂ ਜਖਮੀ ਸੱਪ ਵਾਂਗੂੰ
ਤੇਰੀ ਧੌਣ ਉਤੇ ਹੋਇਆ ਵਾਰ ਤੇ ਨਈਂ।
ਬਦਜਾਤ ਹੀ ਜਾਤ ਦੀ ਗਾਹਲ ਕੱਢੇ
ਤੇਰੀ ਮਾਂ ਨੇ ਕੀਤਾ ਘੁਮਿਆਰ ਤੇ ਨਈਂ।

ਇਸ ਕਵੀ ਦਰਬਾਰ ਦੀ ਅਨੋਖੀ ਗੱਲ ਇਹ ਸੀ ਕਿ ਸਾਰੇ ਸ਼ਿਅਰ ਮੌਕੇ 'ਤੇ ਹੀ ਕੋਰੇ ਜਾ ਰਹੇ ਸਨ। ਕਿਉਂਕਿ ਮਿਹਣੋ-ਮਿਹਣੀ ਹੋਣਾ ਹੈ ਤਾਂ ਸੋਚ-ਸਮਝ ਕੇ ਨਹੀਂ ਹੋਇਆ ਜਾ ਸਕਦਾ।

ਇਸ ਤਰ੍ਹਾਂ ਜਾਤਾਂ, ਮਾਂਵਾਂ ਆਦਿ ਦੇ ਬਾਰੇ ਸ਼ਿਅਰ ਕਹੇ ਜਾ ਰਹੇ ਸਨ। ਦੋਵਾਂ ਕਵੀਆਂ ਨੂੰ ਗਾਲ੍ਹੋ-ਗਾਲ੍ਹੀ ਹੁੰਦਾ ਵੇਖ ਕੇ ਸਰੋਤੇ ਅਸ਼-ਅਸ਼ ਕਰ ਉਠੇ।

'ਵਾਹ-ਵਾਹ, ਵਾਹ-ਵਾਹ ਏਦਾਂ ਈ ਚੱਲਣ ਦਿਉ ਬਈ, ਨਜ਼ਾਰੇ ਬੰਨ 'ਤੇ 'ਨੇਰੀਭੰਭਿਆ ਬੜੇ ਚੇਲੇ ਚੰਡੇ ਈ... ਮੁੱਲ ਪਾ ਤਾ ਭਈ ਸਸਤਗੜੀਏ ਨੇ।'

ਹੁਣ ਵਾਰੀ ਫਿਰ ਹਨੇਰੀਭੰਭੇ ਵਾਲੇ ਪਾਸੇ ਸੀ। ਉਸ ਦਾ ਇਕ ਚੇਲਾ ਆਪਣੇ ਵਿਰੋਧੀਆਂ ਦੀ ਸਟੇਜ ਵੱਲ ਹੱਥ ਮਾਰ-ਮਾਰ ਕੇ ਸ਼ਿਅਰ ਕਹਿਣ ਲੱਗਾ,

ਤੁਹਾਨੂੰ ਹੁਣੇ ਹੀ ਨੱਪ ਕੇ ਰੱਖ ਦੇਣਾ
ਸੁਣੋ ਮਹਿੰਗੇ ਦੇ ਸਸਤੇ ਚੇਲਿਉ ਉਏ।
ਆਪਣੀ ਵੇਖ ਔਕਾਤ ਗੱਲ ਕਰੋ
ਸ਼ੇਰਾਂ ਨਾਲ ਟਕਰਾਉਂਦੇ ਹੋ ਲੇਲਿਉ ਉਏ।

ਹਨੇਰੀਭੰਭੇ ਦਾ ਚੇਲਾ ਖੁਦ ਨੂੰ ਸ਼ੇਰ ਆਖ ਗਿਆ, ਮਹਿੰਗਾਰਾਮ ਸਸਤਗੜੀਏ ਦੇ ਚੇਲੇ ਕਿਵੇਂ ਬਰਦਾਸ਼ਤ ਕਰਦੇ। ਉਨ੍ਹਾਂ 'ਚੋਂ ਇਕ ਜਣਾ ਬੋਲ ਪਿਆ,

ਖੁਦ ਨੂੰ ਸ਼ੇਰ ਆਖਦਿਆਂ ਬੇਸ਼ਰਮੋ
ਭੋਰਾ ਸ਼ਰਮ ਨਾ ਚਿਹਰੇ ਤੇ ਛਾਈ ਹੋਣੀ।
ਜਾਂ ਸ਼ੇਰ ਤੁਹਾਡੇ ਘਰੇ ਗਿਆ ਹੋਊ
ਜਾਂ ਤੁਹਾਡੀ ਬੇਬੇ ਸ਼ੇਰ ਕੋਲ ਆਈ ਹੋਣੀ।

ਸਰੋਤਿਆਂ ਨੇ ਫਿਰ ਵਾਹ-ਵਾਹ ਨਾਲ ਅਸਮਾਨ ਸਿਰ 'ਤੇ ਚੁੱਕ ਲਿਆ।

ਭਾਵੇਂ ਸਾਰੀ ਰਾਤ ਕਵੀ ਗਾਲ੍ਹਾਂ ਦੀ ਬਰਸਾਤ ਕਰਦੇ ਰਹਿੰਦੇ। ਨਾ ਲੋਕ ਥੱਕਦੇ, ਨਾ ਕਵੀ। ਸਾਰੀ ਰਾਤ ਕਵਿਤਾਵਾਂ ਦੇ ਰੂਪ 'ਚ ਗਾਲ੍ਹੀ-ਗਲੋਚ ਚੱਲ ਰਿਹਾ ਹੁੰਦਾ। ਆਪਣੇ-ਆਪ ਨੂੰ ਵਡਿਆਉਣਾ ਤੇ ਦੂਜਿਆਂ ਨੂੰ ਛੁਟਿਆਉਣਾ ਇਸ ਕਵਿਤਾ ਦੀ ਫਿਤਰਤ ਹੁੰਦੀ। ਅੱਗੋਂ ਹਨੇਰੀਭੰਭੇ ਵਾਲੇ ਪਾਸਿਉਂ ਆਵਾਜ਼ ਆਈ,

ਬੋਲੀ ਜਾਨੈ ਨਖਸਮਿਆਂ ਬੋਲ ਮਾੜੇ
ਤੇਰਾ ਹੁਣੇ ਕਲੇਜਾ ਮੈਂ ਚਾਕ ਕਰਨੈ।
ਦੱਸ ਕਿੰਦਣ ਮੈਂ ਚੁੱਕਾਂ ਬੰਨ ਸਿਹਰੇ
ਤੂੰ ਕਿਹੜਾ ਮੈਨੂੰ ਸਾਕ ਕਰਨੈ।

ਤੁਸੀਂ ਹੈਰਾਨ ਨਾ ਹੋਵੋ ਕਿ ਏਦਾਂ ਦੇ ਕਵੀ ਦਰਬਾਰ ਵੀ ਹੋ ਸਕਦੇ ਨੇ ਪਰ ਇਹ ਹੁੰਦੇ ਰਹੇ ਨੇ। ਕਵੀ ਕਾਹਦੇ ਹੁੰਦੇ ਸਨ। ਐਵੇਂ ਤੀਲੀ ਮਨੁੱਖ ਸਨ, ਬਹੁਤੇ ਮਰੂਏ ਜਿਹੇ। ਕਿਸੇ-ਕਿਸੇ ਦੀ ਸਿਹਤ ਵੇਖਿਆਂ ਜਾਪਦਾ ਸੀ ਕਿ ਇਹਨੂੰ ਘਰੋਂ ਰੋਟੀ ਮਿਲਦੀ ਹੋਊ? ਬਹੁਤਿਆਂ ਦੀਆਂ ਘਰਵਾਲੀਆਂ ਭੁੱਖੀਆਂ-ਤਿਹਾਇਆਂ ਨੂੰ ਘਰੋਂ ਕੰਨੋ ਫੜ੍ਹ ਕੇ ਬਾਹਰ ਕੱਢ ਦਿੰਦੀਆਂ ਹੋਣੀਆਂ ਕਿ ਜਾਹ ਭਲਿਆ ਲੋਕਾ ਨਿਆਣਿਆਂ ਦਾ ਸਿਰ ਨਾ ਖਾਹ। ਕਿਤੇ ਕੱਲਾ ਬਹਿ ਕੇ ਅਭਿਆਸ ਕਰ ਲੈ ਕਵਿਤਾ ਪੜ੍ਹਨ ਦਾ। ਉਂਜ ਇਹੋ ਜਿਹੇ ਕਵੀ ਦਰਬਾਰ ਤਾਂ ਬਹੁਤ ਲੰਮੇ ਚੱਲਦੇ ਸਨ। ਪਰ ਆਪਾਂ ਤਾਂ ਤੁਹਾਨੂੰ ਨਮੂਨਾ ਹੀ ਵਿਖਾਉਣਾ ਸੀ, ਜੋ ਵਿਖਾ ਦਿੱਤਾ। ਹੁਣ ਇਹੋ ਜਿਹੇ ਕਵੀ ਦਰਬਾਰਾਂ ਦਾ ਰਿਵਾਜ ਮੁੱਕ ਚੁੱਕਾ ਹੈ ਪਰ ਇਹ ਏਨੇ ਮਕਬੂਲ ਹੁੰਦੇ ਸਨ ਕਿ ਹੁਣ ਤੱਕ ਲੋਕ ਗੱਲਾਂ ਕਰਦੇ ਨੇ। ਸੋ, ਉਨ੍ਹਾਂ ਗੱਲਾਂ ਤੋਂ ਨਕਸ਼ਾ ਖਿੱਚਣ ਦਾ ਯਤਨ ਕੀਤਾ ਹੈ। ਜੋ ਮੇਰਾ ਖਿਆਲ ਹੈ ਕਿ ਸਾਨੂੰ ਕਵੀ ਦਰਬਾਰ ਏਥੇ ਹੀ ਰੋਕ ਦੇਣਾ ਚਾਹੀਦਾ ਹੈ।

## ਕਾਵਿ-ਕਿਆਰੀ

### ਕਿੰਗ ਸਾਹਿਬ

ਕਿੰਗ ਸਾਹਿਬ ਬੜੇ ਮਹਾਨ ਹਨ।
ਇਹ ਜਨਮ ਤੋਂ ਹੀ ਸੁਲਤਾਨ ਹਨ।

ਪੁਰਾਣਾ ਹੋਇਆ ਤਾਜ ਇਨ੍ਹਾਂ ਦਾ,
ਇਸ ਕਰਕੇ ਕੁਝ ਪ੍ਰੇਸ਼ਾਨ ਹਨ।

ਕੋਈ ਸਿਧਾਂਤਕ ਸਮਝ ਨਹੀਂ ਹੈ,
ਸਦਾ ਕਰਦੇ ਪਰ ਫਰਮਾਨ ਹਨ।

ਵੀਹਵੀਂ ਸਦੀ 'ਚ ਬੁੱਢੇ ਹੋ ਗਏ,
ਇੱਕੀਵੀਂ ਵਿਚ ਫਿਰ ਜਵਾਨ ਹਨ।

ਇਨ੍ਹਾਂ ਵਾਸਤੇ ਕਲਫ ਸ਼ਲਫ ਸਭ,
ਪੁਨਰ ਜੋਬਨ ਦੇ ਵਰਦਾਨ ਹਨ।

ਕੁਰਸੀ ਪੂਜਾ ਨਿੱਤ ਕਰਨ ਵਿਚ,
ਅਕਸਰ ਰਹਿੰਦੇ ਗ਼ਲਤਾਨ ਹਨ।

ਜਦੋਂ ਕੋਈ ਇਨ੍ਹਾਂ ਦੀ ਗੱਲ ਕੱਟੇ,
ਤਾਂ ਬਣਦੇ ਭਿਆਨ ਤੂਫਾਨ ਹਨ।

ਗੱਦੀਆਂ ਵਾਸਤੇ ਪਾਪੜ ਵੇਲਣ,
ਬੜਾ ਕੁਝ ਕਰਦੇ ਬਲੀਦਾਨ ਹਨ।

ਸਦਾ ਵੋਟਾਂ, ਛੋਟਾਂ, ਨੋਟਾਂ, ਖੋਟਾਂ;
ਇਨ੍ਹਾਂ 'ਚ ਕਾਮਲ ਇਨਸਾਨ ਹਨ।

ਕਲਾਬਾਜ਼ੀਆਂ ਐਸੀਆਂ ਖੇਡਣ,
ਕਰ ਦੇਂਦੇ ਦੁਨੀਆਂ ਹੈਰਾਨ ਹਨ।

ਜਦੋਂ ਕਿਤੇ ਗੱਦੀਆਂ ਖੁੱਸ ਜਾਵਣ,
ਤਦ ਤਿਆਗ-ਮੂਰਤ ਭਗਵਾਨ ਹਨ।

ਰੁੱਸ ਜਾਂਦੇ ਨਾਲ ਧਰਮ ਅਸਥਾਨਾਂ
ਘਰੀਂ ਬੈਠ ਵਧਾਉਂਦੇ ਸ਼ਾਨ ਹਨ।

ਤਦ ਸਾਰੀ ਸੇਵਾ ਭੁੱਲ ਜਾਂਦੀ,
ਹੋ ਬਹਿੰਦੇ ਅੰਤਰ-ਧਿਆਨ ਹਨ।

ਉਡੀਕਣ ਅਗਲੀਆਂ ਚੋਣਾਂ ਤਾਈਂ,
ਲਾਉਂਦੇ ਅਣਗਿਣਤ ਅਨੁਮਾਨ ਹਨ।

ਕੌਮ ਇਨ੍ਹਾਂ ਦੀ ਸਭ ਥਾਂ ਪਸਰੀ,
ਜਾਂ ਸਕੱਤਰ ਜਾਂ ਫਿਰ ਪ੍ਰਧਾਨ ਹਨ।

ਸਭ ਪ੍ਰਬੰਧਾਂ ਦੀ ਆਨ-ਬਾਨ ਹਨ,
ਸਭ ਕਿੰਗ ਸਾਹਿਬ ਮਹਾਨ ਹਨ।

*-ਪ੍ਰੋਫੈਸਰ ਸੁਖਚੈਨ ਸਿੰਘ*
*ਫੋਨ :832-232-8389*

---

### 'ਦਰਿੰਦਗੀ ਯੁੱਗ'

ਕੁਝ ਕੁੱਖਾਂ ਵਿਚ ਮੁਕਾਈਆਂ ਧੀਆਂ!
ਕੁਝ ਪੱਥਰ ਕਹਿ ਨਿਵਾਈਆਂ ਧੀਆਂ!
ਵੇਖੋ! ਕਲਯੁਗੀ ਇਹ ਚਾਚੇ, ਤਾਏ,
ਜਿਨ੍ਹਾਂ ਮਾੜੀ ਨਜ਼ਰ ਤਕਾਈਆਂ ਧੀਆਂ!
ਹਲਕੇ ਹੋਏ ਦਰਿੰਦਿਆਂ ਨੇ,
ਕੁਝ ਜਿੰਦਾ ਲਾਸ਼ ਬਣਾਈਆਂ ਧੀਆਂ!
ਕੁਝ ਭੁੱਖੇ, ਲੋਭੀ, ਲਾਲਚੀ ਲੋਕਾਂ ,
ਦਾਜ ਦੀ ਬਲੀ ਚੜਾਈਆਂ ਧੀਆਂ!
ਲਾਡੀ ਇਹ ਬਹੁਤ ਬਹਾਦਰ ਨੇ,
ਜੋ ਅੱਜ ਦੇ ਯੁੱਗ 'ਚ ਆਈਆਂ ਧੀਆਂ!

*-ਲਾਡੀ ਸੁਖਜਿੰਦਰ ਕੌਰ ਭੁੱਲਰ*
*ਫੋਨ: 91-97811-91910*

---

### ਸੂਖਮ ਲਕੀਰ

ਪਾਪ ਪੁੰਨ ਸੂਖਮ ਲਕੀਰ
ਚਾਕੂ ਨ ਛੁਰੀਆਂ
ਰਹੀ ਹਰ ਦਿਲ ਚੀਰ।

ਸੱਚ ਕੀ ਤੇ ਸਤ ਕੀ
ਭੁੱਖਾਂ ਸਾਹਵੇਂ ਅਪਣਤ ਕੀ।
ਸੋਚਾਂ ਦੀ ਬਸ ਇਕ ਵਹੀਰ।

ਮੌਤ ਜੀਵਨ ਕਿ ਜੀਵਨ ਮੌਤ
ਜ਼ਿੰਦਗੀ ਦਾ ਦੱਸੋ ਕੌਣ ਸਰੋਤ।
ਅਣ ਦਿਖ ਜਿਹੀ ਲਕੀਰ।

ਕੀ ਮੁਕਤ ਰਾਹ
ਪੁੰਨ-ਪਾਪ, ਕੀ ਦੋਜਖ ਸਜ਼ਾ,
ਅਜ਼ਲਾਂ ਦਾ ਭੇਦ
ਦਿਲ ਵਿੰਨ੍ਹਵਾਂ ਤੀਰ।

ਆਵਾਗਵਣ ਕਿ ਸ੍ਰਿਸ਼ਟੀ ਚੱਕਰ
ਸਨਬੰਧ ਗੰਢ ਕਿ ਦ੍ਰਿਸ਼ਟੀ ਵਕਰ।
ਮਨ ਦੀ ਸੋਚ ਡਾਢੀ ਪੀੜ।

ਅਕਲਾਂ ਹਨੇਰੇ, ਸਮਝਾਂ ਹੈਰਾਨ
ਸੁਹਜ-ਕੁਹਜ ਡਾਢੇ ਪ੍ਰੇਸ਼ਾਨ।
ਭਰਮਾਂ ਦੀਵਾਰ, ਦਿਲ ਦਿਲਗੀਰ।

*-ਪ੍ਰੋ. ਮਨਜੀਤ, ਸ਼ਿਕਾਗੋ*
*ਫੋਨ: 815-436-2566*

---

### ਮੀਲ ਪੱਥਰ

ਮੀਲ ਪੱਥਰ ਹਾਂ ਮੈਂ
ਰਾਹ ਦਰਸਾਉਂਦਾ ਹਾਂ
ਰਾਹ ਦਾ ਪੱਥਰ ਨਹੀਂ,
ਜੋ ਸੁੱਟ ਦੇਵੋਗੇ ਪਰ੍ਹਾਂ।

ਹੌਸਲੇ ਦਾ ਹੱਠ ਥੱਕਿਆ ਨਹੀਂ
ਹਨੇਰਿਆਂ ਨੇ ਰਾਹ ਡੱਕਿਆ ਨਹੀਂ।
ਸੂਰਜਾਂ ਦੇ ਹੀ ਦਿਸਦੇ ਨਿਸ਼ਾਂ।

ਮਾਯੂਸੀਆਂ ਦੀ ਨ ਕੋਈ ਰੇਖ ਹੈ,
ਕਰਮਾਂ 'ਚ ਮਾਰੀ ਮੇਖ ਹੈ।
ਧੂੜਾਂ 'ਚ ਗੁੰਮਿਆ ਨਾ ਕਾਰਵਾਂ।

ਹਨੇਰਿਆਂ ਨੇ ਨਿੱਤ ਹੀ ਵਗਣਾ,
ਬਿਜਲੀਆਂ ਅਕਾਸ਼ੀ ਕੜਕਣਾਂ।
ਜੋਸ਼ ਦਾ ਪਰਚਮ ਆਸਮਾਂ।

ਹੋਸ਼ਾਂ ਨੇ ਮਸਤੀਆਂ ਵਰਨੀਆਂ,
ਝੂਠਾਂ ਨੇ ਸੋਚਾਂ ਜਰਨੀਆਂ।
ਅਕਲਾਂ ਦੀ ਸੁੱਚੀ ਸੁਨਣੀ ਜ਼ੁਬਾਂ।

ਕਾਲਖਾਂ ਹਨੇਰਾ ਛੱਟ ਰਿਹਾ,
ਹਿੰਮਤ ਦਾ ਡੰਕਾ ਵਜ ਰਿਹਾ।
ਹਰ ਦਿਲ ਧੜਕਣ ਹੈ ਜਵਾਂ।

*-ਪ੍ਰੋ. ਮਨਜੀਤ, ਸ਼ਿਕਾਗੋ*

---

### ਗੱਲਾਂ ਦੀ ਗੱਲ

ਪਥਰੀਲੇ ਸ਼ਹਿਰਾਂ ਦੀ ਗੱਲ।
ਗਮਗੀਨ ਸ਼ਾਇਰਾਂ ਦੀ ਗੱਲ।
ਖਬਰੀ ਖਬਰਸਾਰਾਂ ਦੀ ਗੱਲ।
ਲੁੱਟਾਂ-ਖੋਹਾਂ, ਮਾਰਾਂ ਦੀ ਗੱਲ।
ਸਾਰੇ ਪਾਸੇ ਲੜ-ਲੜਾਈ,
ਨਹੀਂ ਕਿਤੇ ਪਿਆਰਾਂ ਦੀ ਗੱਲ।
ਲੋੜ ਪੈਣ 'ਤੇ ਅੱਖਾਂ ਫੇਰਨ,
ਯਾਰੀ ਨਹੀਂ, ਗੱਦਾਰਾਂ ਦੀ ਗੱਲ।
ਨੇਤਾ ਅਕਸਰ ਭੁੱਲ ਜਾਂਦੇ ਨੇ,
ਕੀਤੇ ਕੌਲ ਕਰਾਰਾਂ ਦੀ ਗੱਲ।
ਖਾਂਦਾ ਪੀਂਦਾ ਵੀ ਡਾਲਰ ਮੰਗੇ,
ਨਹੀਂ ਪੱਕੇ ਯਾਰਾਂ ਦੀ ਗੱਲ।
ਜੀਭ ਤੇ ਸੀਸ ਕਟਾ ਬੈਠੇਂਗੇ,
ਲਿਖ ਕੇ ਅਤਿਆਚਾਰਾਂ ਦੀ ਗੱਲ।
ਤੂੰ ਆਖੇਂ ਮੁੜ ਨਰਕ ਨੂੰ ਆ ਜਾ,
ਇਹ ਨਹੀਂ ਸਮਝਦਾਰਾਂ ਦੀ ਗੱਲ।
'ਗਿੱਲ' ਨੂੰ ਕਹੇਂ ਮੈਅਖਾਨਾ ਛੱਡ ਦੇ,
ਇਹ ਨਹੀਂ ਅਖਤਿਆਰਾਂ ਦੀ ਗੱਲ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

---

### ਸੌਦਾ

ਦਿਲ ਦਾ ਸੌਦਾ ਜਨਮਾਂ ਗੰਢ,
ਪਿਆਰ ਮੁਹੱਬਤਾਂ, ਨਾ ਕੋਈ ਵੰਡ।
ਤਪਸ਼ਾਂ, ਤੜਪਾਂ ਮਿਲਣ ਅਖੰਡ,
ਰਿਸ਼ਤੇ-ਨਾਤੇ ਸਭ ਪਾਵਣ ਡੰਡ।
ਰੂਹ ਇਸ਼ਕੇ ਦੀ ਦੇਵਣ ਭੰਡ,
ਅਗਨ ਆਸ਼ਕਾਂ ਹੋਰ ਪ੍ਰਚੰਡ।
ਨੀਰ ਸਾਗਰਾਂ ਨਾ ਕੋਈ ਠੰਡ।

*-ਪ੍ਰੋ. ਮਨਜੀਤ, ਸ਼ਿਕਾਗੋ*

### ਕਿਉਂ ਵਿਗਾੜੀ ਜਾਨਾਂ

ਪਵਨ ਗੁਰੂ ਪਾਣੀ ਪਿਤਾ
ਮਾਤਾ ਧਰਤ ਮਹੱਤ।
ਦਿਵਸ ਰਾਤ ਦੋਏ ਦਾਈ ਦਾਇਆ
ਖੇਲੇ ਸਗਲ ਜਗੱਤ।
ਦਿਵਸ ਰਾਤ ਵਿਚ ਜਗ ਖੇਲਦਾ
ਕਰਦਾ ਕੰਮ ਨਿਆਰੇ।
ਪ੍ਰਦੂਸ਼ਤ ਕਰ, ਸਰੋਤ ਇਹ ਤਿੰਨੇ
ਕਰੀ ਜਾਂਦਾ ਨਿਕਾਰੇ।
ਆਪਣੀ ਜੜ੍ਹੀ ਆਪ ਕੁਹਾੜਾ,
ਕਿਉਂ ਚਲਾਈ ਜਾਨਾਂ।
ਜੀਵਨ ਦੇ ਸਰੋਤ ਇਹ ਤਿੰਨੇ,
ਕਿਉਂ ਵਿਗਾੜੀ ਜਾਨਾਂ?

ਸਾਫ ਸੁਥਰੀ ਪਵਨ ਸਦਾ
ਜੀਵਨ ਲਈ ਅਤਿ ਜ਼ਰੂਰੀ।
ਸੜਕਾਂ ਵਿਚ ਕਿਉਂ ਟਾਇਰ ਫੂਕਦਾਂ
ਕੀ ਤੇਰੀ ਮਜਬੂਰੀ।
ਮਿਲਾਂ ਦਾ ਵੀ ਧੂੰਆਂ ਇਸ ਨੂੰ
ਨਿਤ ਪ੍ਰਦੂਸ਼ਤ ਕਰਦਾ।
ਤੇਰੇ ਸਾਹਾਂ ਦੇ ਵਿਚ ਰਲ
ਇਹ ਤੈਨੂੰ ਰੋਗੀ ਕਰਦਾ।
ਫੇਫੜਿਆਂ 'ਤੇ ਤਰਸ ਕਰ ਕੁਝ,
ਕਿਉਂ ਨਕਾਰੀ ਜਾਨਾਂ।
ਜੀਵਨ ਦੇ ਸਰੋਤ ਇਹ ਤਿੰਨੇ,
ਕਿਉਂ ਵਿਗਾੜੀ ਜਾਨਾਂ।

ਬਰਫ ਪਹਾੜੀਂ ਪਿਘਲੇ ਜਲ ਦੀ
ਨਿਰਮਲ ਧਾਰਾ ਤੁਰਦੀ।
ਮੈਦਾਨਾਂ ਵਿਚ ਵਗਦਿਆਂ ਵਗਦਿਆਂ
ਨਿਰਮਲਤਾ ਜਾਏ ਖੁਰਦੀ।
ਮਿਲਾਂ ਵਿਚੋਂ ਰਲਦਾ ਉਸ ਵਿਚ
ਅਤਿ ਜ਼ਹਿਰੀਲਾ ਪਾਣੀ।
ਸ਼ਹਿਰਾਂ ਦੇ ਵੀ ਗੰਦ ਮੰਦ ਦੀ
ਰਲਦੀ ਉਸ ਵਿਚ ਘਾਣੀ।
ਪੀਣ ਵਾਲੇ ਪਾਣੀ ਵਿਚ
ਬੰਦਿਆ ਜ਼ਹਿਰ ਰਲਾਈ ਜਾਨਾਂ।
ਜੀਵਨ ਦੇ ਸਰੋਤ ਇਹ ਤਿੰਨੇ,
ਕਿਉਂ ਵਿਗਾੜੀ ਜਾਨਾਂ।

ਧਰਤੀ ਮਾਂ ਹੈ ਘਰ ਅਸਾਡਾ
ਅਸੀਂ ਧਰਤੀ ਮਾਂ ਦੇ ਜਾਏ।
ਰੋਟੀ ਕਪੜਾ ਇਸੇ 'ਚੋਂ ਮਿਲਦਾ,
ਧਰਤੀ ਧਰਮ ਕਮਾਏ।
ਝੀਲਾਂ ਤੇ ਨਦੀਆਂ ਇਸ ਦੀਆਂ
ਪੀਣ ਨੂੰ ਦਿੰਦੀਆਂ ਪਾਣੀ।
ਲੋੜਾਂ ਸਾਡੀਆਂ ਪੂਰੀਆਂ ਹੁੰਦੀਆਂ
ਤਾਹੀਓਂ ਚਲੇ ਕਹਾਣੀ।
ਸੇਵਾ ਬਦਲੇ ਧਰਤੀ 'ਤੇ ਨਿਤ
ਜ਼ਹਿਰ ਖਿਲਾਰੀ ਜਾਨਾਂ।
ਜੀਵਨ ਦੇ ਸਰੋਤ ਇਹ ਤਿੰਨੇ,
ਕਿਉਂ ਵਿਗਾੜੀ ਜਾਨਾਂ।

*-ਮਹਿੰਦਰ ਸਿੰਘ ਘੱਗ*

---

### ਰਿਣ-ਯਾਤਰਾ!

ਧਰਮ-ਮਜ਼ਹਬ ਦੀ ਚੋਣ ਬੰਦੇ ਦੇ
ਆਪਣੇ ਮਨ ਦਾ ਖਿਆਲ।
ਪਰ ਇਸ ਹੱਕ ਨੂੰ ਜਬਰ ਤੇ ਨੀਤੀ
ਅਕਸਰ ਕਰਨ ਹਲਾਲ।
ਬੰਦੇ ਦੇ ਅਧਿਕਾਰਾਂ ਵਾਲਾ
ਉਠਿਆ ਜਦੋਂ ਸਵਾਲ।
ਨੌਂਵੇਂ ਨਾਨਕ ਨੇ ਸਿਰ ਦੇ ਕੇ
ਦਿੱਤੀ ਰੱਖ ਦਿਖਾਲ।
ਡੁਬਦੀ ਜਾਂਦੀ ਹਿੰਦ ਦੀ
ਜਿਨ੍ਹਾਂ ਬੇੜੀ ਲਈ ਸੰਭਾਲ।
ਅਕ੍ਰਿਤਘਣਾਂ ਨੇ ਕੌਮ ਉਸੇ ਦਾ
ਕਰਤਾ ਮੰਦੜਾ ਹਾਲ।
ਜਦ-ਜਦ ਲੋਕੀਂ ਸਮਝਣ ਲਗਦੇ
ਕਸਿਆ ਮੱਕੜ ਜਾਲ।
ਤਦ-ਤਦ ਮੱਕੜੀ ਹੋਰ ਬਣਾਉਂਦੀ
ਨਵੇਂ ਰੰਗਾਂ ਨੂੰ ਭਾਲ।
ਧੋਖੇ-ਫਰੇਬ ਨਾਲ ਹੈ ਚਲਦੀ
ਰਾਜਨੀਤੀ ਦੀ ਚਾਲ।
ਕੁਰਬਾਨੀ ਦੇ ਰਿਣ ਨਹੀਂ ਲਹਿੰਦੇ
ਸੈਰ-ਯਾਤਰਾ ਨਾਲ।

*-ਗੁਰਮੀਤ ਸਿੰਘ ਬਰਸਾਲ*

# ਮੈਕਾਲਿਫ ਨੂੰ ਵੀ ਪ੍ਰਕਾਸ਼ਨ ਦੀ ਸਮੱਸਿਆ!

**ਮੈਕਾਲਿਫ ਦੀ ਸੌਵੀਂ ਬਰਸੀ-3**



*ਅੰਗਰੇਜ਼ ਵਿਦਵਾਨ ਮੈਕਸ ਆਰਥਰ ਮੈਕਾਲਿਫ (10 ਸਤੰਬਰ 1841-15 ਮਾਰਚ 1913) ਨੇ ਗੁਰਬਾਣੀ ਦਾ ਅੰਗਰੇਜ਼ੀ 'ਚ ਤਰਜਮਾ ਕਰਨ ਤੋਂ ਇਲਾਵਾ ਅੰਗਰੇਜ਼ੀ ਵਿਚ 'ਸਿੱਖ ਧਰਮ: ਇਸ ਦੇ ਗੁਰੂ, ਪਵਿੱਤਰ ਲਿਖਤਾਂ ਅਤੇ ਲੇਖਕ' ਨਾਂ ਦੀ ਪੁਸਤਕ ਵੀ ਲਿਖੀ। ਗੁਰੂ ਗ੍ਰੰਥ ਸਾਹਿਬ ਦੇ ਤਰਜਮੇ ਕਰ ਕੇ ਸਿੱਖ ਪੰਥ ਵਿਚ ਉਹਦਾ ਬਹੁਤ ਇੱਜ਼ਤ-ਮਾਣ ਹੈ। ਮੈਕਾਲਿਫ 1862 ਵਿਚ ਆਈ.ਸੀ.ਐਸ. ਅਫਸਰ ਬਣਿਆ ਅਤੇ ਫਰਵਰੀ 1864 ਵਿਚ ਪੰਜਾਬ ਆਇਆ। ਉਹ 1893 ਵਿਚ ਆਈ.ਸੀ.ਐਸ. ਅਫਸਰ ਵਜੋਂ ਰਿਟਾਇਰ ਹੋਇਆ। ਉਹ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨ ਕਰ ਕੇ ਇੰਨਾ ਨਿਹਾਲ ਹੋਇਆ ਕਿ ਬਾਅਦ ਵਿਚ ਉਸ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ। ਇਸ ਬਦਲੇ ਬਰਤਾਨਵੀ ਹਕੂਮਤ ਨੇ ਉਸ ਦੀ ਖਿਚਾਈ ਵੀ ਕੀਤੀ। ਉਸ ਦੇ ਨਿਜੀ ਸਹਾਇਕ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਹੈ ਕਿ ਮੈਕਾਲਿਫ ਆਪਣੀ ਜ਼ਿੰਦਗੀ ਦੇ ਅਖੀਰਲੇ ਦਿਨਾਂ ਵਿਚ ਹਰ ਸਵੇਰ ਅਰਦਾਸ ਕਰਿਆ ਕਰਦਾ। ਮਰਨ ਤੋਂ ਦਸ ਮਿੰਟ ਪਹਿਲਾਂ ਉਸ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਮਰਨ ਉਪਰੰਤ ਉਸ ਦਾ ਈਸਾਈਆਂ ਨੇ ਤਾਂ ਨਿਰਾਦਰ ਕੀਤਾ ਹੀ, ਸਿੱਖਾਂ ਨੇ ਵੀ ਘੱਟ ਨਾ ਕੀਤੀ। ਮੈਕਾਲਿਫ ਦੀ ਸੌਵੀਂ ਬਰਸੀ ਮੌਕੇ ਅਸੀਂ ਗੁਰਬਚਨ ਸਿੰਘ ਭੁੱਲਰ ਵੱਲੋਂ ਲਿਖੀ ਲੇਖ ਲੜੀ ਛਾਪ ਰਹੇ ਹਾਂ ਜਿਸ ਵਿਚ ਮੈਕਾਲਿਫ ਦੇ ਜੀਵਨ ਅਤੇ ਉਸ ਦੀ ਸਿੱਖ ਧਰਮ ਨੂੰ ਦੇਣ ਬਾਰੇ ਚਾਨਣਾ ਪਾਇਆ ਗਿਆ ਹੈ। -ਸੰਪਾਦਕ*

ਸਾਡੇ ਅਜੋਕੇ ਲੇਖਕ ਇਹ ਨਾ ਸੋਚਣ ਕਿ ਪ੍ਰਕਾਸ਼ਨ ਦੀਆਂ ਸਮੱਸਿਆਵਾਂ ਇਨ੍ਹਾਂ ਨੂੰ ਹੀ ਆਉਂਦੀਆਂ ਹਨ। ਸਾਥੋਂ ਪਹਿਲੇ ਕਿੱਸਾਕਾਰਾਂ ਤੋਂ, ਉਨ੍ਹਾਂ ਦੇ ਕਿੱਸੇ ਵੱਡੀ ਗਿਣਤੀ ਵਿਚ ਵਿਕਦੇ ਹੋਣ ਦੇ ਬਾਵਜੂਦ, ਪੈਸੇ-ਪੈਸੇ ਦੀ ਕਦਰ-ਕੀਮਤ ਵਾਲੇ ਉਸ ਜ਼ਮਾਨੇ ਵਿਚ ਪ੍ਰਕਾਸ਼ਕ ਆਮ ਕਰਕੇ ਵੀਹ-ਤੀਹ ਜਾਂ ਆਕਾਰ ਅਨੁਸਾਰ ਵੱਧ ਰੁਪਏ ਲੈ ਲੈਂਦੇ ਸਨ ਤੇ 'ਜੇ ਫ਼ੋਟੂ ਛਪਵਾਉਣੀ ਹੈ ਤਾਂ ਪੰਜ ਹੋਰ!' ਪਰ ਮੈਕਾਲਿਫ਼ ਦੇ ਗੁਰਬਾਣੀ ਦੇ ਅਨੁਵਾਦ ਜਿਹੇ



**ਗੁਰਬਚਨ ਸਿੰਘ ਭੁੱਲਰ**
ਫੋਨ: 91-11-65736868
bhullargs@gmail.com

ਧਾਰਮਿਕ, ਸਾਹਿਤਕ ਤੇ ਸਭਿਆਚਾਰਕ ਮੀਲ-ਪੱਥਰ ਦੇ ਪ੍ਰਕਾਸ਼ਨ ਦੇ ਰਾਹ ਵਿਚ ਵੀ ਮੁਸ਼ਕਲਾਂ ਆਉਣ, ਗੱਲ ਬੜੀ ਅਜੀਬ ਲਗਦੀ ਹੈ!

ਮੈਕਾਲਿਫ਼ ਨੇ ਅਨੁਵਾਦ ਦਾ ਕਾਰਜ ਔਖੇ-ਸੌਖੇ ਆਖਰ ਸੰਪੂਰਨ ਕਰ ਲਿਆ। ਬਾਣੀ ਵੱਲ ਪ੍ਰੇਰਿਤ ਹੋਣ ਦੇ ਅਤੇ ਮੁੱਢਲੀ ਜਾਣ-ਪਛਾਣ ਤੇ ਖੋਜ-ਘੋਖ ਦੇ ਵਰ੍ਹਿਆਂ ਤੋਂ ਇਲਾਵਾ 1893 ਤੋਂ ਲੈ ਕੇ 1907 ਤੱਕ ਉਹਦੇ ਪੂਰੇ ਪੰਦਰਾਂ ਵਰ੍ਹੇ ਇਸ ਕਾਰਜ ਦੇ ਲੇਖੇ ਲੱਗ ਗਏ। ਛਪਾਈ ਨਾਲ ਸਬੰਧਿਤ ਵੱਡੇ ਖਰਚੇ ਦੀ ਸਮੱਸਿਆ ਸਾਹਮਣੇ ਖੜ੍ਹੀ ਹੋਣ ਦੇ ਬਾਵਜੂਦ ਇਕ ਵਾਰ ਤਾਂ ਉਹ ਇਉਂ ਮਹਿਸੂਸ ਕਰ ਰਿਹਾ ਸੀ ਜਿਵੇਂ ਸਿਰ ਉਤੋਂ ਫ਼ਰਜ਼ ਅਤੇ ਜ਼ਿੰਮੇਵਾਰੀ ਦਾ ਭਾਰੀ ਬੋਝ ਉਤਰ ਗਿਆ ਹੋਵੇ। ਉਹਦੀ ਖ਼ੁਸ਼ੀ ਅਤੇ ਤਸੱਲੀ ਵਾਜਬ ਸੀ। ਸਿੱਖ ਧਰਮ ਬਾਰੇ ਜਾਣਕਾਰੀ ਅੰਗਰੇਜ਼ੀ-ਭਾਸ਼ੀ ਲੋਕਾਂ ਤੱਕ ਪੁਜਦੀ ਕਰਨ ਦਾ ਉਹਦਾ ਮਨੋਰਥ ਪੂਰਾ ਹੋ ਗਿਆ ਸੀ। ਆਪਣੀ ਆਦਿਕਾ ਦਾ ਅਰੰਭ ਹੀ ਉਹ ਇਨ੍ਹਾਂ ਸ਼ਬਦਾਂ ਨਾਲ ਕਰਦਾ ਹੈ, "ਮੈਂ ਪੂਰਬ ਤੋਂ ਇਕ ਅਸਲੋਂ ਹੀ ਅਨਜਾਣਿਆ ਧਰਮ ਲੈ ਕੇ ਆਇਆ ਹਾਂ। ਸਿੱਖ ਸਾਰੀ ਦੁਨੀਆਂ ਵਿਚ ਬਹਾਦਰ ਫ਼ੌਜੀਆਂ ਵਜੋਂ ਜਾਣੇ-ਪਛਾਣੇ ਜਾਂਦੇ ਹਨ ਪਰ ਉਨ੍ਹਾਂ ਦੇ ਧਰਮ ਬਾਰੇ ਪੇਸ਼ੇਵਰ ਵਿਦਵਾਨਾਂ ਨੂੰ ਵੀ ਕੋਈ ਜਾਣਕਾਰੀ ਨਹੀਂ। ਜਿਨ੍ਹਾਂ ਦੇਸਾਂ ਵਿਚ ਮੈਨੂੰ ਜਾਣ ਦਾ ਮੌਕਾ ਮਿਲਿਆ ਹੈ, ਉਨ੍ਹਾਂ ਦੇ ਅਤੇ ਇਥੋਂ ਤੱਕ ਕਿ ਖ਼ੁਦ ਹਿੰਦੁਸਤਾਨ ਦੇ ਵੀ ਪੜ੍ਹੇ-ਲਿਖੇ ਲੋਕਾਂ ਨੇ ਅਕਸਰ ਹੀ ਪੁੱਛਿਆ ਹੈ ਕਿ ਸਿੱਖ ਧਰਮ ਕੀ ਹੈ?"

ਮੈਕਾਲਿਫ਼ ਦੇ ਇਸ ਦੌਰ ਬਾਰੇ ਬਚਪਨ ਵਿਚ ਬਾਪੂ ਜੀ ਤੋਂ ਸੁਣੀਆਂ ਕਈ ਗੱਲਾਂ ਮੈਨੂੰ ਅੱਜ ਵੀ ਚੇਤੇ ਹਨ। ਉਹ ਦਸਦੇ ਸਨ ਕਿ ਉਹਦੀ ਲਿਖਤ ਪੂਰੀ ਬਾਣੀ ਦਾ ਅਨੁਵਾਦ ਨਾ ਰਹਿ ਕੇ ਮਜਬੂਰੀ ਕਾਰਨ ਬਾਣੀਕਾਰਾਂ ਦੀਆਂ ਜੀਵਨੀਆਂ ਵਿਚ ਜੋੜੀ ਚੋਣਵੀਂ ਬਾਣੀ ਦਾ ਰੂਪ ਧਾਰ ਗਈ। ਇਸ ਮਜਬੂਰੀ ਦਾ ਕਾਰਨ ਉਹ ਸਿੱਖਾਂ ਦੀਆਂ ਇਹ ਚਿਤਾਵਨੀਆਂ ਦਸਦੇ ਕਿ ਗੁਰੂ ਗ੍ਰੰਥ ਸਾਹਿਬ ਨੂੰ ਅੰਗਰੇਜ਼ੀ ਵਿਚ ਉਲਥਾਉਣਾ ਮਨਮਤ ਹੈ ਅਤੇ ਉਹ ਕਿਸੇ ਹਾਲਤ ਵਿਚ ਵੀ ਇਹਨੂੰ ਉਲਥਾ ਹੋ ਕੇ ਇਕ ਸਾਧਾਰਨ ਪੁਸਤਕ ਵਾਂਗ ਅਲਮਾਰੀਆਂ ਵਿਚ ਟਿਕਣ ਨਹੀਂ ਦੇਣਗੇ। ਮਗਰੋਂ ਇਹ ਮੁੱਦਾ ਤਾਂ ਪ੍ਰਿੰਸੀਪਲ ਤੇਜਾ ਸਿੰਘ ਦਾ ਲਿਖਿਆ ਹੋਇਆ ਵੀ ਪੜ੍ਹਨ ਨੂੰ ਮਿਲ ਗਿਆ, ਪਰ ਬਾਪੂ ਜੀ ਇਕ ਗੱਲ ਅਜਿਹੀ ਦਸਦੇ ਜੋ ਮੈਨੂੰ ਮੈਕਾਲਿਫ਼ ਬਾਰੇ ਪੜ੍ਹਦਿਆਂ ਹੋਰ ਕਿਤੇ ਲਿਖੀ ਹੋਈ ਨਹੀਂ ਦਿਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਨ੍ਹਾਂ ਚਿਤਾਵਨੀਆਂ ਕਾਰਨ ਆਪਣੀ ਵਿਉਂਤ ਹੀ ਖ਼ਤਰੇ ਵਿਚ ਪੈਂਦੀ ਦੇਖ ਕੇ ਮੈਕਾਲਿਫ਼ ਨੇ ਭਾਈ ਕਾਨ੍ਹ ਸਿੰਘ ਨੂੰ ਕਿਹਾ ਕਿ ਸਿੱਖਾਂ ਵਿਚ ਆਪਣਾ ਅਸਰ-ਰਸੂਖ਼ ਤੇ ਆਦਰ-ਮਾਣ ਵਰਤ ਕੇ ਉਨ੍ਹਾਂ ਨੂੰ ਸਮਝਾਉਣ। ਭਾਈ ਸਾਹਿਬ ਨੇ ਸਪਸ਼ਟ ਕੀਤਾ ਕਿ ਅਜਿਹੇ ਮਾਮਲਿਆਂ ਵਿਚ ਸਾਡੇ ਲੋਕਾਂ ਨੂੰ ਸਮਝਣਾ-ਸਮਝਾਉਣਾ ਅਸੰਭਵ ਹੈ ਕਿਉਂਕਿ ਉਹ ਕਿਸੇ ਦਲੀਲ-ਤਰਕ ਨੂੰ ਆਧਾਰ ਨਹੀਂ ਬਣਾਉਂਦੇ ਹੁੰਦੇ। ਬਾਪੂ ਜੀ ਦਸਦੇ ਸਨ ਕਿ ਇਹ ਰਾਹ ਭਾਈ ਸਾਹਿਬ ਨੇ ਹੀ ਦੱਸਿਆ ਕਿ ਉਹ ਪੂਰਾ ਗ੍ਰੰਥ ਸਾਹਿਬ ਅਨੁਵਾਦਣ ਦੀ ਥਾਂ ਆਪਣੀ ਵਿਆਖਿਆ ਤੇ ਬਾਣੀਕਾਰਾਂ ਦੀਆਂ ਜੀਵਨੀਆਂ ਵਿਚ ਥਾਂ-ਥਾਂ ਪ੍ਰਸੰਗਕ ਬਾਣੀ ਜੋੜ ਦੇਵੇ। ਸਿੱਖ ਧਰਮ ਬਾਰੇ ਅੰਗਰੇਜ਼ੀ ਵਿਚ ਪੁਸਤਕਾਂ ਪਹਿਲਾਂ ਵੀ ਛਪਦੀਆਂ ਰਹੀਆਂ ਹੋਣ ਕਾਰਨ ਇਤਰਾਜ਼ ਨਹੀਂ ਹੋ ਸਕੇਗਾ।

ਤੇਜਾ ਸਿੰਘ ਜੀ ਸਵੈਜੀਵਨੀ 'ਆਰਸੀ' ਵਿਚ ਲਿਖਦੇ ਹਨ: "ਪਰ ਉਸ ਸਮੇਂ ਉਸ ਦੀ ਕੀਤੀ ਹੋਈ ਘਾਲਣਾ ਦੀ ਪੂਰੀ ਪੂਰੀ ਕਦਰ ਨਾ ਕੀਤੀ ਗਈ। ਪਹਿਲਾਂ ਤਾਂ ਜਦ ਲੋਕਾਂ ਨੂੰ ਪਤਾ ਲੱਗਾ ਕਿ ਉਹ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਉਲਥਾ ਕਰ ਕੇ ਛਪਵਾਉਣ ਲੱਗਾ ਹੈ, ਤਾਂ ਹਰ ਪਾਸਿਓਂ ਆਵਾਜ਼ਾਂ ਆਈਆਂ ਕਿ ਇਹ ਮਨਮਤ ਹੈ, ਇਸ ਨੂੰ ਰੋਕੋ। ਨਾਲ ਹੀ ਇਹ ਧਮਕੀ ਦਿਤੀ ਗਈ ਕਿ ਜੇਕਰ ਉਹ ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਨੂੰ ਪੁਸਤਕ ਦੀ ਸ਼ਕਲ ਵਿਚ ਉਲਥਾ ਕੇ ਛਾਪੇਗਾ, ਤਾਂ ਸਰਕਾਰ ਪਾਸੋਂ ਮੰਗ ਕੀਤੀ ਜਾਏਗੀ ਕਿ ਉਹ ਪੁਸਤਕ ਜ਼ਬਤ ਕੀਤੀ ਜਾਵੇ। ਇਸ ਤੋਂ ਮੈਕਾਲਿਫ਼ ਆਪਣੀ ਪਹਿਲੀ ਸਕੀਮ ਨੂੰ ਬਦਲਣ 'ਤੇ ਮਜਬੂਰ ਹੋ ਗਿਆ ਅਤੇ ਸਾਰਾ ਉਲਥਾ ਇੱਕੋ ਥਾਂ ਛਪਵਾਉਣ ਦੀ ਥਾਂ ਵਖ ਵਖ ਗੁਰੂਆਂ ਦੀ ਚੋਣਵੀਂ ਬਾਣੀ ਅਤੇ ਟਾਵੇਂ ਟਾਵੇਂ ਸ਼ਬਦ ਲੈ ਕੇ ਉਨ੍ਹਾਂ ਦੀਆਂ ਜੀਵਨੀਆਂ ਨਾਲ ਟਾਂਕ ਦਿਤੇ। ਇਉਂ ਕਰ ਕੇ ਸਾਰੀ ਰਚਨਾ ਛੇ ਜਿਲਦਾਂ ਵਿਚ ਵੰਡ ਕੇ ਛਾਪੀ ਗਈ।" ਇਸੇ ਕਰਕੇ ਛਪਣ ਸਮੇਂ ਪੁਸਤਕ ਦਾ ਨਾਂ ਵੀ ਬਾਣੀ ਜਾਂ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਹੋਇਆ ਹੋਣ ਦੀ ਥਾਂ ਖੁੱਲ੍ਹਾ ਜਿਹਾ 'ਦਿ ਸਿੱਖ ਰਲਿਜਨ' ਰੱਖਿਆ ਗਿਆ।

ਉਹਨੂੰ ਆਈਆਂ ਹੋਰ ਮੁਸ਼ਕਲਾਂ ਦੀ ਗੱਲ ਕਰਦਿਆਂ ਬਾਪੂ ਜੀ ਦਸਦੇ ਕਿ ਇਕ ਤਾਂ ਸਰਕਾਰ ਨੇ ਜਿਸ ਮਾਇਕ ਸਹਾਇਤਾ ਦਾ ਵਾਅਦਾ ਕੀਤਾ ਸੀ, ਅੰਤ ਨੂੰ ਉਹ ਵੀ ਮਿਲ ਨਾ ਸਕੀ। ਉਹ ਭਾਵੇਂ ਕੋਈ ਬਹੁਤ ਵੱਡੀ ਰਕਮ ਨਹੀਂ ਸੀ ਪਰ ਸਰਕਾਰ ਦੇ ਇਉਂ ਮੁਕਰਨ ਨੇ ਉਹਦੀ ਪਰੇਸ਼ਾਨੀ ਜ਼ਰੂਰ ਵਧਾ ਦਿੱਤੀ। ਦੂਜੇ, ਸਿੱਖਾਂ ਦੀ ਧੜੇਬੰਦੀ ਵਿਚ ਹੇਠਲੀ ਉਤੇ ਹੋ ਜਾਣ ਕਾਰਨ ਭਾਰੂ ਧੜਾ ਉਹਦੀ ਘਾਲਣਾ ਦੀ ਪ੍ਰਸੰਸਾ, ਹਮਾਇਤ ਤੇ ਸਹਾਇਤਾ ਕਰਨ ਦੀ ਥਾਂ ਵਿਰੋਧ ਤੇ ਨਿੰਦਿਆ ਕਰਨ ਉਤੇ ਉਤਾਰੂ ਹੋ ਗਿਆ। ਸਿੱਖਾਂ ਦੇ ਇਸ ਰਵੱਈਏ ਨੇ ਉਹਨੂੰ ਸਰਕਾਰ ਦੇ ਰਵੱਈਏ ਤੋਂ ਵੀ ਵੱਧ ਨਿਰਾਸ ਕੀਤਾ। ਤੀਜੇ, ਇੰਗਲੈਂਡ ਵਿਚ ਉਸ ਵਿਚਾਰੇ ਦਾ ਮੁਰਦਾ ਸਰੀਰ ਵੀ ਖ਼ਰਾਬ ਹੋਇਆ ਕਿਉਂਕਿ ਉਹਦਾ ਅੰਤਿਮ ਸੰਸਕਾਰ ਕਰਨ ਨੂੰ ਨਾ ਈਸਾਈ ਤਿਆਰ ਸਨ ਤੇ ਨਾ ਸਿੱਖ!

ਪਤਾ ਨਹੀਂ, ਇਨ੍ਹਾਂ ਕਿਤੋਂ ਪੜ੍ਹੀਆਂ-ਸੁਣੀਆਂ ਗੱਲਾਂ ਦੇ ਪੂਰੇ ਵਿਸਤਾਰ ਦੀ ਬਾਪੂ ਜੀ ਨੂੰ ਜਾਣਕਾਰੀ ਸੀ ਕਿ ਨਹੀਂ, ਪਰ ਇਨ੍ਹਾਂ ਦੀ ਪੂਰੀ ਸਮਝ ਨਾ ਆਉਣ ਦੇ ਬਾਵਜੂਦ ਮੈਂ ਵਿਚਾਰੇ ਮੈਕਾਲਿਫ਼ ਲਈ ਉਹ ਤਰਸ ਜ਼ਰੂਰ ਮਹਿਸੂਸ ਕਰ ਸਕਦਾ ਸੀ ਜੋ ਬਾਪੂ ਜੀ ਦੀਆਂ ਗੱਲਾਂ ਵਿਚੋਂ ਉਸ ਲਈ ਡੁੱਲ੍ਹ ਡੁੱਲ੍ਹ ਪੈਂਦਾ ਸੀ। ਹੁਣ ਅੱਜ ਜਦੋਂ ਇਨ੍ਹਾਂ ਗੱਲਾਂ ਦੇ ਭਾਵ-ਅਰਥਾਂ ਦੇ ਸਭ ਪੱਖ ਚੰਗੀ ਤਰ੍ਹਾਂ ਸਮਝ ਵਿਚ ਆਉਂਦੇ ਹਨ ਤਾਂ ਤਰਸ ਮੈਕਾਲਿਫ਼ ਉਤੇ ਨਹੀਂ, ਪੰਜਾਬੀਆਂ ਦੀ ਅਕਲ ਉਤੇ ਆਉਂਦਾ ਹੈ! ਇਸ ਤੋਂ ਇਹ ਵੀ ਸਾਫ਼ ਹੋ ਜਾਂਦਾ ਹੈ ਕਿ ਉਨ੍ਹਾਂ ਦੀ ਸੂਝ-ਸਿਆਣਪ, ਵਿਦਵਤਾ, ਸੁਹਿਰਦਤਾ ਅਤੇ ਮਨਸ਼ਾ ਨੂੰ ਲਾਂਭੇ ਕਰ ਕੇ ਆਪਣੇ ਨਾਲ ਮੇਲ ਨਾ ਖਾਣ ਵਾਲੇ ਵਿਚਾਰਾਂ, ਭਾਵੇਂ ਉਹ ਵਿਚਾਰ ਸਹੀ ਹੀ ਹੋਣ, ਵਾਲੇ ਵਿਅਕਤੀਆਂ ਦਾ ਨਿਰਾਦਰ ਕਰਨਾ, ਸਗੋਂ ਉਨ੍ਹਾਂ ਨੂੰ ਖੱਜਲ-ਖ਼ੁਆਰ ਕਰਨਾ ਸਾਡੀ ਪੁਰਾਣੀ ਆਦਤ ਅਤੇ 'ਪਰੰਪਰਾ' ਹੈ।


ਮੈਕਾਲਿਫ਼ ਜਿਉਂ ਹੀ ਪੰਜਾਬ ਵਿਚ ਪਹੁੰਚਿਆ, ਉਹਨੂੰ ਬਾਣੀ ਦੀ ਅਲੌਕਿਕਤਾ ਨੇ ਮੋਹ ਲਿਆ ਅਤੇ ਉਹ ਆਪਣੇ ਲਈ ਬਿਲਕੁਲ ਓਪਰੇ ਤੇ ਅਨਜਾਣੇ ਇਸ ਖੇਤਰ ਨੂੰ ਘੋਖਣ-ਜਾਨਣ ਲਈ ਉਤਾਵਲਾ ਹੋ ਉਠਿਆ। 1882 ਵਿਚ ਉਹ ਡਿਪਟੀ ਕਮਿਸ਼ਨਰ ਅਤੇ 1884 ਵਿਚ ਡਿਵੀਜ਼ਨਲ ਜੱਜ ਬਣ ਗਿਆ। ਪਰ ਜਦੋਂ ਉਹਨੇ ਬਾਣੀ ਦਾ ਅੰਗਰੇਜ਼ੀ ਅਨੁਵਾਦ ਕਰਨ ਨੂੰ ਆਪਣਾ ਟੀਚਾ ਮਿਥਿਆ, ਇਕ ਗੱਲ ਬਿਲਕੁਲ ਸਪਸ਼ਟ ਹੋ ਗਈ। ਉਹ ਨੌਕਰੀ ਕਰਦਿਆਂ ਇਹ ਵੱਡਾ ਕਾਰਜ ਕਿਵੇਂ ਵੀ ਪੂਰਾ ਨਹੀਂ ਸੀ ਕਰ ਸਕਦਾ। ਮੁਸ਼ਕਿਲ ਇਹ ਸੀ ਕਿ ਗੁਜ਼ਾਰੇ ਦਾ ਉਹਦਾ ਹੋਰ ਕੋਈ ਸਾਧਨ ਤਾਂ ਕੀ ਹੋਣਾ ਸੀ, ਉਹਦੀ ਪਹਿਲੀ ਕਮਾਈ ਵੀ ਡੁੱਬ ਚੁੱਕੀ ਸੀ। ਉਹਨੇ ਜਿਨ੍ਹਾਂ ਕੰਪਨੀਆਂ ਵਿਚ ਇਕ ਲੱਖ ਰੁਪਿਆ ਲਾਇਆ ਸੀ, ਉਹ ਦੀਵਾਲਾ ਹੋ ਗਈਆਂ ਸਨ। ਤਾਂ ਵੀ ਆਪਣਾ ਪੂਰਾ ਸਮਾਂ ਮਿਥੇ ਹੋਏ ਕਾਰਜ ਦੇ ਲੇਖੇ ਲਾਉਣ ਲਈ ਉਹਨੇ ਦਿਲ ਕਰੜਾ ਕਰ ਕੇ ਤੇ ਅੱਖਾਂ ਮੀਚ ਕੇ ਹਨੇਰੇ ਵਿਚ ਛਾਲ ਮਾਰ ਦਿੱਤੀ ਅਤੇ 1893 ਵਿਚ ਆਈ.ਸੀ.ਐਸ. ਤੋਂ ਸੇਵਾ-ਮੁਕਤੀ ਲੈ ਲਈ।

ਸਬੰਧਿਤ ਸਰਕਾਰੀ ਮਹਿਕਮੇ ਨੇ ਛਪਣ ਮਗਰੋਂ ਪੁਸਤਕ ਖਰੀਦਣ ਦੀ ਪੇਸ਼ਗੀ ਵਜੋਂ ਮੈਕਾਲਿਫ਼ ਨੂੰ ਇਕ ਹਜ਼ਾਰ ਪੌਂਡ ਦੇ ਬਰਾਬਰ ਪੰਦਰਾਂ ਹਜ਼ਾਰ ਰੁਪਏ ਦੇਣ ਦੀ ਸਿਫ਼ਾਰਸ਼ ਕਰ ਦਿੱਤੀ। ਇਸ ਫ਼ਾਈਲ ਉਤੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਸਰਕਾਰ ਲਈ ਜ਼ਰੂਰੀ ਧਾਰਮਿਕ ਨਿਰਪੱਖਤਾ ਦੇ ਬਹਾਨੇ ਵਿਰੋਧੀ ਟਿੱਪਣੀ ਲਿਖ ਭੇਜੀ। ਮੈਕਾਲਿਫ਼ ਨੂੰ ਜਦੋਂ ਇਹ ਜਾਣਕਾਰੀ ਮਿਲੀ, ਉਹਦੇ ਗੁੱਸੇ ਦਾ ਅੰਦਾਜ਼ਾ ਉਹਦੇ ਇਸ ਕਥਨ ਤੋਂ ਲਾਇਆ ਜਾ ਸਕਦਾ ਹੈ: "ਪੂਰੇ ਹਿੰਦੁਸਤਾਨ ਵਿਚ ਹੋਰ ਕੋਈ ਅੰਗਰੇਜ਼ ਅਧਿਕਾਰੀ ਅਜਿਹਾ ਨਹੀਂ ਹੋਵੇਗਾ ਜੋ ਇਹਦੀ ਤੁੱਛ ਬੁੱਧੀ ਅਤੇ ਉਲਾਰ ਨੂੰ ਮਾਤ ਪਾ ਸਕੇ!" ਅੰਤ ਨੂੰ ਸੈਕਰੈਟਰੀ ਆਫ਼ ਸਟੇਟ ਨੇ ਪੇਸ਼ਗੀ ਦੀ ਰਕਮ ਘਟਾ ਕੇ ਪੰਜ ਹਜ਼ਾਰ ਰੁਪਏ ਹੀ ਮਨਜ਼ੂਰ ਕੀਤੀ। ਮੈਕਾਲਿਫ਼ ਨੇ ਇਸ ਨਿਰਾਦਰ ਕਾਰਨ ਸਰਕਾਰ ਤੋਂ ਕੁਛ ਵੀ ਲੈਣ ਤੋਂ ਇਨਕਾਰ ਕਰ ਦਿੱਤਾ।

ਉਹਨੂੰ ਵੱਡਾ ਧਰਵਾਸ ਤੇ ਸਹਾਰਾ ਖਾਲਸਾ ਦੀਵਾਨ ਲਾਹੌਰ ਤੇ ਰਾਜਾ ਫ਼ਰੀਦਕੋਟ ਬਿਕਰਮ ਸਿੰਘ ਦੇ ਮਾਇਕ ਸਹਾਇਤਾ ਦੇ ਇਕਰਾਰਾਂ ਦਾ ਅਤੇ ਹੋਰ ਸਿੱਖ ਰਾਜਿਆਂ ਤੋਂ ਮਿਲ ਸਕਣ ਵਾਲੀ ਮਾਇਕ ਸਹਾਇਤਾ ਦਾ ਸੀ। ਬਿਕਰਮ ਸਿੰਘ ਇਸ ਕਾਰਜ ਦਾ ਮਹੱਤਵ ਤੇ ਮੁੱਲ ਚੰਗੀ ਤਰ੍ਹਾਂ ਸਮਝਦਾ ਸੀ। ਉਹਨੇ 1877 ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰਲ ਪੰਜਾਬੀ ਵਿਚ ਟੀਕਾ ਕਰਵਾਉਣ ਲਈ ਵੀ ਸਿੱਖ ਵਿਦਵਾਨਾਂ ਦੀ ਮੰਡਲੀ ਬਣਾਈ ਸੀ। ਪਰ ਸਮੇਂ ਨਾਲ ਮੈਕਾਲਿਫ਼ ਦੇ ਇਹ ਦੋਵੇਂ ਰਾਹ ਬੰਦ ਹੋ ਗਏ। ਉਹਦੇ ਨਾਲ ਇਕਰਾਰ ਕਰਨ ਵਾਲੇ ਖਾਲਸਾ ਦੀਵਾਨ ਦੇ ਕਈ ਆਗੂ ਸੱਤਾ ਵਿਚ ਨਾ ਰਹੇ ਤੇ ਕਈ ਪਰਲੋਕ ਸਿਧਾਰ ਗਏ। ਕਈ ਹੋਰਾਂ ਦਾ ਰਵਈਆ ਮੈਕਾਲਿਫ਼ ਨੂੰ ਸਰਕਾਰੀ ਸਰਪ੍ਰਸਤੀ ਤੋਂ ਹੋਏ ਇਨਕਾਰ ਦੇ ਨਾਲ ਹੀ ਬਦਲ ਗਿਆ। ਉਹ ਸਰਕਾਰ ਤੋਂ ਦੂਜੇ ਪਾਸੇ ਖੜ੍ਹੇ ਦਿਖਾਈ ਨਹੀਂ ਸਨ ਦੇਣਾ ਚਾਹੁੰਦੇ ਅਤੇ ਮੈਕਾਲਿਫ਼ ਤੇ ਉਹਦੇ ਕਾਰਜ ਵੱਲ ਉਹ ਇਕਦਮ ਠੰਢੇ ਪੈ ਗਏ। ਰਾਜਾ ਬਿਕਰਮ ਸਿੰਘ ਦਾ ਵੀ 1898 ਵਿਚ ਦੇਹਾਂਤ ਹੋ ਗਿਆ। ਨਾਭਾ, ਪਟਿਆਲਾ ਤੇ ਜੀਂਦ ਦੇ ਰਾਜਿਆਂ ਅਤੇ ਕੁਛ ਹੋਰ ਸਿੱਖ ਧਨਾਢਾਂ ਤੋਂ ਮਾਇਕ ਮਦਦ ਮਿਲਦੀ ਤਾਂ ਰਹੀ ਪਰ ਇਹ ਕਾਫ਼ੀ ਨਹੀਂ ਸੀ। ਉਹਦਾ ਸੰਕੋਚਵਾਂ ਖਰਚ ਵੀ ਅਜਿਹੀ ਸਮੁੱਚੀ ਸਹਾਇਤਾ ਨਾਲੋਂ ਕਿਤੇ ਵੱਧ ਸੀ। ਉਹਦੇ ਆਪਣੇ ਸਾਧਾਰਨ ਗੁਜ਼ਾਰੇ ਅਤੇ ਇਸ ਕਾਰਜ ਨਾਲ ਸਬੰਧਿਤ ਤੋਰੇ-ਫੇਰੇ ਦੇ ਖਰਚੇ ਤੋਂ ਇਲਾਵਾ ਉਹਨੂੰ ਗੁਰਬਾਣੀ ਦੇ ਵਿਆਖਿਆਕਾਰ ਮੁਲਾਜ਼ਮਾਂ ਨੂੰ ਤਨਖ਼ਾਹ ਵੀ ਦੇਣੀ ਪੈਂਦੀ ਸੀ। ਨਤੀਜਾ ਇਹ ਹੋਇਆ ਕਿ 1899 ਤੱਕ ਉਹਦੇ ਸਿਰ 35,000 ਰੁਪਏ ਕਰਜ਼ਾ ਹੋ ਚੁੱਕਿਆ ਸੀ। ਬਾਣੀ ਦੇ ਅਨੁਵਾਦ ਦੀ ਛਪਾਈ ਦਾ ਵੱਡਾ ਖਰਚਾ ਅਜੇ ਸਾਹਮਣੇ ਖਲੋਤਾ ਸੀ!

ਆਖ਼ਰ ਮੈਕਾਲਿਫ਼ ਨੇ ਖਰੜਾ ਸਾਂਭਿਆ ਅਤੇ ਇੰਗਲੈਂਡ ਜਾ ਕੇ ਆਪਣੇ ਹੀ ਸਾਧਨਾਂ ਨਾਲ ਛਪਾਈ ਨੇਪਰੇ ਚਾੜ੍ਹਨ ਦਾ ਫ਼ੈਸਲਾ ਕਰ ਲਿਆ। ਉਸ ਲਈ ਇਹ ਵੱਡੇ ਧਰਵਾਸ ਵਾਲੀ ਗੱਲ ਸੀ ਕਿ ਰਾਜਾ ਹੀਰਾ ਸਿੰਘ ਨਾਭਾ ਨੇ ਭਾਈ ਕਾਨ੍ਹ ਸਿੰਘ ਦੀਆਂ ਸੇਵਾਵਾਂ ਦੀ ਉਹਦੀ ਮੰਗ ਪਹਿਲਾਂ ਵਾਂਗ ਹੀ ਇਸ ਵਾਰ ਵੀ ਖ਼ੁਸ਼ੀ ਖ਼ੁਸ਼ੀ ਪਰਵਾਨ ਕਰ ਲਈ। ਸਿੱਖ ਧਰਮ ਤੇ ਬਾਣੀ ਦੇ ਨਾਲ ਨਾਲ ਅੰਗਰੇਜ਼ੀ ਭਾਸ਼ਾ ਦੇ ਇਸ ਗੁਣੀ ਦਾ ਪਰੂਫ਼ ਪੜ੍ਹਨ ਖ਼ਾਤਰ ਵਲਾਇਤ ਚੱਲਣ ਲਈ ਸਹਿਮਤ ਹੋਣਾ ਮੈਕਾਲਿਫ਼ ਵਾਸਤੇ ਬਹੁਤ ਵੱਡਾ ਸਹਾਰਾ ਸੀ। ਦੋਵਾਂ ਦੀ ਅਣਥੱਕ ਮਿਹਨਤ ਸਦਕਾ ਆਕਸਫ਼ੋਰਡ ਪ੍ਰੈੱਸ ਤੋਂ ਛਪਾਈ ਦਾ ਕਾਰਜ 1909 ਵਿਚ ਸੰਪੂਰਨ ਹੋ ਗਿਆ। ਮੈਕਾਲਿਫ਼ ਨੂੰ 1885 ਵਿਚ ਉਨ੍ਹਾਂ ਨਾਲ ਸਬੰਧ ਜੁੜਨ ਤੋਂ ਲੈ ਕੇ ਭਾਈ ਕਾਨ੍ਹ ਸਿੰਘ ਦਾ ਨਿਰਸੁਆਰਥ ਅਤੇ ਉਦਾਰ-ਚਿੱਤ ਸਾਥ ਅਤੇ ਸਹਿਯੋਗ ਲਗਾਤਾਰ ਮਿਲਦਾ ਰਿਹਾ ਸੀ। ਇਸ ਮਦਦ ਲਈ ਆਪਣੀ ਸ਼ੁਕਰਗੁਜ਼ਾਰੀ ਦੇ ਪ੍ਰਗਟਾਵੇ ਵਜੋਂ ਉਹਨੇ ਕਾਪੀਰਾਈਟ ਕਾਨੂੰਨ ਅਧੀਨ ਇਸ ਰਚਨਾ ਦੇ ਸਾਰੇ ਹੱਕ ਉਨ੍ਹਾਂ ਦੇ ਨਾਂ ਲਿਖ ਦਿੱਤੇ। ਹੁਣ ਉਹਦੀ ਇਕੋ-ਇਕ ਇੱਛਾ ਹਿੰਦੁਸਤਾਨ ਪਰਤ ਕੇ ਸਿੱਖ ਪੰਥ ਦੀ ਪ੍ਰਵਾਨਗੀ ਅਤੇ ਪ੍ਰਸ਼ੰਸਾ ਦੇ ਸਹਾਰੇ ਆਪਣੀ ਲੰਮੀ ਤੇ ਕਰੜੀ ਮਿਹਨਤ ਦੀ ਇਸ ਕਮਾਈ ਨੂੰ ਪਾਠਕਾਂ ਦੇ ਹੱਥਾਂ ਤੱਕ ਪੁਜਦੀ ਕਰਨਾ ਸੀ। ਲਗਦਾ ਹੈ, ਸਿੱਖਾਂ ਨਾਲ ਏਨੇ ਲੰਮੇ ਵਾਹ-ਵਾਸਤੇ ਵਿਚ ਏਨੇ ਵਿੰਗ-ਵਲੇਵੇਂ ਦੇਖਣ-ਝੱਲਣ ਤੋਂ ਮਗਰੋਂ ਵੀ ਵਿਚਾਰਾ ਮੈਕਾਲਿਫ਼ ਅਜੇ ਇਹ ਨਹੀਂ ਸੀ ਸਮਝਿਆ ਕਿ ਸਿੱਖਾਂ ਦਾ ਕੋਈ ਪਤਾ ਨਹੀਂ, ਮੌਕੇ ਉਤੇ ਕਿਧਰ ਨੂੰ ਜੈਕਾਰਾ ਛੱਡ ਦੇਣ!

*ਤੇਜਾ ਸਿੰਘ ਜੀ ਲਿਖਦੇ ਹਨ: "ਉਸ ਸਮੇਂ ਉਸ (ਮੈਕਾਲਿਫ) ਦੀ ਕੀਤੀ ਘਾਲਣਾ ਦੀ ਪੂਰੀ ਪੂਰੀ ਕਦਰ ਨਾ ਕੀਤੀ ਗਈ। ਪਹਿਲਾਂ ਤਾਂ ਜਦ ਲੋਕਾਂ ਨੂੰ ਪਤਾ ਲਗਾ ਕਿ ਉਹ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਉਲਥਾ ਕਰ ਕੇ ਛਪਵਾਉਣ ਲਗਾ ਹੈ, ਤਾਂ ਹਰ ਪਾਸਿਓਂ ਆਵਾਜ਼ਾਂ ਆਈਆਂ ਕਿ ਇਹ ਮਨਮਤ ਹੈ, ਇਸ ਨੂੰ ਰੋਕੋ। ਨਾਲ ਹੀ ਇਹ ਧਮਕੀ ਦਿਤੀ ਗਈ ਕਿ ਜੇਕਰ ਉਹ ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਨੂੰ ਪੁਸਤਕ ਦੀ ਸ਼ਕਲ ਵਿਚ ਉਲਥਾ ਕੇ ਛਾਪੇਗਾ, ਤਾਂ ਸਰਕਾਰ ਪਾਸੋਂ ਮੰਗ ਕੀਤੀ ਜਾਏਗੀ ਕਿ ਉਹ ਪੁਸਤਕ ਜ਼ਬਤ ਕੀਤੀ ਜਾਵੇ। ਇਸ ਤੋਂ ਮੈਕਾਲਿਫ਼ ਆਪਣੀ ਪਹਿਲੀ ਸਕੀਮ ਨੂੰ ਬਦਲਣ ਤੇ ਮਜਬੂਰ ਹੋ ਗਿਆ ਅਤੇ ਸਾਰਾ ਉਲਥਾ ਇੱਕੋ ਥਾਂ ਛਪਵਾਉਣ ਦੀ ਥਾਂ ਵਖ ਵਖ ਗੁਰੂਆਂ ਦੀ ਚੋਣਵੀਂ ਬਾਣੀ ਅਤੇ ਟਾਵੇਂ ਟਾਵੇਂ ਸ਼ਬਦ ਲੈ ਕੇ ਉਨ੍ਹਾਂ ਦੀਆਂ ਜੀਵਨੀਆਂ ਨਾਲ ਟਾਂਕ ਦਿਤੇ। ਇਉਂ ਕਰ ਕੇ ਸਾਰੀ ਰਚਨਾ ਛੇ ਜਿਲਦਾਂ ਵਿਚ ਵੰਡ ਕੇ ਛਾਪੀ ਗਈ।" ਇਸੇ ਕਰਕੇ ਪੁਸਤਕ ਦਾ ਨਾਂ 'ਦਿ ਸਿੱਖ ਰਲਿਜਨ' ਰੱਖਿਆ ਗਿਆ।*




## ਸਤਿਗੁਰ ਨਾਨਕ ਪ੍ਰਗਟਿਆ...

*(ਸਫਾ 14 ਦੀ ਬਾਕੀ)*

ਸਾਨੂੰ ਬਾਬੇ ਨਾਨਕ ਦੇ ਪਾਏ ਪੂਰਨੇ ਕਿਉਂ ਵਿਸਰ ਗਏ ਹਨ?

ਕਾਸ਼! ਅਸੀਂ ਗੁਰਬਾਣੀ ਨੂੰ ਆਪ ਵਿਚਾਰਿਆ ਹੁੰਦਾ ਤਾਂ ਸ਼ਾਇਦ ਅਸੀਂ ਇਨ੍ਹਾਂ ਪਖੰਡੀਆਂ ਤੇ ਦੇਹਧਾਰੀਆਂ ਦੇ ਪਿਛੇ ਨਾ ਭੱਜਦੇ। ਜੇ ਹੁਣ ਵੀ ਅਸੀਂ ਗੁਰਬਾਣੀ 'ਤੇ ਅਮਲ ਕਰਨਾ ਸ਼ੁਰੂ ਕਰੀਏ ਤਾਂ ਇਹ ਵਹਿਮਾਂ-ਭਰਮਾਂ ਵਾਲੀ ਸਾਡੀ ਧੁੰਦ ਵੀ ਦੂਰ ਹੋ ਸਕਦੀ ਹੈ, ਤਾਂ ਹੀ ਆਪਣੇ ਇਹ ਗੁਰਪੁਰਬ ਮਨਾਏ ਸਫਲੇ ਹੋਣਗੇ। ਨਹੀਂ ਤਾਂ ਜੇ ਇਸੇ ਤਰ੍ਹਾਂ ਬਿਪਰਵਾਦ ਦੀ ਬੁਕਲ ਵਿਚ ਬੈਠੇ ਰਹੇ ਤਾਂ ਸਾਡਾ ਵੀ ਉਹੀ ਹਾਲ ਹੋਵੇਗਾ ਜੋ ਬੁਧ ਧਰਮ ਦਾ ਇਸ ਬਿਪਰਵਾਦ ਨੇ ਕੀਤਾ ਹੈ ਜਿਸ ਬਾਰੇ ਇਕ ਵਿਦਵਾਨ ਡਾ. ਰਾਧਾ ਕ੍ਰਿਸ਼ਨਨ ਨੇ ਲਿਖਿਆ ਹੈ, "It is said, not without truth that Brahmnaism killed Budhism by a fraternal embrace" (ਕਹਿੰਦੇ ਹਨ ਤੇ ਇਹ ਹੈ ਵੀ ਸੱਚ ਕਿ ਬ੍ਰਾਹਮਣਵਾਦ ਨੇ ਬੁਧ ਮੱਤ ਨੂੰ ਆਪਣੀ ਗ੍ਰਿਫਤ ਵਿਚ ਲੈ ਕੇ ਉਹਦਾ ਗਲਾ ਘੁਟ ਦਿਤਾ।) ਸਿੱਖ ਧਰਮ ਬਾਰੇ ਵੀ ਇਕ ਵਿਦਵਾਨ ਆਰਥਰ ਮੈਕਸ ਮੈਕਾਲਿਫ਼ ਨੇ ਅੱਜ ਤੋਂ ਲਗਭਗ ਇਕ ਸਦੀ ਪਹਿਲਾਂ ਇਹ ਗੱਲ ਕਹੀ ਸੀ, "Hinduism has embraced Sikhism in its fold." (ਹਿੰਦੂ ਮੱਤ ਨੇ ਸਿੱਖ ਧਰਮ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ ਹੈ।) ਹੁਣ ਇਸ ਗੱਲ ਦੀ ਵਿਚਾਰ ਅਸੀਂ ਕਰਨੀ ਹੈ ਕਿ ਉਸ ਬਿਪਰਵਾਦ ਦੀ ਗਲਵਕੜੀ 'ਚੋਂ ਨਿਕਲਣਾ ਹੈ ਜਾਂ ਫਿਰ ਬੁਧ ਮੱਤ ਵਾਂਗੂ ਅਸੀਂ ਵੀ ਆਪਣਾ ਗਲਾ ਘੁਟਾਉਣਾ ਹੈ?

# ਚੱਕਰਾਂ 'ਚ ਪਾਇਆ ਛਕੜੇ ਨੇ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਬਲਦਾਂ ਨਾਲ ਹਿੱਕੀ ਜਾਣ ਵਾਲੀ ਗੱਡੀ ਨੂੰ ਛਕੜਾ ਕਿਹਾ ਜਾਂਦਾ ਸੀ। ਇਸ ਨਿਮਾਣੇ ਜੁਗਾੜ ਦਾ ਵੀ ਕੋਈ ਜ਼ਮਾਨਾ ਸੀ। ਜਿਵੇਂ ਕਹਿੰਦੇ ਹਨ, "ਜਿਥੇ ਕੋਈ ਰੁੱਖ ਨਹੀਂ ਉਥੇ ਰਿੰਡ ਪ੍ਰਧਾਨ", ਜਦ ਅਣਘੜਤ ਜਿਹੇ ਢਾਂਚੇ ਵਾਲਾ ਛਕੜਾ ਅਜੇ ਮੁਢਲੇ ਦੌਰ ਵਿਚ ਹੀ ਸੀ ਤਾਂ ਇਸ ਦੀ ਸ਼ਾਨ ਨਿਆਰੀ ਸੀ। ਜੋ ਚੀਜ਼ ਲਗਾਤਾਰ ਉਨਤੀ ਕਰਦੀ ਰਹੇ ਉਸ ਲਈ ਪੁਰਾਣਾ ਵਰਤਿਆ ਜਾਂਦਾ ਸ਼ਬਦ ਕਈ ਵਾਰੀ ਨਿਖੇਧੀਸੂਚਕ ਅਰਥ ਧਾਰਨ ਕਰ ਲੈਂਦਾ ਹੈ। ਜਦ ਛਕੜੇ ਨੇ ਤਰੱਕੀ ਕਰਕੇ ਆਧੁਨਿਕ ਚੀਕਣੇ ਚੋਪੜੇ ਵਾਹਨਾਂ ਵਾਲਾ ਰੂਪ ਧਾਰ ਲਿਆ ਤਾਂ ਛਕੜਾ ਸ਼ਬਦ ਦਾ ਉਹ ਅਰਥ ਬਣ ਗਿਆ ਜੋ ਤੁਹਾਡੇ ਮਨ ਵਿਚ ਹੈ। ਮਤਲਬ ਇਕ ਖਸਤਾ ਜਿਹਾ ਕੰਮ ਚਲਾਊ ਵਾਹਨ ਜਿਸ ਨੂੰ ਖਟਾਰਾ ਵੀ ਕਹਿ ਦਿੰਦੇ ਹਨ। ਵਿਸਤ੍ਰਿਤ ਅਰਥ ਵਜੋਂ ਟੁੱਟੀਆਂ ਭੱਜੀਆਂ ਬੱਸਾਂ ਗੱਡੀਆਂ ਲਈ ਵੀ ਇਹ ਸ਼ਬਦ ਇਸਤੇਮਾਲ ਹੁੰਦਾ ਹੈ ਜਿਵੇਂ ਪੰਜਾਬ ਰੋਡਵੇਜ਼ ਦੀ ਬੱਸ, ਪਸੰਜਰ ਟਰੇਨ ਜਾਂ ਨੈਰੋ ਗੇਜ ਗੱਡੀ। ਕਿਸੇ ਵੇਲੇ ਛਕੜਾ ਢੋਣ ਦੇ ਕੰਮ ਆਉਂਦਾ ਸੀ, ਹੁਣ ਛਕੜੇ ਨੂੰ ਖੁਦ ਢੋਇਆ ਜਾਂਦਾ ਹੈ। ਗੁਜਰਾਤ ਵਿਚ ਟੈਂਪੂ ਜਾਂ ਆਟੋ-ਰਿਕਸ਼ਾ ਨੂੰ ਛਕੜਾ ਕਿਹਾ ਜਾਂਦਾ ਹੈ। ਪਹੀਆਂ ਦੇ ਸਾਰਪਾਰ ਅਤੇ ਉਤੇ ਬੱਲੀਆਂ ਗੱਡ ਕੇ ਉਪਰ ਤਿਰਪਾਲ ਜਾਂ ਪੱਲੀਆਂ ਤਾਣ ਦੇਵੋ, ਛਕੜਾ ਤਿਆਰ ਹੈ। ਜਿਸ ਮਨੁਖ ਦਾ ਢਾਂਚਾ ਹਿੱਲ ਗਿਆ ਹੋਵੇ ਉਸ ਨੂੰ ਵੀ ਛਕੜਾ ਕਹਿ ਦਿੱਤਾ ਜਾਂਦਾ ਹੈ।

ਆਓ ਪਹਿਲਾਂ 'ਮਹਾਨ ਕੋਸ਼' ਰਾਹੀਂ ਇਸ ਸ਼ਬਦ ਨਾਲ ਕੀਤੇ ਵਰਤਾਉ ਤੋਂ ਥੋੜ੍ਹਾ ਸਵਾਦ ਲਈਏ, 'ਛਕੜਾ (ਸੰਗਯਾ) ਸ਼ਕਟ, ਗੱਡਾ।' ਅੱਗੇ ਕੋਸ਼ ਵਿਚੋਂ ਸ਼ਕਟ ਸ਼ਬਦ ਲਭਣ ਦੀ ਕੋਸ਼ਿਸ਼ ਕੀਤੀ, ਨਹੀਂ ਮਿਲਿਆ। ਇਸ ਕੋਸ਼ ਵਿਚ ਇਹ ਆਮ ਹੀ ਸਮੱਸਿਆ ਹੈ। ਕੋਸ਼ਕਾਰੀ ਦੇ ਨਿਯਮਾਂ ਅਨੁਸਾਰ ਕਿਸੇ ਇੰਦਰਾਜ ਦੀ ਵਿਆਖਿਆ ਬਾਰੇ ਜੋ ਸ਼ਬਦ ਵਰਤੇ ਗਏ ਹੋਣ, ਉਨ੍ਹਾਂ ਦੀ ਪਰਿਭਾਸ਼ਾ ਸਬੰਧਤ ਕੋਸ਼ ਵਿਚੋਂ ਅਵੱਸ਼ ਮਿਲਣੀ ਚਾਹੀਦੀ ਹੈ। ਖੈਰ, ਮੈਂ ਸ਼ਕਟ ਦੀ ਥਾਂ ਸਕਟ ਦੇਖਣ ਲੱਗਾ ਤਾਂ ਕਿਸਮਤ ਜਾਗ ਪਈ, 'ਸਕਟ ਸੰ ਸ਼ਕਟ (ਸੰਗਯਾ) ਗੱਡਾ, ਛਕੜਾ 2. ਦੇਹ, ਸ਼ਰੀਰ 3. ਦੇਖੋ ਸ਼ਕਟਾਸੁਰ।' ਪਹਿਲਾਂ ਸੋਚਿਆ ਸ਼ਾਇਦ ਸਕੂਟਰ ਲਿਖਿਆ ਹੈ, ਫਿਰ ਖਿਆਲ ਆਇਆ ਭਾਈ ਕਾਹਨ ਸਿੰਘ ਨਾਭਾ ਦੇ ਸਮੇਂ ਸ਼ਾਇਦ ਸਕੂਟਰ ਪ੍ਰਚਲਤ ਨਹੀਂ ਸੀ ਹੋਇਆ। ਮਹਾਨ ਕੋਸ਼ ਵਿਚੋਂ ਸ਼ਕਟਾਸੁਰ ਲਭਣ ਦੀ ਕੋਸ਼ਿਸ਼ ਕੀਤੀ ਪਰ ਵਿਅਰਥ। ਫਿਰ ਉਹੋ ਦਾਅ ਵਰਤਿਆ, 'ਸ਼' ਦੇ ਪੈਰ ਦੀ ਬਿੰਦੀ ਉੜਾ ਕੇ ਦੇਖੀ ਤਾਂ ਇਹ ਇੰਦਰਾਜ ਚੁਪੱਟ ਪ੍ਰਗਟ ਹੋ ਗਿਆ, ਸਕਟਾਸੁਰ ਸੰ ਸਕਟ-ਅਸੁਰ, ਗੱਡੇ ਦੀ ਸ਼ਕਲ ਦਾ ਇਕ ਦੈਂਤ, ਇਕ ਕੰਸ ਦਾ ਭੇਜਿਆ ਕ੍ਰਿਸ਼ਨ ਜੀ ਨੂੰ ਮਾਰਨ ਲਈ ਆਇਆ ਸੀ ਅਤੇ ਕ੍ਰਿਸ਼ਨ ਜੀ ਤੋਂ ਮਾਰਿਆ ਗਿਆ ਸੀ, "ਪ੍ਰਿਥਮ ਪੂਤਨਾ ਹਨੀ ਬਹੁਰ ਸਕਟਾਸੁਰ ਖੰਡਯੋ।" (ਕ੍ਰਿਸਨਾਵ) ਦੇਖੋ, ਇਸ ਦੀ ਕਥਾ ਭਾਗਵਤ ਦੇ ਦਸਵੇਂ ਸਕੰਧ ਦੇ 50ਵੇਂ ਅਧਯਾਯ ਵਿਚ। ਮੈਂ ਬਹੁਤਾ ਵਾਧਾ ਤਾਂ ਨਹੀਂ ਕਰਨਾ ਚਾਹੁੰਦਾ ਪਰ ਲਿਖੇ ਹੋਏ ਦੇਖੋ 'ਕ੍ਰਿਸਨਾਵ' ਦੇ ਦਰਸ਼ਨ ਨਹੀਂ ਹੋ ਸਕੇ ਭਾਵੇਂ ਇਸ ਵਾਰੀ 'ਸ' ਦੇ ਪੈਰੀਂ ਬਿੰਦੀ ਵੀ ਪਾ ਕੇ ਦੇਖ ਲਈ। ਖੈਰ ਮੈਨੂੰ ਪਤਾ ਹੀ ਹੈ ਕਿ ਕ੍ਰਿਸ਼ਨਾਵ ਦਸਮ ਗ੍ਰੰਥ ਵਿਚ ਕ੍ਰਿਸ਼ਨ ਦੇ ਬਿਰਤਾਂਤ ਨਾਲ ਸਬੰਧਤ ਹੈ। ਨਿਆਇਕ ਗੱਲ ਕਰਾਂਗਾ, 'ਮਹਾਨ ਕੋਸ਼' ਦੇ ਲੇਖਕ ਨੂੰ ਪਤਾ ਹੈ ਕਿ ਛਕੜਾ ਦਾ ਸੰਸਕ੍ਰਿਤ ਰੂਪ ਸ਼ਕਟ ਹੈ। ਜੀ.ਐਸ. ਰਿਆਲ ਦੇ ਕੋਸ਼ 'ਚੋਂ ਵੀ ਇਸ ਦੀ ਪੁਸ਼ਟੀ ਮਿਲਦੀ ਹੈ ਤੇ ਬਹੁਤ ਸਾਰੇ ਹੋਰ ਸਰੋਤ



ਵੀ ਇਸ ਦਾ ਮੂਲ ਰੂਪ ਇਹੋ ਦਸਦੇ ਹਨ।

ਛਕੜਾ ਸ਼ਬਦ ਦੀ ਵਿਉਤਪਤੀ ਬਾਰੇ ਵਿਚਾਰ ਕਰਨ ਲਈ ਸਾਡੇ ਕੁਝ ਸ਼ਬਦ ਸ਼ੌਕੀਨਾਂ ਦੀ ਮਹਿਫਲ ਜੁੜੀ। ਅਜਿਤ ਵਡਨੇਰਕਰ ਨੇ ਇਸ ਉਪਰ ਲੇਖ ਲਿਖਿਆ ਹੋਇਆ ਸੀ। ਉਸ ਨੇ ਵੀ ਇਸ ਨੂੰ ਸੰਸਕ੍ਰਿਤ 'ਸ਼ਕਟ' ਤੋਂ ਹੀ ਵਿਉਤਪਤ ਦੱਸਿਆ। ਸੰਸਕ੍ਰਿਤ ਸ਼ਕਟ ਅੱਗੋਂ 'ਸ਼ਕ' ਧਾਤੂ ਤੋਂ ਬਣਿਆ। ਇਸ ਧਾਤੂ ਵਿਚ ਬਲ, ਜ਼ੋਰ ਆਦਿ ਦਾ ਭਾਵ ਹੈ। 'ਸ਼ੱਕ' ਤੋਂ ਹੀ ਸ਼ਕਤੀ ਸ਼ਬਦ ਬਣਿਆ ਹੈ। ਸੋ ਸ਼ੱਕ ਤੋਂ ਸ਼ਕਟ ਬਣਿਆ ਕਿਉਂਕਿ 'ਸ਼ਕਟ' ਜਿਸ ਦਾ ਅਵਤਾਰ ਛਕੜਾ ਹੈ, ਸ਼ਕਤੀ ਨਾਲ ਚਲਦਾ ਹੈ। ਪਰ ਅਸੀਂ ਸ਼ਬਦ ਸ਼ੌਕੀਨ ਕਈ ਵਾਰੀ ਜਾਂ ਤਾਂ ਛੇੜ-ਛਾੜ ਵਜੋਂ ਜਾਂ ਬਹਿਸ ਵਿਚੋਂ ਕੁਝ ਹੋਰ ਨਵਾਂ ਸਾਹਮਣੇ ਲਿਆਉਣ ਦੇ ਮਕਸਦ ਨਾਲ ਕੋਈ ਹੋਰ ਬਦਲਵੇਂ ਮੂਲ ਦਾ ਸੁਝਾਅ ਦੇ ਦਿੰਦੇ ਹਾਂ। ਇਸ ਵਾਰ ਇਕ ਸਾਥੀ ਜਿਸ ਨੂੰ ਅਸੀਂ ਕਿਸੇ ਵੇਲੇ ਅੰਗਰੇਜ਼ੀ canonize ਸ਼ਬਦ ਲਈ ਢੁਕਵਾਂ ਭਾਰਤੀ ਸ਼ਬਦ ਢੂੰਡਦਿਆਂ ਪਰਮਹੰਸ ਦੀ ਉਪਾਧੀ ਦੇ ਦਿੱਤੀ ਸੀ, ਨੇ ਛਕੜੇ ਦਾ ਸਬੰਧ 'ਚੱਕਰ' ਸ਼ਬਦ ਨਾਲ ਜੋੜਨ ਦਾ ਸੁਝਾਅ ਦੇ ਦਿੱਤਾ, "ਚਕਰਾ...ਛਕੜਾ...ਕਈ ਸ਼ਬਦ ਇਸੇ ਤਰ੍ਹਾਂ ਅਲਪਪ੍ਰਾਣ ਤੋਂ ਮਹਾਪ੍ਰਾਣ ਦੀ ਯਾਤਰਾ ਕਰਦੇ ਹਨ।" ਉਸ ਨੇ ਦਲੀਲ ਦਿੱਤੀ ਕਿ ਹਰ ਨਿਰੁਕਤੀ ਕੁਝ ਦਲੀਲ ਤੇ ਕੁਝ ਪ੍ਰਮਾਣ 'ਤੇ ਆਧਾਰਤ ਹੁੰਦੀ ਹੈ। ਗੱਡੀ ਵਿਚ ਸਭ ਤੋਂ ਵਿਸ਼ੇਸ਼ ਚੀਜ਼ ਚੱਕਰ ਯਾਨਿ ਪਹੀਆ ਹੀ ਹੁੰਦੀ ਹੈ, ਨਾ ਕਿ ਉਸ ਦੀ ਭਾਰ ਢੋਣ ਦੀ ਸ਼ਕਤੀ। ਭਾਰ ਢੋਣ ਦੀ ਸ਼ਕਤੀ ਤਾਂ ਬਲਦ ਵਿਚ ਵੀ ਹੈ, ਫਿਰ ਉਸ ਨੂੰ ਸ਼ਕਟ ਕਿਉਂ ਨਹੀਂ ਕਿਹਾ ਜਾਂਦਾ? ਪਰ ਵਡਨੇਰਕਰ ਨੇ ਆਪਣੇ ਤਰਕ ਦੇਣੇ ਸ਼ੁਰੂ ਕਰ ਦਿੱਤੇ। ਉਸ ਦਾ ਵਿਚਾਰ ਸੀ ਕਿ ਭਾਸ਼ਾਵਾਂ ਵਿਚ ਢੋਣ ਜਾਂ ਗਤੀ ਦੇ ਭਾਵਾਂ ਤੋਂ ਵਾਹਣਾਂ ਦੇ ਨਾਂ ਪਏ ਹਨ। ਖੁਦ ਵਾਹਣ ਸ਼ਬਦ ਵਿਚਲਾ 'ਵਾਹ' ਗਤੀ ਦਾ ਸੂਚਕ ਹੈ। ਇਸੇ ਤਰ੍ਹਾਂ 'ਯਾਨ' ਸ਼ਬਦ ਦੇ 'ਯਾ' ਵਿਚ ਵੀ ਗਤੀ ਦੇ ਭਾਵ ਹਨ। ਅੰਗਰੇਜ਼ੀ ਕੈਰੀਅਰ ਵਿਚ ਚੱਕਾ ਨਹੀਂ, ਲਿਜਾਣ ਦਾ ਭਾਵ ਹੈ। ਟ੍ਰੇਲਰ, ਟ੍ਰੇਨ, ਵੈਨ, ਵੈਗਨ ਆਦਿ ਤਮਾਮ ਸ਼ਬਦਾਂ ਵਿਚ ਲਿਜਾਣ, ਢੋਣ ਦਾ ਭਾਵ ਹੈ। ਪਹੀਆ ਆਪਣੇ ਆਪ ਵਿਚ ਊਰਜਾ ਨਹੀਂ ਹੈ, ਇਸ ਲਈ ਸ਼ਕਟ ਦੀ ਸਾਰਥਕਤਾ ਸ਼ੱਕ ਯਾਨਿ ਸ਼ਕਤੀ ਤੋਂ ਸਹੀ ਹੁੰਦੀ ਹੈ। ਪ੍ਰਸਿੱਧ ਭਾਸ਼ਾ-ਵਿਗਿਆਨੀ ਰਾਮ ਵਿਲਾਸ ਸ਼ਰਮਾ ਅਨੁਸਾਰ ਗੱਡਾ ਸ਼ਬਦ ਵਿਚ ਵੀ ਮੂਲ ਤੌਰ 'ਤੇ 'ਗਰ' ਕਿਰਿਆ ਕੰਮ ਕਰ ਰਹੀ ਹੈ ਜਿਸ ਵਿਚ ਵੀ ਪਹੀਏ ਦੀ ਗਤੀ ਦਾ ਭਾਵ ਹੈ। ਪਰ ਇਸ ਨਾਲ ਬਣੇ ਸ਼ਬਦਾਂ ਵਿਚ ਚਾਲਕ ਸ਼ਕਤੀ ਦੀ ਕਿਸਮ ਦਰਸਾਉਣੀ ਪੈਂਦੀ ਹੈ ਜਿਵੇਂ ਘੋੜਾ ਗੱਡੀ, ਰੇਲ ਗੱਡੀ, ਮੋਟਰ ਗੱਡੀ ਆਦਿ। ਪਰ ਵਾਹਨ ਆਦਿ ਤੋਂ ਬਣੇ ਸ਼ਬਦਾਂ ਵਿਚ ਅਜਿਹਾ ਨਹੀਂ ਹੈ ਕਿਉਂਕਿ ਉਨ੍ਹਾਂ ਵਿਚ ਪਹਿਲਾਂ ਹੀ ਸ਼ਕਤੀ ਦਾ ਭਾਵ ਸਮਾਇਆ ਹੋਇਆ ਹੈ।

ਥੋੜੀ ਚਰਚਾ ਪਿਛੋਂ ਖੁਦ ਵਡਨੇਰਕਰ ਆਪਣੇ ਪੈਂਤੜੇ ਤੋਂ ਸ਼ੱਕੀ ਹੋ ਗਿਆ ਲੱਗਾ। ਉਸ ਨੇ ਪੁਛਿਆ ਕਿ ਚੱਕਰ ਸ਼ਬਦ ਨਾਲ ਕਿੰਨੇ ਕਿ ਵਾਹਣਾਂ ਦੀ ਉਤਪਤੀ ਹੋਈ ਹੈ? ਪਰਮਹੰਸ ਨੇ ਜਵਾਬ ਦਿੱਤਾ ਕਿ ਤਾਮਿਲ ਵਿਚ ਚਕਟਮ ਸ਼ਬਦ ਹੈ ਜਿਸ ਵਿਚ ਪਹੀਏ ਵਾਲਾ ਭਾਵ ਹੈ। ਸੰਸਕ੍ਰਿਤ ਵਿਚ 'ਚੰਕੁਰ' ਸ਼ਬਦ ਦਾ ਅਰਥ ਵੀ ਵਾਹਨ ਹੈ। ਪਰ ਵਡਨੇਰਕਰ ਨੇ ਜਵਾਬ ਦਿੱਤਾ ਕਿ ਸੰਭਵ ਤੌਰ 'ਤੇ ਤਾਮਿਲ ਚਕਟਮ ਵੀ ਸੰਸਕ੍ਰਿਤ ਸ਼ਕਟਮ ਦਾ ਹੀ ਰੂਪ ਹੋਵੇ। ਸੰਸਕ੍ਰਿਤ ਵਿਚ ਇਸ ਦੇ ਰੂਪ ਸ਼ਕਟ, ਸ਼ਕਟੀ, ਸ਼ਕਟਿਕਾ ਹੋਣ ਕਾਰਨ ਇਸ ਗੱਲ ਦੀ ਵਧੇਰੇ ਸੰਭਾਵਨਾ ਹੈ। ਉਂਜ ਵੀ ਸੰਸਕ੍ਰਿਤ ਸ, ਸ਼ ਦ੍ਰਾਵਿੜ 'ਚ ਵਿਚ ਬਦਲ ਜਾਂਦਾ ਹੈ। ਉਪਰ ਕ੍ਰਿਸ਼ਨ ਦੇ ਪ੍ਰਸੰਗ ਵਿਚ ਚਰਚਿਤ 'ਸ਼ਕਟਾਸੁਰ' ਦਾ ਮਧਕਾਲੀ ਤਾਮਿਲ ਸਾਹਿਤ ਵਿਚ ਵੀ ਵਰਣਨ ਆਉਂਦਾ ਹੈ। ਉਥੇ ਚਕਟਮ ਸ਼ਬਦ ਵਰਤਿਆ ਮਿਲਦਾ ਹੈ। ਵਡਨੇਰਕਰ ਨੇ ਵਿਚਾਰ ਦਿੱਤਾ ਕਿ ਦਰਅਸਲ ਚਕਟਮ ਵਿਚ ਵੀ ਚੱਕਰ ਦਾ ਭਾਵ ਸਮਾਂ ਪੈਣ ਨਾਲ ਛਕੜਾ ਸ਼ਬਦ 'ਚੋਂ ਵਿਕਸਿਤ ਹੋਇਆ ਹੋਵੇਗਾ। ਤਾਮਿਲ ਕੋਸ਼ ਮੁਤਾਬਿਕ ਸ਼ਕਟਿਕਾ ਦਾ ਰੂਪ ਚਕਟਿਕਾਈ, ਸ਼ਕਟ ਦਾ ਚਕਟੂ, ਸ਼ਕਟਮ ਦਾ ਚਕਟਮ ਅਤੇ ਸ਼ਕਟਿ ਦਾ ਚਕਟਿ ਹੈ।

ਪਰ ਵਿਦਵਾਨ ਦੋਸਤ ਪਰਮਹੰਸ ਵਡਨੇਰਕਰ ਨੂੰ ਚੱਕਰ ਵਿਚੋਂ ਕਢਣਾ ਨਹੀਂ ਸੀ ਚਾਹੁੰਦਾ। ਉਸ ਨੇ ਕਿਹਾ ਕਿ ਦ੍ਰਾਵਿੜ ਭਾਸ਼ਾਵਾਂ ਵਿਚੋਂ 'ਰ' ਧੁਨੀ ਅਲੋਪ ਹੋ ਗਈ ਹੈ, ਇਸ ਲਈ ਹੋ ਸਕਦਾ ਹੈ ਤਾਮਿਲ ਚਕਟਮ ਦਾ ਪਹਿਲਾ ਰੂਪ ਚਕਟਰਮ ਹੋਵੇ ਜਿਸ ਦੀ 'ਰ' ਧੁਨੀ ਨਿਕਲ ਗਈ ਹੋਵੇ। ਗੱਲ ਕੀ, ਉਹ ਛਕੜਾ ਸ਼ਬਦ ਪਿਛੇ ਸ਼ਕ ਧਾਤੂ ਦੀ ਥਾਂ ਚੱਕਰ 'ਤੇ ਬਜ਼ਿਦ ਰਿਹਾ। ਮੈਂ ਵੀ ਉਸ ਦੀ ਕੁਝ ਹਾਮੀ ਭਰਦਿਆਂ ਦਲੀਲ ਦਿੱਤੀ ਕਿ ਇਹ ਜ਼ਰੂਰੀ ਨਹੀਂ ਕਿ ਦੁਨੀਆਂ ਭਰ ਦੀਆਂ ਤਮਾਮ ਭਾਸ਼ਾਵਾਂ ਵਿਚ ਵਾਹਨ ਦੇ ਅਰਥਾਂ ਵਾਲੇ ਸ਼ਬਦ ਪਿਛੇ ਸ਼ਕਤੀ ਦਾ ਭਾਵ ਹੀ ਹੋਵੇ। ਚੱਕਰ ਜਾਂ ਪਹੀਆ ਵੀ ਹੋ ਸਕਦਾ ਹੈ। ਮੈਂ ਮਿਸਾਲ ਦਿੱਤੀ ਕਿ ਅੰਗਰੇਜ਼ੀ ਸਾਈਕਲ, ਟੂ-ਵ੍ਹੀਲਰ, ਥਰੀ-ਵ੍ਹੀਲਰ ਆਦਿ ਵਿਚ ਚੱਕਰ ਜਾਂ ਪਹੀਆ ਹੀ ਸਪਸ਼ਟ ਝਲਕਦਾ ਹੈ ਕਿਉਂਕਿ ਸਾਈਕਲ ਲਾਤੀਨੀ 'ਸਾਈਕਲਸ' ਤੋਂ ਵਿਕਸਿਤ ਹੋਇਆ ਜਿਸ ਦਾ ਅਰਥ ਚੱਕਰ, ਪਹੀਆ ਹੈ। ਹੋਰ ਤਾਂ ਹੋਰ ਸਾਈਕਲ ਸ਼ਬਦ ਤਾਂ ਹੈ ਹੀ ਸੰਸਕ੍ਰਿਤ ਚੱਕਰ ਦਾ ਸੁਜਾਤੀ। ਅਸਲ ਵਿਚ ਤਾਂ ਵ੍ਹੀਲ ਸ਼ਬਦ ਵੀ ਦੂਰੋਂ ਨੇੜਿਓਂ ਚੱਕਰ ਦਾ ਸਕਾ ਹੈ। ਅਵੇਸਤਾ 'ਚੱਕਸ਼ਰਾ' ਸ਼ਬਦ ਦਾ ਅਰਥ ਵੀ ਰੱਥ ਹੁੰਦਾ ਹੈ। ਪਰਮਹੰਸ ਨੇ ਹੋਰ ਜ਼ੋਰ ਦੇ ਕੇ ਕਿਹਾ ਕਿ ਜੇ ਸ਼ਕਟ ਦਾ ਮੂਲ ਸ਼ਕ ਧਾਤੂ ਮੰਨ ਵੀ ਲਿਆ ਜਾਵੇ ਤਾਂ ਇਸ ਤਰਕ ਦੇ ਹਿਸਾਬ ਨਾਲ ਸ਼ਕਤੀ ਨਾਲ ਚੱਲਣ ਵਾਲੇ ਵਾਲ ਹਰ ਜੰਤਰ ਨੂੰ ਸ਼ਕਟ ਕਿਹਾ ਜਾਣਾ ਚਾਹੀਦਾ ਹੈ ਪਰ ਅਜਿਹਾ ਨਹੀਂ ਹੈ। ਇਸ ਦੇ ਉਲਟ 'ਵਹ' ਧਾਤੂ ਤੋਂ ਬਣੇ ਵਾਹਨ ਨੂੰ ਦੇਖੋ, ਗੱਡੀ, ਘੋੜਾ, ਪਾਲਕੀ ਸਭ ਪ੍ਰਕਾਰ ਦੇ ਜੀਵਾਂ ਨਿਰਜੀਵਾਂ 'ਤੇ ਲਾਗੂ ਹੁੰਦਾ ਹੈ। ਮੇਰੇ ਦਿਮਾਗ ਵਿਚ ਵਹਿੜਾ/ਵਹਿੜਕਾ ਸ਼ਬਦ ਆਇਆ ਜੋ ਭਾਰ ਢੋਣਯੋਗ ਵੱਛੇ ਨੂੰ ਕਹਿੰਦੇ ਹਨ ਤੇ ਜੋ ਵਹ ਧਾਤੂ ਤੋਂ ਬਣਿਆ ਹੈ।

ਵਡਨੇਰਕਰ ਬਹੁਤ ਸਟਪਟਾਇਆ, ਔਖਾ ਵੀ ਹੋਇਆ ਪਰ ਕੁਝ ਨਰਮ ਹੁੰਦਿਆਂ ਕਹਿਣ ਲੱਗਾ ਕਿ ਇਸੇ ਲਈ ਤਾਂ ਵਿਦਵਾਨਾਂ ਨੇ ਸ਼ਕਟ ਦੀ ਵਿਉਤਪਤੀ ਸ਼ਕ ਨਾਲ ਜੋੜੀ ਹੈ। ਸ਼ਕਤੀ ਬਾਅਦ ਦਾ ਸ਼ਬਦ ਹੈ ਮੂਲ ਵਿਚ ਲੈ ਜਾਣ, ਢੋਣ ਆਦਿ ਦਾ ਭਾਵ ਹੈ। ਵਹਿਣ ਦਾ ਗੁਣ ਹੀ ਵਾਹਨ ਬਣਾ ਰਿਹਾ ਹੈ। ਸ਼ਕ ਵਿਚ ਵਹਿਣ ਦਾ ਗੁਣ ਦੇਖ ਕੇ ਹੀ ਸ਼ਕਟ ਨਾਲ ਰਿਸ਼ਤਾ ਜੋੜਿਆ ਗਿਆ ਹੈ। ਇਸ ਧਾਤੂ ਵਿਚ ਸਮਰਥਾ, ਬਲ, ਊਰਜਾ, ਪ੍ਰਭਾਵ ਆਦਿ ਸਭ ਗੁਣ ਆ ਗਏ। ਉਸ ਨੇ ਦੁਹਰਾਇਆ ਕਿ ਸ਼ੱਕ ਤੋਂ ਸ਼ਕਟ/ਛਕੜਾ ਬਣਨਾ ਵਧੇਰੇ ਸੰਭਵ ਲਗਦਾ ਹੈ। ਵੈਸੇ ਅਜਿਹੇ ਵਾਹਨ ਵੀ ਹਨ ਜਿਨ੍ਹਾਂ ਵਿਚ ਪਹੀਆ ਹੁੰਦਾ ਹੀ ਨਹੀਂ ਜਿਵੇਂ ਸਲੈਜ, ਜਲਯਾਨ। ਮਨੁਖ ਖੁਦ ਵੀ ਇਕ ਵਾਹਨ ਹੀ ਹੈ। ਅਸੀਂ ਕਿਹਾ ਕਿ ਮੋਨੀਅਰ ਵਿਲੀਅਮਜ਼ ਨੇ ਇਸ ਵਿਉਤਪਤੀ ਨੂੰ ਸ਼ੱਕ ਵਾਲੀ ਦੱਸਿਆ ਹੈ ਤਾਂ ਵਡਨੇਰਕਰ ਨੇ ਜਵਾਬ ਦਿੱਤਾ ਕਿ ਆਪਟੇ ਨੇ ਇਸ ਨੂੰ ਠੋਕ ਵਜਾ ਕੇ ਸ਼ਕਟ ਨਾਲ ਜੋੜਿਆ ਹੈ। ਉਸ ਨੇ ਅੱਗੇ ਕਿਹਾ ਕਿ ਤਮਾਮ ਸਰੋਤ ਫਰੋਲਣ ਪਿਛੋਂ ਵੀ ਉਸ ਨੂੰ ਸ਼ਕਟ ਦਾ ਚੱਕਰ ਨਾਲ ਜੁੜੇ ਹੋਣ ਦੇ ਠੋਸ ਸਬੂਤ ਨਹੀਂ ਮਿਲੇ।

ਵਾਲ ਦੀ ਖੱਲ ਬਹੁਤ ਦੇਰ ਉਧੜਦੀ ਰਹੀ, ਦੋਨੋਂ ਧਿਰਾਂ 'ਮੈਂ ਨਾ ਮਾਨੂੰ' ਵਾਲੀ ਜ਼ਿਦ 'ਤੇ ਕਾਇਮ ਰਹੀਆਂ। ਕੁਝ ਵੀ ਹੋਵੇ ਰਵਾਇਤ ਦੇ ਆਧਾਰ ਉਤੇ ਅਤੇ ਹੋਰ ਦਲੀਲਾਂ ਦੇ ਆਧਾਰ 'ਤੇ ਵਡਨੇਰਕਰ ਦੀ ਗੱਲ ਵਧੇਰੇ ਮੰਨਣਯੋਗ ਰਹੀ। ਬਹਿਸ ਜੇ ਚੱਕਰਾਂ ਵਿਚ ਪਾਉਂਦੀ ਹੈ ਤਾਂ ਕਢਦੀ ਵੀ ਹੈ।

# ਲਕੀਰਾਂ

(ਪਿਛਲੇ ਸਫੇ ਦੀ ਬਾਕੀ)

ਹੀ ਛੁੱਟੀ ਲੈ ਕੇ ਘਰ ਪਰਤ ਗਈ। ਐਤਵਾਰ ਵਾਲੇ ਦਿਨ ਸਾਡੇ ਘਰ ਆਈ ਤਾਂ ਕਹਿਣ ਲੱਗੀ, "ਅਰੁਣ, ਮੈਨੂੰ ਬੜਾ ਅਚੰਭਾ ਅਤੇ ਦੁੱਖ ਹੋਇਆ, ਇਹ ਦੇਖ ਕੇ ਕਿ ਤੂੰ ਵੀ ਉਨ੍ਹਾਂ ਮੁੰਡਿਆਂ ਵਿਚ ਖੜ੍ਹਾ ਸੀ।"

ਥੋੜ੍ਹੀ ਦੂਰ ਬੈਠੇ ਭਾਪਾ ਜੀ ਦੇ ਕੰਨ ਖੜ੍ਹੇ ਹੋ ਗਏ।

"ਅਰੁਣ ਜ਼ਰਾ ਇੱਧਰ ਆ।" ਉਨ੍ਹਾਂ ਦੀ ਗੰਭੀਰ ਅਤੇ ਸਧੀ ਹੋਈ ਆਵਾਜ਼ ਸੁਣ ਕੇ ਅਰੁਣ ਸਹਿਮਿਆ ਜਿਹਾ ਉਨ੍ਹਾਂ ਕੋਲ ਜਾ ਬੈਠਾ। "ਸੁਮਨਾ ਕੀ ਕਹਿ ਰਹੀ ਹੈ?" ਸੰਖੇਪ ਜਿਹਾ ਸਵਾਲ ਸੀ, ਬਿਨਾਂ ਕਿਸੇ ਬੈਕ ਗਰਾਊਂਡ ਦੇ।

"ਠੀਕ ਕਹਿ ਰਹੀ ਹੈ ਭਾਪਾ ਜੀ, ਪਰ ਇਹ ਇਤਫਾਕ ਹੀ ਸੀ ਕਿ ਮੈਂ ਉਥੋਂ ਲੰਘ ਰਿਹਾ ਸੀ ਤੇ ਬਿੰਦ ਕੁ ਲਈ ਖੜ੍ਹਾ ਹੋ ਗਿਆ।"

"ਪਰ ਜੇ ਰੁੱਖ ਹੇਠਾਂ ਸੁਮਨਾ ਦੀ ਥਾਂ ਦੀਕਸ਼ਾ ਹੁੰਦੀ ਤਾਂ ਵੀ ਤੂੰ ਚੁੱਪ ਖੜ੍ਹਾ ਰਹਿੰਦਾ?"

"ਮੈਂ ਤੁਹਾਡੀ ਗੱਲ ਸਮਝਦਾ ਹਾਂ ਅਤੇ ਤੁਹਾਡੇ ਕਹਿਣ ਤੋਂ ਪਹਿਲਾਂ ਹੀ ਇਸ ਬਾਰੇ ਸੋਚਦਾ ਰਿਹਾ ਹਾਂ, ਪਰ ਉਨ੍ਹਾਂ ਸ਼ੋਹਦਿਆਂ ਨੂੰ ਮੂੰਹ ਕੌਣ ਲਾਵੇ? ਉਹ ਤਾਂ ਹਰ ਵੇਲੇ ਕਿਸੇ ਨਾ ਕਿਸੇ ਨਾਲ ਪੰਗੇ ਦੀ ਭਾਲ 'ਚ ਰਹਿੰਦੇ ਨੇ।"

"ਹੂੰ...ਠੀਕ ਹੈ, ਜੇ ਤੂੰ ਇਸ ਗੱਲ ਨੂੰ ਸਮਝਦਾ ਹੈਂ ਕਿ ਸ਼ੋਹਦਿਆਂ ਨਾਲ ਪੰਗਾ ਲੈਣਾ ਬੇਵਕੂਫੀ ਹੈ ਤਾਂ ਇਸ ਤੱਥ ਨੂੰ ਵੀ ਹਮੇਸ਼ਾ ਚੇਤੇ ਰੱਖੀਂ ਕਿ ਕੱਜਲ ਦੀ ਕੋਠੜੀ ਕੋਲੋਂ ਵੀ ਲੰਘ ਜਾਵੋ ਤਾਂ ਮਾੜੀ ਮੋਟੀ ਕਾਲੀ ਝਰੀਟ ਲੱਗ ਹੀ ਜਾਂਦੀ ਹੈ ਅਤੇ ਜੇ ਤੁਹਾਡਾ ਦਾਮਨ ਸਾਫ਼ ਹੈ ਤਾਂ ਮਾੜਾ ਜਿਹਾ ਦਾਗ ਵੀ ਉਸ ਨੂੰ ਮੈਲਿਆਂ ਕਰ ਦਿੰਦਾ ਹੈ।"

ਸਾਡੇ ਬੱਚੇ ਹੁਣ ਹਾਈ ਸਕੂਲ ਪੂਰਾ ਕਰ ਕੇ ਕਾਲਜ ਜਾਂਦੇ ਸਨ। ਨਮਿਤਾ ਭਾਵੇਂ ਕੁੜੀਆਂ ਦੇ ਵੱਖਰੇ ਕਾਲਜ ਪੜ੍ਹਦੀ ਸੀ ਤੇ ਬਾਕੀ ਤਿੰਨੇ ਇਕ ਥਾਂ 'ਤੇ; ਤਾਂ ਵੀ ਉਨ੍ਹਾਂ ਦੀ ਦੋਸਤੀ ਵਿਚ ਕੁਝ ਫਰਕ ਨਾ ਪਿਆ, ਹਾਲਾਂਕਿ ਚੰਦਰ ਮੋਹਨ ਦਾ ਸੁਭਾਅ ਅਤੇ ਹਰਕਤਾਂ ਸਾਡੇ ਬੱਚਿਆਂ ਨਾਲ ਮੇਲ ਨਹੀਂ ਸੀ ਖਾਂਦੀਆਂ, ਪਰ ਇਨ੍ਹਾਂ ਵਿਅਕਤੀਗਤ ਗੱਲਾਂ ਨੂੰ ਉਨ੍ਹਾਂ ਆਪਣੀ ਦੋਸਤੀ 'ਤੇ ਹਾਵੀ ਨਹੀਂ ਸੀ ਹੋਣ ਦਿੱਤਾ। ਤਾਂ ਵੀ, ਅਤਿ ਤਾਂ ਹਰ ਥਾਂ 'ਤੇ ਵਰਜਿਤ ਹੁੰਦਾ ਹੈ। ਚੰਦਰ ਮੋਹਨ ਦੀਆਂ ਆਪ-ਹੁਦਰੀਆਂ ਅਤੇ ਬਿਨਾਂ ਵਜ੍ਹਾ ਕੁੜੀਆਂ ਨੂੰ ਤੰਗ ਕਰ ਕੇ ਖੁਸ਼ ਹੋਣ ਦੀ ਕੋਝੀ ਮਾਨਸਿਕਤਾ ਸਦਕਾ ਅਜਿਹਾ ਵਿਸਫੋਟ ਹੋਇਆ ਕਿ ਸਭ ਨੂੰ ਸ਼ਰਮਸ਼ਾਰ ਕਰ ਗਿਆ।

ਹੋਇਆ ਇਵੇਂ ਕਿ ਕਾਲਜ ਦੀ ਛੁੱਟੀ ਮਗਰੋਂ ਗੇਟ ਤੋਂ ਬਾਹਰ ਨਿਕਲ ਰਹੀ ਇਕ ਕੁੜੀ ਨੂੰ ਚੰਦਰ ਮੋਹਨ ਨੇ ਆਪਣੀ ਆਦਤ ਤੋਂ ਮਜਬੂਰ ਲੰਘਦੇ-ਲੰਘਦੇ ਜ਼ੋਰ ਨਾਲ ਮੋਢਾ ਮਾਰਿਆ। ਆਪਣੇ ਧਿਆਨ, ਸਹਿਜ-ਸੁਭਾਏ ਤੁਰਦੀ ਕੁੜੀ ਕਿਤਾਬਾਂ ਸਮੇਤ ਡਿੱਗ ਪਈ ਤੇ ਗੇਟ ਦੀ ਲੋਹੇ ਦੀ ਮਜ਼ਬੂਤ ਬਾਹੀ ਨਾਲ ਜਾ ਵੱਜੀ। ਜਦੋਂ ਤੀਕ ਚੌਕੀਦਾਰ ਉਸ ਨੂੰ ਚੁੱਕਦਾ, ਇਹ ਸ਼ੋਹਦੀ ਹਰਕਤ ਕਰਨ ਵਾਲਾ ਉਥੋਂ ਖਿਸਕ ਚੁੱਕਾ ਸੀ। ਚੌਕੀਦਾਰ ਨੇ ਸੰਗੀਤਾ ਨੂੰ ਕੁਝ ਕੁੜੀਆਂ ਦੀ ਸਹਾਇਤਾ ਨਾਲ ਚੁੱਕ ਕੇ ਬੈਂਚ 'ਤੇ ਪਾਇਆ। ਉਸ ਦੇ ਮੋਢੇ ਦੀ ਹੱਡੀ ਟੁੱਟ ਚੁੱਕੀ ਸੀ। ਅਗਲੇ ਦਿਨ ਪ੍ਰਿੰਸੀਪਲ ਸਾਹਿਬ ਨੇ ਚੰਦਰ ਮੋਹਨ ਨੂੰ ਤਲਬ ਕੀਤਾ, ਪਰ ਉਹ ਤਾਂ ਕਿਤੇ ਨੇੜੇ-ਤੇੜੇ ਵੀ ਨਹੀਂ ਸੀ। ਅਖੀਰ ਉਸ ਦੇ ਮਾਪਿਆਂ ਨੂੰ ਬੁਲਾਇਆ ਗਿਆ। ਸ਼ਰਮਾ ਜੀ ਦੀਆਂ ਨਜ਼ਰਾਂ ਜ਼ਮੀਨ ਵਿਚ ਗੱਡੀਆਂ ਹੋਈਆਂ ਸਨ ਤੇ ਜ਼ੁਬਾਨ ਤਾਲੂ ਨਾਲ। ਕਹਿੰਦੇ ਵੀ ਕੀ? ਅਖ਼ੀਰ ਪੁੱਤਰ ਨੂੰ ਕਾਲਜ ਤੋਂ ਕੱਢਣ ਦਾ ਕਾਗਜ਼, ਉਸ ਦੇ ਮਾੜੇ ਚਾਲ-ਚਲਣ ਦਾ ਸਰਟੀਫਿਕੇਟ ਅਤੇ ਉਲਾਂਭਿਆਂ ਦੇ ਭਾਰ ਹੇਠਾਂ ਦਰਕਦੇ ਕਸ-ਮਸਾਉਂਦੇ ਨੀਵੀਂ ਪਾਈ ਘਰ ਪਰਤ ਆਏ। ਭੂਆ ਨੇ ਰੱਜ ਕੇ ਭੜਾਸ ਕੱਢੀ।

"ਅਖੇ, ਦੁਖਦੀਆਂ ਨੇ ਮੇਮਾਂ। ਇੰਨੀਆਂ ਹੀ ਸ਼ਰੀਫਜ਼ਾਦੀਆਂ ਨੇ ਤਾਂ ਕਿਉਂ ਜਾਂਦੀਆਂ ਨੇ ਮੁੰਡਿਆਂ ਦੇ ਸਕੂਲ। ਅੱਗ ਲੱਗੇ ਇਨ੍ਹਾਂ ਪੜ੍ਹਾਈਆਂ ਨੂੰ। ਕੋਈ ਸ਼ਰਮ ਹਯਾ ਨਹੀਂ ਰਹੀ। ਮੁੰਡਿਆਂ ਨੂੰ ਨਕੇਲਾਂ ਪਾਉ ਤੇ ਇਨ੍ਹਾਂ ਬਧੋਰਨਾ ਨੂੰ...।"

"ਬੱਸ ਕਰ ਭੂਆ ਬੱਸ ਕਰ।" ਸ਼ਰਮਾ ਸਾਹਿਬ ਦੀ ਦਹਾੜ ਇੰਨੀ ਜ਼ੋਰਦਾਰ ਸੀ ਕਿ ਕੰਬ ਗਈ ਭੂਆ ਵੀ। "ਤੂੰ ਹੀ ਸਿਰ ਚੜ੍ਹਾਇਆ ਹੈ, ਪਰ ਤੈਨੂੰ ਵੀ ਕੀ ਕਹਾਂ। ਮੈਂ ਕਿਉਂ ਨਾ ਧਿਆਨ ਦਿੱਤਾ ਐਨਾ ਚਿਰ!" ਤੇ ਉਹ ਭੁੱਬਾਂ ਮਾਰ-ਮਾਰ ਰੋ ਪਏ। ਹਾਰ ਕੇ ਉਨ੍ਹਾਂ ਦੂਰ ਰਹਿੰਦੇ ਆਪਣੇ ਦੋਸਤ ਨੂੰ ਕਹਿ ਕੇ ਉਸ ਦੇ ਹੌਜ਼ਰੀ ਦੇ ਕਾਰਖਾਨੇ ਵਿਚ ਚੰਦਰ ਮੋਹਨ ਨੂੰ ਨੌਕਰੀ ਲਗਵਾ ਦਿੱਤਾ ਤੇ ਕੁਝ ਚਿਰ ਮਗਰੋਂ ਉਸ ਦਾ ਵਿਆਹ ਕਰ ਦਿੱਤਾ। ਨਮਿਤਾ ਦੇ ਵਿਆਹ ਮਗਰੋਂ ਦੋਵੇਂ ਮੀਆਂ-ਬੀਵੀ ਨੂੰਹ ਪੁੱਤਰ ਕੋਲ ਚਲੇ ਗਏ।

ਰਾਤ ਲਗਭਗ ਬੀਤ ਚੁੱਕੀ ਸੀ, ਪਰ ਮੇਰੀਆਂ ਅੱਖਾਂ ਵਿਚ ਉਣੀਂਦਾ ਨਹੀਂ ਸਗੋਂ ਲਕੀਰਾਂ ਰੜਕ ਰਹੀਆਂ ਸਨ, ਤੇ ਜਿਵੇਂ ਉਹ ਨਵੀਆਂ-ਪੁਰਾਣੀਆਂ ਧੁੰਦਲੀਆਂ ਮਟਮੈਲੀਆਂ ਲਕੀਰਾਂ ਸਿੱਧੀਆਂ ਨਹੀਂ ਸਨ; ਸਗੋਂ ਸਵਾਲੀਆ ਨਿਸ਼ਾਨ ਬਣ ਕੇ ਮੇਰੇ ਦਿਲ, ਦਿਮਾਗ ਤੇ ਯਾਦਾਂ ਦੇ ਵਿਹੜੇ ਵਿਚ ਚੁਭ ਰਹੀਆਂ ਸਨ।

# ਜਦੋਂ ਗਾਇਕਾਂ ਨੇ ਮੈਨੂੰ ਮਾਰੂਤੀ ਕਾਰ ਭੇਟ ਕੀਤੀ

(ਸਫਾ 25 ਦੀ ਬਾਕੀ)

ਖਬਰਾਂ ਛਾਪਣ ਵਾਲੇ ਪੱਤਰ ਪ੍ਰੇਰਕ ਨੂੰ ਇਸ ਕਰ ਕੇ ਡੱਬੀ ਲਾ ਕੇ ਕੱਢਿਆ ਸੀ ਕਿ ਉਹਨੂੰ ਵੀ ਕੁਝ ਉਦਯੋਗਪਤੀਆਂ ਨੇ ਕਾਰ ਸਨਮਾਨ ਵਿਚ ਦਿੱਤੀ ਸੀ। ਜਦੋਂ ਮੈਂ ਮਠਿਆਈ ਲੈ ਕੇ ਮਾਣ ਨਾਲ ਆਪਣਾ ਸਨਮਾਨ ਉਸ ਵਕਤ ਦੇ ਸੰਪਾਦਕ ਹਰਭਜਨ ਹਲਵਾਰਵੀ ਨਾਲ ਸਾਂਝਾ ਕਰਨ ਗਿਆ ਤਾਂ ਦਫਤਰ ਵਿਚ ਵੜਦਿਆਂ ਹੀ ਉਹ ਆਪਣੀ ਕੁਰਸੀ ਤੋਂ ਖੜ੍ਹਾ ਹੋ ਗਿਆ ਤੇ ਲੀੜਿਆਂ ਵਿਚੋਂ ਨਿਕਲ ਪਿਆ, "ਨਾ ਤੈਨੂੰ ਕਾਹਦੇ ਲਈ ਕਾਰ ਦਿੱਤੀ ਐ? ਤੂੰ ਕੀਤਾ ਕੀ ਐ? ਮੈਂ ਅਖਬਾਰ ਦਾ ਸੰਪਾਦਕ ਹਾਂ, ਮੈਨੂੰ ਤਾਂ ਕੋਈ ਸਾਈਕਲ ਨ੍ਹੀਂ ਦਿੰਦਾ ਤੇ ਤੈਨੂੰ ਚਾਰ ਅੱਖਰ ਲਿਖਣ ਵਾਲੇ ਨੂੰ ਕਾਰ? ਪਤਾ ਮੈਨੂੰ ਤੁਸੀਂ ਫੀਲਡ ਵਿਚ ਕੀ ਕਰਦੇ ਹੋ! ਕਰਦਾਂ ਮੈਂ ਮੈਨੇਜਮੈਂਟ ਨਾਲ ਗੱਲ, ਲਾਉਨੇ ਆਂ ਤੇਰੇ 'ਤੇ 'ਪੰਜਾਬੀ ਟ੍ਰਿਬਿਊਨ' 'ਚ ਪਾਬੰਦੀ।"

ਮੈਂ ਹੱਥ ਵਿਚ ਡੱਬਾ ਫੜੀ ਖੜ੍ਹਾ ਹੀ ਸਾਰੀ ਝਾੜ-ਝੰਬ ਸੁਣ ਗਿਆ। ਮੈਂ ਬਿਨਾਂ ਬੋਲਿਆਂ ਹੀ ਦਫਤਰੋਂ ਨਿਕਲਣ ਲੱਗਾ ਤਾਂ ਉਹਨੇ ਬਾਹੋਂ ਫੜ ਕੇ ਕੁਰਸੀ 'ਤੇ ਬਿਠਾ ਲਿਆ, "ਬਹਿ ਜਾ ਦੋ ਮਿੰਟ। ਗੁੱਸਾ ਤਾਂ ਮੈਨੂੰ ਉਸ ਖਬਰਾਂ ਵਾਲੇ ਪੱਤਰ ਪ੍ਰੇਰਕ 'ਤੇ ਸੀ, ਨਿਕਲ ਗਿਆ ਤੇਰੇ 'ਤੇ।" ਤੇ ਨਾਲ ਹੀ ਫੋਨ 'ਤੇ ਦੋ ਕੱਪ ਚਾਹ ਤੇ ਦੋ ਪੀਸ ਵੇਸਣ ਦੇ ਕੰਟੀਨ ਵਿਚ ਆਰਡਰ ਕਰ ਦਿੱਤੇ। ਜ਼ਿੰਦਗੀ ਵਿਚ ਇਹ ਮੇਰੇ ਨਾਲ ਅਖਬਾਰੀ ਖੇਤਰ ਦੀ ਪਹਿਲੀ ਵੱਡੀ ਕੁਪੱਤ ਸੀ। ਉਸ ਤੋਂ ਬਾਅਦ ਮੈਂ 'ਪੰਜਾਬੀ ਟ੍ਰਿਬਿਊਨ' ਵਿਚ ਲਿਖਦਾ ਤਾਂ ਰਿਹਾ ਪਰ ਮਿਲਿਆ ਹਲਵਾਰਵੀ ਨੂੰ ਦੋ ਹਜ਼ਾਰ ਦੀ ਅਮੀਨ ਮਲਿਕ ਹੋਰਾਂ ਦੀ ਲੰਡਨ ਕਾਨਫਰੰਸ 'ਤੇ; ਪਰ ਇਤਫਾਕ ਪਤਾ ਨਹੀਂ ਇਹ ਕਿਉਂ ਹੋਇਆ ਕਿ ਉਥੇ ਹਲਵਾਰਵੀ ਨੇ ਸਭ ਤੋਂ ਵੱਧ ਗੁਣ ਮੇਰੇ ਹੀ ਗਾਏ ਤੇ ਅਮੀਨ ਮਲਿਕ ਨੂੰ ਮੇਰੇ ਬੁਲਾਉਣ ਕਰ ਕੇ ਵਧਾਈ ਵੀ ਦਿੱਤੀ।

'ਅਜੀਤ' ਵੱਲੋਂ ਹੀ ਛਪਦੇ ਬੀਬੀ ਪ੍ਰਕਾਸ਼ ਕੌਰ ਹਮਦਰਦ ਦੀ ਸੰਪਾਦਨਾ ਹੇਠਲੇ ਮਾਸਿਕ ਪਰਚੇ 'ਤਸਵੀਰ' ਨੂੰ ਉਨ੍ਹੀਂ ਦਿਨੀਂ 'ਅਜੀਤ' ਦਾ ਸਹਾਇਕ ਮੈਗਜ਼ੀਨ ਸੰਪਾਦਕ ਬਲਵੰਤ ਸਿੰਘ ਬੱਲ ਤਿਆਰ ਕਰਦਾ ਸੀ। ਤਸਵੀਰ ਵਿਚ ਅੰਮ੍ਰਿਤ ਪਵਾਰ, ਸਵੀਟੀ ਦੇ ਨਾਂ ਹੇਠ ਛਪਦਾ ਸੀ ਤੇ ਦੋਹਾਂ ਵਿਚ ਈਰਖਾ ਦੀ ਅੱਗ ਵਾਲੀ ਆਤਿਸ਼ਬਾਜ਼ੀ, ਦੇਬੀ ਦੇ ਇਕ ਗੀਤ 'ਤੇ ਪੈਰੋਡੀ ਬਣਾ ਕੇ ਛਾਪੀ ਸੀ ਜੋ ਹਾਲੇ ਤੱਕ ਮੇਰੇ ਜ਼ਿਹਨ 'ਚ ਹੈ,

ਭੌਰੇ ਦੀ ਦੇਬੀ ਲੋੜ ਜਿਵੇਂ
ਹੁੰਦੀ ਐ ਲੇਖ ਲਖਾਉਣੇ ਲਈ,
ਇੰਜ ਲੋੜ ਅਸਾਂ ਨੂੰ ਤੇਰੇ ਲਈ,
ਨਵੀਂ ਜਿਹੀ ਕਾਰ ਦੁਆਉਣੇ ਲਈ,
ਮਖਸੂਸਪੁਰੀ ਦਾ ਤੇਰੇ ਨਾਵੇਂ,
ਕੜਾ ਕਰਨ ਨੂੰ ਜੀਅ ਕਰਦਾ...।

... ਤੇ ਇਉਂ ਮੇਰੀ ਜ਼ਿੰਦਗੀ ਦੀ ਕਲਾਤਮਕ ਵੰਨਗੀ ਵਿਚ ਇਸ ਸਨਮਾਨ ਨਾਲ ਅੱਧਾ ਕੁ ਸੋਨੇ ਦਾ, ਅੱਧਾ ਕੁ ਲੋਹੇ ਦਾ ਕਿੱਲ ਠੁਕ ਗਿਆ।

# ਅਮਰੀਕੀ ਅਦਾਕਾਰਾ ਸੂਜ਼ਨ ਸਰੈਨਡਨ ਨੂੰ ਸੁਣਦਿਆਂ...






*ਸੂਰਤ ਅਤੇ ਸੀਰਤ ਦਾ ਜਲੌਅ: ਸੂਜ਼ਨ ਸਰੈਨਡਨ*

ਅਮਰੀਕੀ ਅਦਾਕਾਰਾ ਸੂਜ਼ਨ ਸਰੈਨਡਨ ਨੇ ਗੋਆ ਵਿਖੇ ਹੋਏ ਭਾਰਤ ਦੇ ਚੁਤਾਲੀਵੇਂ ਕੌਮਾਂਤਰੀ ਫ਼ਿਲਮ ਮੇਲੇ ਵਿਚ ਸ਼ਿਰਕਤ ਕੀਤੀ। ਉਹਨੇ ਦਰਸ਼ਕਾਂ ਨਾਲ ਸਿਨੇਮਾ, ਸਮਾਜ ਅਤੇ ਸਿਆਸਤ ਨਾਲ ਜੁੜੇ ਸਰੋਕਾਰਾਂ ਬਾਬਤ ਨੁਕਤੇ ਸਾਂਝੇ ਕੀਤੇ। ਵਾਰਤਾਕਾਰ ਟੀ.ਵੀ. ਪੱਤਰਕਾਰ ਬਰਖਾ ਦੱਤ ਸੀ। ਸੂਜ਼ਨ ਸਰੈਨਡਨ ਹਾਲੀਵੁੱਡ ਦੀਆਂ ਬਿਹਤਰੀਨ ਅਦਾਕਾਰਾਂ ਵਿਚੋਂ ਇਕ ਹੈ। 'ਡੈੱਡ ਮੈਨ ਵਾਕਿੰਗ', 'ਥੈਲਮਾ ਐਂਡ ਲੂਈਸ' ਅਤੇ 'ਸਟੈਪਮੌਮ' ਉਹਦੀਆਂ ਮਸ਼ਹੂਰ ਫ਼ਿਲਮਾਂ ਹਨ। ਉਹ ਅਮਰੀਕੀ ਫ਼ਿਲਮ ਸਨਅਤ ਦੇ ਵੱਕਾਰੀ ਆਸਕਰ ਖ਼ਿਤਾਬ ਲਈ ਪੰਜ ਵਾਰ ਨਾਮਜ਼ਦ ਹੋਈ। 'ਡੈੱਡ ਮੈਨ ਵਾਕਿੰਗ' ਲਈ ਉਹਨੂੰ ਆਸਕਰ ਖ਼ਿਤਾਬ ਮਿਲਿਆ। ਉਹ ਇਸ ਖ਼ਿਤਾਬ ਨੂੰ ਵਧੇਰੇ ਅਹਿਮ ਨਹੀਂ ਮੰਨਦੀ। ਉਹਦਾ ਕਹਿਣਾ ਹੈ ਕਿ ਇਹ ਖ਼ਿਤਾਬ ਪੈਸੇ ਅਤੇ ਸਮੇਂ ਦੀ ਬਰਬਾਦੀ ਹੈ। ਆਮ ਤੌਰ 'ਤੇ ਇਹ ਕਲਾਕਾਰਾਂ ਨੂੰ ਬਿਹਤਰੀਨ ਕੰਮ ਦੀ ਥਾਂ ਔਸਤ ਕੰਮ ਲਈ ਦਿੱਤਾ ਜਾਂਦਾ ਰਿਹਾ ਹੈ। ਉਹ ਅਮਰੀਕੀ ਅਦਾਕਾਰ ਐਲ ਪਚੀਨੋ ਨੂੰ ਇਹਦੀ ਉਘੜਵੀਂ ਮਿਸਾਲ ਗਿਣਦੀ ਹੈ। ਸ਼ਾਇਦ ਇਸੇ ਕਰ ਕੇ ਸੂਜ਼ਨ ਨੇ ਆਸਕਰ ਦੀ ਟਰਾਫੀ ਹੋਰ ਖ਼ਿਤਾਬਾਂ ਦੇ ਨਾਲ ਗੁਸਲਖਾਨੇ ਵਿਚ ਰੱਖੀ ਹੋਈ ਹੈ।

ਸੂਜ਼ਨ ਨੇ 24 ਦਸਤਾਵੇਜ਼ੀ ਫ਼ਿਲਮਾਂ ਲਈ ਆਵਾਜ਼ ਦਿੱਤੀ ਹੈ। ਇਨ੍ਹਾਂ ਵਿਚੋਂ ਬਹੁਤੀਆਂ ਫ਼ਿਲਮਾਂ ਸਿਆਸੀ-ਸਮਾਜਕ ਮੁੱਦਿਆਂ ਨਾਲ ਸੰਬੰਧਤ ਹਨ। ਇਨ੍ਹਾਂ ਮੁੱਦਿਆਂ ਬਾਬਤ ਉਹਦੀਆਂ ਟਿੱਪਣੀਆਂ ਅਤੇ ਸਰਗਰਮ ਕਾਰਕੁਨ ਦੇ ਰੂਪ ਵਿਚ ਉਹਦੀ ਚਰਚਾ ਛਿੜਦੀ ਰਹਿੰਦੀ ਹੈ। ਸੂਜ਼ਨ ਦੀ ਨਜ਼ਰ ਵਿਚ ਮੁਲਕਪ੍ਰਸਤ ਨਾਗਰਿਕ ਦਾ ਅਰਥ ਉਸ ਬੰਦੇ ਤੋਂ ਹੈ ਜੋ ਜਮਹੂਰੀਅਤ ਦਾ ਹਿੱਸਾ ਹੁੰਦਾ ਹੋਇਆ ਹੱਕ ਨਾਲ ਸਵਾਲ ਕਰਨ ਜਾਣਦਾ ਹੈ। ਉਹਦਾ ਬੇਬਾਕ ਬਿਆਨ ਸੀ ਕਿ ਬਰਾਕ ਓਬਾਮਾ ਅਮਨ ਦੇ ਨੋਬੈੱਲ ਇਨਾਮ ਦੇ ਲਾਇਕ ਨਹੀਂ ਹੈ। ਅਜਿਹੇ ਇਨਾਮਾਂ ਨਾਲ ਜੰਗਬਾਜ਼ਾਂ ਨੂੰ ਹੋਰ ਤਬਾਹੀ ਮਚਾਉਣ ਦੀ ਸ਼ਹਿ ਮਿਲਦੀ ਹੈ। ਸੂਜ਼ਨ ਦਾ ਮੰਨਣਾ ਹੈ ਕਿ ਅਮਰੀਕਾ ਵਿਚ ਸਿਆਸੀ-ਸਮਾਜਕ ਬਹਿਸ ਦਾ ਘੇਰਾ ਲਗਾਤਾਰ ਸੁੰਗੜ ਰਿਹਾ ਹੈ। ਬੇਬਾਕ ਸਵਾਲ ਪੁੱਛਣ ਵਾਲੇ ਨੂੰ ਕੰਨੀ ਉਤੇ ਧੱਕੇ ਜਾਣ ਦਾ ਖ਼ਤਰਾ ਰਹਿੰਦਾ ਹੈ। ਅਮਰੀਕੀ ਮੀਡੀਆ ਉਪਰਲਿਆਂ ਦੇ ਕਬਜ਼ੇ ਹੇਠ ਹੈ ਅਤੇ ਇਹਦੀ ਭੂਮਿਕਾ ਬੇਹੱਦ ਸ਼ੱਕੀ ਹੈ। 9/11 ਹਾਦਸੇ ਨੇ ਹਾਲਾਤ ਨੂੰ ਹੋਰ ਬਦਤਰ ਕਰ ਦਿੱਤਾ ਹੈ। ਹੁਣ ਤਾਂ ਅਮਰੀਕੀ ਲੋਕ ਵਾਤਾਵਰਣ ਬਾਰੇ ਸਵਾਲ ਪੁੱਛਣ ਜੋਗੇ ਹੀ ਰਹਿ ਗਏ ਹਨ। ਉਹ ਵੀ ਸੀਮਤ ਘੇਰੇ ਵਿਚ ਹੀ ਪੁੱਛੇ ਜਾ ਸਕਦੇ ਹਨ। ਉਹਦੇ ਮੁਤਾਬਕ ਕਾਰੋਬਾਰ ਪੱਖੋਂ ਅਮਰੀਕਾ ਜੰਗ ਦਾ ਸਭ ਤੋਂ ਵੱਡਾ ਬਰਾਮਦਕਾਰ ਹੈ। ਅਮਰੀਕੀ ਸਿਨੇਮਾ ਦੂਜੇ ਨੰਬਰ 'ਤੇ ਆਉਂਦਾ ਹੈ। ਸੂਜ਼ਨ ਇਰਾਕ ਵਿਰੁਧ ਜੰਗ ਦੇ ਵੱਡੇ ਆਲੋਚਕਾਂ ਵਿਚੋਂ ਹੈ। ਸੰਨ 2007 ਵਿਚ ਉਹਨੇ ਅਦਾਕਾਰ ਟਿਮ ਰੌਬਿਨਜ਼ ਅਤੇ ਜੇਨ ਫੌਂਡਾ ਨਾਮ ਮਿਲ ਕੇ ਵਾਸ਼ਿੰਗਟਨ ਵਿਚ ਹੋਈ ਜੰਗ ਵਿਰੋਧੀ ਰੈਲੀ ਵਿਚ ਸਰਗਰਮ ਹਿੱਸਾ ਲਿਆ। ਉਹ ਵਾਲ ਸਟਰੀਟ ਉਤੇ ਕਬਜ਼ੇ ਦੀ ਲਹਿਰ ਦੀ ਹਮਾਇਤੀ ਹੈ। ਉਹਨੇ ਸੰਨ 2011 ਵਿਚ ਮੌਤ ਦੀ ਸਜ਼ਾ ਦੇ ਹੱਕ ਵਿਚ ਲਏ ਪੋਪ ਦੇ ਪੈਂਤੜੇ ਦੀ ਮੁਖਾਲਫਤ ਕੀਤੀ ਅਤੇ ਪੋਪ ਨੂੰ ਨਾਜ਼ੀ ਦੀ ਸੰਗਿਆ ਦਿੱਤੀ ਸੀ। ਉਹਦੀ ਫ਼ਿਲਮ 'ਡੈੱਡ ਮੈਨ ਵਾਕਿੰਗ' ਮੌਤ ਦੀ ਸਜ਼ਾ ਦੇ ਮੁੱਦੇ ਬਾਬਤ ਬਣੀ ਪ੍ਰੇਮ ਕਹਾਣੀ ਹੈ। ਸਮਾਜਕ ਸਰਗਰਮੀ ਜਾਰੀ ਰੱਖਦਿਆਂ ਸੂਜ਼ਨ ਨੇ ਅਮਾਂਡੋ ਡੀਆਲੋ ਕੇਸ ਵਿਚ ਨਿਊ ਯਾਰਕ ਪੁਲਿਸ ਨੂੰ ਕਰੜੇ ਹੱਥੀਂ ਲਿਆ। ਪਰਵਾਸੀ ਅਮਾਂਡੋ ਨੂੰ ਸੰਨ 1999 ਵਿਚ ਚਾਰ ਸਫ਼ੇਦਪੋਸ਼ ਪੁਲਸੀਆਂ ਨੇ ਗੋਲੀਆਂ ਨਾਲ ਮਾਰ ਦਿਤਾ ਸੀ।

ਸੂਜ਼ਨ ਨੂੰ ਨਿੱਗਰ ਔਰਤ-ਕਿਰਦਾਰ ਨਿਭਾਉਣ ਲਈ ਯਾਦ ਕੀਤਾ ਜਾਂਦਾ ਹੈ ਪਰ ਉਹ ਨਾਰੀਵਾਦੀ ਕਹਾਉਣ ਨਾਲੋਂ ਮਨੁੱਖਤਾਵਾਦੀ ਕਹਾਉਣਾ ਪਸੰਦ ਕਰਦੀ ਹੈ। ਸੂਜ਼ਨ ਨੂੰ ਨਾਰੀਵਾਦੀ ਸ਼ਬਦ ਪੁਰਾਣੇ ਸਮਿਆਂ ਦਾ ਲੱਗਦਾ ਹੈ ਜੋ ਔਰਤ ਦੀ ਹੋਂਦ ਨੂੰ ਘਟਾ ਕੇ ਦੇਖਣ ਬਰਾਬਰ ਹੈ। ਉਹ ਹਾਲੀਵੁੱਡ ਫ਼ਿਲਮ ਸਨਅਤ ਨੂੰ ਲਿੰਗ ਵਿਤਕਰੇ ਦੀ ਥਾਂ ਮੰਨਦੀ ਹੈ। ਉਸ ਮੁਤਾਬਕ, "ਹੁਣ ਮਰਦਾਂ ਦੀ ਥਾਂ ਬੈਂਕਾਂ ਨੇ ਲੈ ਲਈ ਹੈ।" ਉਹਦੀ ਫ਼ਿਲਮ 'ਥੈਲਮਾ ਐਂਡ ਲੂਈਸ' ਤਿੱਖੀ ਨਾਰੀਵਾਦੀ ਫ਼ਿਲਮ ਵਜੋਂ ਜਾਣੀ ਜਾਂਦੀ ਹੈ। ਇਸ ਪ੍ਰਸੰਗ ਵਿਚ ਉਹਦਾ ਕਹਿਣਾ ਹੈ ਕਿ ਇਸ ਫ਼ਿਲਮ ਵਿਚ ਉਹਦਾ ਕਿਰਦਾਰ ਬੌਂਦਲਿਆ ਹੋਇਆ ਹੈ, ਜਿਹਦੀਆਂ ਨਸਾਂ ਫਟਣ ਕੰਢੇ ਹਨ। ਇਸ ਹਾਲਤ ਵਿਚ ਔਰਤ ਜੋ ਕਰ ਸਕਦੀ ਹੈ, ਉਹੀ ਫ਼ਿਲਮ ਵਿਚ ਉਹਦਾ ਕਿਰਦਾਰ ਕਰ ਰਿਹਾ ਹੈ। ਇਹਦੇ ਅਰਥ ਮਨਮਰਜ਼ੀ ਦੇ ਲਏ ਜਾ ਸਕਦੇ ਹਨ। ਇਹਨੂੰ ਤੁਸੀਂ ਨਿੱਗਰ ਔਰਤ-ਕਿਰਦਾਰ ਜਾਂ ਕੁਝ ਹੋਰ ਮੰਨ ਸਕਦੇ ਹੋ। ਗੋਆ ਫ਼ਿਲਮ ਮੇਲੇ ਵਿਚ ਸਤਾਹਟ ਸਾਲਾ ਅਦਾਕਾਰਾ ਸੂਜ਼ਨ ਧਾਰਨਾਵਾਂ ਬਾਬਤ ਆਪਣੀ ਪਹੁੰਚ ਨੂੰ ਸਾਫ਼ਗੋਈ ਨਾਲ ਬਿਆਨ ਕਰ ਰਹੀ ਸੀ ਪਰ ਅਚਾਨਕ ਰੂ-ਬ-ਰੂ ਸਮਾਗਮ ਵਿਚ ਰੌਲਾ ਪੈ ਗਿਆ। ਕੁਝ 'ਕਾਹਲੇ ਫ਼ਿਲਮੀ ਲੋਕ' ਉੱਚੀ ਆਵਾਜ਼ ਵਿਚ ਬਰਖਾ ਦੱਤ ਨੂੰ ਕੋਸਣ ਲੱਗੇ। ਉਹ ਬਰਖਾ ਵਲੋਂ ਸੂਜ਼ਨ ਨੂੰ ਸਿਆਸੀ-ਸਮਾਜਕ ਸਵਾਲ ਪੁੱਛਣ 'ਤੇ ਔਖੇ ਸਨ। ਉਹ ਤਾਂ ਸਿਰਫ਼ ਅਦਾਕਾਰੀ ਬਾਰੇ ਜਾਣਨ ਆਏ ਸਨ! ਹਾਲ ਵਿਚ ਮੌਜੂਦ ਇਨ੍ਹਾਂ 'ਕਾਹਲੇ ਫ਼ਿਲਮੀਆਂ' ਵਿਚੋਂ ਸਭ ਤੋਂ ਉੱਚੀ ਸੁਰ ਵਿਚ ਬੋਲਣ ਵਾਲੇ ਨੇ ਸੂਜ਼ਨ ਨੂੰ ਕਿਹਾ ਕਿ ਸਾਨੂੰ ਅਦਾਕਾਰੀ ਦੀਆਂ ਤਰਕੀਬਾਂ ਸਮਝਾਉ। ਸੂਜ਼ਨ ਦਾ ਕਹਿਣਾ ਸੀ ਕਿ ਅਦਾਕਾਰੀ ਕੋਈ ਰਾਕਟ-ਵਿਗਿਆਨ ਨਹੀਂ ਹੈ। ਬਿਹਤਰ ਅਦਾਕਾਰ ਹੋਣ ਲਈ ਚੰਗਾ ਸਰੋਤਾ, ਪਾਰਖੂ ਅਤੇ ਦਰਦਮੰਦ ਹੋਣਾ ਜ਼ਰੂਰੀ ਹੈ। ਇਨ੍ਹਾਂ ਵਿਚੋਂ ਸਭ ਤੋਂ ਉੱਪਰ ਦਰਦਮੰਦੀ ਦਾ ਅਹਿਸਾਸ ਹੈ ਜੋ ਬੰਦੇ ਨੂੰ ਗਹਿਰਾ ਕਲਾਕਾਰ ਬਣਾਉਂਦਾ ਹੈ। ਇਹੀ ਗੁਣ ਸਿਆਸੀ-ਸਮਾਜਕ ਕਾਰਕੁਨ ਵਿਚ ਹੋਣੇ ਜ਼ਰੂਰੀ ਹਨ। ਸ਼ਾਇਦ 'ਕਾਹਲੇ ਫ਼ਿਲਮੀਆਂ' ਲਈ ਇਹ ਢੁੱਕਵਾਂ ਜਵਾਬ ਸੀ ਜੋ ਕਲਾ ਨੂੰ ਸਮਾਜ ਅਤੇ ਸਿਆਸਤ ਤੋਂ ਨਿਖੇੜ ਕੇ ਦੇਖਦੇ ਹਨ; ਜਿਨ੍ਹਾਂ ਨੇ ਕਾਹਲੇ ਸਰੋਤੇ ਅਤੇ ਪਾਰਖੂ ਹੋਣ ਦਾ ਸਬੂਤ ਦਿੱਤਾ।

ਅਗਲਾ ਸਵਾਲ ਰੰਗਮੰਚ ਦੀ ਅਦਾਕਾਰੀ ਅਤੇ ਫ਼ਿਲਮ ਅਦਾਕਾਰੀ ਵਿਚ ਫਰਕ ਦੱਸਣ ਬਾਬਤ ਸੀ। ਸੂਜ਼ਨ ਦਾ ਜਵਾਬ ਸੀ, "ਉਹੀ ਫਰਕ ਹੈ ਜੋ ਸੱਚੇ ਪਿਆਰ ਦੇ ਅਹਿਸਾਸ ਨਾਲ ਕੀਤੇ ਸੰਭੋਗ ਅਤੇ ਹੱਥਰਸੀ ਵਿਚ ਹੁੰਦਾ ਹੈ।" ਇਸ 'ਤੇ 'ਕਾਹਲੇ ਫ਼ਿਲਮੀਆਂ' ਨੇ ਰੱਜ ਕੇ ਤਾੜੀਆਂ ਮਾਰੀਆਂ। ਸ਼ਾਇਦ ਉਹ ਕੁਝ ਅਜਿਹਾ ਹੀ ਸੁਣਨ ਆਏ ਹੋਣ? ਬਰਖਾ ਨੇ ਤੱਤਿਆਂ ਦਾ ਗਰਮਜੋਸ਼ ਹੁੰਗਾਰਾ ਦੇਖ ਕੇ ਕਿਹਾ, "ਸੂਜ਼ਨ ਦਾ ਇਹ ਜਵਾਬ ਬਾਕੀ ਸਾਰੇ ਸੰਵਾਦ 'ਤੇ ਭਾਰੀ ਪਵੇਗਾ ਤੇ ਇਹ ਜਵਾਬ ਕਿਤੇ ਰੂ-ਬ-ਰੂ ਸਮਾਗਮ ਦਾ 'ਹਾਸਲ' ਨਾ ਸਾਬਤ ਹੋ ਜਾਵੇ?"


ਸੂਜ਼ਨ ਦਾ ਹੇਰਵਾ ਸੀ ਕਿ ਅਮਰੀਕਾ ਵਿਚ ਸਿਆਸੀ-ਸਮਾਜਕ ਮੁੱਦਿਆਂ 'ਤੇ ਬੋਲਣਾ ਭਾਰਤ ਜਿੰਨਾ ਸੌਖਾ ਨਹੀਂ ਹੈ। (ਭਾਰਤ 'ਚ ਵੀ ਅਜਿਹੇ ਮੁੱਦਿਆਂ ਬਾਬਤ ਸੰਵਾਦ ਦੀਆਂ ਸੰਭਾਵਨਾਵਾਂ ਘਟ ਰਹੀਆਂ ਹਨ) ਫ਼ਿਲਮ ਮੇਲੇ ਦੇ 'ਕਾਹਲੇ ਫਿਲਮੀਆਂ' ਨੇ ਇਸ਼ਾਰਾ ਦੇ ਦਿੱਤਾ ਕਿ ਉਹ ਇਨ੍ਹਾਂ ਮੁੱਦਿਆਂ ਬਾਰੇ ਬੋਲਣਾ ਤਾਂ ਕੀ, ਸੁਣਨਾ ਵੀ ਪਸੰਦ ਨਹੀਂ ਕਰਦੇ; ਭਾਵੇਂ ਉਹ ਸੂਜ਼ਨ ਜਿਹੀ ਬਿਹਤਰੀਨ ਅਦਾਕਾਰਾ ਹੀ ਕਿਉਂ ਨਾ ਬੋਲ ਰਹੀ ਹੋਵੇ।



*ਫਿਲਮ 'ਡੈੱਡ ਮੈਨ ਵਾਕਿੰਗ' ਵਿਚ ਸੂਜ਼ਨ ਸਰੈਨਡਨ ਅਤੇ ਸੀਨ ਪੈੱਨ।*

# ਪੰਜ ਕਰੋੜ ਦਾ ਮਲੰਗ

ਹਿੰਦੀ ਫਿਲਮ 'ਧੂਮ-3' ਲਈ 'ਮਲੰਗ' ਨਾਂ ਦੇ ਗੀਤ ਉਤੇ ਫਿਲਮ ਦੇ ਨਿਰਮਾਤਾਵਾਂ ਨੇ ਪੰਜ ਕਰੋੜ ਰੁਪਏ ਖਰਚ ਦਿੱਤੇ ਹਨ। ਇਹ ਗੀਤ ਵਿਚ ਆਮਿਰ ਖਾਨ ਅਤੇ ਕੈਟਰੀਨਾ ਕੈਫ ਤੋਂ ਇਲਾਵਾ 200 ਜਿਮਨਾਸਟਾਂ ਉਤੇ ਫਿਲਮਾਇਆ ਗਿਆ ਹੈ। ਇਹ ਸਾਰੇ ਜਿਮਨਾਸਟ ਉਚੇਚੇ ਤੌਰ 'ਤੇ ਅਮਰੀਕਾ ਤੋਂ ਲਿਜਾਏ ਗਏ ਅਤੇ ਇਹ ਪੂਰੇ 20 ਦਿਨ ਭਾਰਤ ਵਿਚ ਰਹੇ। ਇਨ੍ਹਾਂ ਨੂੰ ਗੀਤ ਲਈ ਬਾਕਾਇਦਾ ਸਿਖਲਾਈ ਦਿੱਤੀ ਗਈ। 'ਮਲੰਗ' ਗੀਤ ਸਮੀਰ ਅਨਜਾਨ ਦਾ ਲਿਖਿਆ ਹੋਇਆ ਹੈ ਅਤੇ ਇਹਨੂੰ ਸੰਗੀਤ ਨਾਲ ਪ੍ਰੀਤਮ ਨੇ ਸਜਾਇਆ ਹੈ। ਨਿਰਦੇਸ਼ਕ ਵਿਜੈ ਕ੍ਰਿਸ਼ਨ ਅਚਾਰੀਆ ਦੀ ਇਸ ਫਿਲਮ ਵਿਚ ਅਭਿਸ਼ੇਕ ਬੱਚਨ ਅਤੇ ਉਦੈ ਚੋਪੜਾ ਵੀ ਵੱਖ-ਵੱਖ ਕਿਰਦਾਰ ਨਿਭਾਅ ਰਹੇ ਹਨ। ਫਿਲਮ 20 ਦਸੰਬਰ ਨੂੰ ਰਿਲੀਜ਼ ਹੋ ਰਹੀ ਹੈ। ਫਿਲਮ ਸਨਅਤ ਦੀ ਸੂਹ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਇਹ ਗੀਤ ਮਹਿਜ਼ ਫਿਲਮ ਦੀ ਮਸ਼ਹੂਰੀ ਲਈ ਪ੍ਰਚਾਰਿਆ ਜਾ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਫਿਲਮਾਂ ਦੀ ਮਸ਼ਹੂਰੀ ਲਈ ਨਿਰਮਾਤਾ-ਨਿਰਦੇਸ਼ਕ ਵੱਖ-ਵੱਖ ਤਰੀਕੇ ਲੱਭਦੇ ਰਹਿੰਦੇ ਹਨ। ਇਸ ਗੀਤ ਬਾਰੇ ਇਹ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ ਕਿ ਇਹ ਹਿੰਦੀ ਫਿਲਮਾਂ ਦੇ ਇਤਿਹਾਸ ਦਾ ਸਭ ਤੋਂ ਮਹਿੰਗਾ ਗੀਤ ਹੈ। ਫਿਲਮ ਦਾ ਕੁੱਲ ਬਜਟ ਡੇਢ ਅਰਬ ਦੱਸਿਆ ਜਾ ਰਿਹਾ ਹੈ। ਮਾਰਕੀਟਿੰਗ ਦੀ ਹੱਦ ਦੇਖੋ ਕਿ ਫਿਲਮ ਦਾ ਪੋਸਟਰ ਪਿਛਲੇ ਸਾਲ ਕ੍ਰਿਸਮਸ ਮੌਕੇ ਰਿਲੀਜ਼ ਕਰ ਦਿੱਤਾ ਗਿਆ ਸੀ, ਇਸ ਸੁਨਹੇ ਨਾਲ ਕਿ 2013 ਦੀ ਕ੍ਰਿਸਮਸ ਵੇਲੇ ਫਿਲਮ ਰਿਲੀਜ਼ ਕੀਤੀ ਜਾਣੀ ਹੈ। ਫਿਰ ਅਗਸਤ 2013 ਵਿਚ ਇਕ ਹੋਰ ਪੋਸਟਰ ਰਿਲੀਜ਼ ਕੀਤਾ ਗਿਆ। 5 ਸਤੰਬਰ ਨੂੰ ਯੂਟਿਊਬ ਉਤੇ 'ਟੀਜ਼ਰ' ਪਾ ਦਿੱਤਾ। ਇਹ ਟੀਜ਼ਰ 6 ਦਿਨਾਂ ਵਿਚ 60 ਲੱਖ ਲੋਕਾਂ ਨੇ ਕਲਿਕ ਕੀਤਾ। 25 ਅਕਤੂਬਰ ਨੂੰ ਫਿਲਮ ਉਤੇ ਆਧਾਰਤ ਗੇਮ ਜਾਰੀ ਹੋ ਗਈ। ਇਹ ਗੇਮ ਪਹਿਲੇ 20 ਦਿਨਾਂ ਵਿਚ ਲੱਖ ਲੱਖ ਜਣਿਆਂ ਨੇ ਡਾਊਨਲੋਡ ਕਰ ਲਈ। ਫਿਰ 30 ਅਕਤੂਬਰ ਨੂੰ ਆ ਗਿਆ ਫਿਲਮ ਦਾ ਟਰੇਲਰ। ਯੂਟਿਊਬ 'ਤੇ ਜਾਰੀ ਇਹ ਟਰੇਲਰ 6 ਦਿਨਾਂ ਵਿਚ 40 ਲੱਖ ਲੋਕਾਂ ਨੇ ਦੇਖਿਆ ਅਤੇ 20 ਦਿਨਾਂ ਵਿਚ ਦਰਸ਼ਕਾਂ ਦੀ ਗਿਣਤੀ ਸਵਾ ਕਰੋੜ ਹੋ ਗਈ। ਕਾਰੋਬਾਰੀ ਲੋਕਾਂ ਦੀਆਂ ਕਿਆਸ-ਆਰਾਈਆਂ ਹਨ ਕਿ ਇਹ ਫਿਲਮ ਕਮਾਈ ਦੇ ਪੱਖ ਤੋਂ 'ਚੇਨਈ ਐਕਸਪ੍ਰੈੱਸ' ਅਤੇ 'ਕ੍ਰਿਸ਼-3' ਵੱਲੋਂ ਬਣਾਇਆ ਰਿਕਾਰਡ ਤੋੜ ਸਕਦੀ ਹੈ। ਹੁਣ ਤਾਂ ਕੋਈ ਸ਼ੱਕ ਨਹੀਂ ਰਿਹਾ ਕਿ ਇਹ ਫਿਲਮ ਕਮਾਉਣ ਲਈ ਬਣਾਈ ਗਈ ਹੈ। ਵੱਧ ਖਰਚੋ ਵੱਧ ਕਮਾਉ। ਅਖੇ ਜਿੰਨਾ ਗੁੜ, ਉਨਾ ਈ ਮਿੱਠਾ। ਮੁੱਖਧਾਰਾ ਵਾਲੀਆਂ ਫਿਲਮਾਂ ਹੁਣ ਸੁਨੇਹਾਮੁਖੀ ਜਾਂ ਸਨੇਹਮੁਖੀ ਹੋਣ ਦੀ ਥਾਂ ਹੁਣ ਮੁਨਾਫਾਮੁਖੀ ਗੱਡੀ ਵਾਲੀ ਲੀਹ 'ਤੇ ਪੈ ਚੁੱਕੀਆਂ ਹਨ। ਸਮਾਜਕ ਮੁੱਦੇ ਹੌਲੀ-ਹੌਲੀ ਘਟਦੇ ਗਾਇਬ ਹੋਣ ਦੇ ਕਗਾਰ ਤੱਕ ਪੁੱਜ ਗਏ ਹਨ। ਫਿਲਮ ਨਾਲ ਜੁੜੇ ਲੋਕਾਂ ਦਾ ਮੁੱਖ ਮਕਸਦ ਪੈਸਾ ਹੀ ਰਹਿ ਗਿਆ ਲਗਦਾ ਹੈ।



*ਫਿਲਮ 'ਧੂਮ-3' ਦੇ 5 ਕਰੋੜੀ ਗੀਤ 'ਮਲੰਗ' ਵਿਚ ਆਮਿਰ ਖਾਨ ਅਤੇ ਕੈਟਰੀਨਾ ਕੈਫ।*

# ਫਿਲਮਾਂ ਨੂੰ ਪ੍ਰਚਾਰ ਦੀਆਂ ਥੰਮ੍ਹੀਆਂ

ਫਿਲਮ ਦੀ ਕਾਮਯਾਬੀ ਲਈ ਫਾਰਮੂਲਾ ਕੀ ਹੈ? ਦਰਸ਼ਕ ਕੀ ਚਾਹੁੰਦੇ ਹਨ? ਫਿਲਮ ਪੈਸੇ ਦਾ ਮੀਂਹ ਕਿਸ ਤਰ੍ਹਾਂ ਵਰ੍ਹਾ ਸਕਦੀ ਹੈ? ਅਜਿਹੇ ਅਣਗਿਣਤ ਸਵਾਲ ਫਿਲਮ ਬਣਾਉਣ ਵਾਲਿਆਂ ਦੇ ਮਨਾਂ ਵਿਚ ਉਸਲਵੱਟੇ ਲੈਂਦੇ ਰਹਿੰਦੇ ਹਨ। ਕਿਸੇ ਵੀ ਸ਼ਖਸ ਨੂੰ ਅੱਜ ਤੱਕ ਇਨ੍ਹਾਂ ਸਵਾਲਾਂ ਦਾ ਜਵਾਬ ਨਹੀਂ ਮਿਲਿਆ। ਫਿਰ ਵੀ ਨਿਰਮਾਤਾ-ਨਿਰਦੇਸ਼ਕ ਇਸ ਪਾਸੇ ਹੱਥ-ਪੈਰ ਮਾਰਦੇ ਰਹੇ ਹਨ। ਆਪਣੀ ਅਕਲ ਅਤੇ ਗਿਆਨ ਦੇ ਹਿਸਾਬ ਨਾਲ ਉਹ ਪੂਰਾ ਜ਼ੋਰ ਵੀ ਲਾਉਂਦੇ ਹਨ ਪਰ ਫਿਲਮ ਦੀ ਸਫਲਤਾ ਦਾ ਕੋਈ ਪੱਕਾ ਫਾਰਮੂਲਾ ਅੱਜ ਤੱਕ ਈਜਾਦ ਨਹੀਂ ਹੋਇਆ ਹੈ। ਪਹਿਲਾਂ ਅਤਿਅੰਤ ਮਾਇਆ ਲਾ ਕੇ ਫਿਲਮ ਤਿਆਰ ਕੀਤੀ ਜਾਂਦੀ ਹੈ, ਫਿਰ ਪ੍ਰਚਾਰ ਲਈ ਫਿਲਮ ਦੇ ਕਲਾਕਾਰ ਸ਼ਹਿਰ-ਸ਼ਹਿਰ ਭੱਜੇ ਫਿਰਦੇ ਹਨ।

ਪੰਜਾਬੀ ਵਿਚ ਹੋਰ ਵੀ ਮਾੜਾ ਰੁਝਾਨ ਸ਼ੁਰੂ ਹੋ ਗਿਆ ਹੈ। ਫਿਲਮ ਦੀ ਮਸ਼ਹੂਰੀ ਸਕੂਲਾਂ-ਕਾਲਜਾਂ ਵਿਚ ਜਾ ਕੇ ਕੀਤੀ ਜਾਣ ਲੱਗੀ ਹੈ। ਪੰਜਾਬੀ ਵਾਲਿਆਂ ਨੇ ਮਿਥ ਲਿਆ ਹੈ ਕਿ ਉਨ੍ਹਾਂ ਦੇ ਦਰਸ਼ਕ ਨੌਜਵਾਨ ਤਬਕਾ ਹੀ ਹੈ। ਇਸੇ ਕਰ ਕੇ ਫਿਲਮਾਂ ਦੀ ਕਹਾਣੀ ਆਦਿ ਉਸੇ ਤਰ੍ਹਾਂ ਦੀਆਂ ਆ ਰਹੀਆਂ ਹਨ।



HURRY! LIMITED-TIME OFFER!
FREE $100 REWARD CARD
dish
5419 8499 9999 9999
LEE M. CARDHOLDER
Requires 24 month commitment, credit qualification and qualifying S. Asian package ($19.99/mo. or higher).
Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
PTC PUNJABI
jus
GET ਪੰਜਾਬੀ
9Punjab
mh
JUS one
HINDI MOVIES PACK
$19.99 mo
MASTI PACK
$5.00 mo ADD ON
Zing
WILLOW CRICKET HD*
$14.99 mo
WILLOW HD
CALL DISH NOW
855.318.4562
www.DishPunjabiTV.com
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Add-on packages available at additional cost. *Requires HD receiver to view International programming in HD. Must subscribe to a qualifying American HD package to qualify for HD receiver.
$100 DISH REWARDS PREPAID MASTERCARD® CARD: Offer valid for activation and installation of qualifying DISH service under Digital Home Advantage with a 24-month commitment and credit qualification plus a qualifying South Asian package of $ 19.99 or higher through 1/31/2014. Must activate service by calling 1-855-318-4562 and provide Promotion Code INTERNATIONAL. Allow 6-8 weeks after service activation for Reward Card delivery. Offer Code required at time of order for service, prior to activation. Limit one Reward Card per DISH account activation. May not be combined with other special offers. After service activation, visit www.mydishrewards.com or call 1-877-682-1215 to check the status of Reward Card and for applicable restrictions for Reward Card usage. Cards are issued by Citibank, N.A. pursuant to a license from MasterCard International and managed by Citi Prepaid Services. This card can be used everywhere MasterCard debit cards are accepted. Cards are issued by Citibank, N.A. pursuant to a license from MasterCard International and managed by Citi Prepaid Services. Cards will not have cash access and can be used everywhere MasterCard debit cards are accepted. Additional Requirements: All prices, fees, charges, packages, programming, features, functionality and offers subject to change without notice. ETF: If you cancel service during first 24 months, early cancellation fee of $20 for each month remaining applies. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply.
© 2013 DISH Network L.L.C. All rights reserved.


NOW OPEN
GILL EXPRESS
ONE MORE NEW LOCATION
ਤੁਹਾਡੀ ਸੁਵਿਧਾ ਲਈ ਇਕ ਹੋਰ ਨਵੀਂ ਲੋਕੇਸ਼ਨ
FRESNO CA
@ KLIEN TRUCK STOP
HWY 99 HERNDON AVE.
GRAND OPENING SPECIAL
SET OF 8 DRIVE TIRES*
$ 2199.99
+ Tax
*Offer Valid Till Dec. 31st 2013 & Good @ this location only
ਮਕੈਨਿਕ ਸ਼ਾਪ ਵਿਚ ਹਰ ਤਰ੍ਹਾਂ ਦੀ
ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ
JASSI
(559)800-8687